
Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets

Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170

Call: 734-751-4455 Raj Shergill
rajsshergill@yahoo.com Associate Broker



Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 40, October 3, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਕਿਸਾਨ ਅੰਦੋਲਨ ਬਾਰੇ ਟੱਸ ਤੋਂ ਮੱਸ ਨਾ ਹੋਈ ਮੋਦੀ ਸਰਕਾਰ

## ਵਿਰੋਧੀ ਧਿਰ 'ਤੇ ਉਂਜਾਂ ਲਾਈਆਂ; ਕਿਸਾਨਾਂ ਨੇ ਅੰਦੋਲਨ ਭਾਰਤ ਭਰ 'ਚ ਭਖਾਇਆ

**ਚੰਡੀਗੜ੍ਹ:** ਨਵੇਂ ਖੇਤੀ ਬਿੱਲਾਂ ਉਤੇ ਰਾਸ਼ਟਰਪਤੀ ਦੀ ਮੋਹਰ ਪਿੱਛੋਂ ਰੋਹ ਦੀ ਅੱਗ ਭਾਵੇਂ ਪੂਰੇ ਭਾਰਤ ਵਿਚ ਫੈਲ ਗਈ ਹੈ ਪਰ ਮੋਦੀ ਸਰਕਾਰ ਇਸ ਮਾਮਲੇ ਵਿਚ ਟੱਸ ਤੋਂ ਮੱਸ ਨਹੀਂ ਹੋਈ ਹੈ। ਇਹ ਤਾਂ ਸਗੋਂ ਸਮੁੱਚੀ ਵਿਰੋਧੀ ਧਿਰ ਉਤੇ ਕਿਸਾਨਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਉਣ ਲੱਗ ਪਈ ਹੈ। ਵੱਖ-ਵੱਖ ਖੇਤਰਾਂ ਦੇ ਮਾਹਰ ਇਸ ਦੇ ਇਹੀ ਅਰਥ ਕੱਢ ਰਹੇ ਹਨ ਕਿ ਫਿਲਹਾਲ ਮੋਦੀ ਸਰਕਾਰ ਆਪਣੇ ਕੇਂਦਰਵਾਦੀ ਏਜੰਡੇ ਤੋਂ ਪਿਛੇ ਹਟਣ ਲਈ ਉਕਾ ਹੀ ਤਿਆਰ ਨਹੀਂ। ਉਧਰ ਪੰਜਾਬ, ਹਰਿਆਣਾ, ਪੱਛਮੀ ਉਤਰ ਪ੍ਰਦੇਸ਼ ਸਣੇ ਪੂਰੇ ਮੁਲਕ ਵਿਚ ਨਵੇਂ ਕਾਨੂੰਨਾਂ ਖਿਲਾਫ ਮੁਜ਼ਾਹਰੇ ਸ਼ੁਰੂ ਹੋ ਗਏ ਹਨ। ਪੰਜਾਬ ਵਿਚ ਕਿਸਾਨਾਂ ਨੇ ਰੇਲ ਪਟੜੀਆਂ ਉਤੇ ਮੋਰਚੇ ਮੱਲ ਲਏ ਹਨ।

ਇਸ ਸੰਘਰਸ਼ ਵਿਚ ਪੰਜਾਬ ਦੀਆਂ 31 ਤੋਂ ਵੱਧ ਕਿਸਾਨ ਜਥੇਬੰਦੀਆਂ ਸਮੇਤ ਸਿਆਸੀ ਤੇ ਹੋਰ ਧਿਰਾਂ ਜਿਸ ਤਰ੍ਹਾਂ ਮੋਢੇ ਨਾਲ ਮੋਢਾ ਜੋੜ ਦੇ ਸੰਘਰਸ਼ ਦੇ ਰਾਹ ਤੁਰੀਆਂ ਹਨ, ਉਸ ਦੀ ਕਈ ਵਰ੍ਹਿਆਂ ਤੋਂ ਉਡੀਕ ਸੀ। ਦੇਸ਼ ਦੀਆਂ ਪ੍ਰਮੁੱਖ ਮਜ਼ਦੂਰ ਜਥੇਬੰਦੀਆਂ, ਚਿੰਤਕ, ਲੇਖਕ ਅਤੇ ਕਲਾਕਾਰ ਇਸ ਅੰਦੋਲਨ ਦੀ ਹਮਾਇਤ ਵਿਚ ਨਿੱਤਰ ਆਏ ਹਨ। ਕਾਂਗਰਸ, ਤ੍ਰਿਣਮੂਲ ਕਾਂਗਰਸ, ਕਮਿਊਨਿਸਟ ਪਾਰਟੀਆਂ, ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕੁਝ ਹੋਰ ਸਿਆਸੀ ਪਾਰਟੀਆਂ ਨੇ ਖੁੱਲ੍ਹ ਦੇ ਮੈਦਾਨ ਵਿਚ ਨਿੱਤਰ ਆਈਆਂ ਹਨ। ਦੂਜੇ ਪਾਸ ਐਨੇ ਵੱਡੇ ਪੱਧਰ ਉਤੇ ਉਠੇ ਰੋਹ ਦੇ ਬਾਵਜੂਦ ਸਿਆਸੀ ਨਫਾ-ਨੁਕਸਾਨ ਭੁੱਲ ਆਪਣੇ ਫੈਸਲੇ ਉਤੇ ਅੜੀ ਬੈਠੀ ਮੋਦੀ ਸਰਕਾਰ ਦੀ ਰਣਨੀਤੀ ਤੋਂ ਸਿਆਸੀ ਮਾਹਰ ਵੀ ਹੈਰਾਨ ਹੈ। ਸਭ ਤੋਂ ਪੁਰਾਣੇ ਭਾਈਵਾਲ (ਅਕਾਲੀ ਦਲ) ਵਲੋਂ ਸਾਥ ਛੱਡਣ ਤੇ ਸਿਆਸੀ ਵਿਰੋਧੀਆਂ ਦੀ ਲਾਮਬੰਦੀ 'ਤੇ ਵੀ ਮੋਦੀ ਸਰਕਾਰ ਅੱਖਾਂ ਮੀਟੀ ਇਨ੍ਹਾਂ ਕਿਸਾਨ ਮਾਰੂ ਕਾਨੂੰਨਾਂ ਦੇ ਗੁਣ ਗਾ ਰਹੀ ਹੈ।

ਪੰਜਾਬ ਦੇ ਕਿਸਾਨ ਇਸ ਬਾਰੇ ਸਪਸ਼ਟ ਹਨ ਕਿ ਇਨ੍ਹਾਂ ਖੇਤੀ ਬਿੱਲਾਂ/ਕਾਨੂੰਨਾਂ ਰਾਹੀਂ ਕਾਰਪੋਰੇਟ ਖੇਤਰ ਨੂੰ ਖੇਤੀ ਖੇਤਰ ਵਿਚ ਵੱਡੀ ਪੱਧਰ 'ਤੇ ਲਿਆਉਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਹ ਗੱਲ ਹੁਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ ਕਿ ਮੋਦੀ ਸਰਕਾਰ ਵਲੋਂ ਪ੍ਰਚਾਰੀ ਜਾ ਰਹੀ 'ਕਿਸਾਨ ਦੀ ਆਜ਼ਾਦੀ' ਅਸਲ ਵਿਚ ਕਾਰਪੋਰੇਟ ਸੈਕਟਰ ਹੇਠ ਕਿਸਾਨ ਦੀ ਗੁਲਾਮੀ ਹੈ।

ਕੇਂਦਰ ਸਰਕਾਰ ਕਿਸਾਨਾਂ ਨੂੰ ਕਿਤੇ ਵੀ ਫਸਲ ਵੇਚਣ ਦਾ ਤਰਕ ਕੇ ਆਜ਼ਾਦੀ ਦਾ ਰਾਹ ਖੋਲ੍ਹਣ ਦੀ ਗੱਲ ਕਰ ਰਹੀ ਹੈ ਪਰ ਸਵਾਲ ਇਹ ਹੈ ਕਿ ਹਰ ਫਸਲ ਦੀ ਵਾਢੀ ਤੋਂ ਬਾਅਦ ਆਮ


(ਬਾਕੀ ਸਫਾ 6 ਉਤੇ)




## ਕਿਸਾਨ ਤੇ ਸੂਬਾ ਸਰਕਾਰ ਲਈ ਸੌਖਾ ਨਹੀਂ ਕਾਨੂੰਨੀ ਰਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਖੇਤੀ ਉਪਜ ਮੰਡੀ ਕਮੇਟੀ ਕਾਨੂੰਨ (ਏ.ਪੀ.ਐਮ.ਸੀ.) ਵਿਚ ਸੋਧ ਕਰਕੇ ਕੇਂਦਰੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਅਤੇ ਰਾਜਸਥਾਨ ਦੀ ਤਰਜ਼ ਉਤੇ ਵੇਅਰਹਾਊਸਾਂ ਨੂੰ ਮੰਡੀ ਖੇਤਰ ਐਲਾਨ ਦੇਣ ਦੀਆਂ ਸੰਭਾਵਨਾਵਾਂ ਦਾ ਕੋਈ ਠੋਸ ਹੱਲ ਸਾਹਮਣੇ ਨਜ਼ਰ ਨਹੀਂ ਆ ਰਿਹਾ।


ਮਾਹਰ ਵੀ ਇਸ ਤਰੀਕੇ ਵਿਚੋਂ ਕੋਈ ਖਾਸ ਸੰਭਾਵਨਾ ਨਹੀਂ ਦੇਖ ਰਹੇ। ਕਿਸਾਨ ਜਥੇਬੰਦੀਆਂ ਦੇ ਸੁਝਾਅ ਉਤੇ ਕੈਪਟਨ ਸਰਕਾਰ ਵਿਧਾਨ ਸਭਾ ਦਾ ਇਜਲਾਸ ਬੁਲਾ ਕੇ ਕੇਂਦਰੀ ਕਾਨੂੰਨ ਲਾਗੂ ਨਾ ਕਰਨ ਦਾ ਮਤਾ ਪਾਉਣ ਲਈ ਰਾਜ਼ੀ ਹੋਈ ਹੈ। ਹਾਲਾਂਕਿ ਕਾਨੂੰਨੀ ਮਾਹਰਾਂ ਦਾ ਤਰਕ ਹੈ ਕਿ ਸੂਬਾ ਸਰਕਾਰ ਇਸ ਮੁੱਦੇ ਉਤੇ ਵਿਧਾਨ ਸਭਾ ਵਿਚ ਕਾਨੂੰਨ ਬਣਾ ਕੇ ਕੁਝ ਨਹੀਂ ਕਰ ਸਕੇਗੀ। ਕੇਂਦਰ ਸਰਕਾਰ ਦੇ ਮੰਡੀਕਰਨ ਵਾਲੇ ਕਾਨੂੰਨ ਵਿਚ ਕਿਸਾਨਾਂ ਦੇ ਖੇਤਾਂ ਨੂੰ ਲੱਗਦੇ ਰਾਹ (ਫਾਰਮ ਗੇਟ), ਵੇਅਰ ਹਾਊਸ, ਕੋਲਡ ਸਟੋਰੇਜ ਅਤੇ ਫੈਕਟਰੀ ਏਰੀਆ ਨੂੰ ਮੰਡੀ ਖੇਤਰ ਐਲਾਨਿਆ ਜਾ ਚੁੱਕਿਆ ਹੈ। ਇਸ ਵਿਚੋਂ ਖੇਤੀ ਉਪਜ ਮੰਡੀ ਕਮੇਟੀ ਕਾਨੂੰਨ (ਏ.ਪੀ.ਐਮ.ਸੀ.) ਤਹਿਤ ਐਲਾਨੇ ਪ੍ਰਿੰਸੀਪਲ ਯਾਰਡ, ਸਬ ਯਾਰਡ ਜਾਂ ਹੋਰ ਨੋਟੀਫਾਈ ਖੇਤਰ ਪਹਿਲਾਂ ਹੀ ਬਾਹਰ ਕੱਢੇ ਹੋਏ ਹਨ।

ਉਪਰੋਕਤ ਨੂੰ ਮੰਡੀ ਐਲਾਨਣ ਨਾਲ ਸੂਬਾ ਸਰਕਾਰ ਅਤੇ ਕੇਂਦਰ ਵਿਚ ਵਿਵਾਦ ਹੋਵੇਗਾ। ਸੰਵਿਧਾਨਕ ਪੱਖ ਤੋਂ ਵਿਵਾਦ ਸਮੇਂ ਕੇਂਦਰ ਦੀ ਹੀ ਮੰਨੀ ਜਾਂਦੀ ਹੈ ਪਰ ਜੇਕਰ ਸੂਬਾ ਸਰਕਾਰ ਆਪਣੇ ਬਿੱਲ ਉਤੇ ਰਾਸ਼ਟਰਪਤੀ ਦੀ ਮੋਹਰ ਲਗਾਉਣ ਵਿਚ ਕਾਮਯਾਬ ਹੋ ਜਾਵੇ ਤਾਂ ਸੂਬਾ ਸਰਕਾਰ ਦਾ ਕਾਨੂੰਨ ਮੰਨਿਆ ਜਾਂਦਾ ਹੈ। ਆਮ ਤੌਰ ਉਤੇ ਇਸ ਦੀ ਸੰਭਾਵਨਾ ਹੀ ਨਹੀਂ ਹੁੰਦੀ। ਇਸ ਲਈ ਇਹ ਸੰਭਾਵਨਾ ਦਿਖਾਈ ਨਹੀਂ ਦਿੰਦੀ ਕਿਉਂਕਿ ਕੇਂਦਰ ਸਰਕਾਰ ਇੰਨੀ ਸ਼ਕਤੀਸ਼ਾਲੀ ਹੋ ਚੁੱਕੀ ਹੈ ਕਿ ਉਸ ਕੋਲ ਰਾਜਾਂ ਦੀ ਬਾਂਹ ਮਰੋੜਨ ਵਾਸਤੇ ਹੋਰ ਬਹੁਤ ਢੰਗ ਹਨ।


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine

12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com



# ਅਕਾਲੀ ਦਲ ਤੇ ਭਾਜਪਾ ਦੀ ਸਿਆਸੀ ਸਾਂਝ ਦਾ ਭੋਗ ਪਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਵਿਚੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਇਹ ਐਲਾਨ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤਾ ਗਿਆ। ਅਕਾਲੀ ਦਲ ਦੇ ਇਸ ਫੈਸਲੇ ਮੰਨਣਾ ਹੈ ਕਿ ਪਾਰਟੀ ਵੱਲੋਂ ਇਹ ਫੈਸਲਾ ਸੂਬੇ ਅੰਦਰ ਪੈਦਾ ਹੋਏ ਸਿਆਸੀ ਹਾਲਾਤ ਕਰਕੇ ਲਿਆ ਗਿਆ ਹੈ ਕਿਉਂਕਿ ਰਾਜਸੀ ਤੌਰ 'ਤੇ ਭਾਜਪਾ ਜਾਂ ਐਨ.ਡੀ.ਏ. ਦਾ ਹਿੱਸਾ ਬਣੇ ਰਹਿਣਾ ਅਕਾਲੀ ਦਲ ਲਈ ਮਹਿੰਗਾ ਸਾਬਤ ਹੋ ਰਿਹਾ ਸੀ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਅਕਾਲੀ ਦਲ ਨੇ ਨਾਲ 1996 ਤੋਂ ਭਾਰਤੀ ਜਨਤਾ ਪਾਰਟੀ ਨਾਲ ਬਣੀ ਆ ਰਹੀ ਸਿਆਸੀ ਸਾਂਝ ਦਾ ਭੋਗ ਪੈ ਗਿਆ ਹੈ।

ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਹੀ ਸਹਿਮਤੀ ਬਣੀ ਕਿ ਖੇਤੀ ਬਿਲਾਂ ਕਾਰਨ ਦੇਸ਼ ਅੰਦਰ ਬਣੇ ਸਿਆਸੀ ਮਾਹੌਲ ਤੋਂ ਬਾਅਦ ਐਨ.ਡੀ.ਏ. ਦਾ ਹਿੱਸਾ ਬਣੇ ਰਹਿਣ ਦਾ ਕੋਈ ਲਾਭ ਨਹੀਂ ਕਿਉਂਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿਚੋਂ ਬਾਹਰ ਆਉਣ ਤੋਂ ਬਾਅਦ ਵੀ ਸਿਆਸੀ ਵਿਰੋਧੀਆਂ ਵੱਲੋਂ ਲਗਾਤਾਰ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਅਕਾਲੀ ਹਲਕਿਆਂ ਦਾ ਆਉਣ ਵਾਲੇ ਦਿਨਾਂ ਦੌਰਾਨ ਕੈਪਟਨ ਸਰਕਾਰ ਖਿਲਾਫ ਵੀ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਹੈ।

ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਖੇਤੀ ਬਿਲਾਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਵੱਲੋਂ ਅਕਾਲੀ ਦਲ ਨੂੰ ਭਰੋਸੇ 'ਚ ਨਾ ਲਏ ਜਾਣ ਕਾਰਨ ਮੰਤਰੀ ਮੰਡਲ ਤੋਂ ਪਹਿਲਾਂ ਹੀ ਹਰਸਿਮਰਤ ਕੌਰ ਬਾਦਲ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਸੀ। ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਇਹੀ ਚਰਚਾ ਹੋਈ ਕਿ ਹੁਣ ਐਨ.ਡੀ.ਏ. 'ਚ ਰਹਿਣ ਦੀ ਕੋਈ ਤੁਕ ਨਹੀਂ ਬਣਦੀ। ਸ੍ਰੀ ਬਾਦਲ ਨੇ ਜੰਮੂ-ਕਸ਼ਮੀਰ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਨਾ ਦੇਣ ਦੇ ਮੁੱਦੇ ਉਤੇ ਵੀ ਮੋਦੀ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਹਾਲੀਆ ਇਨ੍ਹਾਂ ਦੋ ਵੱਡੇ ਮੁੱਦਿਆਂ ਕਾਰਨ ਅਕਾਲੀ ਦਲ ਨੇ ਐਨ.ਡੀ.ਏ. 'ਚੋਂ ਬਾਹਰ ਆਉਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ 1996 ਵਿਚ ਮਰਹੂਮ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ 13 ਦਿਨਾਂ ਦੀ ਸਰਕਾਰ ਬਣਨ ਸਮੇਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਭਾਰਤੀ ਜਨਤਾ ਪਾਰਟੀ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਸੀ। ਉਦੋਂ ਤੋਂ ਲੈ ਕੇ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਿਆਸੀ ਰਿਸ਼ਤਿਆਂ ਨੂੰ ਵੱਡੇ ਬਾਦਲ ਵੱਲੋਂ ਨਹੁੰ-ਮਾਸ ਦਾ ਰਿਸ਼ਤਾ ਕਰਾਰ ਦਿੱਤਾ ਜਾਂਦਾ ਰਿਹਾ ਸੀ। ਭਾਰਤੀ ਜਨਤਾ ਪਾਰਟੀ ਦੀ ਵਾਗਡੋਰ ਨਰਿੰਦਰ ਮੋਦੀ ਤੇ ਇਧਰ ਸੁਖਬੀਰ ਸਿੰਘ ਬਾਦਲ ਦੇ ਹੱਥ ਆਉਣ ਤੋਂ ਬਾਅਦ ਦੋਹਾਂ ਪਾਰਟੀਆਂ ਦੇ ਰਿਸ਼ਤਿਆਂ ਵਿਚ ਤਰੇੜ ਆਉਣ ਲੱਗੀ ਸੀ।

## ਅਕਾਲੀ ਦਲ ਨੇ ਮਜਬੂਰੀ 'ਚ ਐਨ.ਡੀ.ਏ. ਛੱਡਿਆ: ਢੀਂਡਸਾ

**ਚੰਡੀਗੜ੍ਹ:** ਨਾਰਾਜ਼ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਐਨ.ਡੀ.ਏ. ਨਾਲ ਸਬੰਧ ਮਜਬੂਰੀ ਕਾਰਨ ਤੋੜੇ ਹਨ ਕਿਉਂਕਿ ਕਿਸਾਨ ਖੇਤੀ ਬਿੱਲਾਂ ਦਾ ਵਿਰੋਧ ਕਰ ਰਹੇ ਹਨ। ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ, "ਉਨ੍ਹਾਂ (ਅਕਾਲੀ ਦਲ) ਨੇ ਇਹ ਤੋੜ ਵਿਛੋੜਾ ਮਜਬੂਰੀ ਵਿਚ ਕੀਤਾ। ਉਨ੍ਹਾਂ ਸਵਾਲ ਕੀਤਾ ਕੀ ਕਿਸਾਨ ਵਿਰੋਧ ਤੋਂ ਪਹਿਲਾਂ ਇਹ ਬਿੱਲ ਕਿਸਾਨ ਪੱਖੀ ਸੀ?" ਸ੍ਰੀ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਅਧਾਰ ਗੁਆ ਲਿਆ ਹੈ।

## ਅਕਾਲੀ ਦਲ ਨੇ ਗੱਠਜੋੜ ਤੋੜ ਕੇ ਗਲਤੀ ਕੀਤੀ: ਮਿੱਤਲ

**ਸ੍ਰੀ ਆਨੰਦਪੁਰ ਸਾਹਿਬ:** ਭਾਜਪਾ ਦੇ ਸੀਨੀਅਰ ਆਗੂ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਹਿੰਦੂ-ਸਿੱਖ ਭਾਈਚਾਰਕ ਏਕਤਾ ਦਾ ਸੁਨੇਹਾ ਦੇਣ ਵਾਲੇ ਤੇ 23 ਸਾਲ ਪੁਰਾਣੇ ਅਕਾਲੀ-ਭਾਜਪਾ ਗੱਠਜੋੜ ਨੂੰ ਹੋਂਦ 'ਚ ਲਿਆਉਣ ਵਾਲੇ ਬਾਨੀਆਂ ਸਣੇ ਸਮੁੱਚੀ ਸੀਨੀਅਰ ਲੀਡਰਸ਼ਿਪ ਨੂੰ ਅਣਗੌਲਿਆ ਕਰਕੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮਝੌਤਾ ਤੋੜਨ ਦਾ ਫੈਸਲਾ ਲੈ ਕੇ ਇਤਿਹਾਸਕ ਭੁੱਲ ਕੀਤੀ ਹੈ ਜਿਸ ਕਰਕੇ ਹੁਣ ਸੁਖਬੀਰ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਨਿਘਾਰ ਤੱਕ ਲੈ ਜਾਣ ਵਾਲਿਆਂ ਕਰਕੇ ਜਾਣਿਆ ਜਾਵੇਗਾ। ਸ੍ਰੀ ਮਿੱਤਲ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਗੱਠਜੋੜ ਦੇ ਬਾਨੀਆਂ ਵਿਚੋਂ ਜਾਣੇ ਜਾਂਦੇ ਹਨ ਪਰ ਇਸ ਇਤਿਹਾਸਿਕ ਗੱਠਜੋੜ ਨੂੰ ਤੋੜਨ ਲੱਗਿਆਂ ਪ੍ਰਕਾਸ਼ ਸਿੰਘ ਬਾਦਲ ਦੀ ਵੀ ਰਾਏ ਨਹੀਂ ਲਈ ਗਈ।

## ਸਾਂਪਲਾ ਨੇ ਅਕਾਲੀ ਦਲ ਦੀ ਪੋਲ ਖੋਲ੍ਹੀ: ਜਾਖੜ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਝੂਠ ਕਿ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਖੇਤੀ ਬਿੱਲਾਂ ਸਬੰਧੀ ਹਨੇਰੇ ਵਿਚ ਰੱਖਿਆ ਸੀ, ਦਾ ਪਰਦਾਫਾਸ਼ ਉਨ੍ਹਾਂ ਦੇ ਭਾਗੀਦਾਰਾਂ ਨੇ ਹੀ ਕਰ ਦਿੱਤਾ ਹੈ। ਸ੍ਰੀ ਜਾਖੜ ਨੇ ਕਿਹਾ ਕਿ ਭਾਜਪਾ ਆਗੂ ਵਿਜੈ ਸਾਂਪਲਾ ਦੇ ਤਾਜ਼ਾ ਬਿਆਨ ਨੇ ਅਕਾਲੀ ਦਲ ਦੀ ਲੋਕਾਂ ਨੂੰ ਗੁਮਰਾਹ ਕਰਨ ਦੀ ਰਾਜਨੀਤੀ ਦਾ ਭਾਂਡਾ ਭੰਨ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸਾਂਪਲਾ ਨੇ ਆਪਣੇ ਇਕ ਬਿਆਨ ਵਿਚ ਆਖਿਆ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਪੰਜਾਬ ਦੇ ਕਿਸਾਨਾਂ ਨੂੰ ਸਮਝਾਉਣ ਦੀ ਜ਼ਿੰਮੇਵਾਰੀ ਆਪਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਲਗਾਈ ਸੀ ਅਤੇ ਅਕਾਲੀ ਦਲ ਦੇ ਆਗੂ ਇਹ ਫਰਜ਼ ਨਿਭਾਉਣ ਵਿਚ ਨਾਕਾਮਯਾਬ ਰਹੇ। ਸ੍ਰੀ ਜਾਖੜ ਨੇ ਕਿਹਾ ਕਿ ਭਾਜਪਾ ਆਗੂ ਦੇ ਇਸ ਬਿਆਨ ਨੇ ਅਕਾਲੀ ਦਲ ਦੇ ਉਸ ਝੂਠ ਨੂੰ ਬੇਨਕਾਬ ਕਰ ਦਿੱਤਾ ਹੈ, ਜਿਸ ਰਾਹੀਂ ਉਹ ਆਖ ਰਹੇ ਸਨ ਕਿ ਕੇਂਦਰ ਸਰਕਾਰ ਨੇ ਕਾਲੇ ਖੇਤੀ ਬਿੱਲਾਂ ਸਬੰਧੀ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ।

ਉਨ੍ਹਾਂ ਕਿਹਾ ਕਿ ਅਸਲ ਵਿਚ ਅਕਾਲੀ ਆਗੂ ਪੰਜਾਬ ਵਿਚ ਭਾਜਪਾ ਦੇ ਏਜੰਟ ਵਜੋਂ ਕੰਮ ਕਰ ਰਹੇ ਹਨ, ਜੋ ਕਿਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਹਨ ਅਤੇ ਹਾਲੇ ਵੀ ਉਹ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਵਿਚ ਜੁਟੇ ਹੋਏ ਹਨ।

# ਭਾਜਪਾ ਨੇ ਇਕ ਸਾਲ 'ਚ ਗਵਾਏ ਦੋ ਸਭ ਤੋਂ ਪੁਰਾਣੇ ਭਾਈਵਾਲ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲ ਆਪਣੇ ਲਗਭਗ ਢਾਈ ਦਹਾਕੇ ਪੁਰਾਣੇ ਸਬੰਧ ਤੋੜਨ ਤੋਂ ਬਾਅਦ ਭਗਵਾ ਪਾਰਟੀ ਨੇ ਇਕ ਸਾਲ ਦੇ ਅੰਦਰ ਆਪਣੇ ਦੋ ਸਭ ਤੋਂ ਪੁਰਾਣੇ, ਭਰੋਸੇਯੋਗ ਤੇ ਵਿਚਾਰਕ ਰੂਪ ਨਾਲ ਇਕਜੁੱਟ ਸਹਿਯੋਗੀਆਂ ਨੂੰ ਗਵਾ ਦਿੱਤਾ ਹੈ।

ਸੱਤਾਧਾਰੀ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਤੋਂ ਅਕਾਲੀ ਦਲ ਦਾ ਤੋੜ ਵਿਛੋੜਾ ਸ਼ਾਇਦ ਹੀ ਮੋਦੀ ਸਰਕਾਰ ਨੂੰ ਪ੍ਰਭਾਵਿਤ ਕਰੇ ਪਰ ਇਹ ਸਰਹੱਦੀ ਸੂਬੇ ਪੰਜਾਬ 'ਚ ਭਾਜਪਾ ਦੀ ਸਥਿਤੀ ਨੂੰ ਜ਼ਰੂਰੀ ਪਤਲੀ ਕਰ ਦੇਵੇਗਾ, ਜਿਥੇ ਉਸ ਦਾ ਗੱਠਜੋੜ ਰਾਜਨੀਤਿਕ ਹੋਣ ਦੇ ਨਾਲ ਸਮਾਜਿਕ ਵੀ ਸੀ ਤੇ ਦੋ ਵੱਖ-ਵੱਖ ਸਮੂਹਾਂ ਵਾਲੇ ਵੋਟਰਾਂ ਦਾ ਸਮਰਥਨ ਮਿਲਦਾ ਸੀ। ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰਾਊਤ ਨੇ ਖੇਤੀ ਕਾਨੂੰਨਾਂ ਖਿਲਾਫ ਅਕਾਲੀ ਦਲ ਵੱਲੋਂ ਐਨ.ਡੀ.ਏ. ਛੱਡਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.) ਤੇ ਸ਼ਿਵ ਸੈਨਾ ਤੋਂ ਬਾਅਦ ਅਕਾਲੀ ਦਲ ਤੀਜੀ ਪਾਰਟੀ ਹੈ, ਜਿਸ ਨੇ ਗੱਠਜੋੜ ਨੂੰ ਤਿਆਗ ਦਿੱਤਾ ਹੈ।

ਤ੍ਰਿਣਮੂਲ ਕਾਂਗਰਸ ਪਾਰਟੀ ਦੇ ਕੌਮੀ ਬੁਲਾਰੇ ਤੇ ਪਾਰਟੀ ਦੇ ਰਾਜ ਸਭਾ ਮੈਂਬਰ ਡੈਰੇਕ ਓ ਬਰਾਇਨ ਨੇ ਟਵੀਟ ਕਰਕੇ ਕਿਹਾ ਕਿ ਅਸੀਂ ਅਕਾਲੀ ਦਲ ਤੇ ਸੁਖਬੀਰ ਸਿੰਘ ਵੱਲੋਂ ਕਿਸਾਨਾਂ ਦੇ ਹਿਤਾਂ 'ਚ ਲਏ ਫੈਸਲੇ ਦਾ ਸਮਰਥਨ ਕਰਦੇ ਹਾਂ, ਕਿਉਂਕਿ ਕਿਸਾਨਾਂ ਦੇ ਹੱਕਾਂ ਲਈ ਲੜਨਾ ਤ੍ਰਿਣਮੂਲ ਦੇ ਡੀ.ਐਨ.ਏ. 'ਚ ਹੈ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਸਰਪ੍ਰਸਤ ਸ਼ਰਦ ਪਵਾਰ ਵੱਲੋਂ ਵੀ ਟਵੀਟ ਕਰਕੇ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਬਾਦਲ ਨੂੰ ਕਿਸਾਨਾਂ ਨਾਲ ਖੜ੍ਹਨ ਲਈ ਧੰਨਵਾਦ ਕੀਤਾ ਗਿਆ।

# ਦਿੱਲੀ ਦੇ ਅਕਾਲੀਆਂ ਵੱਲੋਂ ਐਨ. ਡੀ. ਏ. ਦੇ ਅਹੁਦੇ ਛੱਡਣ ਦਾ ਫੈਸਲਾ



**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਤੋੜ-ਵਿਛੋੜਾ ਕਰਨ ਮਗਰੋਂ ਪਾਰਟੀ ਦੀ ਦਿੱਲੀ ਇਕਾਈ ਨੇ ਵੀ ਆਪਣੇ ਇਸ ਸਹਿਯੋਗੀ ਦੇ ਦਿੱਤੇ ਅਹੁਦਿਆਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਹੈ। ਇਸ ਦੀ ਸ਼ੁਰੂਆਤ ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ (ਜਨਰਲ ਸਕੱਤਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀ ਪਤਨੀ ਮਨਪ੍ਰੀਤ ਕੌਰ ਕਾਲਕਾ ਨੇ ਦੱਖਣੀ ਦਿੱਲੀ ਨਗਰ ਨਿਗਮ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਕੀਤੀ ਹੈ।

ਪਾਰਟੀ ਦੇ ਦਫਤਰ ਵਿਚ ਦਿੱਲੀ ਇਕਾਈ ਦੀ ਕੋਰ ਕਮੇਟੀ ਦੀ ਮੀਟਿੰਗ ਸੱਦੀ ਗਈ, ਜਿਸ ਵਿਚ ਉਨ੍ਹਾਂ ਸੰਵਿਧਾਨਕ ਅਹੁਦੇਦਾਰੀਆਂ ਛੱਡਣ ਦਾ ਫੈਸਲਾ ਕੀਤਾ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਐਲਾਨ ਕੀਤਾ ਹੈ ਕਿ ਪਾਰਟੀ ਦੇ ਸਾਰੇ ਆਗੂ ਤੇ ਵਰਕਰ ਭਾਜਪਾ ਨਾਲ ਸਾਂਝ ਵਾਲੀਆਂ ਸਾਰੀਆਂ ਅਹੁਦੇਦਾਰੀਆਂ ਤੋਂ ਅਸਤੀਫਾ ਦੇ ਦੇਣਗੇ। ਸ੍ਰੀ ਕਾਲਕਾ ਨੇ ਕਿਹਾ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਐਨ.ਡੀ.ਏ. ਨਾਲੋਂ ਵੱਖ ਹੋਣ ਦੇ ਐਲਾਨ ਤਹਿਤ ਹੀ ਦਿੱਲੀ ਕੋਰ ਕਮੇਟੀ ਨੇ ਇਹ ਫੈਸਲਾ ਲਿਆ ਹੈ। ਉਨ੍ਹਾਂ ਪਾਰਟੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਦਿਆਂ ਆਪਣੇ-ਆਪ ਅਸਤੀਫੇ ਦੇ ਦੇਣ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਹੁਣ ਭਾਜਪਾ ਨਾਲ ਕੋਈ ਸਾਂਝ ਨਹੀਂ ਰਹੀ। ਪਾਰਟੀ ਦੀ ਕੌਮੀ ਲੀਡਰਸ਼ਿਪ ਦੇ ਫੈਸਲੇ ਅਨੁਸਾਰ ਅਗਲਾ ਸਿਆਸੀ ਸਫਰ ਇਕੱਲਿਆਂ ਤੈਅ ਕੀਤਾ ਜਾਵੇਗਾ।

## ਐਨ.ਡੀ.ਏ. ਨੇ ਪੰਜਾਬ ਨੂੰ ਅੱਖੋਂ ਪਰੋਖੇ ਕੀਤਾ: ਹਰਸਿਮਰਤ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਪੰਜਾਬ ਨੂੰ ਹਮੇਸ਼ਾ ਅੱਖੋਂ ਪਰੋਖੇ ਕੀਤਾ ਅਤੇ ਇਹ ਉਹ ਗਠਜੋੜ ਨਹੀਂ ਹੈ ਜਿਸ ਦੀ ਕਲਪਨਾ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕੀਤੀ ਸੀ। ਅਕਾਲੀ ਦਲ (ਬ) ਵੱਲੋਂ ਭਾਜਪਾ ਨਾਲ ਗਠਜੋੜ ਤੋੜਨ ਦੇ ਕੀਤੇ ਐਲਾਨ ਤੋਂ ਬਾਅਦ ਹਰਸਿਮਰਤ ਨੇ ਟਵੀਟ ਕੀਤਾ ਕਿ ਕਿ ਜੇ ਤਿੰਨ ਕਰੋੜ ਪੰਜਾਬੀਆਂ ਦਾ ਦਰਦ ਅਤੇ ਵਿਰੋਧ ਪ੍ਰਦਰਸ਼ਨ ਕੇਂਦਰ ਦੇ ਸਖਤ ਰੁਖ ਨੂੰ ਪਿਘਲਾਉਣ 'ਚ ਅਸਫਲ ਰਹਿੰਦਾ ਹੈ ਤਾਂ ਇਸ ਐਨ.ਡੀ.ਏ. ਦੀ ਕਲਪਨਾ ਵਾਜਪਾਈ ਜੀ ਤੇ ਬਾਦਲ ਸਾਹਿਬ ਨੇ ਨਹੀਂ ਸੀ ਕੀਤੀ।

# ਅਕਾਲੀ ਦਲ ਨੂੰ ਪੁੱਠੀ ਪਈ 'ਚੱਕਾ ਜਾਮ' ਵਾਲੀ ਰਣਨੀਤੀ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਆਖਰ ਅਹਿਸਾਸ ਹੋ ਗਿਆ ਹੈ ਕਿ ਪੰਜਾਬ ਦੇ ਕਈ ਹਲਕਿਆਂ 'ਚ ਪਾਰਟੀ ਸਿਆਸੀ ਤੌਰ ਉਤੇ ਕਮਜ਼ੋਰ ਪੈ ਚੁੱਕੀ ਹੈ। ਇਸ ਬਾਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਚ ਤੋਂ ਮੰਨਿਆ ਕਿ ਬੀਤੇ ਦਿਨੀਂ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ ਰੱਖੇ ਗਏ 'ਚੱਕਾ ਜਾਮ' ਪ੍ਰੋਗਰਾਮਾਂ 'ਚ ਕਈ ਹਲਕਿਆਂ 'ਚ ਪਾਰਟੀ ਦੀ ਅਤਿ ਢਿੱਲੀ ਕਾਰਗੁਜ਼ਾਰੀ ਸਾਹਮਣੇ ਆਈ ਹੈ।

ਸੁਖਬੀਰ ਬਾਦਲ ਇਥੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਹਾਦਰਗੜ੍ਹ ਵਿਚ ਪਟਿਆਲਾ ਤੇ ਫਤਹਿਗੜ੍ਹ ਸਾਹਿਬ ਦੋ ਜ਼ਿਲ੍ਹਿਆਂ ਆਧਾਰਿਤ ਰੱਖੀ ਗਈ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਸੂਬੇ ਦੀ ਜਨਤਾ ਨੇ ਆਪ ਮੁਹਾਰੇ ਕਿਸਾਨਾਂ ਦੇ 'ਪੰਜਾਬ ਬੰਦ' ਦੇ ਸੱਦੇ 'ਚ ਹਿੱਸਾ ਲੈਂਦਿਆਂ ਬਾਦਲਕਿਆਂ ਦੇ 'ਚੱਕਾ ਜਾਮ' ਪ੍ਰੋਗਰਾਮ ਨੂੰ ਅਣਡਿੱਠ ਕਰ ਦਿੱਤਾ। ਅਜਿਹੀ ਸਿਆਸੀ ਪੀੜ ਨੂੰ ਲੈ ਕੇ ਸੁਖਬੀਰ ਬਾਦਲ ਨੇ ਢਿੱਲੀ ਕਾਰਗੁਜ਼ਾਰੀ ਵਾਲੇ ਹਲਕਿਆਂ ਦੇ ਹਲਕਾ ਇੰਚਾਰਜਾਂ ਤੇ ਹੋਰ ਆਗੂਆਂ ਨੂੰ ਅਸਿੱਧੇ ਤੌਰ 'ਤੇ ਚਿਤਾਵਨੀ ਵੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਚਿੰਤਾ ਵਾਲੀ ਗੱਲ ਹੈ ਕਿ ਪਾਰਟੀ ਦੀ ਪਕੜ ਢਿੱਲੀ ਕਿਉਂ ਪੈਣ ਲੱਗੀ ਹੈ। ਉਨ੍ਹਾਂ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਜਜ਼ਬੇ ਨਾਲ ਪਾਰਟੀ ਦੇ ਕੰਮ 'ਚ ਲੱਗ ਜਾਣ ਕਿਉਂਕਿ ਅਗਲੀਆਂ ਚੋਣਾਂ 'ਚ ਸਿਰਫ ਸਾਲ ਕੁ ਦਾ ਸਮਾਂ ਹੀ ਬਚਿਆ ਹੈ। ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਕਿ ਕਿਸਾਨੀ ਹਿੱਤਾਂ ਨੂੰ ਲੈ ਕੇ 'ਦਿੱਲੀ ਵਾਲਿਆਂ' ਨਾਲ ਹੁਣ ਆਹਮੋ-ਸਾਹਮਣੀ ਲੜਾਈ ਹੋ ਗਈ ਹੈ।

ਦੱਸ ਦਈਏ ਕਿ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਬਿੱਲਾਂ ਖਿਲਾਫ ਪੰਜਾਬ ਬੰਦ ਦੇ ਦਿੱਤੇ ਸਰਬ ਸਾਂਝੇ ਸੱਦੇ ਦੀ ਕਈ ਰਾਜਸੀ ਪਾਰਟੀਆਂ ਨੇ ਵੀ ਹਮਾਇਤ ਕੀਤੀ, ਪਰ ਅਕਾਲੀ ਦਲ ਨੇ ਇਸੇ ਦਿਨ ਕਿਸਾਨਾਂ ਦੀ ਹਮਦਰਦੀ ਜਿੱਤਣ ਅਤੇ ਸੰਘਰਸ਼ ਦੇ ਮੋਰਚੇ ਦੀ ਆਗੂ ਬਣਨ ਦੀ ਲਾਲਸਾ ਨਾਲ ਤਿੰਨ ਘੰਟੇ ਲਈ ਚੱਕਾ ਜਾਮ ਕਰਨ ਦਾ ਵੱਖਰਾ ਐਲਾਨ ਕਰ ਦਿੱਤਾ, ਪਰ ਅਕਾਲੀ ਦਲ ਦੀ ਇਸ ਕਾਰਵਾਈ ਨਾਲ ਆਮ ਕਿਸਾਨਾਂ ਤੇ ਕਿਸਾਨ ਆਗੂਆਂ 'ਚ ਚੰਗਾ ਪ੍ਰਭਾਵ ਨਹੀਂ ਪਿਆ। ਧਰਨਿਆਂ 'ਚ ਬਹੁਤ ਸਾਰੇ ਥਾਈਂ ਕਿਸਾਨ ਆਗੂ ਇਹ ਗਿਲਾ ਕਰਦੇ ਗਏ ਕਿ ਅਕਾਲੀ ਦਲ ਪਹਿਲਾਂ ਆਰਡੀਨੈਂਸਾਂ ਦੀ ਹਮਾਇਤ ਕਰਦਾ ਰਿਹਾ ਹੈ ਤੇ ਹੁਣ ਜਦ ਵਿਰੋਧ ਕੀਤਾ ਹੈ ਤਾਂ ਵੀ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਦੀ ਥਾਂ ਵੱਖਰੀ ਡਫਲੀ ਵਜਾਉਣ ਦਾ ਯਤਨ ਕੀਤਾ ਹੈ। ਪੰਜਾਬ ਭਰ 'ਚ ਹੀ ਕਿਸਾਨ ਧਰਨਿਆਂ 'ਚ ਹਾਜ਼ਰ ਹਜ਼ਾਰਾਂ ਦੀ ਗਿਣਤੀ 'ਚ ਰਹੀ ਅਤੇ ਕਾਂਗਰਸ, ਆਪ ਤੇ ਬਸਪਾ ਦੇ ਆਗੂ ਵਰਕਰ ਇਨ੍ਹਾਂ ਧਰਨਿਆਂ 'ਚ ਹਮਾਇਤ ਲਈ ਹਮਾਇਤੀਆਂ ਵਜੋਂ ਸ਼ਾਮਲ ਹੋਏ। ਪਰ ਅਕਾਲੀ ਦਲ ਦੇ ਧਰਨਿਆਂ 'ਚ ਬਹੁਤੇ ਥਾਈਂ ਗਿਣਤੀ ਸੈਂਕੜਿਆਂ 'ਚ ਰਹੀ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਪਹਿਲਾਂ ਮੋਦੀ ਸਰਕਾਰ ਦੇ ਫੈਸਲਿਆਂ ਦੀ ਪ੍ਰੋੜ੍ਹਤਾ ਕਰਦੇ ਰਹੇ, ਫਿਰ ਇਕਦਮ ਕਿਸਾਨ ਸੰਘਰਸ਼ 'ਤੇ ਛਾ ਜਾਣ ਦੀ ਕਾਹਲੀ ਉਨ੍ਹਾਂ ਨੂੰ ਕਿਸਾਨ ਸੰਘਰਸ਼ ਦੀ ਯੁੱਧ ਧਾਰਾ ਤੋਂ ਵਖਰੇ ਹੋ ਕੇ ਚੱਲਣ ਦੀ ਰਾਹ ਜਾ ਰਹੀ ਹੈ। ਵੱਖਰਾ ਚੱਕਾ ਜਾਮ ਕਰਨ ਕਰਕੇ ਕਈ ਥਾਈਂ ਜਦੋਂ ਅਕਾਲੀ ਆਗੂਆਂ ਨੇ ਸਾਂਝੇ ਕਿਸਾਨ ਧਰਨਿਆਂ 'ਚ ਸ਼ਾਮਲ ਹੋਣ ਦਾ ਯਤਨ ਕੀਤਾ ਤਾਂ ਤਕਰਾਰ ਵੀ ਹੋਇਆ।

# ਪੰਜਾਬ 'ਚ ਚੌਕਸੀ ਕਮਿਸ਼ਨ ਦੀ ਮੁੜ ਸਥਾਪਨਾ ਨੂੰ ਮਨਜ਼ੂਰੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵਲੋਂ ਸਰਕਾਰੀ ਮੁਲਾਜ਼ਮਾਂ ਦੇ ਕੰਮਕਾਜ 'ਚ ਪਾਰਦਰਸ਼ਤਾ ਲਿਆਉਣ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ 3 ਮੈਂਬਰੀ ਵਿਜੀਲੈਂਸ ਕਮਿਸ਼ਨ ਦੀ ਸਥਾਪਨਾ ਨੂੰ ਮਨਜ਼ੂਰੀ ਦੇ ਦਿੱਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਵੀ ਆਪਣੀ ਮਗਰਲੀ ਸਰਕਾਰ ਦੌਰਾਨ ਸੱਤਾ 'ਚੋਂ ਜਾਣ ਤੋਂ ਪਹਿਲਾਂ 2006 ਵਿਚ ਇਕ ਅਜਿਹਾ ਕਮਿਸ਼ਨ ਬਣਾਇਆ ਸੀ ਜਿਸ ਨੂੰ ਅਕਾਲੀ-ਭਾਜਪਾ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਬਾਅਦ 2007 ਵਿਚ ਭੰਗ ਕਰ ਦਿੱਤਾ ਸੀ। ਇਸ ਕਮਿਸ਼ਨ ਦਾ ਇਕ ਚੇਅਰਮੈਨ ਅਤੇ 2 ਮੈਂਬਰ ਹੋਣਗੇ ਅਤੇ ਚੇਅਰਮੈਨ ਕੇਂਦਰ ਸਰਕਾਰ ਵਿਚ ਸਕੱਤਰ ਪੱਧਰ ਦੇ ਅਧਿਕਾਰੀ ਦੇ ਬਰਾਬਰ ਜਾਂ ਹਾਈਕੋਰਟ ਦਾ ਮੌਜੂਦਾ ਤੇ ਸੇਵਾ ਮੁਕਤ ਜੱਜ ਹੋ ਸਕੇਗਾ। ਜਦੋਂਕਿ ਮੈਂਬਰਾਂ ਦੀ ਚੋਣ ਰਾਜ ਸਰਕਾਰ ਤੋਂ ਵਿੱਤ ਕਮਿਸ਼ਨਰ ਦੇ ਅਹੁਦੇ 'ਤੇ ਕੰਮ ਕਰਨ ਵਾਲੇ ਅਧਿਕਾਰੀ ਤੇ ਕੇਂਦਰ 'ਚ ਵਧੀਕ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਚੁਕੇ ਅਧਿਕਾਰੀ ਹੋ ਸਕਣਗੇ। ਮੈਂਬਰਾਂ ਦੀ ਚੋਣ ਮੁੱਖ ਮੰਤਰੀ ਦੀ ਪ੍ਰਵਾਨਗੀ ਵਾਲੀ ਕਮੇਟੀ ਵਲੋਂ ਕੀਤੀ ਜਾਵੇਗੀ। ਜਿਸ 'ਚ ਸਪੀਕਰ ਵਿਧਾਨ ਸਭਾ ਅਤੇ ਮੰਤਰੀ ਮੰਡਲ ਦੇ ਮੁੱਖ ਮੰਤਰੀ ਤੋਂ ਬਾਅਦ ਦੂਜੇ ਸੀਨੀਅਰ ਮੰਤਰੀ ਮੈਂਬਰ ਹੋਣਗੇ। ਇਹ ਕਮਿਸ਼ਨ ਸਰਕਾਰੀ ਮੁਲਾਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਅਤੇ ਹੋਰ ਅਪਰਾਧਾਂ ਤੇ ਇਲਜ਼ਾਮਾਂ ਲਈ ਜਾਂਚ ਦੇ ਆਦੇਸ਼ ਦੇ ਸਕੇਗਾ ਜਾਂ ਖੁਦ ਅਜਿਹੀ ਜਾਂਚ ਕਰ ਸਕੇਗਾ।

ਪੰਜਾਬ ਸਰਕਾਰ ਵਲੋਂ ਜਨਵਰੀ 2020 'ਚ ਸੂਬੇ ਵਿਚ ਗਠਿਤ ਕੀਤੀ ਗਈ ਰਾਜ ਪੁਲਿਸ ਸ਼ਿਕਾਇਤ ਅਥਾਰਟੀ ਜਿਸ ਦੇ ਚੇਅਰਮੈਨ ਸੇਵਾ ਮੁਕਤ ਗ੍ਰਹਿ ਸਕੱਤਰ ਡਾ. ਨਿਰਮਲਜੀਤ ਸਿੰਘ ਕਲਸੀ ਨੂੰ ਲਾਇਆ ਸੀ, ਦੇ ਕੰਮਕਾਜ ਲਈ ਮੰਤਰੀ ਮੰਡਲ ਦੀ ਬੈਠਕ 'ਚ 8 ਮਹੀਨੇ ਪਿਛੋਂ ਨਿਯਮਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਤਾਂ ਜੋ ਸਪੱਸ਼ਟ ਹੋ ਸਕੇ ਕਿ ਇਹ ਅਥਾਰਟੀ ਕਿਸ ਪੱਧਰ ਤੱਕ ਦੇ ਅਧਿਕਾਰੀਆਂ ਵਿਰੁੱਧ ਦੋਸ਼ਾਂ ਦੀ ਜਾਂਚ ਕਰ ਸਕੇਗੀ।

# ਖੇਤੀ ਕਾਨੂੰਨ ਬਣਨ ਮਗਰੋਂ ਕਿਸਾਨਾਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ

**ਚੰਡੀਗੜ੍ਹ:** ਰਾਸ਼ਟਰਪਤੀ ਵੱਲੋਂ ਖੇਤੀ ਬਿੱਲਾਂ ਨੂੰ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਪੰਜਾਬ 'ਚ ਕਿਸਾਨਾਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ ਹੈ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਅੰਮ੍ਰਿਤਸਰ-ਦਿੱਲੀ, ਫਿਰੋਜ਼ਪੁਰ-ਬਠਿੰਡਾ, ਫਿਰੋਜ਼ਪੁਰ-ਲੁਧਿਆਣਾ ਅਤੇ ਫਿਰੋਜ਼ਪੁਰ-ਜਲੰਧਰ ਰੇਲ ਮਾਰਗ 'ਤੇ ਨੰਗੇ ਧੜ ਧਰਨੇ ਦਿੱਤੇ।

ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ 24 ਸਤੰਬਰ ਤੋਂ ਰੇਲਾਂ ਦੀਆਂ ਪਟੜੀਆਂ ਉਤੇ ਬੈਠੇ ਕਿਸਾਨਾਂ ਨੇ ਆਪਣਾ ਸੰਘਰਸ਼ 2 ਅਕਤੂਬਰ ਤੱਕ ਵਧਾਉਣ ਦਾ ਐਲਾਨ ਕਰ ਦਿੱਤਾ ਹੈ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਵੱਲੋਂ ਰੇਲ ਪਟੜੀਆਂ ਮੱਲੀਆਂ ਹੋਈਆਂ ਹਨ। ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਨੇ 2 ਅਕਤੂਬਰ ਤੋਂ ਅਣਮਿਥੇ ਸਮੇਂ ਲਈ ਸਮੁੱਚੇ ਪੰਜਾਬ 'ਚ ਰੇਲਾਂ ਦਾ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਸ ਲਈ ਆਉਣ ਵਾਲੇ ਦਿਨਾਂ ਦੌਰਾਨ ਰਾਜ ਤੇ ਕੇਂਦਰ ਸਰਕਾਰ ਦੀ ਸਥਿਤੀ ਪੇਚੀਦਾ ਹੋ ਸਕਦੀ ਹੈ।

ਤਿੰਨੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੀ ਮੌਤ ਦੇ ਵਾਰੰਟ ਦੱਸਦਿਆਂ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਤੇ ਨੌਜਵਾਨਾਂ ਨੇ ਰੇਲਵੇ ਟਰੈਕ ਬਸਤੀ ਟੈਂਕਾਂ ਵਾਲੀ (ਫਿਰੋਜ਼ਪੁਰ) ਤੇ ਦੇਵੀਦਾਸਪੁਰਾ (ਅੰਮ੍ਰਿਤਸਰ) 'ਚ ਲੱਗੇ ਪੱਕੇ ਮੋਰਚਿਆਂ ਸ਼ਾਮਲ ਹੋ ਕੇ ਸ਼ਹੀਦ ਭਗਤ ਸਿੰਘ ਦੇ 113ਵੇਂ ਜਨਮ ਦਿਵਸ ਨੂੰ ਸਮਰਪਤ ਰੈਲੀ ਕੀਤੀ। ਅੰਦੋਲਨਕਾਰੀਆਂ ਨੇ ਕਿਹਾ ਕਿ ਨਵ-ਬਸਤੀਵਾਦੀ, ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਅਤੇ ਸਾਮਰਾਜਵਾਦ ਦੇ ਜੋਟੀਦਾਰ ਮੋਦੀ ਸਰਕਾਰ ਵਿਰੁੱਧ ਚੱਲ ਰਹੇ ਸੰਘਰਸ਼ਾਂ ਦੇ ਸਮੇਂ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਕਿਰਤੀਆਂ ਦੀ ਅਣਸਰਦੀ ਲੋੜ ਹੈ।

ਰੇਲਵੇ ਟਰੈਕਾਂ ਉਤੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ, ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੀਨੀਅਰ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ, ਜਸਬੀਰ ਸਿੰਘ ਪਿੱਦੀ ਤੇ ਸੁਖਵਿੰਦਰ ਸਿੰਘ ਸਭਰਾ ਨੇ ਦੋਵਾਂ ਥਾਵਾਂ ਉਤੇ ਚੱਲ ਰਹੇ ਰੇਲ ਰੋਕੋ ਅੰਦੋਲਨ ਨੂੰ ਅੱਗੇ ਵਧਾਉਂਦਿਆਂ 2 ਅਕਤੂਬਰ ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਅਤੇ ਪਹਿਲੀ ਅਕਤੂਬਰ ਤੋਂ ਪੰਜਾਬ ਤੇ ਦੇਸ਼ ਵਿਆਪੀ ਸ਼ੁਰੂ ਹੋਣ ਵਾਲੇ ਰੇਲ ਰੋਕੋ ਅੰਦੋਲਨ ਨੂੰ ਪੂਰੀ ਹਮਾਇਤ ਦਿੰਦਿਆਂ ਪੰਜਾਬ ਦੇ ਸਾਰੇ ਵਰਗਾਂ ਨੂੰ ਇਸ ਸੰਘਰਸ਼ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਪੰਜਾਬ ਤੇ ਦੇਸ਼ ਵਿੱਚ ਕਿਤੇ ਵੀ ਕਿਸਾਨ ਪੱਖੀ ਵਿੱਢੇ ਜਾਣ ਵਾਲੇ ਘੋਲਾਂ ਨੂੰ ਪੂਰਾ ਸਮਰਥਨ ਦੇਣ ਦਾ ਵਚਨ ਕੀਤਾ ਤੇ ਅਕਤੂਬਰ ਮਹੀਨੇ ਨੂੰ ਸਾਂਝੇ ਸੰਘਰਸ਼ਾਂ ਲਈ ਸਮਰਪਿਤ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਦੇਸੀ- ਵਿਦੇਸ਼ੀ ਕਾਰਪੋਰੇਟ ਕੰਪਨੀਆਂ ਭਾਰਤ ਦੇ ਕੁਦਰਤੀ ਸਾਧਨਾਂ ਦੀ ਲੁੱਟ ਖਸੁੱਟ ਕਰਨ ਲਈ ਕਾਹਲੀਆਂ ਪਈਆਂ ਹਨ ਅਤੇ ਦੇਸ਼ ਦੇ ਰਾਜਸੀ ਆਗੂ ਇਸ ਲੁੱਟ ਖਸੁੱਟ ਵਿੱਚੋਂ ਆਪਣੇ ਹਿੱਸੇ ਸੁਰੱਖਿਅਤ ਕਰ ਰਹੇ ਹਨ।

## ਕਿਸਾਨਾਂ ਦੇ ਧਰਨਿਆਂ 'ਚ ਸ਼੍ਰੋਮਣੀ ਕਮੇਟੀ ਭੇਜੇਗੀ ਲੰਗਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਭਾਰਤ ਸਰਕਾਰ ਵੱਲੋਂ ਕਿਸਾਨ ਵਿਰੋਧੀ ਕਾਨੂੰਨ ਪਾਸ ਕੀਤੇ ਜਾਣ ਵਿਰੁੱਧ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਧਰਨਿਆਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਗੁਰਦੁਆਰਾ ਸਾਹਿਬਾਨ ਤੋਂ ਲੰਗਰ ਭੇਜਿਆ ਜਾਵੇਗਾ। ਲੌਂਗੋਵਾਲ ਨੇ ਕਿਹਾ ਕਿ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਨਾਲ ਕਿਸਾਨਾਂ ਅੰਦਰ ਭਾਰੀ ਰੋਸ ਦੀ ਭਾਵਨਾ ਬਣੀ ਹੋਈ ਹੈ ਅਤੇ ਇਸ ਸੰਘਰਸ਼ ਦੌਰਾਨ ਸ਼੍ਰੋਮਣੀ ਕਮੇਟੀ ਹਰ ਪੱਧਰ 'ਤੇ ਕਿਸਾਨਾਂ ਦੇ ਨਾਲ ਹੈ।

## ਕਿਸਾਨਾਂ ਦਾ ਦਰਦ ਕੇਂਦਰ ਤੱਕ ਜ਼ਰੂਰ ਪੁੱਜੇਗਾ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਰੋਨਾ ਦੀ ਪਰਵਾਹ ਨਾ ਕਰਦੇ ਹੋਏ ਖੇਤੀ ਕਾਨੂੰਨਾਂ ਖਿਲਾਫ ਸੜਕਾਂ 'ਤੇ ਉਤਰੇ ਕਿਸਾਨਾਂ ਦਾ ਦਰਦ ਜ਼ਰੂਰ ਕੇਂਦਰ ਤੱਕ ਪੁੱਜੇਗਾ। ਕੇਂਦਰ ਸਰਕਾਰ ਕਿਸਾਨਾਂ ਨੂੰ ਤਬਾਹੀ ਦੇ ਰਾਹ ਪਾਉਣ 'ਤੇ ਤੁਲੀ ਹੋਈ ਹੈ। ਉਨ੍ਹਾਂ ਕੇਂਦਰ ਸਰਕਾਰ ਉਤੇ ਪੂੰਜੀਵਾਦੀ ਤਾਕਤਾਂ ਦੇ ਹਿੱਤਾਂ ਦੀ ਪੂਰਤੀ ਲਈ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਅਣਗੌਲਿਆ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੂਰੀ ਤਰ੍ਹਾਂ ਕਿਸਾਨੀ ਹਿੱਤਾਂ ਖਾਤਰ ਹਰ ਕਦਮ ਉਠਾਏਗੀ ਤਾਂ ਜੋ ਖੇਤੀ ਨੈੱਟਵਰਕ ਨੂੰ ਢਾਹ ਲਾਉਣ ਵਾਲੇ ਕੇਂਦਰੀ ਮਨਸੂਬਿਆਂ ਨੂੰ ਨੱਥ ਪਾਈ ਜਾ ਸਕੇ।

# 'ਆਪ' ਨੇ ਅਡਾਨੀ ਦੇ ਕਣਕ ਭੰਡਾਰ ਵਾਲੇ ਬੋਰਡਾਂ 'ਤੇ ਕਾਲਖ ਮਲੀ

**ਮੋਗਾ:** ਆਮ ਆਦਮੀ ਪਾਰਟੀ (ਆਪ) ਨੇ ਮੋਗਾ ਵਿਚ 2.25 ਲੱਖ ਮੀਟ੍ਰਿਕ ਟਨ ਸਮਰਥਾ ਵਾਲੇ ਅਡਾਨੀ ਆਧੁਨਿਕ ਤਕਨੀਕ ਕਣਕ ਭੰਡਾਰ ਦੇ ਬੋਰਡਾਂ ਉਤੇ ਕਾਲਖ ਪੋਤ ਕੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਵਿਧਾਇਕ ਮੀਤ ਹੇਅਰ ਅਤੇ ਮਨਜੀਤ ਸਿੰਘ ਬਿਲਾਸਪੁਰ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਅਤੇ ਇਲਾਕਾ ਵਾਸੀਆਂ ਨੇ ਅਨਾਜ ਭੰਡਾਰ ਵਿਚ ਥਾਂ-ਥਾਂ ਲੱਗੇ ਬੋਰਡਾਂ ਉਤੇ ਕਾਲਾ ਰੰਗ ਪੋਤ ਕੇ 'ਅੰਬਾਨੀ-ਅਡਾਨੀ ਵਾਪਸ ਜਾਓ' ਦੇ ਨਾਅਰੇ ਲਾਏ।

ਇਸ ਮੌਕੇ ਵਿਧਾਇਕ ਮੀਤ ਹੇਅਰ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਅੰਬਾਨੀ-ਅਡਾਨੀ ਕਾਰਪੋਰੇਟ ਘਰਾਣਿਆਂ ਨੂੰ ਪੰਜਾਬ ਦੀ ਧਰਤੀ ਉਤੇ ਪੈਰ ਨਹੀਂ ਰੱਖਣ ਦਿੱਤਾ ਜਾਵੇਗਾ। ਜੇ ਸੂਬੇ ਸਰਕਾਰ ਜਾਂ ਕਾਰਪੋਰੇਟ ਘਰਾਣਿਆਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਵੀ ਕੀਤੀ ਤਾਂ ਉਹ ਆਪਣੀ 'ਧਰਤੀ ਮਾਂ' ਨੂੰ ਬਚਾਉਣ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਧਰਨੇ ਲਾ ਕੇ ਦੇਖ ਲਏ, ਰੇਲ ਪਟੜੀਆਂ 'ਤੇ ਬੈਠ ਕੇ ਦੇਖ ਲਿਆ, ਮੋਦੀ ਸਰਕਾਰ 'ਤੇ ਕੋਈ ਅਸਰ ਨਹੀਂ ਹੋਇਆ। ਹੁਣ ਕੇਂਦਰ ਤੇ ਸੂਬਾ ਸਰਕਾਰਾਂ ਲਈ ਪੈਸੇ ਛਾਪਣ ਵਾਲੀਆਂ ਮਸ਼ੀਨਾਂ ਅੰਬਾਨੀ-ਅਡਾਨੀ ਦੀਆਂ ਕੰਪਨੀਆਂ ਵਿਚ ਜਾ ਕੇ ਪ੍ਰਦਰਸ਼ਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਕੈਪਟਨ ਨੇ ਕਾਲਾ ਕਾਨੂੰਨ ਪਾਸ ਕਰਕੇ ਪੰਜਾਬ ਦੇ ਕਿਸਾਨਾਂ ਸਮੇਤ ਖੇਤ ਮਜ਼ਦੂਰਾਂ, ਮੁਨੀਮਾਂ, ਆੜ੍ਹਤੀਆਂ, ਪੱਲੇਦਾਰਾਂ, ਕਾਰੀਗਰਾਂ, ਸਨਅਤਾਂ, ਛੋਟੇ ਦੁਕਾਨਦਾਰਾਂ, ਟਰਾਂਸਪੋਰਟਰਾਂ ਅਤੇ ਕਾਰੋਬਾਰੀਆਂ ਦੀ ਪਿੱਠ 'ਚ ਛੁਰਾ ਮਾਰਿਆ ਹੈ।

## ਖੇਤੀ ਕਾਨੂੰਨ ਰੱਦ ਕਰਵਾਉਣ ਲਈ ਗ੍ਰਾਮ ਸਭਾਵਾਂ ਕਾਰਗਰ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਗ੍ਰਾਮ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਨੂੰ ਲੋਕਤੰਤਰ ਦੀਆਂ ਜੜ੍ਹਾਂ ਕਰਾਰ ਦਿੰਦਿਆਂ ਕਿਹਾ ਕਿ ਲੋਕਤੰਤਰ ਦਾ ਗਲਾ ਘੁੱਟ ਕੇ ਕਿਸਾਨਾਂ 'ਤੇ ਥੋਪੇ ਜਾ ਰਹੇ ਕਾਲੇ ਕਾਨੂੰਨਾਂ ਨੂੰ ਲਾਗੂ ਹੋਣ ਤੋਂ ਰੋਕਣ ਲਈ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਕਾਰਗਰ ਹਥਿਆਰ ਸਾਬਤ ਹੋ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਪਿੰਡ ਦਾ ਸਰਪੰਚ/ਪੰਚਾਇਤ ਘੱਟੋ ਘੱਟ ਸੱਤ ਦਿਨ ਦੇ ਨੋਟਿਸ 'ਤੇ ਵਿਸ਼ੇਸ਼ ਏਜੰਡੇ ਤਹਿਤ ਗ੍ਰਾਮ ਸਭਾ ਦਾ ਇਜਲਾਸ ਬੁਲਾ ਸਕਦਾ ਹੈ। ਇਸ ਲਈ ਸਰਪੰਚ ਨੂੰ ਬੀ.ਡੀ.ਪੀ.ਓ. ਤੋਂ ਪੁੱਛਣ ਦੀ ਨਹੀਂ, ਸਿਰਫ ਸੂਚਿਤ ਕਰਨ ਦੀ ਜ਼ਰੂਰਤ ਹੁੰਦੀ ਹੈ।


## ਕੇਂਦਰ ਦੇ ਗਲਤ ਫੈਸਲੇ ਨੇ ਸੜਕਾਂ 'ਤੇ ਰੋਲੇ ਕਿਸਾਨ: ਨਵਜੋਤ ਸਿੱਧੂ

**ਧੂਰੀ:** ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਇਥੋਂ ਦੇ ਪਿੰਡ ਮਾਨਵਾਲਾ ਤੋਂ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਦੀ ਸ਼ੁਰੂਆਤ ਕੀਤੀ ਹੈ। ਧੂਰੀ ਦੇ ਸਾਬਕਾ ਵਿਧਾਇਕ ਧਨਵੰਤ ਸਿੰਘ ਮਾਨ ਦੀ ਅਗਵਾਈ ਵਿਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵੱਡਾ ਯੋਗਦਾਨ ਪਾਇਆ ਹੈ, ਪਰ ਹੁਣ ਕੇਂਦਰ ਦੇ ਗਲਤ ਫੈਸਲਿਆਂ ਕਾਰਨ ਦੋਵੇਂ ਰਾਜਾਂ ਦੇ ਕਿਸਾਨ ਸੜਕਾਂ 'ਤੇ ਰੁਲਣ ਲਈ ਮਜਬੂਰ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਕਾਰਨ ਕਿਸਾਨਾਂ ਦੇ ਨਾਲ-ਨਾਲ ਕਰੀਬ 28 ਹਜ਼ਾਰ ਆੜ੍ਹਤੀਏ, 4 ਤੋਂ 5 ਲੱਖ ਮੰਡੀਆਂ 'ਚ ਕੰਮ ਕਰਨ ਵਾਲੇ ਮਜ਼ਦੂਰ ਪ੍ਰਭਾਵਿਤ ਹੋਣਗੇ।


Moving to Indiana?
Contact Ray Dhaliwal @ 317-993-4987

Ray Dhaliwal
Real Estate Broker
for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
CENTURY 21 SCHEETZ RAYD@C21Scheetz.com

Low Interest Rates in History
No Cost Refinancing Available!

Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173

LEAF XPRESS
INIANAPOLIS, IN

Now Hiring!
We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.
Call, ISHAN: 317-688-9222
28-

Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਖੇਤੀ ਕਾਨੂੰਨ: ਰਾਸ਼ਟਰਪਤੀ ਵਲੋਂ ਕਿਸਾਨਾਂ ਦਾ ਰੋਹ ਨਜ਼ਰ-ਅੰਦਾਜ਼

**ਨਵੀਂ ਦਿੱਲੀ:** ਪੰਜਾਬ ਤੇ ਹਰਿਆਣਾ ਵਿਚ ਖੇਤੀ ਕਾਨੂੰਨਾਂ ਖਿਲਾਫ ਜਾਰੀ ਰੋਸ ਪ੍ਰਦਰਸ਼ਨਾਂ ਦਰਮਿਆਨ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸਰਕਾਰ ਵਲੋਂ ਭੇਜੇ ਤਿੰਨ ਵਿਵਾਦਿਤ ਖੇਤੀ ਬਿੱਲਾਂ ਤੇ ਪੰਜਾਬੀ ਭਾਸ਼ਾ ਨੂੰ ਅਣਗੌਲਿਆ ਕਰਦੇ ਜੰਮੂ ਕਸ਼ਮੀਰ ਸਰਕਾਰੀ ਭਾਸ਼ਾਵਾਂ ਬਿੱਲ ਨੂੰ ਸਹਿਮਤੀ ਦਿੰਦਿਆਂ ਇਨ੍ਹਾਂ ਉਤੇ ਮੋਹਰ ਲਾ ਦਿੱਤੀ।



ਰਾਸ਼ਟਰਪਤੀ ਦੀ ਪ੍ਰਵਾਨਗੀ ਨਾਲ ਹੁਣ ਇਹ ਬਿੱਲ ਕਾਨੂੰਨ ਦਾ ਰੂਪ ਅਖਤਿਆਰ ਕਰ ਗਏ ਹਨ। ਇਨ੍ਹਾਂ ਕਾਨੂੰਨਾਂ ਨੂੰ ਸਰਕਾਰੀ ਗਜ਼ਟ ਵਿਚ ਨੋਟੀਫਾਈ ਕਰ ਦਿੱਤਾ ਗਿਆ ਹੈ।

ਗਜ਼ਟ ਨੋਟੀਫਿਕੇਸ਼ਨ ਮੁਤਾਬਕ ਰਾਸ਼ਟਰਪਤੀ ਨੇ ਤਿੰਨ ਬਿੱਲਾਂ- ਕਿਸਾਨੀ ਜਿਣਸ ਵਪਾਰ ਤੇ ਵਣਜ (ਉਤਸ਼ਾਹਿਤ ਕਰਨ ਤੇ ਸੁਖਾਲਾ ਬਣਾਉਣ) ਬਿੱਲ 2020, ਕਿਸਾਨਾਂ ਦੇ (ਸਸ਼ਕਤੀਕਰਨ ਤੇ ਸੁਰੱਖਿਆ) ਕੀਮਤਾਂ ਦੇ ਭਰੋਸੇ ਤੇ ਖੇਤੀ ਸੇਵਾਵਾਂ ਬਾਰੇ ਕਰਾਰ ਬਿੱਲ 2020 ਤੇ ਜ਼ਰੂਰੀ ਵਸਤਾਂ (ਸੋਧ) ਬਿੱਲ 2020 ਨੂੰ ਮਨਜ਼ੂਰੀ ਦੇ ਦਿੱਤੀ। ਕਿਸਾਨਾਂ ਦੀ ਜਿਣਸ ਵਪਾਰ ਤੇ ਵਣਜ ਬਿੱਲ ਕਿਸਾਨਾਂ ਨੂੰ ਆਪਣੀਆਂ ਖੇਤੀ ਜਿਣਸਾਂ ਏ.ਪੀ.ਐਮ.ਸੀ. ਦੇ ਕੰਟਰੋਲ ਵਾਲੀਆਂ ਮੰਡੀਆਂ ਤੋਂ ਬਾਹਰ ਵੇਚਣ ਦੀ ਖੁੱਲ੍ਹ ਦੇਵੇਗਾ। ਦੂਜੇ ਬਿੱਲ ਤਹਿਤ ਕਿਸਾਨਾਂ ਨੂੰ ਜਿਥੇ ਕੰਟਰੈਕਟ (ਠੇਕਾ ਅਧਾਰਿਤ) ਖੇਤੀ ਦਾ ਵਿਕਲਪ ਮਿਲੇਗਾ, ਉਥੇ ਜ਼ਰੂਰੀ ਵਸਤਾਂ (ਸੋਧ) ਬਿਲ ਤਹਿਤ ਅਨਾਜ, ਦਾਲਾਂ, ਆਲੂ, ਪਿਆਜ਼ ਤੇ ਖਾਣਯੋਗ ਤੇਲਬੀਜ ਜਿਹੀਆਂ ਖੁਰਾਕੀ ਵਸਤਾਂ ਦਾ ਉਤਪਾਦਨ, ਸਪਲਾਈ ਤੇ ਵੰਡ ਕੰਟਰੋਲ ਮੁਕਤ ਹੋ ਜਾਵੇਗੀ। ਇਨ੍ਹਾਂ ਵਿਵਾਦਿਤ ਖੇਤੀ ਬਿਲਾਂ ਖਿਲਾਫ਼ ਜਿਥੇ ਵਿਸ਼ੇਸ਼ ਕਰਕੇ ਪੰਜਾਬ ਤੇ ਹਰਿਆਣਾ ਵਿਚ ਵੱਡੇ ਪੱਧਰ ਉਤੇ ਰੋਸ ਮੁਜ਼ਾਹਰੇ ਹੋ ਰਹੇ ਹਨ, ਉਥੇ ਮੌਨਸੂਨ ਇਜਲਾਸ ਦੌਰਾਨ ਬਿਲਾਂ ਨੂੰ ਪਾਸ ਕਰਵਾਉਣ ਮੌਕੇ ਵੀ ਸੰਸਦ ਦੇ ਦੋਵਾਂ ਸਦਨਾਂ ਵਿਚ ਖਾਸਾ ਰੌਲਾ-ਰੱਪਾ ਪਿਆ ਸੀ। ਰਾਜ ਸਭਾ ਵਿਚ ਤਾਂ ਬਿਨਾਂ ਵੋਟਿੰਗ ਦੇ ਹੀ ਇਨ੍ਹਾਂ ਬਿਲਾਂ ਨੂੰ ਪਾਸ ਕਰ ਦਿੱਤਾ ਗਿਆ ਸੀ।

## ਕਿਸਾਨੀ ਦੇ 'ਡੈਥ ਵਾਰੰਟ' ਜਾਰੀ ਹੋਏ: ਬਾਜਵਾ

**ਅੰਮ੍ਰਿਤਸਰ:** ਖੇਤੀ ਬਿੱਲਾਂ ਦਾ ਵਿਰੋਧ ਕਰਦਿਆਂ ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਆਖਿਆ ਕਿ ਰਾਸ਼ਟਰਪਤੀ ਨੇ ਖੇਤੀ ਬਿੱਲਾਂ 'ਤੇ ਦਸਤਖਤ ਕਰਕੇ ਕਿਸਾਨਾਂ ਦੇ 'ਡੈਥ ਵਾਰੰਟ' ਉਤੇ ਦਸਤਖਤ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਮੀਦ ਸੀ ਕਿ ਬਿੱਲਾਂ 'ਤੇ ਦਸਤਖਤ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਸੰਸਦ ਮੈਂਬਰਾਂ ਅਤੇ ਸਬੰਧਤ ਸੂਬਿਆਂ ਦੇ ਆਗੂਆਂ ਨਾਲ ਗੱਲਬਾਤ ਕਰਨਗੇ ਪਰ ਅਜਿਹਾ ਨਹੀਂ ਹੋਇਆ। ਜੋ ਕਿ ਕਿਸਾਨਾਂ ਲਈ 'ਡੈਥ ਵਾਰੰਟ' ਉਤੇ ਦਸਤਖ਼ਤ ਕਰਨ ਬਰਾਬਰ ਹੈ। ਉਨ੍ਹਾਂ ਰਾਸ਼ਟਰਪਤੀ ਦੀ ਇਸ ਕਾਰਵਾਈ ਨੂੰ ਵੱਡੀ ਗਲਤੀ ਕਰਾਰ ਦਿੰਦਿਆਂ ਆਖਿਆ ਕਿ 255 ਸਾਲ ਪਹਿਲਾਂ ਵੀ ਅਜਿਹੀ ਹੀ ਇਕ ਵੱਡੀ ਗਲਤੀ ਹੋਈ ਸੀ। 1765 ਵਿਚ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ ਨੇ ਈਸਟ ਇੰਡੀਆ ਕੰਪਨੀ ਨਾਲ ਸਮਝੌਤੇ 'ਤੇ ਦਸਤਖਤ ਕਰਕੇ ਕੰਪਨੀ ਨੂੰ ਕਿਸਾਨਾਂ ਤੋਂ ਟੈਕਸ ਵਸੂਲਣ ਦਾ ਹੱਕ ਦੇ ਦਿੱਤਾ ਸੀ। ਅੱਜ ਇਤਿਹਾਸ ਦੁਹਰਾਇਆ ਗਿਆ ਹੈ।

# ਪੰਜਾਬ ਸਰਕਾਰ ਨਵੇਂ ਖੇਤੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ ਜਾਵੇਗੀ

**ਖਟਕੜ ਕਲਾਂ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਨਵੇਂ ਖੇਤੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਗੈਰ-ਸੰਵਿਧਾਨਿਕ ਐਕਟਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਕਾਨੂੰਨੀ ਰਾਹ ਅਖਤਿਆਰ ਕਰਨ ਵਾਸਤੇ ਉਹ ਵਕੀਲਾਂ ਨਾਲ ਸਲਾਹ ਕਰਨਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਕਿਸਾਨਾਂ ਦੀ ਨਾਰਾਜ਼ਗੀ ਦਾ ਲਾਹਾ ਲੈਂਦਿਆਂ ਪੂਰੇ ਮੁਲਕ 'ਚ ਅਸ਼ਾਂਤੀ ਫੈਲਾ ਸਕਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਕਿਸਾਨ ਮਾਰੂ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਅਤੇ ਕਾਨੂੰਨੀ ਪੱਧਰ 'ਤੇ ਲੜਾਈ ਨਾਲੋਂ ਨਾਲ ਜਾਰੀ ਰੱਖੀਆਂ ਜਾਣਗੀਆਂ। ਉਧਰ, ਪਿੰਡ ਖਟਕੜ ਕਲਾ 'ਚ ਪੰਜਾਬ ਸਰਕਾਰ ਨੇ ਕੇਂਦਰ ਖਿਲਾਫ ਕਿਸਾਨੀ ਦੇ ਮੁੱਦੇ 'ਤੇ ਜੰਗ ਦਾ ਬਿਗਲ ਵਜਾਇਆ। ਸ਼ਹੀਦ ਭਗਤ ਸਿੰਘ ਦੇ 113ਵੇਂ ਜਨਮਦਿਨ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਮੁੱਖ ਮੰਤਰੀ ਦੀ ਅਗਵਾਈ ਹੇਠ ਸਮੁੱਚੀ ਲੀਡਰਸ਼ਿਪ ਕੇਂਦਰ ਦੇ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਖਿਲਾਫ ਧਰਨੇ ਉਤੇ ਬੈਠੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਇਹ ਕਦੇ ਵੀ ਨਹੀਂ ਚਾਹੁੰਦੇ ਕਿ ਪੰਜਾਬ ਦਾ ਨੌਜਵਾਨ ਅਤੇ ਕਿਸਾਨ ਆਪਣੇ ਜਿਊਣ ਦੇ ਅਧਿਕਾਰ ਦੀ ਲੜਾਈ ਲੜਨ ਲਈ ਹਥਿਆਰ ਚੁੱਕਣ। ਉਨ੍ਹਾਂ ਸਾਵਧਾਨ ਕੀਤਾ ਕਿ ਇਨ੍ਹਾਂ ਨਵੇਂ ਕਾਨੂੰਨਾਂ ਨਾਲ ਸਰਹੱਦੀ ਸੂਬੇ ਪੰਜਾਬ ਦੀ ਸੁਰੱਖਿਆ ਖਤਰੇ ਵਿਚ ਪਵੇਗੀ ਕਿਉਂਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਹਮੇਸ਼ਾ ਹੀ ਗੜਬੜ ਫੈਲਾਉਣ ਦੇ ਮੌਕਿਆਂ ਦੀ ਤਾਕ ਵਿਚ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮਿਆਂ 'ਚ ਨਾਸਮਝੀ ਨਾਲ ਵਾਪਰੀ ਹਿੰਸਾ 'ਚ ਪੰਜਾਬ ਦੀਆਂ 35000 ਜ਼ਿੰਦਗੀਆਂ ਅਤਿਵਾਦ ਦੀ ਭੇਟ ਚੜ੍ਹ ਗਈਆਂ। 'ਪੰਜਾਬ 'ਚ ਹੁਣ ਸ਼ਾਂਤੀ ਹੈ ਪਰ ਜਦੋਂ ਤੁਸੀਂ ਕਿਸੇ ਦਾ ਭੋਜਨ ਖੋਹਣ ਦੀ ਕੋਸ਼ਿਸ਼ ਕਰਦੇ ਹੋ ਤਾਂ ਕੀ ਉਹ ਨਾਰਾਜ਼ ਨਹੀਂ ਹੋਵੇਗਾ? ਉਹ ਆਈ.ਐਸ.ਆਈ. ਦੇ ਨਿਸ਼ਾਨੇ 'ਤੇ ਆ ਜਾਵੇਗਾ। ਉਨ੍ਹਾਂ (ਕੇਂਦਰ ਸਰਕਾਰ) ਜੋ ਕੁਝ ਕੀਤਾ ਹੈ, ਉਹ ਦੇਸ਼ ਵਿਰੋਧੀ ਕਾਰਵਾਈ ਹੈ।' ਅਡਾਨੀ ਵਰਗੇ ਵੱਡੇ



ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਪੰਜਾਬੀਆਂ ਅਤੇ ਪੰਜਾਬ ਦੇ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤੇ ਜਾਣ ਦੀ ਸਖਤ ਆਲੋਚਨਾ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ,"ਕੀ ਅਡਾਨੀ ਗਰੀਬ ਭਾਰਤੀਆਂ ਨੂੰ ਸਸਤਾ ਭੋਜਨ ਦੇਵੇਗਾ?"

ਪਿਛਲੇ ਕਈ ਮਹੀਨਿਆਂ ਤੋਂ ਬਿੱਲਾਂ ਦਾ ਬਚਾਅ ਕਰਨ ਲਈ ਅਕਾਲੀਆਂ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਨੇ ਫਿਰ ਸਵਾਲ ਕੀਤਾ ਕਿ ਹਰਸਿਮਰਤ ਬਾਦਲ ਇਸ ਪੂਰੇ ਸਮੇਂ ਦੌਰਾਨ ਕੀ ਕਰ ਰਹੇ ਸਨ ਅਤੇ ਜਦੋਂ ਆਰਡੀਨੈਂਸ ਲਿਆਂਦੇ ਗਏ ਸਨ ਤਾਂ ਉਸ ਨੇ ਮੰਤਰੀ ਮੰਡਲ 'ਚੋਂ ਅਸਤੀਫਾ ਕਿਉਂ ਨਹੀਂ ਦਿੱਤਾ। ਉਨ੍ਹਾਂ ਨੇ ਅਕਾਲੀਆਂ ਦੇ ਕਿਸਾਨਾਂ ਨਾਲ ਖੜ੍ਹੇ ਹੋਣ ਦੇ ਖੋਖਲੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਕਿ ਅਕਾਲੀਆਂ ਨੇ ਸਰਬ ਪਾਰਟੀ ਮੀਟਿੰਗ ਵਿਚ ਸਾਡਾ ਵਿਰੋਧ ਕਿਉਂ ਕੀਤਾ? ਉਹ ਵਿਧਾਨ ਸਭਾ 'ਚੋਂ ਕਿਉਂ ਭੱਜ ਗਏ?"

ਕੈਪਟਨ ਨੇ ਸਪੱਸ਼ਟ ਕੀਤਾ ਕਿ ਐਮ.ਐਸ.ਪੀ. ਉਤੇ ਕੇਂਦਰ ਦੇ ਜ਼ੁਬਾਨੀ ਭਰੋਸੇ ਉਪਰ ਇਤਬਾਰ ਨਹੀਂ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਨੇ ਸਭ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਪੰਜਾਬ ਅਤੇ ਇਸ ਦੇ ਲੋਕਾਂ, ਖਾਸਕਰ ਕਿਸਾਨੀ ਦੀ ਰੱਖਿਆ ਲਈ ਇਕਜੁੱਟ ਹੋ ਕੇ ਕੇਂਦਰ ਦੇ ਕਾਲੇ ਕਾਨੂੰਨਾਂ ਵਿਰੁੱਧ ਲੜਨ ਉਤੇ ਜ਼ੋਰ ਦਿੱਤਾ। ਇਕ ਸਵਾਲ ਦੇ ਜਵਾਬ ਵਿਚ ਕੈਪਟਨ ਨੇ ਦੁਹਰਾਇਆ ਕਿ ਕੋਵਿਡ ਤੋਂ ਬਚਾਅ ਲਈ ਲਾਈ ਗਈ ਧਾਰਾ 144 ਤਹਿਤ ਕਿਸਾਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਉਨ੍ਹਾਂ ਦੇ ਅਲੋਪ ਹੋ ਜਾਣ ਵਾਲੇ ਸਵਾਲ ਦਾ ਜਵਾਬ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਤਾਂ ਅੱਜ ਕਿਸਾਨੀ ਦੇ ਹਿੱਤਾਂ ਲਈ ਮੈਦਾਨ 'ਚ ਹਨ ਅਤੇ ਉਨ੍ਹਾਂ ਵਾਂਗ ਇਸ ਗੰਭੀਰ ਮੁੱਦੇ 'ਤੇ ਸਿਆਸਤ ਨਹੀਂ ਕਰਦੇ ਹਨ।

## ਕਿਸਾਨੀ ਹਿੱਤਾਂ ਲਈ ਕਾਨੂੰਨ ਸੋਧਾਂਗੇ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੇਂ ਖੇਤੀ ਬਿਲਾਂ ਨੂੰ ਰਾਸ਼ਟਰਪਤੀ ਵਲੋਂ ਸਹਿਮਤੀ ਦਿੱਤੇ ਜਾਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਹਿੱਤਾਂ ਦੀ ਰਾਖੀ ਲਈ ਸੂਬਾਈ ਕਾਨੂੰਨਾਂ ਵਿਚ ਸੰਭਵ ਸੋਧ ਕਰਨ ਸਮੇਤ ਸਾਰੇ ਪਹਿਲੂਆਂ ਦੀ ਘੋਖ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਗਲਾ ਰਸਤਾ ਅਖਤਿਆਰ ਕਰਨ ਦੇ ਕਿਸੇ ਵੀ ਫੈਸਲੇ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਅਤੇ ਹੋਰ ਭਾਈਵਾਲਾਂ ਨੂੰ ਭਰੋਸੇ ਵਿਚ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਫਸਲ ਦੀ ਕੀਮਤ ਨਾਲ ਸਮਝੌਤਾ ਕੀਤੇ ਬਿਨਾਂ ਕਿਸਾਨਾਂ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ।

# ਸਮੁੱਚੇ ਭਾਰਤ ਅੰਦਰ ਪਈ ਕਿਸਾਨੀ ਸੰਘਰਸ਼ ਦੀ ਗੂੰਜ

**ਚੰਡੀਗੜ੍ਹ:** ਨਵੇਂ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦਾ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਸੰਘਰਸ਼ ਸਿਖਰ 'ਤੇ ਪਹੁੰਚ ਗਿਆ। ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ, ਹਰਿਆਣਾ ਸਮੇਤ ਦੇਸ਼ ਭਰ 'ਚ ਦਿੱਤੇ ਬੰਦ ਦੇ ਸੱਦੇ ਨੂੰ ਭਰਪੂਰ ਹੁੰਗਾਰਾ ਮਿਲਿਆ। ਇਸ ਦੌਰਾਨ ਪੰਜਾਬ ਮੁਕੰਮਲ ਬੰਦ ਰਿਹਾ ਅਤੇ ਦੇਸ਼ ਦੇ ਬਹੁਤੇ ਹਿੱਸਿਆਂ, ਜਿਨ੍ਹਾਂ 'ਚ ਦਿੱਲੀ, ਹਰਿਆਣਾ, ਬੰਗਾਲ, ਉਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਕਰਨਾਟਕ, ਕੇਰਲ,





ਤਾਮਿਲਨਾਡੂ, ਮਹਾਰਾਸ਼ਟਰ, ਰਾਜਸਥਾਨ ਸ਼ਾਮਲ ਹਨ ਵਿਚ ਵੀ ਬੰਦ ਦਾ ਪ੍ਰਭਾਵਸ਼ਾਲੀ ਅਸਰ ਦੇਖਣ ਨੂੰ ਮਿਲਿਆ।

ਦੇਸ਼ ਭਰ ਦੀਆਂ 100 ਤੋਂ ਵੱਧ ਕਿਸਾਨ ਜਥੇਬੰਦੀਆਂ ਅਤੇ 2 ਦਰਜਨ ਤੋਂ ਵੱਧ ਸਿਆਸੀ ਪਾਰਟੀਆਂ ਨੇ ਬੰਦ ਦਾ ਸਮਰਥਨ ਕੀਤਾ। ਪੰਜਾਬ ਵਿਚ ਪਿੰਡਾਂ, ਛੋਟੇ ਕਸਬਿਆਂ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ ਇਸ ਦਾ ਅਸਰ ਰਿਹਾ। ਪੰਜਾਬ ਵਿਚ ਕਾਂਗਰਸ, ਆਮ ਆਦਮੀ ਪਾਰਟੀ, ਸਰਕਾਰੀ ਕਰਮਚਾਰੀ ਯੂਨੀਅਨਾਂ, ਗਾਇਕਾਂ, ਮਜ਼ਦੂਰਾਂ, ਆੜ੍ਹਤੀਆਂ ਸਮੇਤ ਸਮਾਜ ਸੇਵਕਾਂ ਵੱਲੋਂ ਬੰਦ ਦੇ ਸੱਦੇ ਦੀ ਪੂਰਨ ਹਮਾਇਤ ਕੀਤੀ ਗਈ। ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੇ ਵੱਖ-ਵੱਖ ਸਥਾਨਾਂ ਉਤੇ ਚੱਕਾ ਜਾਮ ਕੀਤਾ ਗਿਆ। ਸੂਬੇ ਵਿਚ ਦੁਕਾਨਾਂ, ਵਪਾਰਕ ਅਦਾਰਿਆਂ ਸਮੇਤ ਸਬਜ਼ੀ ਮੰਡੀਆਂ ਤੱਕ ਬੰਦ ਰਹੀਆਂ। ਖੇਤੀ ਬਿੱਲਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦਾ ਸਮਰਥਨ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿਸੇ 'ਤੇ ਵੀ ਧਾਰਾ 144 ਦੀ ਉਲੰਘਣਾ ਦਾ ਮਾਮਲਾ ਦਰਜ ਨਹੀਂ ਕੀਤਾ ਜਾਵੇਗਾ।

ਸੂਬੇ ਵਿਚ ਜਿਹੜੀਆਂ 31 ਜਥੇਬੰਦੀਆਂ ਨੇ ਇਕੱਠੇ ਹੋ ਕੇ ਬੰਦ ਨੂੰ ਸਫਲ ਬਣਾਇਆ, ਉਨ੍ਹਾਂ ਵਿਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ ਸ਼ਾਮਲ ਹਨ। ਇਸ ਦੌਰਾਨ ਬੱਸਾਂ ਦੀ ਆਵਾਜਾਈ ਬਿਲਕੁੱਲ ਬੰਦ ਰਹੀ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵਲੋਂ 13 ਜ਼ਿਲ੍ਹਿਆਂ ਵਿਚ 48 ਥਾਈਂ ਸੜਕਾਂ ਉਤੇ ਧਰਨੇ ਅਤੇ ਮਾਲਵੇ ਦੇ 5 ਜ਼ਿਲ੍ਹਿਆਂ ਮਾਨਸਾ, ਬਰਨਾਲਾ, ਨਾਭਾ (ਪਟਿਆਲਾ), ਛਾਜਲੀ (ਸੰਗਰੂਰ) ਅਤੇ ਰਾਮਪੁਰਾ (ਬਠਿੰਡਾ) ਵਿਖੇ ਦਿੱਲੀ ਵਾਲੇ ਰੇਲਵੇ ਰੂਟਾਂ 'ਤੇ ਰੇਲ-ਜਾਮ ਲਗਾਏ ਗਏ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਜਥੇਬੰਦੀ ਦੇ ਦਾਇਰੇ ਤੋਂ ਬਾਹਰਲੇ ਕਿਸਾਨ ਮਜ਼ਦੂਰ, ਅਧਿਆਪਕ, ਮੁਲਾਜ਼ਮ, ਬੇਰੁਜ਼ਗਾਰ, ਠੇਕੇ ਕਾਮੇ, ਜਲ ਸਪਲਾਈ ਕਾਮੇ, ਵਕੀਲ, ਡਾਕਟਰ, ਦੁਕਾਨਦਾਰ, ਵਪਾਰੀ, ਖੇਡ ਕਲੱਬਾਂ ਸਮੇਤ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਲੋਕ ਵੀ ਧਰਨਿਆਂ ਵਿਚ ਸ਼ਾਮਲ ਹੋਏ। ਇਨ੍ਹਾਂ ਪ੍ਰਦਰਸ਼ਨਾਂ ਵਿਚ ਔਰਤਾਂ ਨੇ ਵੀ ਵੱਡੀ ਗਿਣਤੀ ਵਿਚ ਹਿੱਸਾ ਲਿਆ। ਕਿਸਾਨਾਂ ਵਲੋਂ ਸੰਗਰੂਰ-ਪਟਿਆਲਾ, ਚੰਡੀਗੜ੍ਹ-ਬਠਿੰਡਾ ਅਤੇ ਅੰਬਾਲਾ-ਰਾਜਪੁਰਾ-ਲੁਧਿਆਣਾ ਅਤੇ ਮੋਗਾ-ਫਿਰੋਜ਼ਪੁਰ ਸੜਕਾਂ ਸਮੇਤ ਹੋਰ ਕਈ ਮਾਰਗਾਂ ਨੂੰ ਬੰਦ ਕੀਤਾ ਗਿਆ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਦਰਸ਼ਨ ਪਾਲ ਨੇ ਦੱਸਿਆ ਕਿ ਸਾਨੂੰ ਵਪਾਰੀਆਂ, ਟਰਾਂਸਪੋਰਟਰਾਂ ਅਤੇ ਟੈਕਸੀ ਚਾਲਕਾਂ ਵਲੋਂ ਵੀ ਹਰ ਤਰ੍ਹਾਂ ਦਾ ਸਮਰਥਨ ਮਿਲਿਆ।

ਦੇਸ਼ ਭਰ ਦੇ ਕਿਸਾਨਾਂ ਵਲੋਂ ਦਿੱਤੇ ਬੰਦ ਦੇ ਸੱਦੇ ਦਾ ਵੱਖ-ਵੱਖ ਸੰਗਠਨਾਂ ਅਤੇ ਪਾਰਟੀਆਂ ਨੇ ਪੂਰਨ ਸਮਰਥਨ ਕੀਤਾ। ਇਨ੍ਹਾਂ ਪ੍ਰਦਰਸ਼ਨਾਂ ਦਾ ਟੀ.ਐਮ.ਸੀ, ਆਰ.ਜੇ.ਡੀ, ਖੱਬੇ ਪੱਖੀਆਂ ਪਾਰਟੀਆਂ, ਐਨ.ਸੀ.ਪੀ, ਡੀ.ਐਮ.ਕੇ, ਬਸਪਾ, ਸਪਾ ਟੀ.ਐਮ.ਸੀ. ਸਮੇਤ ਹੋਰ ਕਈ ਪਾਰਟੀਆਂ ਨੇ ਸਮਰਥਨ ਕੀਤਾ। ਪੰਜਾਬ ਦੀ ਤਰ੍ਹਾਂ ਹਰਿਆਣਾ ਵਿਚ ਵੀ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ ਜਦੋਂ ਕਿ ਤਾਮਿਲਨਾਡੂ ਵਿਚ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਦਾ ਅਨੋਖਾ ਤਰੀਕਾ ਅਪਣਾਇਆ। ਕਿਸਾਨਾਂ ਨੇ ਇਥੇ ਮਨੁੱਖੀ ਪਿੰਜਰਾਂ ਨਾਲ ਰੋਸ ਪ੍ਰਦਰਸ਼ਨ ਕੀਤਾ। ਭਾਰਤੀ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਦਿੱਲੀ-ਨੋਇਡਾ-ਗ੍ਰੇਟਰ ਨੋਇਡਾ ਹਾਈਵੇਅ ਤੇ ਦਿੱਲੀ-ਮੇਰਠ ਹਾਈਵੇਅ ਨੂੰ ਜਾਮ ਕੀਤਾ। ਇਸ ਦੌਰਾਨ ਦਿੱਲੀ ਵੱਲ ਜਾ ਰਹੇ ਉਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਦਿੱਲੀ-ਨੋਇਡਾ ਸਰਹੱਦ ਉਤੇ ਰੋਕ ਦਿੱਤਾ ਗਿਆ। ਪੱਛਮੀ ਉਤਰ ਪ੍ਰਦੇਸ਼ ਦੇ ਕਈ ਸਥਾਨਾਂ ਉਤੇ ਵੀ ਕਿਸਾਨਾਂ ਨੇ ਚੱਕਾ ਜਾਮ ਕੀਤਾ। ਪਟਨਾ ਵਿਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਨੇ ਕਿਸਾਨਾਂ ਦਾ ਭਾਰਤ ਬੰਦ ਦਾ ਸਮਰਥਨ ਕਰਦੇ ਹੋਏ ਆਪ ਟਰੈਕਟਰ ਚਲਾਇਆ। ਇਸ ਦੌਰਾਨ ਉਨ੍ਹਾਂ ਦੇ ਵੱਡੇ ਭਰਾ ਤੇਜ਼ ਪ੍ਰਤਾਪ ਟਰੈਕਟਰ ਉਪਰ ਬੈਠੇ ਹੋਏ ਸਨ। ਬਿਹਾਰ ਦੇ ਦਰਭੰਗਾ ਵਿਚ ਆਰ.ਜੇ.ਡੀ. ਵਰਕਰਾਂ ਨੇ ਮੱਝਾਂ ਉਤੇ ਚੜ੍ਹ ਕੇ ਖੇਤੀ ਬਿੱਲਾਂ ਦਾ ਵਿਰੋਧ ਕੀਤਾ। ਬਿਹਾਰ ਦੇ ਹਾਜੀਪੁਰ 'ਚ ਵੀ ਵਿਰੋਧ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਇਥੇ ਪੱਪੂ ਯਾਦਵ ਅਤੇ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਸੜਕ 'ਤੇ ਆ ਗਏ।

ਕਰਨਾਟਕ ਵਿਚ ਵੀ ਬੰਦ ਦਾ ਅਸਰ ਦੇਖਣ ਨੂੰ ਮਿਲਿਆ। ਇਥੇ ਕਿਸਾਨਾਂ ਅਤੇ ਹੋਰ ਸੰਗਠਨਾਂ ਨੇ ਮੁੱਖ ਰਾਸ਼ਟਰੀ ਮਾਰਗਾਂ ਨੂੰ ਬੰਦ ਕਰ ਕੇ ਰੋਸ ਪ੍ਰਗਟ ਕੀਤਾ। ਬੰਗਾਲ ਵਿਚ ਖੱਬੇ ਪੱਖੀ ਪਾਰਟੀਆਂ ਵਲੋਂ ਰੋਸ ਪ੍ਰਦਰਸ਼ਨ ਕੀਤੇ ਗਏ। ਬੰਦ ਦਾ ਸਮਰਥਨ ਕਰਦੇ ਹੋਏ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਇਹ ਬਿੱਲ ਕਿਸਾਨਾਂ ਨੂੰ ਗੁਲਾਮ ਬਣਾ ਦੇਣਗੇ ਅਤੇ ਉਨ੍ਹਾਂ ਕੋਲੋਂ ਘੱਟੋ-ਘੱਟ ਸਮਰਥਨ ਮੁੱਲ ਖੋਹ ਲਿਆ ਜਾਵੇਗਾ। ਇਸ ਤੋਂ ਇਲਾਵਾ ਪ੍ਰਿਅੰਕਾ ਗਾਂਧੀ ਵਾਡਰਾ ਅਤੇ ਰਣਦੀਪ ਸੁਰਜੇਵਾਲਾ ਨੇ ਇਨ੍ਹਾਂ ਬਿੱਲਾਂ ਵਿਰੁੱਧ ਬੋਲਿਆ ਅਤੇ ਭਾਰਤ ਬੰਦ ਦਾ ਸਮਰਥਨ ਕੀਤਾ। ਸੁਰਜੇਵਾਲਾ ਨੇ ਇਨ੍ਹਾਂ ਬਿੱਲਾਂ ਨੂੰ ਇਕ ਘਿਣਾਉਣੀ ਸਾਜ਼ਿਸ਼ ਕਰਾਰ ਦਿੱਤਾ।

## ਪੰਜਾਬੀ ਗਾਇਕਾਂ ਨੇ ਕਿਸਾਨਾਂ ਦੇ ਹੱਕ 'ਚ ਲਾਈ ਸੰਘਰਸ਼ੀ ਹੇਕ

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ ਅੱਧੀ ਦਰਜਨ ਰੋਸ ਪ੍ਰੋਗਰਾਮਾਂ 'ਚ ਕਲਾਕਾਰਾਂ ਨੇ ਪੁੱਜ ਕੇ ਕਿਸਾਨੀ ਨਾਲ ਮੋਢਾ ਜੋੜ ਕੇ ਲੜਾਈ ਲੜਨ ਦਾ ਅਹਿਦ ਕੀਤਾ। ਇਹ ਇਕ ਚੰਗੀ ਪਹਿਲ ਹੈ ਕਿ ਲੋਕ ਗਾਇਕ ਵੀ ਕਿਸਾਨਾਂ ਦੀ ਔਖ ਦੀ ਘੜੀ ਵਿਚ ਕੁੱਦੇ ਹਨ ਜਿਸ ਨਾਲ ਨਵੀਂ ਪੀੜੀ ਨੂੰ ਵੀ ਹੁਲਾਰਾ ਮਿਲਿਆ ਹੈ।

ਲੋਕ ਗਾਇਕ ਤੇ ਫਿਲਮੀ ਕਲਾਕਾਰ ਹਰਭਜਨ ਮਾਨ ਦੀ ਅਗਵਾਈ 'ਚ ਕਲਾਕਾਰਾਂ ਦੀ ਟੀਮ ਨਾਭਾ ਵਿਚ ਹੋਏ ਕਿਸਾਨੀ ਪ੍ਰਦਰਸ਼ਨਾਂ ਵਿਚ ਪੁੱਜੀ। ਹਰਭਜਨ ਮਾਨ ਨੇ ਕਿਸਾਨੀ ਇਕੱਠ 'ਚ ਕਿਸਾਨੀ ਸੰਘਰਸ਼ ਅਤੇ ਲੋਕ ਏਕੇ ਨੂੰ ਕਾਮਯਾਬੀ ਦਾ ਰਾਹ ਦੱਸਿਆ। ਉਨ੍ਹਾਂ ਵਾਅਦਾ ਕੀਤਾ ਕਿ ਉਹ ਕਿਸਾਨੀ ਘੋਲ ਵਿਚ ਹਮੇਸ਼ਾ ਬਤੌਰ ਕਿਸਾਨਾਂ ਦੇ ਪੁੱਤ ਹਾਜ਼ਰ ਹੋਣਗੇ। ਲੋਕ ਗਾਇਕ ਰਣਜੀਤ ਬਾਵਾ ਨੇ ਸੰਤ ਰਾਮ ਉਦਾਸੀ ਦੀ ਰਚਨਾ ਬੋਲੀ ਜਦੋਂ ਕਿ ਦੂਸਰੇ ਕਿਸਾਨ ਇਕੱਠ ਵਿਚ ਤਰਸੇਮ ਜੱਸੜ ਨੇ ਸੰਬੋਧਨ ਕੀਤਾ। ਨਾਭਾ ਦੇ ਦੋ ਕਿਸਾਨ ਇਕੱਠਾਂ ਵਿਚ ਸ਼ਾਮਲ ਹੋਣ ਵਾਲਿਆਂ ਦੀ ਟੀਮ ਵਿਚ ਹਰਭਜਨ ਮਾਨ ਤੇ ਰਣਜੀਤ ਬਾਵਾ ਤੋਂ ਇਲਾਵਾ ਤਰਸੇਮ ਜੱਸੜ, ਹਰਜੀਤ ਹਰਮਨ, ਕੁਲਵਿੰਦਰ ਬਿੱਲਾ ਤੇ ਅਵਕਾਸ਼ ਮਾਨ ਆਦਿ ਹਾਜ਼ਰ ਹੋਏ।

ਪੰਜਾਬ ਦੇ ਲੋਕ ਗਾਇਕ ਪੰਮੀ ਬਾਈ ਪਟਿਆਲੇ ਤੋਂ ਖੁਦ ਟਰੈਕਟਰ ਚਲਾ ਕੇ ਰਾਜਪੁਰਾ ਪੁੱਜੇ, ਜਿਥੇ ਉਨ੍ਹਾਂ ਨੇ ਕਿਸਾਨ ਧਰਨੇ ਵਿਚ ਚਾਰ ਘੰਟੇ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਟਰੈਕਟਰ 'ਤੇ ਕਿਸਾਨੀ ਝੰਡੇ ਲਾਏ ਹੋਏ ਸਨ। ਇਸੇ ਤਰ੍ਹਾਂ ਸ਼ੰਭੂ ਬੈਰੀਅਰ ਉਤੇ ਲੋਕ ਗਾਇਕ ਕੰਵਲ ਗਰੇਵਾਲ, ਦੇਵ ਖਰੌੜ ਅਤੇ ਦੀਪ ਸਿੱਧੂ ਆਦਿ ਪੁੱਜੇ ਜਿਨ੍ਹਾਂ ਨੇ ਕਿਸਾਨੀ ਘੋਲ ਨੂੰ ਪੂਰਨ ਹਮਾਇਤ ਦੇਣ ਦਾ ਐਲਾਨ ਕੀਤਾ। ਲੱਖਾ ਸਧਾਣਾ ਨੇ ਵੀ ਇਥੇ ਅਗਵਾਈ ਕੀਤੀ। ਅੰਮ੍ਰਿਤਸਰ ਦੇ ਭੰਡਾਰੀ ਪੁਲ 'ਤੇ ਹੋਏ ਰੋਸ ਪ੍ਰਦਰਸ਼ਨ ਵਿਚ ਥੀਏਟਰ ਤੇ ਫਿਲਮੀ ਕਲਾਕਾਰ ਜੋੜੀ ਦੀਪ ਗਿੱਲ ਅਤੇ ਅਨੀਤਾ ਦੇਵਗਨ ਨੇ ਖੇਤੀ ਬਿੱਲਾਂ ਖਿਲਾਫ ਕਿਸਾਨਾਂ ਦੀ ਹਮਾਇਤ ਵਿਚ ਹਾਅ ਦਾ ਨਾਅਰਾ ਮਾਰਿਆ।

# ਸਮਾਰਟ ਫਾਰਮ ਵੀ ਕਰੋਨਾ ਦੀ ਮਾਰ ਹੇਠ ਆਇਆ

**ਸ਼ਿਕਾਗੋ (ਬਿਊਰੋ):** ਜਿਥੇ ਕਰੋਨਾ ਨਾਲ ਜਾਨੀ-ਮਾਲੀ ਨੁਕਸਾਨ ਹੋ ਰਿਹਾ ਹੈ, ਉਥੇ ਇਸ ਘਾਤਕ ਬਿਮਾਰੀ ਦਾ ਅਸਰ ਕਿਸਾਨਾਂ ਦੀਆਂ ਫਸਲਾਂ 'ਤੇ ਵੀ ਪੈ ਰਿਹਾ ਹੈ। ਇਲੀਨਾਏ ਵਿਚ ਬੈਰਿੰਗਟਨ ਦੇ ਸਮਾਰਟ ਫਾਰਮ ਦੀ ਅਜਿਹੀ ਹੀ ਹਾਲਤ ਦੀ ਜਾਣਕਾਰੀ ਮਿਲੀ ਹੈ।



ਇਸ ਸਮਾਰਟ ਫਾਰਮ ਦੀ ਆਰਗੈਨਿਕ ਖੇਤੀ ਲਈ 10 ਏਕੜ ਥਾਂ ਗੁੱਡ ਸ਼ੈਫਰਡ ਹਸਪਤਾਲ ਨੇ ਦਿੱਤੀ ਹੋਈ ਹੈ, ਜਿਥੇ ਵਾਲੰਟੀਅਰ ਆਰਗੈਨਿਕ ਫਸਲਾਂ ਉਗਾਉਂਦੇ ਹਨ। ਇਨ੍ਹਾਂ ਵਿਚੋਂ ਜੋ ਵਸਤਾਂ ਹਸਪਤਾਲ ਨੂੰ ਚਾਹੀਦੀਆਂ ਹੁੰਦੀਆਂ ਹਨ, ਉਹ ਵਰਤ ਲੈਂਦੇ ਹਨ। ਹਸਪਤਾਲ ਦੇ ਨਿਊਟ੍ਰੀਸ਼ਨਿਸਟ ਅਤੇ ਡਾਈਟੀਸ਼ਨ ਇਨ੍ਹਾਂ ਵਸਤਾਂ ਦਾ ਬਾਕਾਇਦਾ ਨਿਰੀਖਣ ਕਰਦੇ ਹਨ। ਬਾਕੀ ਬਚੀਆਂ ਵਸਤਾਂ ਫੂਡ ਪੈਂਟਰੀਜ਼ ਨੂੰ ਜਾਂਦੀਆਂ ਹਨ, ਪਰ ਇਸ ਵਾਰ ਕਰੋਨਾ ਦੀ ਮਾਰ ਕਾਰਨ ਫੂਡ ਪੈਂਟਰੀਜ਼ ਨੇ ਇਹ ਵਸਤਾਂ ਲੈਣ ਤੋਂ ਨਾਂਹ ਕਰ ਦਿੱਤੀ, ਜਿਸ ਕਾਰਨ ਹਜ਼ਾਰਾਂ ਡਾਲਰ ਦੀਆਂ ਸਬਜ਼ੀਆਂ ਕੂੜੇ ਵਿਚ ਸੁੱਟਣੀਆਂ ਪੈਂਦੀਆਂ ਹਨ। ਇਸ ਨਾਲ ਵਾਲੰਟੀਅਰਾਂ ਦੀ ਹਿੰਮਤ ਨੂੰ ਵੀ ਢਾਹ ਲੱਗਦੀ ਹੈ। ਇਸ ਫਾਰਮ 'ਤੇ ਨਵਰਾਜ ਕੌਰ ਬਸਾਤੀ ਵੀ ਵਾਲੰਟੀਅਰ ਹੈ ਅਤੇ ਉਥੇ ਹਾਈ ਸਕੂਲ ਦੇ ਬੱਚਿਆਂ ਨੂੰ ਵੀ ਲੈ ਕੇ ਜਾਂਦੀ ਹੈ। ਇਹ ਬੱਚੇ ਉਥੇ ਵਾਲੰਟੀਅਰ ਘੰਟੇ ਪੂਰੇ ਕਰਦੇ ਹਨ ਅਤੇ ਜਿਨ੍ਹਾਂ ਬੱਚਿਆਂ ਨੂੰ ਮਾਨਸਿਕ ਤਣਾਅ ਹੁੰਦਾ ਹੈ, ਉਨ੍ਹਾਂ ਨੂੰ ਥਰੈਪੀ ਵੀ ਦਿੱਤੀ ਜਾਂਦੀ ਹੈ।

ਨਵਰਾਜ ਕੌਰ ਬਸਾਤੀ ਨੇ ਇਸ ਬਾਰੇ ਪੀ. ਓ. ਸੀ. (ਪਾਰਟਨਰ ਆਫ ਅਵਰ ਕਮਿਊਨਿਟੀ), ਪੈਲਾਟਾਈਨ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਕੁਝ ਸਬਜ਼ੀਆਂ ਲੈਣ ਲਈ ਹਾਂ ਕਰ ਦਿੱਤੀ। ਫਿਰ ਉਸ ਨੇ ਪੈਲਾਟਾਈਨ ਗੁਰਦੁਆਰਾ ਸਾਹਿਬ ਨਾਲ ਵੀ ਸੰਪਰਕ ਕੀਤਾ, ਜਿਥੇ ਹਰ ਹਫਤੇ ਹਜ਼ਾਰਾਂ ਡਾਲਰਾਂ ਦੀਆਂ ਸਬਜ਼ੀਆਂ ਤੇ ਫਲ ਲਿਆਏ ਜਾਂਦੇ ਹਨ। ਹੁਣ ਗੁਰਦੁਆਰੇ ਸਬਜ਼ੀਆਂ ਫਲ ਰੱਖ ਲਈਆਂ ਜਾਂਦੀਆਂ ਹਨ ਅਤੇ ਬਾਕੀ ਰਹਿੰਦੀਆਂ ਵਸਤਾਂ ਸਾਲਵੇਸ਼ਨ ਆਰਮੀ ਨੂੰ ਹਰ ਹਫਤੇ ਭੇਜ ਦਿੱਤੀਆਂ ਜਾਂਦੀਆਂ ਹਨ। ਫਾਰਮ 'ਤੇ ਹੁਣ ਜਿਊਲ ਗਰੌਸਰੀ ਸਟੋਰ ਵਲੋਂ ਵੀ ਬੱਚਿਆਂ ਦਾ ਸਮਾਨ ਆ ਜਾਂਦਾ ਹੈ, ਜਿਸ ਵਿਚ ਹਜ਼ਾਰਾਂ ਡਾਲਰ ਦੇ ਬਿਸਕੁਟ, ਬਰੈੱਡ, ਫਲ, ਕਿਤਾਬਾਂ ਪਹੁੰਚ ਜਾਂਦੀਆਂ ਹਨ। ਗੁਰਦੁਆਰੇ ਦੇ ਭਾਈ ਜੀ ਵਲੋਂ ਲੋੜੀਂਦੀਆਂ ਵਸਤਾਂ ਰੱਖ ਕੇ ਸਾਲਵੇਸ਼ਨ ਆਰਮੀ ਕੋਲ ਪਹੁੰਚਾ ਦਿੱਤੀਆਂ ਜਾਂਦੀਆਂ ਹਨ। ਇਹ ਸਾਰਾ ਕੁਝ ਗੁਰਦੁਆਰੇ ਦੀ ਸਾਲਵੇਸ਼ਨ ਆਰਮੀ ਹੈਲਪ ਟੀਮ ਕਰਦੀ ਹੈ।

ਯਾਦ ਰਹੇ, ਸਿੱਖ ਸੀਨੀਅਰ ਸਿਟੀਜ਼ਨਜ਼ ਦੇ ਮੈਂਬਰ ਵੀ ਫਾਰਮ 'ਤੇ ਵਾਲੰਟੀਅਰ ਕਰਦੇ ਸਨ, ਪਰ ਕਰੋਨਾ ਕਰ ਕੇ ਹੁਣ ਅਸਮਰਥ ਰਹੇ। ਫਾਰਮ 'ਤੇ ਗ੍ਰੀਨ ਹਾਊਸ ਤੇ ਮਧੂ ਮੱਖੀਆਂ ਪਾਲਣ ਦਾ ਕੰਮ ਵੀ ਹੈ ਅਤੇ ਖੇਤੀਬਾੜੀ ਬਾਰੇ ਸਿਖਲਾਈ ਵੀ ਦਿੱਤੀ ਜਾਂਦੀ ਹੈ। ਇਸ ਬਾਰੇ ਵਧੇਰੇ ਜਾਣਕਾਰੀ ਲਈ ਠਾਕਰ ਸਿੰਘ ਬਸਾਤੀ ਨਾਲ ਫੋਨ: 847-736-6092 ਜਾਂ ਨਵਰਾਜ ਕੌਰ ਬਸਾਤੀ ਨਾਲ ਈਮੇਲ: ਨਕਪਨਿਟਲ@ਗਮਅਲਿ।ਚੋਮ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# Matrimonials

## ਲੜਕੀ ਦੀ ਲੋੜ ਹੈ

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)। 37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

*To Advertise with Punjab Times*
*Call: 847-359-0746*

ਪੰਜਾਬ ਟਾਈਮਜ਼
*Punjabtimes1@gmail.com*

# ਪਾਵਰਕਾਮ ਵਲੋਂ ਵਿੱਤੀ ਘਾਟੇ ਬਹਾਨੇ ਮੁਲਾਜ਼ਮਾਂ ਦੀ ਛਾਂਟੀ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦਾ ਵਿੱਤੀ ਘਾਟਾ 1158 ਕਰੋੜ ਰੁਪਏ ਉਤੇ ਪੁੱਜ ਗਿਆ ਹੈ। ਬੋਰਡ ਆਫ ਡਾਇਰੈਕਟਰਜ਼ ਦੀ 22 ਸਤੰਬਰ ਨੂੰ ਹੋਈ ਮੀਟਿੰਗ 'ਚ ਵਿੱਤੀ ਘਾਟੇ ਨੂੰ ਗੰਭੀਰਤਾ ਨਾਲ ਲੈਂਦਿਆਂ ਪਾਵਰਕਾਮ ਅੰਦਰ ਪੈਸਕੋ ਦੇ ਮੁਲਾਜ਼ਮਾਂ ਦੀ ਛਾਂਟੀ ਕਰਨ ਦੇ ਹੁਕਮ ਜਾਰੀ ਕੀਤੇ ਹਨ। ਮਿਲੀ ਜਾਣਕਾਰੀ ਅਨੁਸਾਰ ਪਾਵਰਕਾਮ ਵਲੋਂ ਪੈਸਕੋ 'ਚ ਕੰਮ ਕਰਦੇ 60 ਸਾਲ ਦੀ ਉਮਰ ਵਾਲੇ ਮੁਲਾਜ਼ਮਾਂ ਨੂੰ ਤੁਰਤ ਰਿਲੀਵ ਕਰਨ ਲਈ ਕਿਹਾ ਹੈ ਅਤੇ ਬੋਰਡ ਆਫ ਡਾਇਰੈਕਟਰਜ਼ ਨੂੰ 1 ਨਵੰਬਰ ਤੱਕ 15 ਤੋਂ 25 ਫੀਸਦੀ ਸਟਾਫ ਘਟਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ, ਹਾਲਾਂਕਿ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਪਾਵਰ ਕਾਰਪੋਰੇਸ਼ਨ ਨੇ ਮੀਟਿੰਗ ਦੌਰਾਨ ਵਿੱਤੀ ਘਾਟਿਆਂ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਕੋਲੋਂ ਉਦੈ ਸਕੀਮ ਤਹਿਤ 1500 ਕਰੋੜ ਰੁਪਏ ਮਿਲਣ ਦੀ ਸੰਭਾਵਨਾ ਜਤਾਈ ਹੈ।

ਜਾਣਕਾਰੀ ਅਨੁਸਾਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ 'ਚ 2951 ਅਤੇ ਪੀ.ਐਸ.ਟੀ.ਸੀ.ਐਲ. ਵਿਚ 1419 ਪੈਸਕੋ ਮੁਲਾਜ਼ਮ ਕੰਮ ਕਰ ਰਹੇ ਹਨ। ਪੈਸਕੋ ਮੁਲਾਜ਼ਮਾਂ 'ਚ ਵੱਡੀ ਗਿਣਤੀ ਸੁਪਰਵੀਜ਼ਨ ਅਫਸਰ ਵੀ ਕੰਮ ਕਰ ਰਹੇ ਹਨ। ਇਹ ਵੀ ਕਿ ਪੀ. ਐਸ. ਪੀ. ਸੀ. ਐਲ. 'ਚ 1599, ਰੋਪੜ ਥਰਮਲ ਪਲਾਂਟ 'ਚ 247, ਮੁਕੇਰੀਆਂ ਹਾਈਡਲ ਪ੍ਰੋਜੈਕਟ 'ਚ 124, ਲਹਿਰਾ ਮੁਹੱਬਤ ਥਰਮਲ ਪਲਾਂਟ 188, ਗੰਗੂਵਾਲ 42, ਅਨੰਦਪੁਰ ਸਾਹਿਬ 25, ਗੁਰੂ ਨਾਨਕ ਦੇਵ ਥਰਮਲ ਪਲਾਂਟ 85 ਅਤੇ ਪੀ.ਐਸ.ਪੀ.ਸੀ.ਐਲ. ਬਠਿੰਡਾ ਦੇ ਪੱਛਮੀ ਜ਼ੋਨ 'ਚ 377 ਪੈਸਕੋ ਮੁਲਾਜ਼ਮ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਐਮ.ਐੱਚ.ਪੀ. ਤਲਵਾੜਾ ਵਿਚ 80 ਅਤੇ ਮਲਕਪੁਰ ਵਿਚ ਪੈਸਕੋ ਮੁਲਾਜ਼ਮਾਂ ਦੀ ਗਿਣਤੀ 79 ਦੱਸੀ ਗਈ ਹੈ।

ਵੇਰਵਿਆਂ ਅਨੁਸਾਰ ਪਾਵਰਕਾਮ ਅੰਦਰ 40483 ਅਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ 'ਚ ਗਰੁੱਪ ਏ ਦੀਆਂ 761, ਗਰੁੱਪ ਬੀ ਦੀਆਂ 2862, ਗਰੁੱਪ ਸੀ ਦੀਆਂ 30702 ਅਤੇ ਗਰੁੱਪ ਡੀ ਦੀਆਂ 6158 ਅਸਾਮੀਆਂ ਨੂੰ ਖਤਮ ਕਰਨ ਦਾ ਰਾਹ ਪੱਧਰਾ ਕੀਤਾ ਗਿਆ ਹੈ। ਇਸ ਤੋ ਬਿਨਾਂ ਪਾਵਰਕਾਮ ਦੇ 6427 ਵਰਕਰ ਦਿਹਾੜੀਦਾਰ ਅਤੇ ਠੇਕਾ ਪ੍ਰਣਾਲੀ ਤਹਿਤ ਲੱਗੇ ਹੋਏ ਹਨ।


Restaurant Staff Wanted
'The Little India Restaurant' in Indianapolis, Indiana needs Cook, Waiter and Helper in the kitchen, Dishwasher.
Contact, Ph: 317-902-2355
40-

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.



For Emergency Call anytime at
847-673-3825
EARLY BIRD SALE!!!!
Domestic fares available

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Wanted Workers
Need workers for Restaurant and Gas stations In Eureka, CA.
Housing and food provide.
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
37-40

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਹਿਬਲ ਗੋਲੀ ਕਾਂਡ: ਉਮਰਾਨੰਗਲ ਤੇ ਸੈਣੀ ਮੁਲਜ਼ਮ ਵਜੋਂ ਨਾਮਜ਼ਦ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ 14 ਅਕਤੂਬਰ 2015 ਨੂੰ ਵਾਪਰੇ ਬਹਿਬਲ ਗੋਲੀ ਕਾਂਡ 'ਚ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੇ ਮੁਅੱਤਲੀ ਅਧੀਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰ ਲਿਆ ਹੈ।

ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸਿੰਘ ਸ਼ਰਮਾ, ਐਸ.ਪੀ. ਬਿਕਰਮ ਸਿੰਘ, ਇੰਸਪੈਕਟਰ ਪ੍ਰਦੀਪ ਸਿੰਘ, ਥਾਣਾ ਬਾਜਾਖਾਨਾ ਦੇ ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਕੂਲਾਰ, ਕਾਰੋਬਾਰੀ ਪੰਕਜ ਬਾਂਸਲ ਤੇ ਸੁਹੇਲ ਸਿੰਘ ਬਰਾੜ ਮੁਲਜ਼ਮ ਵਜੋਂ ਨਾਮਜ਼ਦ ਹੋ ਚੁੱਕੇ ਹਨ। ਸੂਤਰਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਵਲੋਂ ਕੀਤੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ 14 ਅਕਤੂਬਰ 2015 ਸਵੇਰੇ ਬਹਿਬਲ ਕਲਾਂ ਵਿਚ ਗਿਆ ਸੀ ਤੇ ਜਿਥੇ ਸਿੱਖ ਸੰਗਤਾਂ ਬੇਅਦਬੀ ਖਿਲਾਫ ਸ਼ਾਂਤਮਈ ਧਰਨੇ 'ਤੇ ਬੈਠੀਆਂ ਸਨ।

ਪੜਤਾਲ ਰਿਪੋਰਟ ਅਨੁਸਾਰ ਉਸ ਵੇਲੇ ਦੇ ਡੀ.ਜੀ.ਪੀ. ਸੁਮੇਧ ਸੈਣੀ ਤੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਕਥਿਤ ਤੌਰ 'ਤੇ ਕੁਝ ਪੁਲਿਸ ਅਧਿਕਾਰੀਆਂ ਤੇ ਸਿਆਸੀ ਆਗੂਆਂ ਨਾਲ ਸਾਜ਼ਬਾਜ਼ ਹੋ ਕੇ ਸ਼ਾਂਤਮਈ ਧਰਨੇ 'ਤੇ ਜਬਰ ਢਾਹੁਣਾ ਸ਼ੁਰੂ ਕਰ ਦਿੱਤਾ। ਇਥੇ ਚੱਲੀ ਪੁਲਿਸ ਦੀ ਗੋਲੀ ਨਾਲ ਦੋ ਸਿੱਖ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ 32 ਦੇ ਕਰੀਬ ਵਿਅਕਤੀ ਜਖਮੀ ਹੋ ਗਏ ਸਨ। ਇਸ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਦੋ ਸਿੱਖ ਨੌਜਵਾਨਾਂ ਦੇ ਕਤਲ ਨੂੰ ਕਥਿਤ ਤੌਰ 'ਤੇ ਜਾਇਜ਼ ਠਹਿਰਾਉਣ ਲਈ ਧਰਨਾਕਾਰੀਆਂ 'ਤੇ ਹੀ ਇਰਾਦਾ ਕਤਲ ਤੇ ਪੁਲਿਸ 'ਤੇ ਹਮਲਾ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਦਿੱਤਾ।

ਜਾਂਚ ਟੀਮ ਨੇ ਪੜਤਾਲ 'ਚ ਦਾਅਵਾ ਕੀਤਾ ਹੈ ਕਿ ਪੁਲਿਸ ਦੀ ਜਿਪਸੀ 'ਚ ਗੋਲੀਆਂ ਧਰਨਾਕਾਰੀਆਂ ਵਲੋਂ ਨਹੀਂ ਮਾਰੀਆਂ ਗਈਆਂ ਸਨ ਬਲਕਿ ਪੁਲਿਸ ਅਧਿਕਾਰੀਆਂ ਨੇ ਖੁਦ ਨੂੰ ਬਚਾਉਣ ਲਈ ਜਿਪਸੀ ਵਿਚ ਗੋਲੀਆਂ ਮਾਰ ਕੇ ਝੂਠੀ ਗਵਾਹੀ ਤਿਆਰ ਕੀਤੀ। ਥਾਣਾ ਬਾਜਾਖਾਨਾ ਦੇ ਐਸ.ਐਚ.ਓ. ਇਕਬਾਲ ਹੁਸੈਨ ਨੇ ਕਿਹਾ ਕਿ ਪੜਤਾਲ ਦੇ ਆਧਾਰ 'ਤੇ ਥਾਣੇ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੇ ਆਈ.ਜੀ. ਉਮਰਾਨੰਗਲ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ।

# ਕਿਸਾਨ ਅੰਦੋਲਨ ਬਾਰੇ ਟੱਸ ਤੋਂ ਮੱਸ ਨਾ ਹੋਈ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

ਵਿੱਤ ਵਾਲਾ ਕਿਸਾਨ ਆਪਣੀ ਫਸਲ ਨਜ਼ਦੀਕ ਤੋਂ ਨਜ਼ਦੀਕ ਬਣੀ ਹੋਈ ਮੰਡੀ ਵਿਚ ਵੇਚਣੀ ਚਾਹੁੰਦਾ ਹੈ। ਉਸ ਕੋਲ ਨਾ ਤਾਂ ਇਹੋ ਜਿਹੇ ਵਸੀਲੇ ਹੁੰਦੇ ਹਨ ਕਿ ਉਹ ਆਪਣੀ ਫਸਲ ਸੈਂਕੜੇ ਮੀਲ ਦੂਰ ਕਿਸੇ ਮੰਡੀ ਵਿਚ ਲੈ ਜਾਵੇ ਅਤੇ ਨਾ ਹੀ ਵਿੱਤੀ ਸਾਧਨ।

ਵਪਾਰੀ ਤਾਂ ਹੁਣ ਵੀ ਪੰਜਾਬ ਵਿਚ ਹੋਰ ਜਿਣਸਾਂ ਖਰੀਦ ਰਹੇ ਹਨ ਪਰ ਕਿਸਾਨਾਂ ਨੂੰ ਕਣਕ ਅਤੇ ਝੋਨੇ ਤੋਂ ਸਿਵਾਏ ਕਿਸੇ ਫਸਲ ਦਾ ਵਾਜਬ ਭਾਅ ਨਹੀਂ ਮਿਲ ਰਿਹਾ। ਪੰਜਾਬ ਦੀਆਂ ਮੰਡੀਆਂ ਵਿਚ ਮੱਕੀ ਅਤੇ ਨਰਮੇ ਦੀਆਂ ਫਸਲਾਂ ਘੱਟ ਭਾਅ 'ਤੇ ਵਿਕ ਰਹੀਆਂ ਹਨ। ਖੇਤੀ ਮਾਹਰ ਸਰਕਾਰ ਦੇ ਤਰਕਾਂ ਤੋਂ ਹੈਰਾਨ ਹਨ ਤੇ ਸਵਾਲ ਕਰ ਰਹੇ ਹਨ ਕਿ ਦੇਸ਼ ਵਿਚ ਇਸ ਖੇਤਰ ਵਿਚ 85 ਫੀਸਦੀ ਛੋਟਾ ਕਿਸਾਨ ਹੈ। ਉਹ ਆਪੋ-ਆਪਣੇ ਰਾਜਾਂ ਵਿਚ ਚੱਲ ਰਹੇ ਮੰਡੀਆਂ ਦੇ ਪ੍ਰਬੰਧ ਵਿਚੋਂ ਕਿਵੇਂ ਬਾਹਰ ਨਿਕਲੇਗਾ? ਵੱਡੀਆਂ ਕੰਪਨੀਆਂ ਨਾਲ ਆਪਣੀਆਂ ਥੋੜ੍ਹੀਆਂ ਜ਼ਮੀਨਾਂ ਕਾਰਨ ਕਿਵੇਂ ਸਮਝੌਤੇ ਕਰੇਗਾ?

ਅਸਲ ਵਿਚ, ਮੋਦੀ ਸਰਕਾਰ ਹਰ ਹਾਲ ਇਨ੍ਹਾਂ ਮਾਰੂ ਕਾਨੂੰਨ ਨੂੰ ਲਾਗੂ ਕਰਨ ਉਤੇ ਉਤਾਰੂ ਹੈ। ਜਿਸ ਤਰ੍ਹਾਂ ਇਨ੍ਹਾਂ ਬਿੱਲਾਂ ਸਬੰਧੀ ਐਲਾਨ ਕੀਤਾ ਗਿਆ, ਸੰਸਦ ਵਿਚ ਜਿਸ ਢੰਗ ਨਾਲ ਕਾਹਲੀ ਵਿਚ ਪਾਸ ਕਰਵਾਏ ਗਏ, ਤੈਅ ਹੈ ਕਿ ਸਰਕਾਰ ਹੁਣ ਕਾਰਪੋਰੇਟ ਘਰਾਣਿਆਂ ਨਾਲ 'ਵਾਅਦਾਖਿਲਾਫੀ' ਕਰਨ ਲਈ ਕਦੇ ਵੀ ਤਿਆਰ ਨਹੀਂ ਹੋਵੇਗੀ। ਇਸੇ ਲਈ ਕਿਸਾਨ ਜਥੇਬੰਦੀਆਂ ਤੇ ਸੂਬਾ ਸਰਕਾਰਾਂ ਸੰਘਰਸ਼ ਦੇ ਨਾਲ-ਨਾਲ ਕਾਨੂੰਨੀ ਰਾਹ ਵੀ ਲੱਭਣ ਲਈ ਸੋਚਣ ਲੱਗੇ ਹਨ। ਪੰਜਾਬ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਇਨ੍ਹਾਂ ਕਾਨੂੰਨ ਨੂੰ ਰੱਦ ਕਰਨ ਲਈ ਵੀ ਤਿਆਰ ਹੋ ਗਈ ਹੈ। ਪੰਜਾਬ ਦੇ ਹਰ ਪਿੰਡ ਦੀ ਗ੍ਰਾਮ ਸਭਾ ਤੋਂ ਇਨ੍ਹਾਂ ਕਾਨੂੰਨਾਂ ਵਿਰੁਧ ਮਤੇ ਪਾਸ ਕਰਵਾਉਣ ਲਈ ਵੀ ਮੁਹਿੰਮ ਛਿੜੀ ਹੈ। 73ਵੀਂ ਸੰਵਿਧਾਨਕ ਸੋਧ ਅਨੁਸਾਰ ਗ੍ਰਾਮ ਸਭਾ ਪਿੰਡ ਦੀ ਪਾਰਲੀਮੈਂਟ ਹੈ। ਇਸ ਵਿਚ ਪਿੰਡ ਦੇ ਸਭ ਵੋਟਰ ਹਿੱਸਾ ਲੈਂਦੇ ਹਨ ਅਤੇ ਗ੍ਰਾਮ ਸਭਾਵਾਂ ਦੇ ਇਜਲਾਸਾਂ ਵਿਚ ਇਨ੍ਹਾਂ ਕਾਨੂੰਨਾਂ ਵਿਰੁਧ ਮਤੇ ਪਾਸ ਕਰਵਾ ਕੇ ਨਾ ਸਿਰਫ ਇਸ ਅੰਦੋਲਨ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ ਸਗੋਂ ਲੋਕਾਂ ਨੂੰ ਸਮੂਹਿਕ ਤੌਰ 'ਤੇ ਜਾਗ੍ਰਿਤ ਕਰ ਕੇ ਉਨ੍ਹਾਂ ਨੂੰ ਲੋਕ ਜਮਹੂਰੀਅਤ ਵਿਚ ਸਾਂਝੀਵਾਲ ਬਣਾਇਆ ਜਾ ਸਕਦਾ ਹੈ। ਤੈਅ ਹੈ ਕਿ ਆਉਂਦੇ ਦਿਨਾਂ ਵਿਚ ਇਨ੍ਹਾਂ ਕਾਨੂੰਨਾਂ ਦਾ ਰਾਹ ਰੋਕਣ ਲਈ ਹਰ ਹੀਲਾ ਵਰਤਿਆ ਜਾਵੇਗਾ।

ਅਸਲ ਵਿਚ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਤਾਕਤ ਵਿਚ ਆਈ ਭਗਵਾ ਧਿਰ ਦਾ ਸੁਪਨਾ ਸੂਬਿਆਂ ਨੂੰ ਆਪਣਿਆਂ ਅਧਿਕਾਰਾਂ ਤੋਂ ਵਾਂਝਿਆਂ ਕਰ ਕੇ ਉਨ੍ਹਾਂ ਨੂੰ ਕੇਂਦਰ ਸਾਹਮਣੇ ਨਿਤਾਣੇ ਬਣਾਉਣਾ ਹੈ। ਪਿਛਲੇ ਛੇ ਵਰ੍ਹੇ ਸਰਕਾਰ ਨੇ ਇਸੇ ਪਾਸੇ ਲਾ ਦਿੱਤੇ। ਇਹੀ ਕਾਰਨ ਹੈ ਕਿ ਬਹੁਤ ਸਾਰੇ ਮਾਮਲਿਆਂ ਵਿਚ ਵੀ ਸੂਬਿਆਂ ਦੀ ਰਾਇ ਲੈਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। ਮੋਦੀ ਸਰਕਾਰ ਦਾ ਇਹ ਸੁਪਨਾ ਪੂਰਾ ਕਰਨ ਵਿਚ ਕਰੋਨਾ ਮਹਾਮਾਰੀ ਨੇ ਸਭ ਤੋਂ ਵੱਧ ਮਦਦ ਕੀਤੀ।

ਖੇਤੀ ਮੰਡੀਕਰਨ ਸਬੰਧੀ ਆਰਡੀਨੈਂਸ ਵੀ ਇਸੇ ਮਹਾਮਾਰੀ ਦੀ ਓਟ ਵਿਚ ਲਿਆਂਦੇ ਗਏ। ਵਿੱਤੀ ਮੰਦੀ ਹੇਠ ਆਏ ਸੂਬਿਆਂ ਨੂੰ ਫਟਾ-ਫਟ ਇਨ੍ਹਾਂ ਬਾਰੇ ਸਹਿਮਤੀ ਦੇਣ ਲਈ ਮਜਬੂਰ ਕੀਤਾ ਗਿਆ ਹੈ। ਇਥੋਂ ਤੱਕ ਕਿ ਪੰਜਾਬ ਸਰਕਾਰ ਸ਼ੁਰੂ ਵਿਚ ਇਨ੍ਹਾਂ ਆਰਡੀਨੈਂਸਾਂ ਉਤੇ ਸਹੀ ਪਾਉਣ ਲਈ ਤਿਆਰੀ ਵੀ ਹੋ ਗਈ ਪਰ ਲੋਕ ਵੇਖ ਮੌਕਾ ਸਾਂਭ ਲਿਆ। ਇਸ ਤੋਂ ਬਾਅਦ ਮੋਦੀ ਸਰਕਾਰ ਨੇ ਭਾਈਵਾਲ ਅਕਾਲੀ ਦਲ ਦੀ ਕਿਸਾਨਾਂ ਦੇ 'ਭੁਲੇਖੇ' ਦੂਰ ਕਰਨ ਲਈ ਡਿਊਟੀ ਲਾਈ ਰੱਖੀ ਪਰ ਜਦੋਂ ਅਕਾਲੀ ਦਲ ਦੇ ਸਿਆਸੀ ਤੌਰ ਉਤੇ ਘਾਟਾ ਪੈਂਦਾ ਵੇਖਿਆ ਤਾਂ ਪਲਟੀ ਮਾਰ ਗਿਆ। ਹੁਣ ਪੰਜਾਬ ਦੇ ਹਾਲਾਤ ਇਹ ਹਨ ਕਿ ਸਿਆਸੀ ਧਿਰਾਂ ਸੂਬੇ ਦੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀਆਂ ਦਿੱਸ ਰਹੀਆਂ ਹਨ ਤੇ ਮੋਦੀ ਸਰਕਾਰ ਦੀ ਅੜੀ ਭੰਨਣ ਲਈ ਹਰ ਹੀਲਾ ਵਰਤਣ ਲਈ ਤਿਆਰ ਹਨ।

# 2017 ਮਗਰੋਂ ਅਮਰੀਕਾ ਵਿਚ ਸਿੱਖਾਂ ਨਾਲ ਪੱਖਪਾਤ ਵਧਿਆ

**ਵਾਸ਼ਿੰਗਟਨ:** ਡੈਮੋਕਰੈਟਿਕ ਪਾਰਟੀ ਵਲੋਂ ਅਗਾਮੀ ਚੋਣਾਂ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਜੋਅ ਬਾਇਡਨ ਦੀ ਚੋਣ ਪ੍ਰਚਾਰ ਟੀਮ ਨੇ ਮੁਲਕ ਵਿਚ ਰਹਿੰਦੇ ਸਿੱਖਾਂ ਤੱਕ ਪਹੁੰਚ ਬਣਾਉਣ ਲਈ 'ਸਿੱਖ ਅਮੈਰੀਕਨਜ਼ ਫਾਰ ਬਾਇਡਨ' ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਬਾਇਡਨ ਦੀ ਟੀਮ ਨੇ ਮੁਹਿੰਮ ਸ਼ੁਰੂ ਕਰਦਿਆਂ ਕਿਹਾ ਕਿ ਉਨ੍ਹਾਂ ਕੋਲ ਸਕੂਲਾਂ ਵਿਚ ਪੜ੍ਹਦੇ ਸਿੱਖ-ਅਮਰੀਕੀਆਂ ਦੀ ਸੁਰੱਖਿਆ ਲਈ ਯੋਜਨਾ ਹੈ।

ਬਾਇਡਨ ਕੰਪੇਨ ਨੇ ਘੱਟਗਿਣਤੀ ਧਾਰਮਿਕ ਭਾਈਚਾਰੇ ਨੂੰ ਅਮਰੀਕਾ ਵਿਚ ਨਸਲੀ ਤੇ ਨਫਰਤੀ ਹਮਲਿਆਂ ਸਮੇਤ ਦਰਪੇਸ਼ ਹੋਰਨਾਂ ਨਿਵੇਕਲੀ ਚੁਣੌਤੀਆਂ ਦਾ ਨਿਬੇੜਾ ਕਰਨ ਦਾ ਸੰਕਲਪ ਦੁਹਰਾਇਆ ਹੈ। ਬਾਇਡਨ ਕੰਪੇਨ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ, 'ਸਿੱਖ ਅਮਰੀਕੀਆਂ ਨੂੰ ਨਸਲੀ ਹਮਲੇ ਜਿਹੀਆਂ ਘਟਨਾਵਾਂ ਦਾ ਕੌਮੀ ਔਸਤ ਨਾਲੋਂ ਦੁੱਗਣਾ ਸ਼ਿਕਾਰ ਬਣਾਇਆ ਜਾਂਦਾ ਹੈ ਤੇ ਸਾਲ 2017 ਮਗਰੋਂ ਇਨ੍ਹਾਂ ਘਟਨਾਵਾਂ 'ਚ ਵੱਡਾ ਵਾਧਾ ਹੋਇਆ ਹੈ।

ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਨੇ ਸਿੱਖ ਭਾਈਚਾਰੇ ਨੂੰ ਦਰਪੇਸ਼ ਨਸਲਵਾਦ, ਤੇ ਪੱਖਪਾਤ ਜਿਹੀਆਂ ਨਿਵੇਕਲੀਆਂ ਚੁਣੌਤੀਆਂ ਨੂੰ ਮੁਖਾਤਬ ਹੋਣ ਲਈ ਵਿਸ਼ੇਸ਼ ਯੋਜਨਾ ਤੇ ਨੀਤੀਆਂ ਬਣਾਈਆਂ ਹਨ।'

ਸਿੱਖ ਅਮਰੀਕੀ ਨੈਸ਼ਨਲ ਲੀਡਰਸ਼ਿਪ ਕੌਂਸਲ ਦੀ ਮੈਂਬਰ ਤੇ ਨਾਗਰਿਕ ਹੱਕਾਂ ਬਾਰੇ ਸੱਜੇਪੱਖੀ ਕਾਰਕੁਨ ਕਿਰਨ ਕੌਰ ਗਿੱਲ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਿੱਖਾਂ ਨਾਲ ਹੁੰਦੇ ਇਸ ਧੱਕੇ/ਪੱਖਪਾਤ ਖਿਲਾਫ ਨਾ ਸਿਰਫ ਅੱਖਾਂ ਮੀਟ ਰੱਖੀਆਂ ਹਨ ਬਲਕਿ ਇਸ ਵਰਤਾਰੇ ਨੂੰ ਹੱਲਾਸ਼ੇਰੀ ਵੀ ਦਿੱਤੀ ਜਾ ਰਹੀ ਹੈ। ਗਿੱਲ ਨੇ ਇਕ ਬਿਆਨ ਵਿਚ ਕਿਹਾ ਕਿ ਬਾਇਡਨ ਦੇ ਅਮਰੀਕੀ ਸਦਰ ਬਣਨ ਨਾਲ ਸਿੱਖ ਅਮਰੀਕੀ ਖੁਦ ਨੂੰ ਅਮਰੀਕਾ ਦੇ ਸਕੂਲਾਂ ਤੇ ਸੜਕਾਂ 'ਤੇ ਸੁਰੱਖਿਅਤ ਮਹਿਸੂਸ ਕਰਨਗੇ।

## ਟੋਰਾਂਟੋ 'ਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਕਤਲ

**ਬੁਢਲਾਡਾ:** ਇਥੋਂ ਦੇ ਇਕ ਨੌਜਵਾਨ ਦੀ ਕੈਨੇਡਾ ਦੇ ਸ਼ਹਿਰ ਟੋਰਾਂਟੋ 'ਚ ਅਣਪਛਾਤਿਆਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪ੍ਰੀਤਕਮਲ ਸਿੰਘ ਪੁੱਤਰ ਗੋਬਿੰਦ ਸਿੰਘ ਸੇਵਾਮੁਕਤ ਅਧਿਆਪਕ ਵਾਸੀ ਵਾਰਡ ਨੰਬਰ-4 ਲੰਬੇ ਸਮੇਂ ਤੋਂ ਟੋਰਾਂਟੋ ਵਿਚ ਰਹਿ ਰਿਹਾ ਸੀ। ਪਰਿਵਾਰ ਨੂੰ ਹੱਤਿਆ ਦੀ ਸੂਚਨਾ ਟੋਰਾਂਟੋ ਪੁਲਿਸ ਨੇ ਦਿੱਤੀ ਜਦਕਿ ਹੱਤਿਆ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਮ੍ਰਿਤਕ ਦੇ ਚਾਚੇ ਦੇ ਲੜਕੇ ਦਲਜੀਤ ਸਿੰਘ ਦਰਸ਼ੀ ਨੇ ਦੱਸਿਆ ਕਿ ਪਰਿਵਾਰ ਵਲੋਂ ਕੇਂਦਰੀ ਵਿਦੇਸ਼ ਮੰਤਰਾਲੇ ਰਾਹੀਂ ਮ੍ਰਿਤਕ ਦੇਹ ਲਿਆਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਕੌਮੀ ਸਰਵੇਖਣ: ਭਾਰਤ ਦੇ 10-17 ਸਾਲ ਤੱਕ ਦੇ 1.48 ਕਰੋੜ ਬੱਚੇ ਨਸ਼ੇੜੀ

**ਨਵੀਂ ਦਿੱਲੀ:** ਨਸ਼ੇ ਦੇਸ਼ ਲਈ ਗੰਭੀਰ ਸਮੱਸਿਆ ਬਣ ਗਈ ਹੈ। ਭਾਰਤ ਸਰਕਾਰ ਦੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ 10 ਤੋਂ 17 ਸਾਲ ਦੀ ਉਮਰ ਸਮੂਹ ਵਿਚ ਤਕਰੀਬਨ 1.48 ਕਰੋੜ ਬੱਚੇ ਅਤੇ ਅੱਲ੍ਹੜ ਸ਼ਰਾਬ, ਅਫੀਮ, ਕੋਕੀਨ, ਭੰਗ ਸਮੇਤ ਕਈ ਕਿਸਮਾਂ ਦੇ ਨਸ਼ੇ ਕਰ ਰਹੇ ਹਨ। ਇਹ ਖੁਲਾਸਾ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਸਾਲ 2018 ਦੌਰਾਨ ਦੇਸ਼ ਵਿਚ ਨਸ਼ਿਆਂ ਦੀ ਵਰਤੋਂ ਸਬੰਧੀ ਕਰਵਾਏ ਕੌਮੀ ਸਰਵੇਖਣ ਵਿਚ ਹੋਇਆ ਹੈ।

ਇਸ ਰਿਪੋਰਟ ਵਿਚ ਵੱਖ-ਵੱਖ ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਨਸ਼ਿਆਂ ਦੀ ਵਰਤੋਂ ਦੇ ਨਤੀਜੇ ਵਜੋਂ ਹੋਈਆਂ ਬਿਮਾਰੀਆਂ ਬਾਰੇ 10 ਤੋਂ 75 ਸਾਲ ਦੀ ਉਮਰ ਸਮੂਹ ਦੇ ਲੋਕਾਂ 'ਤੇ ਸਰਵੇਖਣ ਕੀਤਾ ਗਿਆ ਸੀ। 20 ਸਤੰਬਰ ਨੂੰ ਲੋਕ ਸਭਾ ਵਿਚ ਰਾਜੀਵ ਪ੍ਰਤਾਪ ਰੂਡੀ ਦੇ ਸਵਾਲ ਦੇ ਲਿਖਤੀ ਜਵਾਬ ਵਿਚ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਰਤਨ ਲਾਲ ਕਟਾਰੀਆ ਨੇ ਇਹ ਵੇਰਵੇ ਦਿੱਤੇ। ਕੌਮੀ ਸਰਵੇਖਣ ਦੇ ਅੰਕੜਿਆਂ ਅਨੁਸਾਰ 18 ਤੋਂ 75 ਸਾਲ ਦੀ ਉਮਰ ਸਮੂਹ ਵਿੱਚ ਭੰਗ ਵਰਤਣ ਵਾਲਿਆਂ ਦੀ ਅਨੁਮਾਨਤ ਗਿਣਤੀ 2.90 ਕਰੋੜ ਹੈ ਜਦੋਂਕਿ ਅਫੀਮ ਖਾਣ ਵਾਲੇ 1.90 ਕਰੋੜ ਹਨ। ਸਰਵੇਖਣ ਅਨੁਸਾਰ 18 ਤੋਂ 75 ਸਾਲ ਦੀ ਉਮਰ ਸਮੂਹ ਦੇ 10 ਲੱਖ ਲੋਕ ਕੋਕੀਨ ਖਾਂਦੇ ਹਨ ਤੇ 20 ਲੱਖ ਲੋਕ 'ਐਂਫੈਟੈਮਿਨ' ਉਤੇਜਕ ਦੀ ਵਰਤੋਂ ਕਰਦੇ ਹਨ।

## ਸਾਬਕਾ ਕੇਂਦਰੀ ਮੰਤਰੀ ਜਸਵੰਤ ਸਿੰਘ ਦਾ ਦੇਹਾਂਤ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਕਰੀਬੀ ਰਹੇ ਸਾਬਕਾ ਕੇਂਦਰੀ ਮੰਤਰੀ ਜਸਵੰਤ ਸਿੰਘ ਦਾ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਹ 82 ਸਾਲ ਦੇ ਸਨ। ਭਾਜਪਾ ਦੇ ਮੋਢੀ ਮੈਂਬਰਾਂ 'ਚ ਸ਼ਾਮਲ ਰਹੇ ਜਸਵੰਤ ਸਿੰਘ ਨੇ ਦਿੱਲੀ 'ਚ ਸੈਨਾ ਦੇ ਰਿਸਰਚ ਐਂਡ ਰੈਫਰਲ ਹਸਪਤਾਲ 'ਚ ਆਖਰੀ ਸਾਹ ਲਿਆ। ਸਾਬਕਾ ਫੌਜੀ ਅਧਿਕਾਰੀ ਜਸਵੰਤ ਸਿੰਘ ਅਗਸਤ 2014 'ਚ ਆਪਣੇ ਘਰ 'ਚ ਡਿੱਗਣ ਤੋਂ ਬਾਅਦ ਬਿਮਾਰ ਸਨ।

ਤਿੰਨ ਜਨਵਰੀ 1938 ਨੂੰ ਰਾਜਸਥਾਨ ਦੇ ਬਾੜਮੇਰ ਜ਼ਿਲ੍ਹੇ ਦੇ ਜਸੋਲ ਪਿੰਡ 'ਚ ਜੰਮੇ ਜਸਵੰਤ ਭਾਜਪਾ ਦੇ ਉਨ੍ਹਾਂ ਚੋਣਵੇਂ ਆਗੂਆਂ 'ਚੋਂ ਸਨ ਜੋ ਰਾਸ਼ਟਰੀ ਸਵੈਸੇਵਕ ਸੰਘ ਦੀ ਪਿੱਠ ਭੂਮੀ 'ਚੋਂ ਨਹੀਂ ਆਉਂਦੇ ਸਨ। ਇਸ ਦੇ ਬਾਵਜੂਦ ਉਨ੍ਹਾਂ ਵਾਜਪਾਈ ਸਰਕਾਰ 'ਚ ਦੇਸ਼ ਦੇ ਵਿਦੇਸ਼, ਵਿੱਤ ਤੇ ਰੱਖਿਆ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ। ਸਾਲ 1966 'ਚ ਉਹ ਵਾਜਪਾਈ ਦੀ 13 ਦਿਨ ਦੀ ਸਰਕਾਰ 'ਚ ਵਿੱਤ ਮੰਤਰੀ ਬਣਾਏ ਗਏ ਸੀ। ਸ੍ਰੀ ਵਾਜਪਾਈ ਨੇ ਹੀ ਉਨ੍ਹਾਂ ਨੂੰ ਯੋਜਨਾ ਕਮਿਸ਼ਨ ਦਾ ਮੀਤ ਪ੍ਰਧਾਨ ਬਣਾਇਆ ਸੀ। ਸ੍ਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਕਾਲ ਦੌਰਾਨ ਹੀ ਉਹ ਵਿਦੇਸ਼ ਮੰਤਰੀ ਬਣੇ।

## ਟਰੰਪ ਨੇ ਦਸ ਸਾਲ ਨਹੀਂ ਭਰਿਆ ਆਮਦਨ ਕਰ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਲ 2016 ਤੇ 2017 ਦੌਰਾਨ ਸੰਘੀ ਆਮਦਨ ਕਰ ਵਜੋਂ ਮਹਿਜ਼ 750 ਡਾਲਰ ਦੀ ਅਦਾਇਗੀ ਕੀਤੀ ਹੈ। ਟਰੰਪ ਸਾਲ 2016 ਵਿਚ ਅਮਰੀਕੀ ਰਾਸ਼ਟਰਪਤੀ ਵਜੋਂ ਚੁਣੇ ਗਏ ਸਨ ਜਦੋਂਕਿ ਸਾਲ 2017 ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਵ੍ਹਾਈਟ ਹਾਊਸ ਵਿਚ ਪਹਿਲਾ ਸਾਲ ਸੀ। ਨਿਊ ਯਾਰਕ ਟਾਈਮਜ਼ ਨੇ ਆਪਣੀ ਇਕ ਰਿਪੋਰਟ 'ਚ ਇਹ ਦਾਅਵਾ ਕੀਤਾ ਹੈ। ਆਮਦਨ ਕਰ ਅਦਾਇਗੀ ਨੂੰ ਗੁਪਤ ਰੱਖਣ ਵਾਲੇ ਟਰੰਪ ਆਧੁਨਿਕ ਸਮਿਆਂ ਦੇ ਇਕੋ ਇਕ ਰਾਸ਼ਟਰਪਤੀ ਹਨ, ਜੋ ਇਸ ਜਾਣਕਾਰੀ ਨੂੰ ਜਨਤਕ ਨਹੀਂ ਕਰਦੇ। ਰੋਜ਼ਨਾਮਚੇ ਦੀ ਖਬਰ ਮੁਤਾਬਕ ਬੀਤੇ 15 ਸਾਲਾਂ ਵਿਚੋਂ ਦਸ ਸਾਲ ਟਰੰਪ ਨੇ ਕੋਈ ਸੰਘੀ ਆਮਦਨ ਕਰ ਅਦਾ ਨਹੀਂ ਕੀਤਾ। ਉਧਰ ਵ੍ਹਾਈਟ ਹਾਊਸ ਵਿਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਟਰੰਪ ਨੇ ਇਸ ਖਬਰ ਨੂੰ 'ਫੇਕ ਨਿਊਜ਼' ਦੱਸਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸੁਖਬੀਰ ਵਲੋਂ ਪੰਜਾਬ ਨੂੰ ਸਰਕਾਰੀ ਮੰਡੀ ਐਲਾਨਣ ਲਈ ਆਰਡੀਨੈਂਸ ਲਿਆਉਣ ਦੀ ਸਲਾਹ

**ਲੰਬੀ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਖਿਆ ਕਿ ਉਹ ਤੁਰਤ ਕੈਬਨਿਟ ਮੀਟਿੰਗ ਸੱਦ ਕੇ ਸਾਰੇ ਸੂਬੇ ਨੂੰ ਸਰਕਾਰੀ ਮੰਡੀ ਐਲਾਨਣ ਲਈ ਆਰਡੀਨੈਂਸ ਲਿਆਉਣ ਤਾਂ ਜੋ ਕੇਂਦਰੀ ਖੇਤੀਬਾੜੀ ਬਿੱਲ ਨੂੰ ਪੰਜਾਬ ਵਿਚ ਲਾਗੂ ਹੋਣ ਤੋਂ ਰੋਕਿਆ ਜਾ ਸਕੇ।

ਸੁਖਬੀਰ ਬਾਦਲ ਤੇ ਉਨ੍ਹਾਂ ਦੀ ਪਤਨੀ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਪਿੰਡ ਬਾਦਲ ਸਥਿਤ ਆਪਣੀ ਰਿਹਾਇਸ਼ ਤੋਂ ਟਰੈਕਟਰਾਂ ਦੇ ਵੱਡੇ ਕਾਫਲੇ ਦੀ ਸ਼ਕਲ 'ਚ ਲੰਬੀ ਧਰਨੇ ਵਿਚ ਪੁੱਜੇ। ਹਾਲਾਂਕਿ ਮਗਰੋਂ ਦੋਵੇਂ ਆਗੂ ਆਪਣੀ ਲਗਜ਼ਰੀ ਗੱਡੀ 'ਤੇ ਵਾਪਸ ਗਏ। ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਆਰਡੀਨੈਂਸ ਲਈ ਬਿੱਲ ਪੇਸ਼ ਕਰ ਕੇ ਕਾਨੂੰਨ ਬਣਾਏ।

ਉਨ੍ਹਾਂ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਹੀ ਹਨ, ਜਿਨ੍ਹਾਂ ਆਪਣੀ ਪਾਰਟੀ ਦੇ ਚੋਣ ਮਨੋਰਥ ਪੱਤਰ ਅਨੁਸਾਰ ਸੂਬੇ ਦੇ ਏ.ਪੀ.ਐਮ.ਸੀ. ਐਕਟ ਵਿਚ ਸੋਧ ਕੀਤੀ ਤੇ ਪ੍ਰਾਈਵੇਟ ਮੰਡੀਆਂ, ਕਾਂਟਰੈਕਟ ਫਾਰਮਿੰਗ ਤੇ ਈ-ਟਰੇਡਿੰਗ ਸ਼ੁਰੂ ਕਰਵਾਈ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੀ ਧੀ ਵਜੋਂ ਆਪਣਾ ਫਰਜ਼ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਪਿਛਲੇ ਸਾਲ ਅਗਸਤ ਤੋਂ ਹੀ ਪਤਾ ਸੀ ਕਿ ਅਜਿਹੇ ਆਰਡੀਨੈਂਸ ਲਿਆਂਦੇ ਜਾ ਰਹੇ ਹਨ ਪਰ ਕੈਪਟਨ ਨੇ ਕਿਸਾਨ ਹਿੱਤਾਂ ਦੀ ਰਾਖੀ ਲਈ ਕੋਈ ਕਦਮ ਚੁੱਕਣ ਦੀ ਥਾਂ ਚੁੱਪੀ ਧਾਰੀ ਰੱਖੀ। ਬੀਬੀ ਬਾਦਲ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੱਚਮੁੱਚ ਕਿਸਾਨਾਂ ਦੀ ਫਿਕਰ ਹੈ ਤਾਂ ਫਿਰ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

# ਸਿੱਖ ਆਊਟਰੀਚ ਨੇ ਲੋੜਵੰਦਾਂ ਨੂੰ ਗਰਮ ਜੈਕਟਾਂ ਵੰਡੀਆਂ

**ਫੋਰਟ ਵੇਨ (ਐਸ. ਅਸ਼ੋਕ ਭੌਰਾ):** ਕਰੋਨਾ ਸਮੇਂ ਤੋਂ ਹੀ ਚੱਲ ਰਹੇ ਭਲਾਈ ਕਾਰਜ ਅਤੇ ਅਮਰੀਕਨ ਭਾਈਚਾਰਿਆਂ ਵਿਚ ਸਿੱਖ ਪਛਾਣ ਵਿਸਥਾਰ ਮੁਹਿੰਮ ਦੀ ਲੜੀ ਨੂੰ ਅਗੇ ਵਧਾਉਂਦਿਆਂ ਇੰਡੀਆਨਾ ਸਿੱਖ ਆਊਟਰੀਚ ਮਿਸ਼ਨ ਵਲੋਂ ਲੰਘੇ ਐਤਵਾਰ ਸਰਦੀ ਦੇ ਮੌਸਮ ਨੂੰ ਧਿਆਨ 'ਚ ਰੱਖਦਿਆਂ ਅਮਰੀਕਨ ਬੇਘਰੇ, ਗਰੀਬ ਤੇ ਲੋੜਵੰਦ ਲੋਕਾਂ ਨੂੰ ਗਰਮ ਕੱਪੜੇ ਦਿੱਤੇ ਗਏ ਅਤੇ ਖਾਣਾ ਖਵਾਇਆ ਗਿਆ।

ਸਮਾਗਮ ਦੇ ਅਰੰਭ ਵਿਚ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਪਿੱਛੋਂ ਮਹਿੰਦਰ ਸਿੰਘ ਚੇਰਾ, ਕਰਨੈਲ ਸਿੰਘ ਅਤੇ ਮਿਸ਼ਨ ਦੇ ਮੈਂਬਰਾਂ ਵਲੋਂ ਸਿੱਖ ਪਛਾਣ ਦੇ ਵਿਸਥਾਰ ਲਈ ਇੱਕ ਪਰਚਾ ਜਾਰੀ ਕੀਤਾ ਗਿਆ, ਜੋ ਉਥੇ ਹਾਜ਼ਰ ਅਮਰੀਕਨ ਨਾਗਰਿਕਾਂ 'ਚ ਵੰਡਿਆ ਗਿਆ।

ਇਸ ਮੌਕੇ ਇੰਡੀਆਨਾ ਸਿੱਖ ਆਊਟਰੀਚ ਮਿਸ਼ਨ ਵਲੋਂ 60 ਤੋਂ ਵੱਧ ਲੋੜਵੰਦ ਮਰਦ ਅਤੇ ਔਰਤਾਂ ਨੂੰ ਗਰਮ ਜੈਕਟਾਂ ਵੰਡੀਆਂ ਗਈਆਂ ਅਤੇ ਪੀਜੇ ਦਾ ਲੰਗਰ ਲਾਇਆ ਗਿਆ, ਜੋ ਲਗਭਗ 100 ਮਰਦ, ਔਰਤਾਂ ਅਤੇ ਬੱਚਿਆਂ ਨੇ ਛਕਿਆ।

ਇਹ ਸਮਾਗਮ ਡਾਊਨਟਾਊਨ ਏਰੀਏ ਵਿਚ ਕੀਤਾ ਗਿਆ, ਜਿਸ ਵਿਚ ਮਿਸ਼ਨ ਦੇ ਸਰਗਰਮ ਮੈਂਬਰ ਹਰਜਿੰਦਰ ਸਿੰਘ ਤੇ ਮਨਮੋਹਨ ਸਿੰਘ ਦੇ ਪਿਤਾ ਜਸਬੀਰ ਸਿੰਘ ਤੋਂ ਇਲਾਵਾ ਪੰਜਾਬੀ ਕਮਿਊਨਿਟੀ ਦੇ ਉਘੇ ਬਿਜਨਸਮੈਨ ਰੇਸ਼ਮ ਸਿੰਘ, ਮਹਿੰਦਰ ਸਿੰਘ ਚੇਰਾ, ਕਰਨੈਲ ਸਿੰਘ, ਪੰਮੀ ਸਿੰਘ ਬੋਲਾ, ਜੋਗਾ ਸਿੰਘ, ਰਾਜਾ ਸਿੰਘ, ਹਰਦੀਪ ਸਿੰਘ ਤੇ ਰਾਜਵੀਰ ਸਿੰਘ ਤੋਂ ਇਲਾਵਾ ਈਸਾਈ ਧਰਮ ਦੇ ਐਕਟੀਵਿਸਟਾ ਦੇ ਨਾਲ ਨਾਲ ਪਾਸਟਰ ਕੇਨ ਡੀਅਰਿੰਗ ਵੀ ਵਿਸ਼ੇਸ਼ ਤੌਰ 'ਤੇ ਹਾਜਰ ਹੋਏ।

ਅਖੀਰ ਵਿਚ ਮਿਸ਼ਨ ਦੇ ਕੋਆਰਡੀਨੇਟਰ ਜੱਸੀ ਜਸਵੀਰ ਸਿੰਘ ਨੇ ਸ. ਕਰਨੈਲ ਸਿੰਘ ਦਾ ਮਿਸ਼ਨ ਨੂੰ 700 ਡਾਲਰ ਦੀ ਮਦਦ ਦੇਣ ਲਈ ਧੰਨਵਾਦ ਕੀਤਾ ਅਤੇ ਆਏ ਹੋਏ ਮਹਿਮਾਨਾਂ ਤੇ ਮੈਂਬਰਾਂ ਨੂੰ ਜੀ ਆਇਆ ਤੇ ਧੰਨਵਾਦ ਕਿਹਾ।






**Desi Bazar**

Under new management.

916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800

Help Wanted in the Kitchen

We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ





**The Law Firm Of Fatima Johnson**

3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

Ph: 317-252-0013
info@vitalvisa.com
*This is an attorney advertisement*








MIDWAY Business Broker
We Build Your Dreams

For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY REALTY GROUP
We Build Your Dreams

MIDWAY REALTY GROUP
For all your Residential Real Estate Needs
Join our team, we are hiring real estate agents.

We help you to
- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM
AJEET SINGH : 847-529-9778
NICK VERMA : 630-664-1435

# ਬਜਟ ਇਜਲਾਸ ਦੌਰਾਨ ਭਖਿਆ ਲਾਪਤਾ ਪਾਵਨ ਸਰੂਪਾਂ ਦਾ ਮਾਮਲਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚੋਂ ਘਟੇ 328 ਪਾਵਨ ਸਰੂਪਾਂ ਦਾ ਮਾਮਲਾ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਵੇਲੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਅੰਦਰ ਅਤੇ ਬਾਹਰ ਚਰਚਾ ਦਾ ਵਿਸ਼ਾ ਰਿਹਾ। ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ ਕਾਰਵਾਈ, ਸਥਿਤੀ ਨੂੰ ਸਪਸ਼ਟ ਕਰਨ ਅਤੇ ਸਰੂਪ ਕਿਥੇ ਗਏ, ਬਾਰੇ ਜਾਣਕਾਰੀ ਦੇਣ ਦੀ ਮੰਗ ਕੀਤੀ ਗਈ।

ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਬਜਟ ਇਜਲਾਸ ਵੇਲੇ ਸ਼੍ਰੋਮਣੀ ਕਮੇਟੀ ਮੈਂਬਰ ਸੇਵਾ ਸਿੰਘ ਸੇਖਵਾਂ (ਅਕਾਲੀ ਦਲ ਡੈਮੋਕਰੇਟਿਕ) ਤੋਂ ਇਲਾਵਾ ਹਾਕਮ ਧਿਰ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਤੇ ਕਰਨੈਲ ਸਿੰਘ ਪੰਜੋਲੀ ਸਮੇਤ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਬੈਂਸ ਵਲੋਂ ਇਹ ਮਾਮਲਾ ਉਭਾਰਿਆ ਗਿਆ। ਇਸ ਮਾਮਲੇ ਨੂੰ ਲੈ ਕੇ ਹਾਕਮ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਚਾਲੇ ਤਿੱਖੀ ਬਹਿਸ ਵੀ ਹੋਈ। ਸ੍ਰੀ ਸੇਖਵਾਂ ਨੇ ਜਾਂਚ ਰਿਪੋਰਟ ਜਨਤਕ ਕਰਨ, ਵਖਰੇਵੇਂ ਵਿਚਾਰਾਂ ਵਾਲੇ ਮੈਂਬਰਾਂ ਨੂੰ ਬੋਲਣ ਦਾ ਮੌਕਾ ਦੇਣ, ਬਜਟ ਦੀਆਂ ਕਾਪੀਆਂ ਨਾ ਮਿਲਣ ਅਤੇ ਇਹ ਕਾਪੀਆਂ ਇਕ ਮਹੀਨਾ ਪਹਿਲਾਂ ਭੇਜਣ, ਬਜਟ ਇਜਲਾਸ ਦਾ ਸਮਾਂ ਵਧਾਉਣ ਸਮੇਤ ਲਾਪਤਾ ਸਰੂਪ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤੇ ਵਿਅਕਤੀਆਂ ਖਿਲਾਫ ਮਿਸਾਲੀ ਸਜ਼ਾਵਾਂ ਨਿਰਧਾਰਤ ਕਰਨ ਦੀ ਮੰਗ ਕੀਤੀ।

ਬੀਬੀ ਕਿਰਨਜੋਤ ਕੌਰ ਨੇ ਤਾਂ ਸਿੱਧੇ ਤੌਰ ਉਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਲੌਂਗੋਵਾਲ 'ਤੇ ਦੋਸ਼ ਲਾਇਆ ਕਿ ਉਹ ਇਸ ਮਾਮਲੇ ਨੂੰ ਹੱਲ ਕਰਨ ਅਤੇ ਸੰਭਾਲਣ ਵਿਚ ਬੁਰੀ ਤਰ੍ਹਾਂ ਅਸਫਲ ਹੋਏ ਹਨ। ਉਨ੍ਹਾਂ ਪੜਤਾਲ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰੂਪ ਕਿੱਥੇ ਗਏ ਹਨ, ਬਾਰੇ ਦੱਸਿਆ ਜਾਵੇ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਕੁਝ ਚਹੇਤੇ ਕਰਮਚਾਰੀ ਛੱਡ ਦਿੱਤੇ ਗਏ ਹਨ ਤੇ ਕੁਝ ਖਿਲਾਫ ਕਾਰਵਾਈ ਕੀਤੀ ਗਈ ਹੈ। ਸ੍ਰੀ ਪੰਜੋਲੀ ਨੇ ਆਖਿਆ ਕਿ ਕਰੋਨਾ ਦੌਰਾਨ ਲਾਏ ਲੰਗਰਾਂ ਕਾਰਨ ਜਿਥੇ ਸਿੱਖ ਕੌਮ ਦੀ ਪ੍ਰਸੰਸਾ ਹੋਈ ਹੈ, ਉਥੇ ਸਰੂਪ ਮਾਮਲਿਆਂ ਵਿਚ ਸਿੱਖਾਂ ਦਾ ਸਿਰ ਨੀਵਾਂ ਹੋਇਆ ਹੈ। ਉਨ੍ਹਾਂ ਪੰਥਕ ਸਰੂਪਾਂ ਕਾਰਨ ਸ਼੍ਰੋਮਣੀ ਕਮੇਟੀ ਵਿਚ ਆਏ ਨਿਘਾਰ ਦਾ ਮਾਮਲਾ ਵੀ ਉਠਾਇਆ ਅਤੇ ਰਿਹਾਅ ਹੋਏ ਸਿੱਖ ਕੈਦੀਆਂ ਦੇ ਮੁੜ ਵਸੇਬੇ ਦੀ ਮੰਗ ਕੀਤੀ।



ਬਲਵਿੰਦਰ ਸਿੰਘ ਬੈਂਸ ਦਾ ਭਾਸ਼ਣ ਭਾਵੇਂ ਅਧੂਰਾ ਰਹਿ ਗਿਆ ਪਰ ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ ਪੁਲਿਸ ਕਾਰਵਾਈ ਕੀਤੀ ਜਾਵੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਕੰਪਲੈਕਸ ਤੋਂ ਬਾਹਰ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਅਕਾਲੀ ਦਲ ਮਾਨ ਦੇ ਮਾਨ ਸਿੰਘ ਮਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੈਟਿਕ, ਯੂਨਾਈਟਿਡ ਅਕਾਲੀ ਦਲ, ਅਕਾਲ ਫੈਡਰੇਸ਼ਨ, ਸਿੱਖ ਯੂਥ ਆਫ ਪੰਜਾਬ ਤੇ ਹੋਰ ਸਿੱਖ ਆਗੂਆਂ ਵਲੋਂ ਰੋਸ ਪ੍ਰਗਟਾਇਆ ਗਿਆ। ਉਨ੍ਹਾਂ ਹੱਥਾਂ ਵਿਚ ਤਖਤੀਆਂ ਫੜ ਕੇ ਲੌਂਗੋਵਾਲ ਦੇ ਅਸਤੀਫੇ ਦੀ ਮੰਗ ਕੀਤੀ। ਉਨ੍ਹਾਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇਕ ਸਵਾਲਨਾਮਾ ਵੀ ਦਿੱਤਾ, ਜਿਸ ਵਿਚ ਅਜਿਹੇ 20 ਸਵਾਲ ਸਨ ਜਿਨ੍ਹਾਂ ਦੇ ਜਵਾਬ ਪ੍ਰਧਾਨ ਲੌਂਗੋਵਾਲ ਕੋਲੋਂ ਪੁੱਛਣ ਲਈ ਆਖਿਆ ਗਿਆ।

**'ਆਪ' ਵਲੋਂ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ:** ਆਮ ਆਦਮੀ ਪਾਰਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮੰਗ ਪੱਤਰ ਸੌਂਪ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਗੁਰਦੁਆਰਾ ਅਤੇ ਤਖਤ ਸਾਹਿਬਾਨ ਦੀ ਸਿਆਸੀ ਹਿੱਤਾਂ ਦੀ ਵਰਤੋਂ ਕਰਨ ਤੋਂ ਰੋਕਿਆ ਜਾਵੇ। ਇਸ ਸਬੰਧੀ 'ਆਪ' ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ, ਜੈ ਕਿਸ਼ਨ ਸਿੰਘ ਰੋੜੀ ਅਤੇ ਕੁਲਵੰਤ ਸਿੰਘ ਦੀ ਅਗਵਾਈ ਹੇਠ ਇਕ ਵਫਦ ਨੇ ਜਥੇਦਾਰ ਨਾਲ ਮੁਲਾਕਾਤ ਕੀਤੀ।

'ਆਪ' ਆਗੂਆਂ ਨੇ ਕਿਹਾ ਕਿ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਪੰਥ, ਪੰਜਾਬ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੁੰਦਾ ਸੀ, ਪਰ ਹੁਣ ਇਹ ਸਿਰਫ ਇਕ ਪਰਿਵਾਰ ਦੀ ਕੰਪਨੀ ਬਣ ਕੇ ਰਹਿ ਗਿਆ ਹੈ।

## ਕੈਨੇਡਾ 'ਚ ਪੜ੍ਹਨ ਗਏ ਪੰਜਾਬੀ ਨੌਜਵਾਨ ਵਲੋਂ ਖੁਦਕੁਸ਼ੀ

**ਜਲੰਧਰ:** ਕੈਨੇਡਾ ਵਿਚ ਸਟੱਡੀ ਵੀਜ਼ੇ ਉਤੇ ਗਏ ਅਮਰਿੰਦਰ ਸਿੰਘ (21 ਸਾਲ) ਨੇ ਆਤਮਹੱਤਿਆ ਕਰ ਲਈ। ਉਸ ਦੇ ਪਿਤਾ ਮਲਕੀਤ ਸਿੰਘ ਪੰਜਾਬ ਪੁਲਿਸ ਵਿਚ ਏ.ਐਸ.ਆਈ. ਹਨ। ਪਿਤਾ ਨੇ ਦੱਸਿਆ ਕਿ ਅਮਰਿੰਦਰ ਸਿੰਘ 2017 ਵਿਚ ਸਟੱਡੀ ਵੀਜ਼ੇ ਉਤੇ ਕੈਨੇਡਾ ਗਿਆ ਸੀ ਅਤੇ ਸਰੀ ਸ਼ਹਿਰ ਵਿਚ ਪੜ੍ਹਦਾ ਸੀ।

ਪੜ੍ਹਾਈ ਦੇ ਨਾਲ-ਨਾਲ ਉਹ ਕੰਮ ਵੀ ਕਰਦਾ ਸੀ ਪਰ ਉਸ ਨੇ ਕਦੇ ਪੈਸੇ ਘਰ ਨਹੀਂ ਭੇਜੇ ਸਨ। ਨਵੰਬਰ 2019 ਵਿਚ ਉਸ ਨੇ ਫੀਸ ਲਈ 20 ਲੱਖ ਰੁਪਏ ਮੰਗਵਾਏ ਸਨ। ਅਮਰਿੰਦਰ ਸਿੰਘ ਨੇ ਪਿਤਾ ਨੂੰ ਦੱਸਿਆ ਸੀ ਕਿ ਉਹ ਇਕ ਪਾਕਿਸਤਾਨੀ ਲੜਕੀ ਦੇ ਚੱਕਰ ਵਿਚ ਫਸਿਆ ਹੋਇਆ ਹੈ ਅਤੇ ਸਾਰੇ ਪੈਸੇ ਉਸ ਨੂੰ ਦੇ ਦਿੱਤੇ ਸਨ ਤੇ ਹੁਣ ਫੀਸ ਦੇਣ ਲਈ ਉਸ ਕੋਲ ਪੈਸੇ ਨਹੀਂ ਸਨ। ਉਸ ਨੇ ਪਹਿਲਾਂ ਵੀ ਆਤਮਹੱਤਿਆ ਕਰਨ ਦਾ ਯਤਨ ਕੀਤਾ ਸੀ। ਅਮਰਿੰਦਰ ਦੇ ਦੋਸਤਾਂ ਨੇ ਦੱਸਿਆ ਕਿ ਉਹ ਪਾਕਿਸਤਾਨੀ ਲੜਕੀ ਦੇ ਪਿਆਰ ਦੇ ਚੱਕਰ ਵਿਚ ਫਸ ਗਿਆ ਸੀ ਜੋ ਕਿ ਕਰਾਚੀ ਦੀ ਰਹਿਣ ਵਾਲੀ ਸੀ ਅਤੇ ਉਨ੍ਹਾਂ ਦੀ ਦੋਸਤੀ ਇੰਸਟਾਗ੍ਰਾਮ 'ਤੇ ਹੋਈ ਸੀ। ਪਾਕਿਸਤਾਨ ਦੀ ਲੜਕੀ ਨੂੰ ਉਹ ਤੋਹਫੇ ਤੇ ਪੈਸੇ ਵੀ ਭੇਜਦਾ ਰਹਿੰਦਾ ਸੀ। ਪੀੜਤ ਪਰਿਵਾਰ ਨੇ ਦੱਸਿਆ ਕਿ ਹੁਣ ਉਨ੍ਹਾਂ ਕੋਲ ਆਪਣੇ ਪੁੱਤਰ ਦੀ ਲਾਸ਼ ਮੰਗਵਾਉਣ ਜੋਗੇ ਵੀ ਪੈਸੇ ਨਹੀਂ ਹਨ।

## ਪੰਜਾਬ ਮੰਡੀ ਬੋਰਡ ਨੂੰ 'ਕਵਿਕ' ਐਪ ਲਈ ਕੌਮੀ ਪੁਰਸਕਾਰ

**ਚੰਡੀਗੜ੍ਹ:** ਪੰਜਾਬ ਮੰਡੀ ਬੋਰਡ ਵਲੋਂ ਆਪਣੀ ਕਿਸਮ ਦੀ ਨਿਵੇਕਲੀ ਵੀਡੀਓ ਕਾਨਫਰੰਸਿੰਗ ਮੋਬਾਈਲ ਐਪ 'ਕਵਿਕ' ਦੇ ਸਫਲਤਾਪੂਰਵਕ ਸੰਚਾਲਨ ਉਤੇ ਮੰਡੀ ਬੋਰਡ ਨੂੰ 'ਕੌਮੀ ਪੀ.ਐਸ.ਯੂ. ਪੁਰਸਕਾਰ-2020' ਹਾਸਲ ਹੋਇਆ ਹੈ। ਇਹ ਪੁਰਸਕਾਰ ਕੌਮੀ ਪੀ.ਐਸ.ਯੂ. (ਪਬਲਿਕ ਸੈਕਟਰ ਅੰਡਰਟੇਕਿੰਗ) ਸੰਮੇਲਨ ਦੌਰਾਨ ਏਸ਼ੀਆ ਦੀ ਤਕਨਾਲੋਜੀ ਅਤੇ ਮੀਡੀਆ ਰਿਸਰਚ ਖੇਤਰ ਦੀ ਪ੍ਰਮੁੱਖ ਸੰਸਥਾ 'ਈਲੈਟਸ ਟੈਕਨੋਮੀਡੀਆ' ਵਲੋਂ ਦਿੱਤਾ ਗਿਆ।

ਸੰਮੇਲਨ 'ਚ ਪੰਜਾਬ ਮੰਡੀ ਬੋਰਡ ਦੇ ਇਸ ਨਿਵੇਕਲੇ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ ਗਈ, ਜਿਸ ਰਾਹੀਂ ਮੰਡੀ ਬੋਰਡ ਦੀਆਂ ਰੋਜ਼ਮੱਰਾ ਦੀਆਂ ਗਤੀਵਿਧੀਆਂ ਚਲਾਉਣ ਲਈ ਐਪ ਦੇ ਰੂਪ 'ਚ ਮੰਚ ਮੁਹੱਈਆ ਕਰਵਾਇਆ ਗਿਆ, ਜਿਸ ਉਪਰ ਸੀਨੀਅਰ ਅਧਿਕਾਰੀ ਆਪਣੇ ਫੀਲਡ ਸਟਾਫ ਨਾਲ ਲਗਾਤਾਰ ਰਾਬਤੇ 'ਚ ਰਹਿੰਦੇ ਹਨ ਤਾਂ ਕਿ ਕੋਵਿਡ ਦੀ ਮਹਾਂਮਾਰੀ ਦੌਰਾਨ ਫਸਲ ਦੇ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹੇ ਜਾਣ ਨੂੰ ਯਕੀਨੀ ਬਣਾਉਣ ਜਾ ਸਕੇ।

ਇਹ ਪ੍ਰਗਟਾਵਾ ਕਰਦਿਆਂ ਬੋਰਡ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਸ ਸੰਮੇਲਨ ਦੌਰਾਨ ਕਵਿਕ ਐਪ ਨੂੰ ਕੋਵਿਡ-19 ਦੌਰਾਨ ਵਿਲੱਖਣ ਡਿਜੀਟਲ ਪਹਿਲਕਦਮੀ ਦੱਸਦੇ ਵਜੋਂ ਮਾਨਤਾ ਦਿੰਦੇ ਹੋਏ ਕੌਮੀ ਪੀ.ਐਸ.ਯੂ. ਪੁਰਸਕਾਰ-2020 ਲਈ ਪੰਜਾਬ ਮੰਡੀ ਬੋਰਡ ਦੀ ਚੋਣ ਕੀਤੀ ਗਈ। ਇਸ ਸੰਮੇਲਨ ਦੇ ਮੁੱਖ ਮਹਿਮਾਨ ਸਾਬਕਾ ਕੇਂਦਰੀ ਰੇਲਵੇ ਮੰਤਰੀ ਅਤੇ ਸੰਸਦ ਮੈਂਬਰ ਸੁਰੇਸ਼ ਪ੍ਰਭੂ ਸਨ। ਉਨ੍ਹਾਂ ਦੱਸਿਆ ਕਿ ਵੈਬੀਨਾਰ ਦੌਰਾਨ ਮੰਡੀ ਬੋਰਡ ਦੀ ਟੀਮ ਨੇ ਇਹ ਪੁਰਸਕਾਰ ਹਾਸਲ ਕੀਤਾ।

## ਉਘੇ ਗਾਇਕ ਬਾਲਾ ਸੁਬਰਾਮਣੀਅਮ ਦਾ ਦੇਹਾਂਤ

**ਚੇਨਈ:** ਆਪਣੀ ਮਖਮਲੀ ਆਵਾਜ਼ ਨਾਲ ਕਰੋੜਾਂ ਦਿਲਾਂ ਉਤੇ ਰਾਜ ਕਰਨ ਵਾਲੇ ਮਸ਼ਹੂਰ ਗਾਇਕ ਐਸ.ਪੀ. ਬਾਲਾਸੁਬਰਾਮਣੀਅਮ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਮਹੀਨੇ ਕੋਵਿਡ-19 ਤੋਂ ਪੀੜਤ ਹੋ ਗਏ ਸਨ ਤੇ ਹਸਪਤਾਲ ਦਾਖਲ ਸਨ।

ਹਸਪਤਾਲ ਮੁਤਾਬਕ ਚਾਰ ਸਤੰਬਰ ਨੂੰ ਉਹ ਕੋਵਿਡ ਟੈਸਟ ਵਿਚ ਨੈਗੇਟਿਵ ਵੀ ਆਏ ਸਨ। ਪੰਜ ਤੋਂ ਵੱਧ ਦਹਾਕੇ ਉਨ੍ਹਾਂ ਲੋਕਾਂ ਨੂੰ ਆਪਣੀ ਆਵਾਜ਼ ਦਾ ਦੀਵਾਨਾ ਬਣਾਈ ਰੱਖਿਆ। 74 ਸਾਲਾ ਗਾਇਕ ਦੀ ਸਿਹਤ ਅਚਾਨਕ ਬਹੁਤ ਵਿਗੜ ਗਈ ਤੇ ਦੇਰ ਰਾਤ ਇਕ ਵਜੇ ਉਨ੍ਹਾਂ ਆਖਰੀ ਸਾਹ ਲਏ।

## ਰੇਲਵੇ ਰਾਜ ਮੰਤਰੀ ਸੁਰੇਸ਼ ਅੰਗਾੜੀ ਦੀ ਕਰੋਨਾ ਨਾਲ ਮੌਤ

**ਨਵੀਂ ਦਿੱਲੀ:** ਕੇਂਦਰੀ ਰੇਲਵੇ ਰਾਜ ਮੰਤਰੀ ਸੁਰੇਸ਼ ਅੰਗਾੜੀ (65) ਦੀ ਕਰੋਨਾ ਵਾਇਰਸ ਨਾਲ ਏਮਜ਼ ਦੇ ਟਰੌਮਾ ਸੈਂਟਰ ਵਿਚ ਮੌਤ ਹੋ ਗਈ ਹੈ, ਉਹ ਕਰਨਾਟਕਾ ਦੇ ਬੇਲਾਗਾਡੀ ਤੋਂ ਭਾਜਪਾ ਦੇ ਲੋਕ ਸਭਾ ਸੰਸਦ ਮੈਂਬਰ ਸਨ। ਸ੍ਰੀ ਅੰਗਾੜੀ ਦੇਸ਼ 'ਚ ਕਰੋਨਾ ਵਾਇਰਸ ਮਹਾਂਮਾਰੀ ਨਾਲ ਮਰਨ ਵਾਲੇ ਪਹਿਲੇ ਕੇਂਦਰੀ ਮੰਤਰੀ ਹਨ, ਜਦਕਿ ਉਨ੍ਹਾਂ ਤੋਂ ਪਹਿਲਾਂ ਕਰੋਨਾ 3 ਸੰਸਦ ਮੈਂਬਰਾਂ ਤੇ 6 ਵਿਧਾਇਕਾਂ ਦੀ ਜਾਨ ਲੈ ਚੁੱਕਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵਿੱਟਰ ਉਤੇ ਟਵੀਟ ਕਰਕੇ ਅੰਗਾੜੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਜਤਾਈ ਹੈ।

# ਸ਼੍ਰੋਮਣੀ ਕਮੇਟੀ ਦੇ ਬਜਟ ਉਤੇ ਕਰੋਨਾ ਦੀ ਮਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਉਤੇ ਵੀ ਮਹਾਮਾਰੀ ਦਾ ਅਸਰ ਪਿਆ ਹੈ। ਸਿੱਖ ਸੰਸਥਾ ਦਾ ਵਿੱਤੀ ਵਰ੍ਹੇ 2020-2021 ਲਈ ਲਗਭਗ 9 ਅਰਬ 81 ਕਰੋੜ 94 ਲੱਖ 80,500 ਰੁਪਏ ਦਾ ਅਨੁਮਾਨਿਤ ਬਜਟ ਪੇਸ਼ ਕੀਤਾ ਗਿਆ। ਇਸ ਵਿਚ ਪਿਛਲੇ ਵਰ੍ਹੇ ਨਾਲੋਂ 18.51 ਫੀਸਦ ਕਟੌਤੀ ਕੀਤੀ ਗਈ ਹੈ। ਪਿਛਲੇ ਵਰ੍ਹੇ ਲਗਭਗ 12 ਅਰਬ 5 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ।

ਕਮੇਟੀ ਦੇ ਜਨਰਲ ਇਜਲਾਸ ਵਿਚ ਸੇਵਾ ਸਿੰਘ ਸੇਖਵਾਂ, ਕਰਨੈਲ ਸਿੰਘ ਪੰਜੋਲੀ, ਬੀਬੀ ਕਿਰਨਜੋਤ ਕੌਰ ਅਤੇ ਬਲਵਿੰਦਰ ਸਿੰਘ ਬੈਂਸ ਨੂੰ ਸੰਬੋਧਨ ਕਰਨ ਤੋਂ ਰੋਕਣ ਉਤੇ ਇਸ ਦੌਰਾਨ ਰੌਲਾ-ਰੱਪਾ ਵੀ ਪਿਆ। ਇਨ੍ਹਾਂ ਮੈਂਬਰਾਂ ਨੇ ਲਾਪਤਾ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਉਤੇ ਸਵਾਲ ਉਠਾਏ। ਸਾਲਾਨਾ ਬਜਟ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਵਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜਨਰਲ ਬੋਰਡ ਫੰਡ ਲਈ 57 ਕਰੋੜ ਰੁਪਏ, ਟਰੱਸਟ ਫੰਡ ਲਈ 37 ਕਰੋੜ 61 ਲੱਖ, ਵਿਦਿਆ ਫੰਡ ਲਈ 28 ਕਰੋੜ 44 ਲੱਖ, ਧਰਮ ਪ੍ਰਚਾਰ ਕਮੇਟੀ ਲਈ 58 ਕਰੋੜ ਰੁਪਏ, ਪ੍ਰਿੰਟਿੰਗ ਪ੍ਰੈਸਾਂ ਲਈ 8 ਕਰੋੜ 2 ਲੱਖ ਰੁਪਏ, ਵਿਦਿਅਕ ਅਦਾਰਿਆਂ ਲਈ 2 ਅਰਬ 15 ਕਰੋੜ ਰੁਪਏ, ਸੈਕਸ਼ਨ 85 ਦੇ ਗੁਰਦੁਆਰਿਆਂ ਲਈ 5 ਅਰਬ 77 ਕਰੋੜ ਰੁਪਏ ਅਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਾਸਤੇ 87 ਲੱਖ 80,500 ਰੁਪਏ ਦਾ ਬਜਟ ਰੱਖਿਆ ਗਿਆ ਹੈ। ਬਜਟ ਵਿਚ ਆ ਰਹੀਆਂ ਸ਼ਤਾਬਦੀਆਂ ਵਾਸਤੇ 3 ਕਰੋੜ 45 ਲੱਖ 70 ਹਜ਼ਾਰ ਰੁਪਏ ਰੱਖੇ ਗਏ ਹਨ। ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼ਤਾਬਦੀਆਂ, ਅੰਮ੍ਰਿਤਧਾਰੀ ਬੱਚਿਆਂ, ਕੁਦਰਤੀ ਆਫਤਾਂ, ਵਾਤਾਵਰਨ ਦੀ ਸ਼ੁੱਧਤਾ, ਕੁਦਰਤੀ ਖੇਤੀ ਅਤੇ ਵਿਦਿਅਕ ਅਦਾਰਿਆਂ ਨੂੰ ਵਧੇਰੇ ਪ੍ਰਫੁੱਲਤ ਕਰਨ ਸਣੇ ਕਈ ਹੋਰ ਭਲਾਈ ਕਾਰਜਾਂ ਨੂੰ ਤਰਜੀਹ ਦਿੱਤੀ ਜਾਵੇਗੀ। ਸ੍ਰੀ ਧਾਮੀ ਨੇ ਦੱਸਿਆ ਕਿ ਕਰੋਨਾ ਮਹਾਮਾਰੀ ਕਾਰਨ ਸ਼ਰਧਾਲੂਆਂ ਦੀ ਆਮਦ ਘਟ ਗਈ ਹੈ, ਜਿਸ ਦਾ ਅਸਰ ਗੋਲਕ ਉਤੇ ਹੋਇਆ ਹੈ। ਇਸ ਕਾਰਨ ਕਈ ਤਰ੍ਹਾਂ ਦੀ ਕਟੌਤੀ ਵੀ ਕੀਤੀ ਗਈ ਹੈ।

ਸ੍ਰੀ ਲੌਂਗੋਵਾਲ ਨੇ ਵਿੱਛੜੇ ਆਗੂਆਂ ਲਈ ਸ਼ੋਕ ਮਤਿਆਂ ਤੋਂ ਇਲਾਵਾ 11 ਮਤੇ ਪੜ੍ਹੇ, ਜਿਨ੍ਹਾਂ ਨੂੰ ਹਾਜ਼ਰ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾਵਾਂ ਦੀ ਸੂਚੀ ਵਿਚੋਂ ਬਾਹਰ ਕੀਤੇ ਜਾਣ ਦਾ ਨਿੰਦਾ ਮਤਾ ਪਾਸ ਕਰਦਿਆਂ ਭਾਰਤ ਸਰਕਾਰ ਕੋਲੋਂ ਭਾਸ਼ਾ ਬਿੱਲ ਵਿਚ ਪੰਜਾਬੀ ਨੂੰ ਮੁੜ ਸ਼ਾਮਲ ਕਰਨ ਦੀ ਮੰਗ ਕੀਤੀ ਗਈ। ਚੰਡੀਗੜ੍ਹ ਵਿਚ ਵੀ ਮਾਂ ਬੋਲੀ ਨਾਲ ਹੋ ਰਹੇ ਵਿਤਕਰੇ 'ਤੇ ਚਿੰਤਾ ਪ੍ਰਗਟ ਕਰਦਿਆਂ ਉਪਰਾਲੇ ਕਰਨ ਦੀ ਮੰਗ ਕੀਤੀ ਗਈ ਹੈ।

ਕਮੇਟੀ ਨੇ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਖੇਤੀ ਬਿੱਲਾਂ ਨੂੰ ਕਾਲੇ ਕਾਨੂੰਨ ਕਰਾਰ ਦਿੱਤਾ ਹੈ। ਇਸ ਮੌਕੇ ਪਾਕਿਸਤਾਨ ਵਿਚ ਗੁਰਦੁਆਰਿਆਂ 'ਤੇ ਹੋ ਰਹੇ ਨਾਜਾਇਜ਼ ਕਬਜ਼ਿਆਂ ਦੀ ਸਖਤ ਨਿੰਦਾ ਕਰਦਿਆਂ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਇਆ ਜਾਵੇ। ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਅਤੇ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਮੰਗ ਵੀ ਕੀਤੀ ਗਈ।

## ਅਮਰੀਕਾ ਤੋਂ ਡਿਪੋਰਟ ਹੋ ਕੇ ਪੰਜਾਬ ਪੁੱਜੇ 74 ਹੋਰ ਨੌਜਵਾਨ

**ਰਾਜਾਸਾਂਸੀ:** ਚੰਗੇ ਭਵਿੱਖ ਲਈ ਲੱਖਾਂ ਰੁਪਏ ਖਰਚ ਕੇ ਵੱਖੋ ਵੱਖਰੇ ਢੰਗ ਤਰੀਕਿਆਂ ਨਾਲ ਆਪਣੀਆਂ ਜਾਨਾਂ ਜੋਖਮ 'ਚ ਪਾ ਕੇ ਅਮਰੀਕਾ ਪੁੱਜੇ 47 ਪੰਜਾਬੀ ਨੌਜਵਾਨ ਡਿਪੋਰਟ ਹੋ ਕੇ ਵਾਪਸ ਵਤਨ ਪੁੱਜੇ ਹਨ।

ਇਨ੍ਹਾਂ ਵਿਚੋਂ ਜ਼ਿਆਦਾਤਰ ਨੌਜਵਾਨ ਮੈਕਸੀਕੋ ਦੀਆਂ ਕੰਧਾਂ ਟੱਪਣ ਤੋਂ ਬਾਅਦ ਅਮਰੀਕਾ 'ਚ ਦਾਖਲ ਹੋਏ ਪਰ ਬਾਅਦ ਵਿਚ ਉਥੋਂ ਦੀ ਪੁਲਿਸ ਦੇ ਅੜਿੱਕੇ ਚੜ੍ਹ ਗਏ। ਇਨ੍ਹਾਂ ਵਿਚੋਂ ਤਕਰੀਬਨ 74 ਭਾਰਤੀ ਨੌਜਵਾਨ ਜਿਨ੍ਹਾਂ 'ਚ ਤਿੰਨ ਲੜਕੀਆਂ ਵੀ ਸ਼ਾਮਲ ਹਨ, ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਪੁੱਜੇ। ਉਕਤ ਨੌਜਵਾਨ ਓਮਨੀ ਏਅਰ ਲਾਈਨ ਦੀ ਵਿਸ਼ੇਸ਼ ਉਡਾਣ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਪੁੱਜੇ। ਹਵਾਈ ਅੱਡਾ ਰਾਜਾਸਾਂਸੀ ਵਿਖੇ ਪੁੱਜੇ ਐਸ.ਡੀ.ਐਮ. ਅਜਨਾਲਾ ਡਾ. ਦੀਪਕ ਭਾਟੀਆ ਨੇ ਦੱਸਿਆ ਕਿ ਗੁਜਰਾਤ ਨਾਲ ਸਬੰਧਤ ਵਿਅਕਤੀਆਂ ਨੂੰ ਗੁਜਰਾਤ ਭੇਜਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਜਦੋਂ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਨੌਜਵਾਨ ਆਪਣੇ ਜ਼ਿਲ੍ਹਿਆਂ 'ਚ ਜਾ ਕੇ ਕਰੋਨਾ ਟੈਸਟ ਕਰਾਉਣਗੇ। ਅਮਰੀਕਾ ਤੋਂ ਡਿਪੋਰਟ ਹੋ ਕੇ ਪੁੱਜੇ ਸਵਿੰਦਰ ਸਿੰਘ ਵਾਸੀ ਫਗਵਾੜਾ ਨੇ ਦੱਸਿਆ ਕਿ ਏਜੰਟ ਵਲੋਂ ਉਸ ਨੂੰ ਧੋਖੇ ਨਾਲ 27 ਲੱਖ ਰੁਪਏ ਲੈ ਕੇ ਭੇਜਿਆ ਗਿਆ। ਮੈਕਸੀਕੋ ਦੇ ਕੰਧ ਟੱਪਦਿਆਂ ਸਾਰ ਹੀ ਅਮਰੀਕਾ ਦੀ ਪੁਲਿਸ ਵਲੋਂ ਕਾਬੂ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਅੰਦਰੋਂ ਕਾਨੂੰਨੀ ਲੜਾਈ ਲੜਦਿਆਂ ਅਪੀਲ ਕੀਤੀ ਗਈ ਸੀ ਪਰ ਕੇਸ ਹਾਰਨ ਤੋਂ ਬਾਅਦ ਇਥੇ ਭੇਜ ਦਿੱਤਾ ਗਿਆ।

## ਟੀਕਾ ਆਉਣ ਦੇ ਬਾਵਜੂਦ 20 ਲੱਖ ਮੌਤਾਂ ਹੋਣ ਦਾ ਖਦਸ਼ਾ

**ਜਨੇਵਾ:** ਵਿਸ਼ਵ ਸਿਹਤ ਸੰਗਠਨ (ਡਬਲਿਊ. ਐਚ. ਓ.) ਨੇ ਖਬਰਦਾਰ ਕੀਤਾ ਹੈ ਕਿ ਕਰੋਨਾ ਵਾਇਰਸ ਦਾ ਟੀਕਾ ਆਉਣ ਦੇ ਬਾਵਜੂਦ ਦੁਨੀਆਂ 'ਚ 20 ਲੱਖ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਸਕਦੀ ਹੈ। ਡਬਲਿਊ.ਐਚ.ਓ. ਦੇ ਐਮਰਜੈਂਸੀਆਂ ਬਾਰੇ ਮੁਖੀ ਡਾਕਟਰ ਮਾਈਕ ਰਿਆਨ ਨੇ ਕਿਹਾ ਕਿ ਜੇਕਰ ਕੌਮਾਂਤਰੀ ਪੱਧਰ 'ਤੇ ਰਲ ਕੇ ਹੰਭਲਾ ਨਾ ਮਾਰਿਆ ਗਿਆ ਤਾਂ ਮੌਤਾਂ ਦਾ ਅੰਕੜਾ ਕਿਤੇ ਵੱਧ ਹੋ ਸਕਦਾ ਹੈ। ਉਂਜ ਕਰੋਨਾ ਵਾਇਰਸ ਫੈਲਣ ਦੇ 9 ਮਹੀਨਿਆਂ 'ਚ 10 ਲੱਖ ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਅਮਰੀਕਾ, ਭਾਰਤ ਅਤੇ ਬ੍ਰਾਜ਼ੀਲ 'ਚ ਸਭ ਤੋਂ ਵਧੇਰੇ ਕਰੋਨਾ ਦੇ ਕੇਸ ਹਨ। ਉਨ੍ਹਾਂ ਕਿਹਾ ਕਿ ਕਈ ਮੁਲਕਾਂ 'ਚ ਸਰਦੀਆਂ ਸ਼ੁਰੂ ਹੋਣ ਨਾਲ ਕਰੋਨਾ ਦੀ ਲਾਗ ਹੋਰ ਫੈਲ ਸਕਦੀ ਹੈ।

ਉਧਰ, ਭਾਰਤੀ ਸੀਰਮ ਇੰਸਟੀਚਿਊਟ (ਐਸ.ਆਈ.ਆਈ.) ਦੇ ਮੁੱਖ ਕਾਰਜਕਾਰੀ ਅਧਿਕਾਰੀ ਅਦਾਰ ਪੂਨਾਵਾਲਾ ਨੇ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਕੀ ਉਸ ਕੋਲ ਇਹ ਟੀਕਾ ਖਰੀਦਣ ਤੇ ਇਸ ਦੀ ਵੰਡ ਲਈ 80 ਹਜ਼ਾਰ ਕਰੋੜ ਰੁਪਏ ਹਨ। ਚੇਤੇ ਰਹੇ ਕਿ ਆਕਸਫੋਰਡ ਯੂਨੀਵਰਸਿਟੀ ਵਲੋਂ ਕਰੋਨਾ ਵਾਇਰਸ ਲਈ ਵਿਕਸਤ ਟੀਕੇ ਦਾ ਉਤਪਾਦਨ ਐਸ.ਆਈ.ਆਈ. ਕਰੇਗਾ। ਪੂਨਾਵਾਲਾ ਨੇ ਇਕ ਟਵੀਟ 'ਚ ਕਿਹਾ,




'ਮੇਰਾ ਇਕ ਸਵਾਲ ਹੈ, ਕੀ ਭਾਰਤ ਸਰਕਾਰ ਕੋਲ ਅਗਲੇ ਇਕ ਸਾਲ ਲਈ 80 ਹਜ਼ਾਰ ਕਰੋੜ ਰੁਪਏ ਉਪਲਬਧ ਹਨ, ਕਿਉਂਕਿ ਭਾਰਤ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਨੂੰ ਇਹ ਟੀਕਾ ਖਰੀਦਣ ਤੇ ਹਰ ਭਾਰਤੀ 'ਚ ਇਸ ਨੂੰ ਵੰਡਣ ਲਈ ਇੰਨੇ ਪੈਸੇ ਦੀ ਲੋੜ ਹੈ।'

## ਮੈਡੀਕਲ ਆਕਸੀਜਨ ਦਾ ਭਾਅ ਤੈਅ

**ਨਵੀਂ ਦਿੱਲੀ:** ਮੁਲਕ ਵਿਚ ਮੈਡੀਕਲ ਆਕਸੀਜਨ ਦੀ ਲੋੜੀਂਦੀ ਸਪਲਾਈ ਯਕੀਨੀ ਬਣਾਈ ਰੱਖਣ ਲਈ ਤਰਲ ਮੈਡੀਕਲ ਆਕਸੀਜਨ ਤੇ ਆਕਸੀਜਨ ਸਿਲੰਡਰਾਂ ਦੀਆਂ ਕੀਮਤਾਂ ਤੈਅ ਕਰ ਦਿੱਤੀਆਂ ਗਈਆਂ ਹਨ। ਦਵਾਈਆਂ ਦੀਆਂ ਕੀਮਤਾਂ ਦੀ ਨਿਗਰਾਨੀ ਕਰਨ ਵਾਲੀ ਅਥਾਰਿਟੀ ਐਨ.ਪੀ.ਪੀ.ਏ. ਨੇ ਦੱਸਿਆ ਕਿ ਕੋਵਿਡ-19 ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਮੈਡੀਕਲ ਆਕਸੀਜਨ ਦੀ ਮੰਗ ਵਧੀ ਹੋਈ ਹੈ। ਰਸਾਇਣ ਤੇ ਖਾਦ ਮੰਤਰਾਲੇ ਮੁਤਾਬਕ ਆਮ ਤੌਰ ਉਤੇ ਮੰਗ 750 ਐਮਟੀ ਰੋਜ਼ਾਨਾ ਹੁੰਦੀ ਹੈ ਜੋ ਕਿ ਹੁਣ 2800 ਐਮਟੀ ਰੋਜ਼ਾਨਾ ਹੈ। ਭਾਰਤ ਸਰਕਾਰ ਵਲੋਂ ਕਾਇਮ ਗਰੁੱਪ ਆਕਸੀਜਨ ਦੀ ਮੰਗ ਤੇ ਕੀਮਤਾਂ ਉਤੇ ਲਗਾਤਾਰ ਨਿਗਰਾਨੀ ਰੱਖ ਰਿਹਾ ਹੈ। ਇਸੇ ਵਲੋਂ ਕੌਮੀ ਫਾਰਮਾ ਕੀਮਤ ਅਥਾਰਿਟੀ (ਐਨ.ਪੀ.ਪੀ.ਏ.) ਨੂੰ ਤਰਲ ਮੈਡੀਕਲ ਆਕਸੀਜਨ ਦੇ ਫੈਕਟਰੀ ਮੁੱਲ ਮਿਥਣ ਦੀ ਸਿਫਾਰਸ਼ ਕੀਤੀ ਗਈ ਹੈ ਤਾਂ ਕਿ ਕੀਮਤਾਂ ਢੁੱਕਵੀਆਂ ਰਹਿਣ।

# ਸੂਫੀ ਸੰਸਥਾ ਨੇ 110 ਸਾਲ ਪੁਰਾਣੇ ਹੱਥ ਲਿਖਤ ਸਰੂਪ ਗੁਰੂ ਘਰ ਨੂੰ ਸੌਂਪੇ

**ਲਾਹੌਰ:** ਮੁਸਲਿਮ-ਸਿੱਖ ਭਾਈਚਾਰੇ ਦੀ ਸਾਂਝ ਨੂੰ ਪਕੇਰੀ ਕਰਦਿਆਂ ਪਾਕਿਸਤਾਨ ਦੀ ਇਕ ਸੂਫੀ ਸੰਸਥਾ ਨੇ ਲਗਭਗ 90 ਵਰ੍ਹਿਆਂ ਤੱਕ ਗੁਰੂ ਗ੍ਰੰਥ ਸਾਹਿਬ ਦੇ 110 ਸਾਲ ਪੁਰਾਣੇ ਦੋ ਹੱਥ ਲਿਖਤ ਸਰੂਪਾਂ ਦੀ ਸੰਭਾਲ ਮਗਰੋਂ ਇਨ੍ਹਾਂ ਨੂੰ ਲਹਿੰਦੇ ਪੰਜਾਬ ਦੇ ਸਿਆਲਕੋਟ 'ਚ ਸਥਿਤ ਇਕ ਗੁਰਦੁਆਰੇ ਨੂੰ ਸੌਂਪ ਦਿੱਤਾ ਹੈ। ਕਈ ਸਿੱਖ ਪਰਿਵਾਰਾਂ ਨੂੰ ਫਿਰਕੂ ਹਿੰਸਾ ਤੋਂ ਬਚਾਉਂਦਿਆਂ ਆਪਣੇ ਘਰ ਪਨਾਹ ਦਿੱਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਸਿੱਖ ਪਰਿਵਾਰਾਂ ਦੀਆਂ ਕਈ ਧਾਰਮਿਕ ਪੁਸਤਕਾਂ ਤੇ ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਦੋ ਹੱਥ ਲਿਖਤ ਸਰੂਪਾਂ ਨੂੰ ਬੇਅਦਬੀ ਤੋਂ ਵੀ ਬਚਾਇਆ ਸੀ। ਉਨ੍ਹਾਂ ਦੱਸਿਆ ਕਿ ਸੰਨ 1950 ਵਿਚ ਇਸ ਬਜ਼ੁਰਗ ਦੀ ਮੌਤ ਤੋਂ ਬਾਅਦ



ਮੀਡੀਆ ਰਿਪੋਰਟ ਮੁਤਾਬਕ ਪਾਕਿਸਤਾਨ ਦੇ ਪੰਜਾਬ ਵਿਚ ਸਥਿਤ ਗੁਜਰਾਤ ਦੇ ਇਕ ਸੂਫੀ ਪਰਿਵਾਰ ਕੋਲ ਮੌਜੂਦ ਰਹੇ ਇਹ ਪੁਰਾਤਨ ਸਰੂਪ ਹੁਣ ਸੂਫੀ ਸੰਸਥਾ 'ਮਿੱਤਰ ਸਾਂਝ ਪੰਜਾਬ' ਵਲੋਂ ਸਿਆਲਕੋਟ ਵਿਚ ਸਥਿਤ ਗੁਰਦੁਆਰਾ ਬਾਬਾ ਦੀ ਬੇਰੀ ਦੇ ਪ੍ਰਸ਼ਾਸਨ ਨੂੰ ਸੌਂਪ ਦਿੱਤੇ ਗਏ ਹਨ।

ਸੂਫੀ ਸੰਸਥਾ ਦੇ ਮੁਖੀ ਇਫਤਿਖਾਰ ਵੜੈਚ ਕਾਲੜਾਵੀ ਨੇ 'ਦਿ ਐਕਸਪ੍ਰੈੱਸ ਟ੍ਰਿਬਿਊਨ' ਨੂੰ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਇਹ ਦੋ ਹੱਥ ਲਿਖਤ ਸਰੂਪ ਗੁਜਰਾਤ ਦੇ ਇਕ ਪਿੰਡ ਦੇ ਬਜ਼ੁਰਗ ਪੀਰ ਸਈਅਦ ਮੁਨੀਰ ਨਕਸ਼ਬੰਦੀ ਕੋਲ ਲੰਮਾ ਸਮਾਂ ਰਹੇ ਹਨ।

ਭਾਈਚਾਰਕ ਸਾਂਝ ਦੇ ਸਮਰਥਕ ਵਜੋਂ ਜਾਣੇ ਜਾਂਦੇ ਨਕਸ਼ਬੰਦੀ ਨੇ ਭਾਰਤ-ਪਾਕਿ ਦੀ ਵੰਡ ਸਮੇਂ ਇਨ੍ਹਾਂ ਸਰੂਪਾਂ ਦੀ ਸੰਭਾਲ ਉਨ੍ਹਾਂ ਦੇ ਬੱਚਿਆਂ ਨੇ ਕੀਤੀ ਜੋ ਹੁਣ ਤੱਕ ਇਨ੍ਹਾਂ ਕੋਲ ਸਨ।

ਇਥੋਂ 140 ਕਿਲੋਮੀਟਰ ਦੂਰ ਸਿਆਲਕੋਟ ਵਿਚ ਸਥਿਤ 500 ਸਾਲ ਪੁਰਾਣਾ ਗੁਰਦੁਆਰਾ ਬਾਬਾ ਦੀ ਬੇਰੀ ਪਿਛਲੇ ਵਰ੍ਹੇ ਜੁਲਾਈ 'ਚ ਭਾਰਤ ਦੀਆਂ ਸਿੱਖ ਸੰਗਤਾਂ ਲਈ ਖੋਲ੍ਹਿਆ ਗਿਆ ਸੀ। ਇਸ ਤੋਂ ਪਹਿਲਾਂ ਭਾਰਤੀਆਂ ਨੂੰ ਇਸ ਗੁਰਦੁਆਰੇ 'ਚ ਜਾਣ ਦੀ ਆਗਿਆ ਨਹੀਂ ਸੀ।

ਸਿੱਖ ਇਤਿਹਾਸ ਮੁਤਾਬਕ 16ਵੀਂ ਸਦੀ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਕਸ਼ਮੀਰ ਤੋਂ ਸਿਆਲਕੋਟ ਪੁੱਜੇ ਸਨ, ਜਿਥੇ ਉਹ ਬੇਰੀ ਦੇ ਇਕ ਦਰੱਖਤ ਹੇਠ ਰਹੇ ਸਨ। ਇਥੇ ਉਨ੍ਹਾਂ ਦੀ ਯਾਦ ਵਿਚ ਸਰਦਾਰ ਨੱਥਾ ਸਿੰਘ ਨੇ ਉਸ ਸਮੇਂ ਇਹ ਗੁਰਦੁਆਰਾ ਬਣਵਾਇਆ ਸੀ।

# ਹਵਾਰਾ ਕਮੇਟੀ ਵਲੋਂ ਸ਼ੋਮਣੀ ਕਮੇਟੀ ਮੈਂਬਰਾਂ ਨੂੰ ਖੁੱਲ੍ਹਾ ਪੱਤਰ

**ਅੰਮ੍ਰਿਤਸਰ:** ਹਵਾਰਾ ਕਮੇਟੀ ਤੇ ਹੋਰ ਸਿੱਖ ਸ਼ਖਸੀਅਤਾਂ ਨੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦੇ ਨਾਂ ਇਕ ਖੁੱਲ੍ਹਾ ਪੱਤਰ ਜਾਰੀ ਕਰ ਕੇ ਉਨ੍ਹਾਂ ਦੀ ਆਤਮਾ ਨੂੰ ਝੰਜੋੜਨ ਦਾ ਯਤਨ ਕੀਤਾ ਹੈ। ਇਹ ਪੱਤਰ ਹਵਾਰਾ ਕਮੇਟੀ ਦੇ ਆਗੂ ਬਲਜਿੰਦਰ ਸਿੰਘ ਐਡਵੋਕੇਟ, ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਬਲਬੀਰ ਸਿੰਘ ਹਿਸਾਰ, ਪੰਜ ਪਿਆਰਿਆਂ ਵਿਚੋਂ ਭਾਈ ਸਤਨਾਮ ਸਿੰਘ ਝੰਜੀਆਂ ਤੇ ਭਾਈ ਤਰਲੋਕ ਸਿੰਘ ਵਲੋਂ ਜਾਰੀ ਕੀਤਾ ਗਿਆ। ਦੋ ਸਫਿਆਂ ਦੇ ਇਸ ਪੱਤਰ ਵਿਚ ਉਨ੍ਹਾਂ ਲਿਖਿਆ ਕਿ ਸ਼੍ਰੋਮਣੀ ਕਮੇਟੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਉਤੇ ਹੋ ਰਹੇ ਹਮਲਿਆਂ ਨੂੰ ਠੱਲ੍ਹਣ ਵਿਚ ਅਸਫਲ ਰਹੀ ਹੈ। ਪਿਛਲੀਆਂ ਕਈ ਘਟਨਾਵਾਂ ਦੇ ਹਵਾਲੇ ਦਿੰਦਿਆਂ ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਨੱਕ ਹੇਠ ਪਬਲੀਕੇਸ਼ਨ ਵਿਭਾਗ 'ਚ 2016 ਦੌਰਾਨ 80 ਸਰੂਪ ਅਗਨ ਭੇਟ ਅਤੇ 328 ਲਾਪਤਾ ਹੋਏ ਹਨ। ਉਨ੍ਹਾਂ ਲਿਖਿਆ ਕਿ ਬਾਦਲਾਂ ਤੇ ਕੈਪਟਨ ਦੋਵਾਂ ਦੇ ਰਾਜ 'ਚ ਬੇਅਦਬੀਆਂ ਦੀਆਂ ਘਟਨਾਵਾਂ ਵਾਪਰੀਆਂ ਹਨ।

# ਸਾਬਕਾ ਫੈਡਰੇਸ਼ਨ ਪ੍ਰਧਾਨ ਮੋਕਲ ਬਣਿਆ ਸੁਮੇਧ ਸੈਣੀ ਖਿਲਾਫ ਗਵਾਹ

**ਚੰਡੀਗੜ੍ਹ:** 1991 'ਚ ਸਾਬਕਾ ਆਈ.ਏ.ਐਸ. ਅਫਸਰ ਦੇ ਲੜਕੇ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਪੰਜਾਬ ਸੁਮੇਧ ਸੈਣੀ ਖਿਲਾਫ ਇਕ ਹੋਰ ਗਵਾਹ ਸਾਹਮਣੇ



ਆ ਗਿਆ ਹੈ।

ਅਦਾਲਤ 'ਚ ਭਗਵਾਨ ਸਿੰਘ ਮੋਕਲ ਜੋ ਕਿ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਸਾਬਕਾ ਪ੍ਰਧਾਨ ਹੈ, ਵਲੋਂ ਇਸ ਮਾਮਲੇ 'ਚ ਗਵਾਹ ਬਣਦਿਆਂ ਡਿਊਟੀ ਮੈਜਿਸਟਰੇਟ ਦੀ ਅਦਾਲਤ 'ਚ ਧਾਰਾ 164 ਦੇ ਤਹਿਤ ਬਿਆਨ ਦਰਜ ਕਰਵਾਏ ਗਏ ਹਨ। ਇਸ ਸਬੰਧੀ ਭਗਵਾਨ ਸਿੰਘ ਮੋਕਲ ਆਪਣੇ ਵਕੀਲ ਸਿਮਰਨ ਸਿੰਘ ਸਮੇਤ ਅਦਾਲਤ 'ਚ ਪਹੁੰਚੇ ਅਤੇ ਥਾਣਾ ਮਟੌਰ ਦੇ ਮੁਖੀ ਰਾਜੀਵ ਕੁਮਾਰ ਰਾਹੀਂ ਡਿਊਟੀ ਮੈਜਿਸਟਰੇਟ ਕੋਲ ਐਫੀਡੇਵਿਟ ਦੇ ਕੇ ਆਪਣੇ ਬਿਆਨ ਕਲਮਬੱਧ ਕਰਵਾਉਣ ਦੀ ਇਜਾਜ਼ਤ ਦੀ ਮੰਗ ਕੀਤੀ, ਜਿਸ ਨੂੰ ਮਨਜ਼ੂਰ ਕਰਦਿਆਂ ਅਦਾਲਤ ਵਲੋਂ ਭਗਵਾਨ ਸਿੰਘ ਮੋਕਲ ਦੇ ਬਿਆਨ ਦਰਜ ਕੀਤੇ ਗਏ। ਇਸ ਤੋਂ ਪਹਿਲਾਂ ਭਗਵਾਨ ਸਿੰਘ ਵਲੋਂ ਥਾਣਾ ਮਟੌਰ ਦੀ ਪੁਲਿਸ ਕੋਲ ਧਾਰਾ-161 ਦੇ ਤਹਿਤ ਦਰਜ ਕਰਵਾਏ ਬਿਆਨਾਂ 'ਚ ਕਿਹਾ ਗਿਆ ਹੈ ਕਿ ਉਹ 1978 ਤੋਂ ਲੈ ਕੇ 1984 ਤੱਕ ਪੰਜਾਬ ਯੂਨੀਵਰਸਿਟੀ ਵਿਚ ਬਤੌਰ ਰਿਸਚਰਚ ਸਕਾਲਰ ਦੇ ਵਿਦਿਆਰਥੀ ਰਹਿ ਚੁੱਕੇ ਹਨ ਅਤੇ ਇਸ ਦੌਰਾਨ ਹੀ ਬਤੌਰ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਵਜੋਂ ਉਨ੍ਹਾਂ ਵਲੋਂ ਸੇਵਾਵਾਂ ਨਿਭਾਈਆਂ ਗਈਆਂ ਸਨ। ਸੁਮੇਧ ਸੈਣੀ ਵੀ ਪੰਜਾਬ ਯੂਨੀਵਰਸਿਟੀ 'ਚ ਐਮ.ਏ. ਦਾ ਵਿਦਿਆਰਥੀ ਸੀ, ਲਿਹਾਜ਼ਾ ਉਹ ਇਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸੀ। ਉਸ ਨੂੰ ਜਦੋਂ ਅਖਬਾਰਾਂ ਰਾਹੀਂ ਬਲਵੰਤ ਸਿੰਘ ਮੁਲਤਾਨੀ ਮਾਮਲੇ ਬਾਰੇ ਪਤਾ ਲੱਗਾ ਤਾਂ ਉਸ ਨੇ ਅੱਜ ਆਪਣੀ ਮਰਜ਼ੀ ਨਾਲ ਪੁਲਿਸ ਜਾਂਚ ਟੀਮ ਅੱਗੇ ਸੁਮੇਧ ਸੈਣੀ ਖਿਲਾਫ ਬਿਆਨ ਦਰਜ ਕਰਵਾਏ ਹਨ।

# ਪੰਜਾਬ 'ਚ ਮਹਿੰਗੀ ਹੋਈ ਮੈਡੀਕਲ ਸਿੱਖਿਆ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਨਰਸਿੰਗ ਕੋਰਸਾਂ ਦੀਆਂ ਫੀਸਾਂ ਵਿਚ 25 ਤੋਂ 40 ਫੀਸਦੀ ਤੱਕ ਦਾ ਵਾਧਾ ਕਰ ਦਿੱਤਾ ਹੈ, ਜਿਸ ਨਾਲ ਨਰਸਿੰਗ ਵਿਦਿਆਰਥੀਆਂ ਉਤੇ ਨਵਾਂ ਮਾਲੀ ਬੋਝ ਪਵੇਗਾ। ਹਰੇਕ ਸਾਲ ਫੀਸਾਂ 'ਚ ਪੰਜ ਫੀਸਦੀ ਵਾਧੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੰਤਰੀ ਮੰਡਲ ਨੇ 8393 ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀਆਂ ਅਸਾਮੀਆਂ ਭਰਨ ਦੀ ਮਨਜ਼ੂਰੀ ਦਿੱਤੀ ਹੈ। ਕੈਬਨਿਟ ਫੈਸਲੇ ਅਨੁਸਾਰ ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਸਮੇਂ ਸਿੱਖਿਆ ਵਿਭਾਗ ਵਿਚ ਕੰਮ ਕਰਦੇ ਮੌਜੂਦਾ ਤਜਰਬੇਕਾਰ ਵਾਲੰਟੀਅਰਾਂ ਨੂੰ ਵਿਸ਼ੇਸ਼ ਅਗੇਤ ਅਤੇ ਉਮਰ ਵਿਚ ਛੋਟ ਦਿੱਤੀ ਜਾਵੇ। ਅਕਾਦਮਿਕ ਸੈਸ਼ਨ 2020-21 ਤੋਂ ਹੀ ਵੱਖ-ਵੱਖ ਨਰਸਿੰਗ ਕੋਰਸਾਂ ਲਈ ਫੀਸਾਂ ਵਿਚ ਵਾਧਾ ਲਾਗੂ ਹੋਵੇਗਾ। ਸਰਕਾਰੀ ਕਾਲਜਾਂ ਲਈ ਨਰਸਿੰਗ ਕੋਰਸ ਦੀ ਫੀਸ ਵਿਚ 40 ਫੀਸਦੀ ਵਾਧਾ ਕੀਤਾ ਗਿਆ ਹੈ, ਜਦੋਂਕਿ ਪ੍ਰਾਈਵੇਟ ਨਰਸਿੰਗ ਕਾਲਜਾਂ ਲਈ ਇਹ ਵਾਧਾ 25 ਫੀਸਦੀ ਕੀਤਾ ਗਿਆ ਹੈ। ਪੰਜਾਬ 'ਚ ਦਰਜਨ ਦੇ ਲਗਭਗ ਸਰਕਾਰੀ ਅਤੇ ਇੱਕ ਸੌ ਦੇ ਲਗਭਗ ਪ੍ਰਾਈਵੇਟ ਨਰਸਿੰਗ ਕਾਲਜ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਵਰਚੁਅਲ ਮੀਟਿੰਗ ਵਿਚ ਇਸ ਵਾਧੇ ਨੂੰ ਅਕਾਦਮਿਕ ਸੈਸ਼ਨ 2020-21 ਤੋਂ ਵੱਖ-ਵੱਖ ਨਰਸਿੰਗ ਕੋਰਸਾਂ ਲਈ ਫੀਸਾਂ ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਫੈਸਲੇ ਅਨੁਸਾਰ ਪਹਿਲਾਂ ਹੀ ਦਾਖਲ ਵਿਦਿਆਰਥੀ ਪੂਰੇ ਕੋਰਸ ਲਈ ਪੁਰਾਣੀ ਫੀਸ ਦਾ ਹੀ ਭੁਗਤਾਨ ਕਰਨਗੇ, ਜਦੋਂ ਕਿ ਇਹ ਵਾਧਾ ਸਾਲ 2020-21 ਵਾਲੇ ਨਵੇਂ ਵਿਦਿਆਰਥੀਆਂ 'ਤੇ ਲਾਗੂ ਹੋਵੇਗਾ।

ਸਰਕਾਰੀ ਨਰਸਿੰਗ ਕਾਲਜਾਂ ਵਿਚ ਏ.ਐਨ.ਐਮ. ਦੇ ਮੁਕੰਮਲ ਕੋਰਸ (ਤਿੰਨ ਸਾਲ ਦੀ) ਦੀ ਫੀਸ ਜੋ ਪਹਿਲਾਂ 15 ਹਜ਼ਾਰ ਰੁਪਏ ਸੀ, ਉਹ ਵਧਾ ਕੇ 21 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਪ੍ਰਾਈਵੇਟ ਕਾਲਜਾਂ ਵਿਚ ਇਹ ਫੀਸ 42,125 ਰੁਪਏ ਬਣਦੀ ਸੀ, ਵਧਾ ਕੇ 54 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਨਰਸਿੰਗ ਕਾਲਜਾਂ ਵਿਚ ਏ.ਐਨ.ਐਮ. ਨਰਸਿੰਗ ਕੋਰਸ ਅਤੇ ਪ੍ਰਾਈਵੇਟ ਕਾਲਜਾਂ ਵਿਚ ਬੀ.ਐਸ.ਸੀ. ਨਰਸਿੰਗ (ਬੇਸਿਕ) ਅਤੇ ਬੀ.ਐਸ.ਸੀ. ਨਰਸਿੰਗ (ਪੋਸਟ ਬੇਸਿਕ) ਸਬੰਧੀ ਸੋਧ ਪ੍ਰਸਤਾਵਿਤ ਕੀਤੀ ਗਈ ਹੈ।

ਕਮੇਟੀ ਅਨੁਸਾਰ ਜੀ.ਐਨ.ਐਮ. ਕੋਰਸ ਦੀ ਫੀਸ ਵਿਚ ਸੋਧ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਭਾਰਤੀ ਨਰਸਿੰਗ ਕੌਂਸਲ ਵਲੋਂ ਇਸ ਕੋਰਸ ਨੂੰ 2021 ਤੋਂ ਬੰਦ ਕੀਤੇ ਜਾਣ ਦੀ ਸੰਭਾਵਨਾ ਹੈ। ਬੀ.ਐਸ.ਸੀ. ਨਰਸਿੰਗ (ਬੇਸਿਕ) ਅਤੇ ਬੀ.ਐਸ.ਸੀ. ਨਰਸਿੰਗ (ਪੋਸਟ ਬੇਸਿਕ) ਕੋਰਸ ਦੀ ਫੀਸ ਵਿਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਪੰਜ ਸਾਲ ਲਈ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿਚ ਆਗਾਮੀ ਬੈਚ ਲਈ ਫੀਸਾਂ ਵਿਚ ਹਰੇਕ ਸਾਲ ਪੰਜ ਫੀਸਦੀ ਦਾ ਵਾਧਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਪੰਜ ਸਾਲ ਬਾਅਦ ਸਮੀਖਿਆ ਕੀਤੀ ਜਾਵੇਗੀ। ਇਸੇ ਦੌਰਾਨ ਮੰਤਰੀ ਮੰਡਲ ਨੇ ਮੈਟਰਨ ਦੇ ਅਹੁਦੇ ਲਈ ਤਰੱਕੀ ਦੇਣ ਸਬੰਧੀ ਘੱਟੋ-ਘੱਟ ਤਜਰਬੇ ਨੂੰ ਪੰਜ ਸਾਲ ਤੋਂ ਘਟਾ ਕੇ ਤਿੰਨ ਸਾਲ ਕਰਨ ਲਈ ਪੰਜਾਬ ਸਿਹਤ ਅਤੇ ਪਰਿਵਾਰ ਭਲਾਈ ਤਕਨੀਕੀ (ਗਰੁੱਪ 'ਬੀ') ਸਰਵਿਸ ਰੂਲਸ 2018 ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

# ਆਰਥਕ ਮਾਹਿਰ ਈਸ਼ਰ ਜੱਜ ਆਹਲੂਵਾਲੀਆ ਦਾ ਦੇਹਾਂਤ

**ਨਵੀਂ ਦਿੱਲੀ:** ਉਘੀ ਆਰਥਿਕ ਮਾਹਿਰ ਅਤੇ ਪਦਮ ਭੂਸ਼ਣ ਨਾਲ ਸਨਮਾਨਤ ਈਸ਼ਰ ਜੱਜ ਆਹਲੂਵਾਲੀਆ (74) ਦਾ ਦੇਹਾਂਤ ਹੋ ਗਿਆ ਹੈ। ਪਿਛਲੇ ਮਹੀਨੇ ਉਨ੍ਹਾਂ ਆਪਣੀ ਵਿਗੜਦੀ ਸਿਹਤ ਕਾਰਨ ਕੌਮਾਂਤਰੀ ਆਰਥਿਕ ਸਬੰਧਾਂ ਬਾਰੇ ਭਾਰਤੀ ਖੋਜ ਪ੍ਰੀਸ਼ਦ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਪਰਸਨ ਮੌਂਟੇਕ ਸਿੰਘ ਆਹਲੂਵਾਲੀਆ ਦੀ ਪਤਨੀ ਸਨ।

ਸਾਬਕਾ ਕੇਂਦਰੀ ਮੰਤਰੀ ਜੈਰਾਮ ਰਮੇਸ਼ ਨੇ ਉਨ੍ਹਾਂ ਦੇ ਦੇਹਾਂਤ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਈਸ਼ਰ ਆਹਲੂਵਾਲੀਆ ਨੇ ਮੌਂਟੇਕ ਦੀ ਪਤਨੀ ਹੋਣ ਦੇ ਬਾਵਜੂਦ ਆਪਣੀ ਵੱਖਰੀ ਪਛਾਣ ਬਣਾਈ ਸੀ। ਬਾਇਓਕੌਨ ਦੀ ਚੇਅਰਪਰਸਨ ਅਤੇ ਐਮਡੀ ਕਿਰਨ ਮਜ਼ੂਮਦਾਰ-ਸ਼ਾਅ ਨੇ ਟਵੀਟ ਕਰਕੇ ਕਿਹਾ ਕਿ ਉਨ੍ਹਾਂ ਦੀ ਦੋਸਤ ਅਤੇ ਆਰਥਿਕ ਮਾਹਿਰ ਈਸ਼ਰ ਆਹਲੂਵਾਲੀਆ ਕੈਂਸਰ ਨਾਲ ਜੰਗ ਮਗਰੋਂ ਸਾਰਿਆਂ ਨੂੰ ਅਲਵਿਦਾ ਆਖ ਗਈ ਹੈ। ਸਾਬਕਾ ਵਿਦੇਸ਼ ਸਕੱਤਰ ਨਿਰੂਪਮਾ ਮੈਨਨ ਰਾਓ ਨੇ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਸਾਰੀਆਂ ਔਰਤਾਂ ਲਈ ਪ੍ਰੇਰਣਾ ਹੈ ਜੋ ਬਿਹਤਰ ਦੁਨੀਆਂ ਦਾ ਸੁਪਨਾ ਦੇਖਦੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਈਸ਼ਰ ਆਹਲੂਵਾਲੀਆ ਦੇ ਦੇਹਾਂਤ ਉਤੇ ਅਫਸੋਸ ਜਤਾਇਆ ਹੈ।

# ਮੋਦੀ ਸਰਕਾਰ ਦੀਆਂ ਜੀ. ਐਸ. ਟੀ. ਫੰਡਾਂ ਵਿਚ ਚੋਰ ਮੋਰੀਆਂ ਦੀ ਖੁੱਲ੍ਹੀ ਪੋਲ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਵਿੱਤ ਸਾਲ 2017-18 ਅਤੇ 2018-19 'ਚ ਜੀ.ਐਸ.ਟੀ. ਮੁਆਵਜ਼ੇ ਦੀ 47,272 ਕਰੋੜ ਰੁਪਏ ਦੀ ਰਾਸ਼ੀ 'ਕਨਸੋਲੀਡੇਟਿਡ ਫੰਡ ਆਫ ਇੰਡੀਆ' (ਸੀ.ਐਫ.ਆਈ.) ਉਤੇ ਰੱਖੀ ਤੇ ਇਸ ਫੰਡ ਨੂੰ ਦੂਸਰੇ ਕੰਮ ਲਈ ਵਰਤਿਆ।

ਕੈਗ (ਕੰਪਟ੍ਰੋਲਰ ਆਡਿਟਰ ਜਨਰਲ) ਨੇ ਆਪਣੀ ਆਡਿਟ ਰਿਪੋਰਟ 'ਚ ਇਹ ਖੁਲਾਸਾ ਕੀਤਾ ਹੈ। ਪਿਛਲੇ ਹਫਤੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸੰਸਦ 'ਚ ਦੱਸਿਆ ਸੀ ਕਿ ਸੂਬਿਆਂ ਨੂੰ ਜੀ.ਐਸ.ਟੀ. ਮੁਆਵਜ਼ਾ ਦੇਣ ਲਈ ਸੀ.ਐਫ.ਆਈ. ਤੋਂ ਫੰਡ ਜਾਰੀ ਕਰਨ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ, ਪਰ ਕੈਗ ਦਾ ਕਹਿਣਾ ਹੈ ਕਿ ਖੁਦ ਸਰਕਾਰ ਨੇ ਹੀ ਇਸ ਨਿਯਮ ਦੀ ਉਲੰਘਣਾ ਕੀਤੀ।

ਕੈਗ ਨੇ ਕਿਹਾ ਕਿ ਸਟੇਟਮੈਂਟ 8, 9 ਅਤੇ 13 ਦੇ ਆਡਿਟ ਪ੍ਰੀਖਣ ਦੀ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ 'ਜੀ.ਐਸ.ਟੀ. ਮੁਆਵਜ਼ਾ ਉਪਕਰ ਕੁਲੈਕਸ਼ਨ' ਵਿਚ ਘੱਟ ਫੰਡ ਜਮ੍ਹਾਂ ਹੋਇਆ। ਵਿੱਤ ਸਾਲ 2017-18 ਅਤੇ 2018-19 ਲਈ 47,272 ਕਰੋੜ ਰੁਪਏ ਘੱਟ ਫੰਡ ਜਮ੍ਹਾਂ ਹੋਇਆ। ਇਹ 'ਜੀ.ਐਸ.ਟੀ. ਮੁਆਵਜ਼ਾ ਉਪਕਰ ਐਕਟ 2017' ਦੇ ਨਿਯਮਾਂ ਦੀ ਉਲੰਘਣਾ ਹੈ।

ਨਿਯਮਾਂ ਮੁਤਾਬਕ ਇਸ ਦੀ ਵਰਤੋਂ ਰਾਜਾਂ ਨੂੰ ਜੀ.ਐਸ.ਟੀ. ਮਾਲੀਆ ਦੀ ਭਰਪਾਈ ਲਈ ਹੁੰਦੀ ਹੈ, ਪਰ ਕੇਂਦਰ ਨੇ ਕੁੱਲ ਜੀ.ਐਸ.ਟੀ. ਸੈੱਸ ਨੂੰ ਜੀ.ਐਸ.ਟੀ. ਮੁਆਵਜ਼ਾ ਫੰਡ 'ਚ ਤਬਦੀਲ ਕਰਨ ਦੀ ਬਜਾਏ ਇਸ ਨੂੰ ਸੀ.ਐਫ.ਆਈ. ਵਿਚ ਹੀ ਰੱਖਿਆ ਤੇ ਬਾਅਦ 'ਚ ਕਿਸੇ ਹੋਰ ਕੰਮ ਲਈ ਵਰਤਿਆ। ਵਿੱਤ ਸਾਲ 2018-19 'ਚ ਇਸ ਫੰਡ 'ਚ 90,000 ਕਰੋੜ ਰੁਪਏ ਟਰਾਂਸਫਰ ਕਰਨ ਦੀ ਬਜਟ ਵਿਵਸਥਾ ਸੀ ਤੇ ਇਹ ਰਕਮ ਰਾਜਾਂ ਨੂੰ ਜਾਰੀ ਕੀਤੀ ਜਾਣੀ ਸੀ, ਪਰ ਉਸ ਸਾਲ 95,081 ਕਰੋੜ ਰੁਪਏ ਜਮ੍ਹਾਂ ਹੋਏ।

ਵਿੱਤ ਮੰਤਰਾਲੇ ਦੇ ਮਾਲੀਆ ਵਿਭਾਗ ਨੇ ਇਸ 'ਚੋਂ ਕੇਵਲ 54,275 ਕਰੋੜ ਰੁਪਏ ਹੀ ਮੁਆਵਜ਼ਾ ਫੰਡ ਵਿਚ ਤਬਦੀਲ ਕੀਤੇ ਅਤੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 69, 275 ਕਰੋੜ ਰੁਪਏ ਜਾਰੀ ਕੀਤੇ ਗਏ, ਜਦੋਂ ਕਿ ਇਸ ਫੰਡ 'ਚ ਪਹਿਲਾਂ ਹੀ 15000 ਕਰੋੜ ਰੁਪਏ ਜਮ੍ਹਾਂ ਸਨ।

# 'ਮੇਡ ਇਨ ਅਮੈਰਿਕਾ' ਨਾਲ ਏਮਟਰੌਨ ਕਾਰਪੋਰੇਸ਼ਨ ਦੀ ਝੰਡੀ

**ਸ਼ਿਕਾਗੋ (ਬਿਊਰੋ):** ਅੱਜਕੱਲ੍ਹ ਕੋਵਿਡ-19 ਮਹਾਮਾਰੀ ਦਾ ਸ਼ਿਕੰਜਾ ਲਗਾਤਾਰ ਕੱਸਿਆ ਜਾ ਰਿਹਾ ਹੈ ਅਤੇ ਫੈਡਰਲ ਰਿਜ਼ਰਵ ਦੇ ਅੰਦਾਜ਼ੇ ਮੁਤਾਬਿਕ, ਮਾੜਾ ਵਕਤ ਦਾ ਅਜੇ ਆਉਣਾ ਹੈ। ਅਜਿਹੀ ਸੂਰਤ ਵਿਚ ਜਦੋਂ ਅਮਰੀਕਾ ਵਿਚ ਨੌਕਰੀਆਂ ਛੁੱਟ ਰਹੀਆਂ ਹਨ ਅਤੇ ਬੇਰੁਜ਼ਗਾਰੀ ਵਧ ਰਹੀ ਹੈ ਤਾਂ ਏਮਟਰੌਨ ਗਰੁੱਪ ਅਜਿਹੀ ਸੰਸਥਾ ਵਜੋਂ ਉਭਰਿਆ ਹੈ, ਜੋ ਆਪਣੇ 'ਮੇਡ ਇਨ ਅਮੈਰਿਕਾ' ਸੁਫਨੇ ਨੂੰ ਹੋਰ ਅੱਗੇ ਲਿਜਾਣ ਲਈ ਟਿੱਲ ਲਾ ਰਿਹਾ ਹੈ। ਇਹ ਇਸੇ ਦਾ ਹੀ ਨਤੀਜਾ ਸੀ ਕਿ ਅਮਰੀਕੀ ਕਾਂਗਰਸ ਲਈ ਉਮੀਦਵਾਰ ਜੀਨ ਆਇਵਸ ਨੇ ਆਪਣੇ ਹਾਲੀਆ ਦੌਰੇ ਦੌਰਾਨ ਏਮਟਰੌਨ ਦੀਆਂ ਨਵੀਂਆਂ ਪਹਿਲਕਦਮੀਆਂ ਅਤੇ ਮਜ਼ਬੂਤ ਤੇ ਉਜਵਲ ਅਮਰੀਕਾ ਲਈ ਪ੍ਰਸ਼ੰਸਾ ਕੀਤੀ ਹੈ।

ਏਮਟਰੌਨ ਦੇ ਆਪਣੇ ਦੌਰੇ ਮੌਕੇ ਆਈਵਸ ਨੇ ਇਸ ਤੱਥ 'ਤੇ ਜ਼ੋਰ ਦਿੱਤਾ ਕਿ ਇਹ ਸਰਕਾਰ ਅਤੇ ਏਮਟਰੌਨ ਸਿਸਟਮਜ਼, ਐਲ.ਐਲ.ਸੀ. ਵਰਗੀਆਂ ਕੰਪਨੀਆਂ ਦੀ ਸਾਂਝੀ ਜ਼ਿੰਮੇਵਾਰੀ ਹੋਵੇਗੀ ਕਿ ਮੁਲਕ ਦੀ ਆਰਥਿਕਤਾ ਨੂੰ ਅਗਾਂਹ ਲਿਜਾਇਆ ਜਾਵੇ। ਉਨ੍ਹਾਂ ਕਿਹਾ, "ਸਾਡੀ ਕੌਮੀ ਸੁਰੱਖਿਆ ਅਮਰੀਕੀਆਂ ਦੀ ਸੁਰੱਖਿਆ ਅਤੇ ਸਾਡੀ ਆਰਥਿਕਤਾ ਲਈ ਅਹਿਮ ਯੋਗਦਾਨ ਪਾ ਰਹੀ ਹੈ। ਤੁਸੀਂ ਰੱਖਿਆ ਸਨਅਤ ਦੀ ਤਰਫੋਂ ਜੋ ਕੁਝ ਕਰ ਰਹੇ ਹੋ, ਉਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।" ਇਸ ਤੋਂ ਬਾਅਦ ਉਨ੍ਹਾਂ ਏਮਟਰੌਨ ਦੇ ਹੁਣ ਤੱਕ ਦੇ ਸਫਰ ਅਤੇ ਸ੍ਰੀ ਤੇ ਸ੍ਰੀਮਤੀ ਵਾਸਨੀ ਦੇ ਪਰਿਵਾਰ ਵਲੋਂ ਕੀਤੇ ਕੰਮਾਂ ਦਾ ਖੁਲਾਸਾ ਕੀਤਾ।

ਯਾਦ ਰਹੇ, ਏਮਟਰੌਨ ਕਾਰਪੋਰੇਸ਼ਨ ਸਾਲ 2009 ਵਿਚ ਨੌਜਵਾਨ ਕਾਰੋਬਾਰੀ ਸ੍ਰੀ ਮੁਕੇਸ਼ ਵਾਸਨੀ ਨੇ ਸ਼ੁਰੂ ਕੀਤੀ ਸੀ ਅਤੇ ਉਹ ਹੀ ਇਸ ਕਾਰੋਪਰੇਸ਼ਨ ਦੇ ਸੀ.ਈ.ਓ. ਹਨ। ਅੱਜਕੱਲ੍ਹ ਏਮਟਰੌਨ ਕਾਰਪੋਰੇਸ਼ਨ 6 ਵੱਖ-ਵੱਖ ਗਰੁੱਪ ਕੰਪਨੀਆਂ ਰਾਹੀਂ ਕੰਮ ਕਰ ਰਹੀ ਹੈ। ਜੀਨ ਆਇਵਸ ਦੇ ਦੌਰੇ ਮੌਕੇ ਸ੍ਰੀ ਵਾਸਨੀ ਨੇ ਕਿਹਾ, "ਏਮਟਰੌਨ ਲੋਕਲ ਮੈਨੂਫੈਕਚਰਿੰਗ ਅਤੇ ਅਮਰੀਕੀਆਂ ਲਈ ਰੁਜ਼ਗਾਰ ਵਧਾਉਣ ਲਈ ਵਚਨਬੱਧ ਹੈ। ਏਮਟਰੌਨ ਦਾ ਸਫਰ ਅਸਲ ਵਿਚ ਭਾਈਚਾਰੇ ਅਤੇ ਮੁਲਕ ਦੀ ਸੇਵਾ ਦਾ ਹੀ ਹੈ। ਅੱਜ ਅਸੀਂ ਸੰਸਾਰ ਪੱਧਰ ਦੇ ਮੈਨੂਫੈਕਚਰਿੰਗ ਪ੍ਰੋਸੈਸ ਨਾਲ ਜੁੜੇ ਹੋਏ ਹਾਂ।"

ਏਮਟਰੌਨ ਕਾਰਪੋਰੇਸ਼ਨ ਅਜਿਹੇ ਕੁਝ ਕੁ ਅਦਾਰਿਆਂ ਵਿਚੋਂ ਇਕ ਹੈ ਜਿਹੜਾ ਮੈਰਿਟ ਦੇ ਆਧਾਰ 'ਤੇ ਚਲਾਇਆ ਜਾ ਰਿਹਾ ਹੈ। ਏਮਟਰੌਨ ਦਾ ਸਾਰਾ ਜ਼ੋਰ ਸਖਤ ਮਿਹਨਤ ਅਤੇ ਬਰਾਬਰੀ 'ਤੇ ਹੈ। ਏਮਟਰੌਨ ਸਿਸਟਮਜ਼ ਦੀ ਮਿਲਟਰੀ/ਰੱਖਿਆ ਡਿਵੀਜ਼ਨ ਦੀ ਕਮਾਨ ਨੌਜਵਾਨ ਔਰਤ ਮਿਸ ਧਰੁਤੀ ਵਾਸਨੀ ਨੇ ਸੰਭਾਲੀ ਹੋਈ ਹੈ। ਏਮਟਰੌਨ ਕਾਰਪੋਰੇਸ਼ਨ ਆਪਣੇ ਕੰਮ ਸਦਕਾ ਸੰਸਾਰ ਭਰ ਵਿਚ ਫੈਲੀ ਹੋਈ ਹੈ। ਕੰਪਨੀ ਦੇ ਸੇਲਜ਼ ਅਤੇ ਮਾਰਕੀਟਿੰਗ ਵਿਭਾਗ ਸ੍ਰੀ ਅਬੇਲ ਕਾਸਟੀਲੋ ਅਤੇ ਸ੍ਰੀ ਜੋਇਲ ਪੀਟਰਸਨ ਦੀ ਅਗਵਾਈ ਹੇਠ ਚੱਲ ਰਹੇ ਹਨ। ਸ੍ਰੀ ਵਾਸਨੀ ਅਨੁਸਾਰ, ਅਦਾਰੇ ਦਾ ਟੀਚਾ ਨਵੀਆਂ ਪੈੜਾਂ ਪਾਉਣ ਦਾ ਹੈ।



ਪੰਜਾਬ ਟਾਈਮਜ਼

ਸਨਿਚਰਵਾਰ, 3 ਅਕਤੂਬਰ 2020

# ਕਿਸਾਨ ਅੰਦੋਲਨ ਅਤੇ ਹੱਕਾਂ ਦੀ ਲੜਾਈ

ਮੁੱਖ ਰੂਪ ਵਿਚ ਪੰਜਾਬ-ਹਰਿਆਣਾ ਵਿਚ ਸ਼ੁਰੂ ਹੋਇਆ ਕਿਸਾਨ ਅੰਦੋਲਨ ਹੁਣ ਹੌਲੀ-ਹੌਲੀ ਪੂਰੇ ਭਾਰਤ ਅੰਦਰ ਫੈਲ ਰਿਹਾ ਹੈ। ਇਹ ਅੰਦੋਲਨ ਮੋਦੀ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠਿਆ ਹੈ। ਮੋਦੀ ਸਰਕਾਰ ਦਾ ਦਾਅਵਾ ਹੈ ਕਿ ਇਹ ਤਿੰਨੇ ਕਾਨੂੰਨ ਕਿਸਾਨਾਂ ਦੇ ਫਾਇਦੇ ਲਈ ਬਣਾਏ ਗਏ ਹਨ, ਜਦੋਂ ਕਿ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਖੇਤੀ ਕਾਨੂੰਨਾਂ ਰਾਹੀਂ ਕਿਸਾਨਾਂ ਦੇ ਹੱਕ ਖੋਹ ਕੇ ਕਿਸਾਨਾਂ ਦੀ ਡੋਰ ਕਾਰਪੋਰੇਟ ਖੇਮੇ ਦੇ ਹੱਥ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਕਿਸਾਨਾਂ ਦਾ ਇਹ ਅੰਦੋਲਨ ਭਾਵੇਂ ਨਿੱਤ ਦਿਨ ਜ਼ੋਰ ਫੜ ਰਿਹਾ ਹੈ, ਪਰ ਮੋਦੀ ਸਰਕਾਰ ਨੇ ਅਜੇ ਤਕ ਇਨ੍ਹਾਂ ਖੇਤੀ ਕਾਨੂੰਨਾਂ ਬਾਰੇ ਕੋਈ ਨਰਮੀ ਵਰਤਣ ਦੇ ਸੰਕੇਤ ਨਹੀਂ ਦਿੱਤੇ ਹਨ, ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਵਜ਼ਾਰਤ ਦੇ ਮੈਂਬਰ ਵਾਰ-ਵਾਰ ਇਹੀ ਆਖ ਰਹੇ ਹਨ ਕਿ ਵਿਰੋਧੀ ਧਿਰ ਕਿਸਾਨਾਂ ਨੂੰ ਗੁਮਰਾਹ ਕਰ ਹੀ ਹੈ ਅਤੇ ਇਹ ਵਿਰੋਧੀ ਧਿਰ ਚਾਹੁੰਦੀ ਹੀ ਨਹੀਂ ਕਿ ਕਿਸਾਨਾਂ ਦਾ ਫਾਇਦਾ ਹੋਵੇ। ਹੁਣ ਤਾਂ ਨਰਿੰਦਰ ਮੋਦੀ ਨੇ ਵਿਰੋਧੀ ਧਿਰ 'ਤੇ ਇਹ ਹੱਲਾ ਵੀ ਬੋਲ ਦਿੱਤਾ ਹੈ ਕਿ ਇਹ ਤਾਂ ਨੌਜਵਾਨਾਂ ਅਤੇ ਫੌਜੀਆਂ/ਸੁਰੱਖਿਆ ਬਲਾਂ ਦੇ ਵੀ ਹੱਕ ਵਿਚ ਨਹੀਂ ਹੈ। ਜਾਹਰ ਹੈ ਕਿ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦਾ ਸਾਰਾ ਤਾਣਾ-ਬਾਣਾ ਦੇਸ਼ ਭਗਤੀ ਦੇ ਆਲੇ-ਦੁਆਲੇ ਹੀ ਬੁਣਿਆ ਜਾ ਰਿਹਾ ਹੈ। ਇਹ ਸਰਕਾਰ ਅਤੇ ਇਸ ਨੂੰ ਚਲਾਉਣ ਵਾਲੇ ਲੀਡਰ ਵਿਰੋਧੀ ਧਿਰ ਦੇ ਲੀਡਰਾਂ ਤੇ ਲੋਕਾਂ ਦੇ ਹੱਕ 'ਚ ਅਵਾਜ਼ ਬੁਲੰਦ ਕਰਨ ਵਾਲਿਆਂ ਉਤੇ ਸ਼ਰੇਆਮ ਦੇਸ਼ ਧਰੋਹ ਦੇ ਦੋਸ਼ ਲਾਉਂਦੇ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਇਸ ਮਸਲੇ ਬਾਰੇ ਕਾਰਵਾਈਆਂ ਹੋਰ ਤਿੱਖੀਆਂ ਹੋਣ ਦੇ ਆਸਾਰ ਹਨ, ਕਿਉਂਕਿ ਕਿਸਾਨਾਂ ਨੇ ਬਾਕਾਇਦਾ ਐਲਾਨ ਕੀਤਾ ਹੋਇਆ ਹੈ ਕਿ ਇਹ ਉਨ੍ਹਾਂ ਦੀ ਆਰ-ਪਾਰ ਦੀ ਲੜਾਈ ਹੈ, ਜਦੋਂ ਕਿ ਕੇਂਦਰ ਸਰਕਾਰ ਟੱਸ ਤੋਂ ਮੱਸ ਹੋਣ ਲਈ ਤਿਆਰ ਨਹੀਂ ਜਾਪਦੀ।

ਇਸ ਪ੍ਰਸੰਗ ਵਿਚ ਪੰਜਾਬ ਆਪਣੀ ਲੜਾਈ ਵਧਵੇਂ ਰੂਪ ਵਿਚ ਲੜ ਰਿਹਾ ਹੈ। ਪੰਜਾਬ ਦੇ ਇਸ ਕਿਸਾਨ ਸੰਘਰਸ਼ ਨੇ ਮੁਢਲੇ ਰੂਪ ਵਿਚ ਹੀ ਕਈ ਜਿੱਤਾਂ ਦਰਜ ਕਰਵਾ ਲਈਆਂ ਹਨ, ਜਿਨ੍ਹਾਂ ਵਲ ਗੌਰ ਕਰਨਾ ਬਣਦਾ ਹੈ। ਸਭ ਤੋਂ ਪਹਿਲਾਂ ਤਾਂ ਵੱਖ-ਵੱਖ ਕਿਸਾਨ ਧਿਰਾਂ ਇਕ ਮੰਚ 'ਤੇ ਆ ਗਈਆਂ, ਭਾਵੇਂ ਇਨ੍ਹਾਂ ਵਿਚਕਾਰ ਮਤਭੇਦ ਅਜੇ ਵੀ ਬਰਕਰਾਰ ਹਨ, ਪਰ ਲੀਡਰਾਂ ਦੀ ਪਹਿਲਕਦਮੀ ਨਾਲ ਅੰਦੋਲਨ ਦਾ ਇਕ ਮੁੰਹ-ਮਹਾਂਦਰਾ ਬਣ ਗਿਆ ਹੈ। ਦੂਜਾ, ਇਸ ਘੋਲ ਨੇ ਪਹਿਲਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਵਜ਼ਾਰਤ ਵਿਚੋਂ ਅਤੇ ਫਿਰ ਸ਼੍ਰੋਮਣੀ ਅਕਾਲੀ ਦਲ ਨੂੰ ਕੌਮੀ ਜਮਹੂਰੀ ਗਠਜੋੜ (ਐਨ. ਡੀ. ਏ.) ਵਿਚੋਂ ਬਾਹਰ ਆਉਣ ਲਈ ਮਜਬੂਰ ਕੀਤਾ। ਤੀਜਾ, ਜਿਹੜਾ ਕੈਪਟਨ ਅਮਰਿੰਦਰ ਸਿੰਘ ਕਰੋਨਾ ਦੇ ਬਹਾਨੇ ਸੰਘਰਸ਼ ਨੂੰ ਲਗਾਤਾਰ ਡੱਕਣ ਦਾ ਯਤਨ ਕਰ ਰਿਹਾ ਸੀ, ਉਸ ਨੂੰ ਪਿੱਛੇ ਹਟਣਾ ਪਿਆ ਅਤੇ ਕਿਸਾਨਾਂ ਖਿਲਾਫ ਦਰਜ ਕੀਤੇ ਸਾਰੇ ਦੇ ਸਾਰੇ ਕੇਸ ਵਾਪਸ ਲੈਣੇ ਪਏ। ਚੌਥਾ, ਇਹ ਅੰਦੋਲਨ ਪੰਜਾਬ ਦੇ ਕਲਾਕਾਰਾਂ ਦੀ ਹਮਾਇਤ ਹਾਸਲ ਕਰਨ ਵਿਚ ਕਾਮਯਾਬ ਰਿਹਾ ਹੈ। ਪੰਜਵਾਂ, ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਨੇ ਅਜੇ ਤਕ ਆਪਣਾ ਇਹ ਸੰਘਰਸ਼ ਕਿਸੇ ਵੀ ਸਿਆਸੀ ਧਿਰ ਨੂੰ ਹਾਈਜੈਕ ਕਰਨ ਦਾ ਮੌਕਾ ਨਹੀਂ ਦਿੱਤਾ ਹੈ ਅਤੇ ਸੰਘਰਸ਼ ਦੀ ਕਮਾਨ ਪੂਰੀ ਤਰ੍ਹਾਂ ਆਪਣੇ ਹੱਥ ਵਿਚ ਰੱਖੀ ਹੋਈ ਹੈ। ਉਂਜ, ਇਹ ਠੀਕ ਹੈ ਕਿ ਕਿਸਾਨ ਧਿਰਾਂ ਨੇ ਕਿਸੇ ਵੀ ਸਿਆਸੀ ਧਿਰ ਨੂੰ ਨੇੜੇ ਨਹੀਂ ਫਟਕਣ ਦਿੱਤਾ, ਪਰ ਇਹ ਵੀ ਇਕ ਸੱਚਾਈ ਹੈ ਕਿ ਇਸ ਸੰਘਰਸ਼ ਨੂੰ ਸਿਆਸੀ ਲੀਹ ਉਤੇ ਪਾਏ ਬਗੈਰ ਵੱਡੀ ਪ੍ਰਾਪਤੀ ਹਾਸਲ ਕਰ ਸਕਣੀ ਮੁਸ਼ਕਿਲ ਹੀ ਹੈ। ਪਹਿਲੇ ਅਜਿਹੇ ਸੰਘਰਸ਼ਾਂ ਦਾ ਇਹੀ ਦੁਖਾਂਤ ਰਿਹਾ ਹੈ ਕਿ ਤਿੱਖੀ ਲੜਾਈ ਦੇ ਬਾਵਜੂਦ ਸੱਤਾਧਾਰੀ ਸਿਆਸੀ ਜਮਾਤ ਲੜਾਈ ਨੂੰ ਠੰਢੀ ਪਾਉਣ ਵਿਚ ਕਾਮਯਾਬ ਹੁੰਦੀ ਰਹੀ ਹੈ।

ਅਸਲ ਵਿਚ ਮੋਦੀ ਸਰਕਾਰ ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਰਾਹੀਂ ਖੇਤੀ ਖੇਤਰ ਨੂੰ ਮੁੱਢੋਂ-ਸੁੱਢੋਂ ਬਦਲ ਦੇਣਾ ਚਾਹੁੰਦੀ ਹੈ। ਇਸ ਦੇ ਨਾਲ ਹੀ ਇਸ ਦਾ ਇਕ ਹੋਰ ਨਿਸ਼ਾਨਾ ਰਾਜਾਂ ਦੇ ਹੱਕਾਂ ਉਤੇ ਡਾਕਾ ਮਾਰਨਾ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਮਾਤ - ਆਰ. ਐਸ. ਐਸ., ਦਾ ਮੁੱਢ ਤੋਂ ਹੀ ਇਹ ਟੀਚਾ ਰਿਹਾ ਹੈ ਕਿ ਭਾਰਤ ਨੂੰ ਕੇਂਦਰਵਾਦੀ ਮੁਲਕ ਬਣਾਉਣਾ ਹੈ। ਪਿਛਲੇ ਸਮੇਂ ਦੌਰਾਨ ਜਿਸ ਤਰ੍ਹਾਂ ਦੇ ਫੈਸਲੇ ਆਏ ਹਨ, ਉਹ ਕੇਂਦਰਵਾਦ ਨੂੰ ਮਜ਼ਬੂਤ ਕਰਨ ਵਾਲੇ ਹੀ ਹਨ। ਉਂਜ ਵੀ, ਮੋਦੀ ਸਰਕਾਰ ਨੇ ਪਿਛਲੇ ਛੇ ਸਾਲਾਂ ਦੌਰਾਨ ਮੁਲਕ ਦੀਆਂ ਕਰੀਬ ਸਾਰੀਆਂ ਸੰਸਥਾਵਾਂ ਉਤੇ ਸਿੱਧੇ-ਅਸਿੱਧੇ ਢੰਗ ਨਾਲ ਕਬਜ਼ਾ ਕਰ ਲਿਆ ਹੈ। ਨਿਆਂ ਪਾਲਿਕਾ ਨੂੰ ਇਸ ਮਾਮਲੇ ਵਿਚ ਅਪਵਾਦ ਮੰਨਿਆ ਜਾ ਰਿਹਾ ਸੀ, ਪਰ ਪਿਛਲੇ ਸਮੇਂ ਦੌਰਾਨ ਜਿਸ ਤਰ੍ਹਾਂ ਬਾਬਰੀ ਮਸਜਿਦ/ਰਾਮ ਮੰਦਿਰ ਬਾਰੇ ਫੈਸਲੇ ਆਇਆ ਹੈ ਜਾਂ ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਦੇ ਮਾਮਲੇ ਵਿਚ ਸੁਪਰੀਮ ਕੋਰਟ ਦਾ ਜੋ ਰਵੱਈਆ ਰਿਹਾ ਹੈ, ਉਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਮੁਲਕ ਦੀ ਕਰੀਬ ਹਰ ਸੰਸਥਾ ਹੁਣ ਕੇਂਦਰ ਸਰਕਾਰ ਵਾਲੇ ਵਿਚਾਰਾਂ ਉਤੇ ਹੀ ਫੁੱਲ ਚੜ੍ਹਾ ਰਹੀ ਹੈ। ਇਸ ਸੂਰਤ ਵਿਚ ਹੁਣ ਉਠੇ ਕਿਸਾਨ ਅੰਦੋਲਨ ਦਾ ਵਿਸ਼ੇਸ਼ ਮਹੱਤਵ ਬਣਦਾ ਹੈ। ਇਹ ਅਸਲ ਵਿਚ ਇਕੱਲੇ ਕਿਸਾਨਾਂ ਦੀ ਲੜਾਈ ਨਹੀਂ, ਇਹ ਲੜਾਈ ਰਾਜਾਂ ਦੇ ਵੱਧ ਅਧਿਕਾਰਾਂ ਅਤੇ ਬੋਲਣ ਦੀ ਆਜ਼ਾਦੀ ਨਾਲ ਵੀ ਡੂੰਘੀ ਜੁੜੀ ਹੋਈ ਹੈ। ਕੇਂਦਰ ਸਰਕਾਰ ਜਿਸ ਤਰ੍ਹਾਂ ਕੁਝ ਸਮੇਂ ਤੋਂ ਆਪਣੇ ਖਿਲਾਫ ਬੋਲਣ ਵਾਲੇ ਹਰ ਸ਼ਖਸ ਨੂੰ ਸੀਖਾਂ ਪਿਛੇ ਤਾੜ ਰਹੀ ਹੈ, ਉਸ ਖਿਲਾਫ ਲੋਕਾਂ ਅੰਦਰ ਭਰਿਆ ਗੁੱਸਾ ਅਤੇ ਰੋਹ ਵੀ ਕਿਸਾਨ ਅੰਦੋਲਨ ਰਾਹੀਂ ਹੀ ਪ੍ਰਗਟ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਜੇ ਇਸ ਅੰਦੋਲਨ ਨੂੰ ਸਿਆਸੀ ਰੁਖ ਦੇ ਕੇ ਮੋਦੀ ਸਰਕਾਰ ਵਲ ਮੋੜ ਦਿੱਤਾ ਗਿਆ ਤਾਂ ਸੰਭਵ ਹੈ ਕਿ ਸਰਕਾਰ ਨੂੰ ਆਪਣੇ ਫੈਸਲਿਆਂ ਤੋਂ ਪਿਛਾਂਹ ਹਟਣਾ ਪੈ ਜਾਵੇ, ਪਰ ਅੰਦੋਲਨ ਨੂੰ ਇਸ ਮੁਕਾਮ ਤਕ ਪਹੁੰਚਾਉਣ ਲਈ ਸੁਘੜ ਲੀਡਰਸ਼ਿਪ ਅਤੇ ਸਹੀ ਫੈਸਲਿਆਂ ਦੀ ਲੋੜ ਪਵੇਗੀ। ਲੜ ਰਹੀਆਂ ਧਿਰਾਂ ਨੂੰ ਇਸ ਸਬੰਧੀ ਬਾਕਾਇਦਾ ਰਣਨੀਤੀ ਘੜਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਟੁੱਟੀ ਨ੍ਹੀਂ ਤੜੱਕ ਕਰਕੇ!

ਚੌਵੀ ਸਾਲ ਨਿਭਾ ਲਿਆ 'ਨਰੜ' ਦੋਹਾਂ, ਰਿਸ਼ਤਾ ਪਤੀ ਤੇ ਪਤਨੀ ਦਾ ਦੱਸ ਕੇ ਜੀ।
ਕਿਹਨੂੰ ਸਮਝੀਏ ਪਤੀ ਤੇ ਕੌਣ ਪਤਨੀ, ਦੁਨੀਆਂ ਪੁੱਛਦੀ ਰਹੀ ਐ ਹੱਸ ਕੇ ਜੀ।
ਕੌਮੀ ਹਿਤਾਂ ਵੱਲ ਪਿੱਠ ਹੀ ਦੇਈ ਰੱਖੀ, ਨਿੱਜੀ ਲਾਲਚਾਂ ਵਿਚ ਹੀ ਫਸ ਕੇ ਜੀ।
ਤੀਜੇ ਥਾਂਹ ਬਿਠਾਇਆ ਪੰਜਾਬੀਆਂ ਨੇ, ਅੱਗੇ ਆਉਣਾ ਹੁਣ ਚਾਹੁੰਦਾ ਏ ਨੱਸ ਕੇ ਜੀ।
'ਤੇਲ ਪਾਉਣ' ਦੀ ਕੋਸ਼ਿਸ਼ ਹੀ ਕਰੀ ਜਾਣੋਂ, ਦੀਵਾ ਲੱਗਾ ਸੀ ਬੁਝਣ 'ਭੜੱਕ' ਕਰਕੇ।
ਇਹ ਵੀ ਇਕ ਸਿਆਸੀ ਹੀ ਪੈਂਤੜਾ ਏ, ਇਹਨੂੰ ਟੁੱਟੀ ਨਾ ਸਮਝੋ 'ਤੜੱਕ' ਕਰਕੇ!

# ਭਾਰਤ ਵੀ ਫਾਸ਼ੀਵਾਦ ਵਾਲੇ ਇਟਲੀ ਦੇ ਰਾਹ

*ਭਾਰਤ ਦੀ ਮੋਦੀ ਹਕੂਮਤ ਨਿਤ ਦਿਨ ਲੋਕਾਂ 'ਤੇ ਸ਼ਿਕੰਜਾ ਕੱਸ ਰਹੀ ਹੈ। ਉਘੇ ਵਿਦਵਾਨ ਰਾਮਚੰਦਰ ਗੁਹਾ ਨੇ ਇਕ ਕਿਤਾਬ ਦੇ ਹਵਾਲੇ ਨਾਲ ਭਾਰਤ ਦੇ ਇਸ ਨਿਜ਼ਾਮ ਦੀ ਤੁਲਨਾ ਮੁਸੋਲਿਨੀ ਵਾਲੇ ਦੌਰਾ ਦੇ ਇਟਲੀ ਨਾਲ ਕੀਤੀ ਹੈ। ਨਰਿੰਦਰ ਮੋਦੀ ਵਾਂਗ ਮੁਸੋਲਿਨੀ ਨੇ ਵੀ ਮੁਲਕ ਦੀ ਆਰਥਕਤਾ ਤਬਾਹ ਕਰ ਕੇ ਰੱਖ ਦਿੱਤੀ ਸੀ। -ਸੰਪਾਦਕ*

ਮੈਂ ਕਈ ਜੀਵਨੀਆਂ ਪੜ੍ਹੀਆਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਦੂਜੇ ਮੁਲਕਾਂ ਨਾਲ ਸਬੰਧਤ ਹਨ। ਇਕ ਕਿਤਾਬ ਮੈਂ ਹੁਣੇ ਪੜ੍ਹੀ ਹੈ, ਜਿਸ ਦਾ ਨਾਂ ਹੈ 'ਬੈਨੇਦੇਤੋ ਕਰੋਚੇ ਐਂਡ ਇਟੈਲੀਅਨ ਫਾਸ਼ਿਜ਼ਮ' ਜੋ ਕੈਨੇਡੀਅਨ ਵਿਦਵਾਨ ਫੈਬੀਓ ਫਰਨੈਂਡੋ ਰਿਜ਼ੀ ਨੇ ਲਿਖੀ ਹੈ। ਇਸ ਵਿਚ ਉਹ ਮਹਾਨ ਦਾਰਸ਼ਨਿਕ ਕਰੋਚੇ ਦੀ ਜ਼ਿੰਦਗੀ ਦੀ ਕਹਾਣੀ ਰਾਹੀਂ ਉਸ ਜ਼ਮਾਨੇ ਦੀ ਦਾਸਤਾਂ ਪਾਉਂਦੇ ਹਨ।

ਰਿਜ਼ੀ ਦੀ ਕਿਤਾਬ ਪੜ੍ਹ ਕੇ ਇੰਜ ਲੱਗਿਆ ਕਿ 1920ਵਿਆਂ ਦੇ ਇਟਲੀ ਅਤੇ ਅਜੋਕੇ ਭਾਰਤ ਵਿਚਕਾਰ ਅਜੀਬੋ-ਗਰੀਬ ਸਮਾਨਤਾਵਾਂ ਹਨ। ਲੇਖਕਾਂ ਅਤੇ ਪ੍ਰਚਾਰਕਾਂ ਨੇ ਡੂਚੇ ਦੀ ਪ੍ਰਤਿਭਾ ਦਾ ਗੁਣਗਾਨ ਕਰਨ ਲਈ ਬੈਨੀਤੋ ਮੁਸੋਲਿਨੀ ਦਾ ਮਿੱਥ ਸਿਰਜਿਆ, ਠੀਕ ਇਵੇਂ ਹੀ ਨਰਿੰਦਰ ਮੋਦੀ ਨਾਲ ਹੋਇਆ ਹੈ। ਇਨ੍ਹਾਂ ਪ੍ਰਚਾਰਕਾਂ ਨੇ



ਰਾਮਚੰਦਰ ਗੁਹਾ

ਫਾਸ਼ੀਵਾਦ ਦੇ ਨੇਤਾ ਨੂੰ 'ਦੈਵੀ ਪੁਰਸ਼', 'ਅਕੀਦੇ ਵਾਲਾ ਸ਼ਖਸ ਜਾਂ ਮਹਾਂਪੁਰਸ਼' ਕਹਿਣਾ ਸ਼ੁਰੂ ਕਰ ਦਿੱਤਾ ਸੀ। ਡੂਚੇ ਦਾ ਮਿੱਥ ਕੁਝ ਇਸ ਤਰ੍ਹਾਂ ਸਿਰਜਿਆ ਗਿਆ, ਜਿਵੇਂ ਚੀਫ ਹਰ ਵਕਤ ਸਹੀ ਹੁੰਦਾ ਹੈ।

ਦਸੰਬਰ 1925 ਵਿਚ ਇਤਾਲਵੀ ਸਰਕਾਰ ਨੇ ਨਵਾਂ ਕਾਨੂੰਨ ਪਾਸ ਕੀਤਾ ਜੋ ਪ੍ਰੈਸ ਅਤੇ ਇਸ ਦੀ ਆਜ਼ਾਦੀ ਲਈ ਬਹੁਤ ਕਠੋਰ ਸੀ। ਕਾਨੂੰਨ ਦੇ ਸਿੱਟੇ ਅਜਿਹੇ ਨਿਕਲੇ ਕਿ ਕੁਝ ਮਹੀਨਿਆਂ ਦੇ ਅੰਦਰ ਹੀ ਇਕ-ਇਕ ਕਰ ਕੇ ਬਹੁਤ ਸਾਰੇ ਅਹਿਮ ਅਖਬਾਰ ਫਾਸ਼ੀਵਾਦ ਦੀ ਕੰਟਰੋਲ ਹੇਠ ਆ ਗਏ। ਕੁਝ ਮਾਲਕਾਂ ਨੂੰ ਆਰਥਕ ਅਤੇ ਸਿਆਸੀ ਦਬਾਅ ਪਾ ਕੇ ਅਖਬਾਰ ਵੇਚ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਸਾਰੇ ਉਦਾਰਵਾਦੀ ਸੰਪਾਦਕਾਂ ਨੂੰ ਅਸਤੀਫੇ ਦੇਣ ਲਈ ਮਜਬੂਰ ਕੀਤਾ ਗਿਆ ਅਤੇ ਉਨ੍ਹਾਂ ਦੀ ਥਾਂ ਹਾਂ ਵਿਚ ਹਾਂ ਮਿਲਾਉਣ ਵਾਲੇ ਬਿਠਾ ਦਿੱਤੇ ਗਏ।

1925 ਦੇ ਉਸੇ ਸਾਲ ਬੈਨੇਦੇਤੋ ਕਰੋਚੇ ਨੇ ਸੱਤਾਧਾਰੀ ਪਾਰਟੀ ਅਤੇ ਮੁਸੋਲਿਨੀ ਦੀ ਵਿਚਾਰਧਾਰਾ ਦੀ ਨਿਖੇਧੀ ਕਰਦਿਆਂ ਇਸ ਨੂੰ 'ਸੱਤਾ ਅਤੇ ਦਮਗਜ਼ੇਬਾਜ਼ੀ ਪ੍ਰਤੀ ਫਰਿਆਦ, ਕਾਨੂੰਨ ਦੀ ਨਿਸ਼ਠਾ ਅਤੇ ਕਾਨੂੰਨ ਦੀ ਅਵਹੇਲਨਾ, ਅਤਿ ਆਧੁਨਿਕ ਸੰਕਲਪਾਂ ਅਤੇ ਦਕੀਆਨੂਸੀ, ਤਹਿਜ਼ੀਬ ਦੀ ਨਿਖੇਧੀ ਅਤੇ ਨਵੀਂ ਤਹਿਜ਼ੀਬ ਦੀ ਸਿਰਜਣਾ 'ਤੇ ਜ਼ੋਰ ਆਦਿ... ਦਾ ਅਜੀਬੋ ਗਰੀਬ ਮਿਲਗੋਭਾ' ਕਰਾਰ ਦਿੱਤਾ। ਇਸ ਲਿਹਾਜ਼ ਤੋਂ 1920ਵਿਆਂ ਦਾ ਇਤਾਲਵੀ ਰਾਜ ਅਜੋਕੀ ਨਰਿੰਦਰ ਮੋਦੀ ਦੀ ਸਰਕਾਰ ਨਾਲ ਬਹੁਤ ਮੇਲ ਖਾਂਦਾ ਹੈ ਜੋ ਸੰਵਿਧਾਨ ਦੇ ਸਤਿਕਾਰ ਦੀਆਂ ਬਹੁਤ ਗੱਲਾਂ ਕਰਦੀ ਹੈ ਪਰ ਇਸ ਦੀ ਰੂਹ ਨੂੰ ਲਤਾੜ ਰਹੀ ਹੈ, ਜੋ ਪ੍ਰਾਚੀਨ ਗਿਆਨ ਦੇ ਹੋਕਰੇ ਲਾਉਂਦੀ ਹੈ ਪਰ ਆਧੁਨਿਕ ਵਿਗਿਆਨ ਨੂੰ ਦਰਕਿਨਾਰ ਕਰਦੀ ਆ ਰਹੀ ਹੈ, ਜੋ ਪ੍ਰਾਚੀਨ ਸਭਿਆਚਾਰ ਨੂੰ ਵਡਿਆਉਂਦੀ ਹੈ ਪਰ ਅਮਲ ਵਿਚ ਕਲਾ ਤੇ ਸਾਹਿਤ ਨੂੰ ਪੂਰੀ ਤਰ੍ਹਾਂ ਦੁਰਕਾਰਦੀ ਹੈ।

ਹਾਲਾਂਕਿ ਬਹੁਤੇ ਆਜ਼ਾਦ ਸੋਚ ਇਤਾਲਵੀ ਬੁੱਧੀਜੀਵੀਆਂ ਨੂੰ ਮਜਬੂਰਨ ਜਲਾਵਤਨ ਹੋਣਾ ਪਿਆ ਪਰ ਬੈਨੇਦੇਤੋ ਕਰੋਚੇ ਨੇ ਆਪਣਾ ਵਤਨ ਨਾ ਛੱਡਿਆ ਤੇ ਉਹ ਇਟਲੀ ਵਿਚ ਰਹਿ ਕੇ ਫਾਸ਼ੀਵਾਦ ਖਿਲਾਫ ਬੌਧਿਕ ਤੇ ਇਖਲਾਕੀ ਸੁਰ ਨੂੰ ਆਵਾਜ਼ ਦਿੰਦੇ ਰਹੇ। ਕਰੋਚੇ ਦੇ ਜੀਵਨੀਕਾਰ ਇੰਜ ਲਿਖਦੇ ਹਨ: "ਸਰਕਾਰ ਜਨ ਮਾਧਿਅਮਾਂ ਅਤੇ ਸਿੱਖਿਆ ਤੰਤਰ ਰਾਹੀਂ ਮੁਸੋਲਿਨੀ ਦਾ ਅਕਸ ਉਭਾਰਨ ਵਿਚ ਜੁਟੀ ਹੋਈ ਸੀ ਤਾਂ ਕਿ ਨਵੀਂ ਪੀੜ੍ਹੀ ਵਿਚ ਸੱਤਾ ਪ੍ਰਤੀ ਸਮਰਪਣ ਦੀ ਭਾਵਨਾ ਭਰੀ ਜਾਵੇ ਅਤੇ ਉਹ ਡੂਚੇ ਨਾਲ ਰਹੱਸਮਈ ਇਕਮਿਕਤਾ ਮਹਿਸੂਸ ਕਰ ਸਕੇ ਅਤੇ ਬਿਨਾ ਕੋਈ ਸਵਾਲ ਪੁੱਛੇ ਵਿਸ਼ਵਾਸ ਕਰੇ, ਆਗਿਆ ਮੰਨੇ ਅਤੇ ਲੜੇ" ਜਦਕਿ ਕਰੋਚੇ ਆਜ਼ਾਦੀ ਦਾ ਪ੍ਰਚਾਰ ਕਰਦੇ, ਇਨਸਾਨ ਦੇ ਗੌਰਵ ਦੀ ਬਾਤ ਪਾਉਂਦੇ, ਇਨਸਾਨ ਨੂੰ ਆਜ਼ਾਦ ਕਾਰਕ ਮੰਨਦੇ ਅਤੇ ਵਿਅਕਤੀਗਤ ਫੈਸਲੇ ਅਤੇ ਨਿੱਜੀ ਜ਼ਿੰਮੇਵਾਰੀ ਪਛਾਣਨ ਦਾ ਹੋਕਾ ਦੇ ਕੇ ਉਦਾਰਵਾਦੀ ਕਦਰਾਂ ਕੀਮਤਾਂ ਦਾ ਪ੍ਰਚਾਰ ਪ੍ਰਸਾਰ ਕਰਦੇ ਸਨ।

ਰਿਜ਼ੀ ਦੀ ਕਿਤਾਬ ਪੜ੍ਹਦਿਆਂ ਮੇਰੀ ਨਜ਼ਰ ਵਿਚ ਇਹ ਪੈਰਾ ਆਇਆ: "1926 ਦਾ ਸਾਲ ਖਤਮ ਹੁੰਦਿਆਂ ਉਦਾਰਵਾਦੀ ਇਟਲੀ ਮਰ ਗਿਆ ਸੀ। ਮੁਸੋਲਿਨੀ ਨੇ ਆਪਣੀ ਤਾਕਤ ਪੱਕੇ ਪੈਰੀਂ ਕਰ ਲਈ ਅਤੇ ਆਪਣੀ ਤਾਨਾਸ਼ਾਹੀ ਜਾਰੀ ਰੱਖਣ ਦੇ ਕਾਨੂੰਨੀ ਔਜ਼ਾਰ ਜਮ੍ਹਾਂ ਕਰ ਲਏ। ਸਿਆਸੀ ਪਾਰਟੀਆਂ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਅਤੇ ਪ੍ਰੈਸ ਦੀ ਆਜ਼ਾਦੀ ਤਬਾਹ ਕਰ ਦਿੱਤੀ। ਵਿਰੋਧੀ ਧਿਰ ਨੂੰ ਨਿਹੱਥਾ ਕਰ ਦਿੱਤਾ ਗਿਆ ਅਤੇ ਪਾਰਲੀਮੈਂਟ ਨਪੁੰਸਕ ਹੋ ਕੇ ਰਹਿ ਗਈ। 1927 ਤੱਕ ਕੋਈ ਵੀ ਸਿਆਸੀ ਸਰਗਰਮੀ ਤਕਰੀਬਨ ਅਸੰਭਵ ਹੋ ਗਈ, ਜਨਤਕ ਤਾਂ ਕੀ ਨਿੱਜੀ ਚਿੱਠੀਆਂ ਵਿਚ ਵੀ ਨੁਕਤਾਚੀਨੀ ਖਤਰਨਾਕ ਬਣ ਗਈ। ਸਿਵਲ ਮੁਲਾਜ਼ਮਾਂ ਨੂੰ ਸਰਕਾਰੀ ਨੀਤੀ ਤੋਂ ਉਲਟ ਰਾਏ ਪ੍ਰਗਟਾਉਣ ਬਦਲੇ ਨੌਕਰੀ ਤੋਂ ਹੱਥ ਧੋਣੇ ਪੈਂਦੇ। ਇਲਾਵਾ ਗ੍ਰਹਿ ਮੰਤਰਾਲੇ ਵਿਚ ਇਕ ਸ਼ਕਤੀਸ਼ਾਲੀ ਤੇ ਡਾਢੀ ਪੁਲਿਸ ਡਿਵੀਜ਼ਨ ਕਾਇਮ ਕੀਤੀ ਗਈ ਜਿਸ ਦੀ ਕਮਾਂਡ ਸਿੱਧੇ ਤੌਰ 'ਤੇ ਪੁਲਿਸ ਮੁਖੀ ਕੋਲ ਸੀ, ਇਕ ਨਵੀਂ ਤੇ ਕੁਸ਼ਲ ਖੁਫੀਆ ਪੁਲਿਸ ਸੰਸਥਾ ਕਾਇਮ ਕੀਤੀ ਗਈ ਜੋ 'ਓਵਰਾ' ਦੇ ਨਾਂ ਨਾਲ ਬਦਨਾਮ ਸੀ ਤੇ ਜਿਸ ਦਾ ਮਕਸਦ ਫਾਸ਼ੀਵਾਦ ਵਿਰੋਧੀਆਂ ਅਤੇ ਸਰਕਾਰ ਵਿਰੋਧੀ ਸੁਰ ਰੱਖਣ ਵਾਲਿਆਂ ਦਾ ਦਮਨ ਕਰਨਾ ਸੀ। ਥੋੜ੍ਹੇ ਹੀ ਸਮੇਂ ਵਿਚ ਇਸ ਨੇ ਇਕ ਲੱਖ ਤੋਂ ਜ਼ਿਆਦਾ ਲੋਕਾਂ ਦੀਆਂ ਫਾਈਲਾਂ ਬਣਾ ਲਈਆਂ ਜਿਨ੍ਹਾਂ ਵਿਚ ਫਾਸ਼ੀਵਾਦੀ ਆਗੂ ਵੀ ਸ਼ਾਮਲ ਸਨ ਅਤੇ ਵਿਸ਼ੇਸ਼ ਏਜੰਟਾਂ, ਜਾਸੂਸਾਂ ਅਤੇ ਮੁਖਬਰਾਂ ਦਾ ਅਜਿਹਾ ਤਾਣਾ ਬਣਾ ਲਿਆ ਜਿਸ ਦੀ ਪਹੁੰਚ ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ ਤੱਕ ਸੀ।"

ਮੈਂ ਰਿਜ਼ੀ ਦੀ ਕਿਤਾਬ ਦੀਆਂ ਇਹ ਸਤਰਾਂ ਉਤਾਰ ਰਿਹਾ ਸਾਂ ਤਾਂ ਖਬਰ ਆਈ ਕਿ ਗ੍ਰਹਿ ਮੰਤਰਾਲੇ ਨੇ ਦੇਸ਼ ਦੇ ਨਾਗਰਿਕਾਂ ਦੀ ਚੱਤੋ-ਪਹਿਰ ਜਾਸੂਸੀ ਲਈ ਵਿੱਤ ਕਮਿਸ਼ਨ ਤੋਂ 50000 ਕਰੋੜ ਰੁਪਏ ਮੰਗੇ ਹਨ। ਇਹ ਸਭ ਕੁਝ ਉਦੋਂ ਹੋ ਰਿਹਾ ਹੈ ਜਦੋਂ ਕੇਂਦਰ ਸਰਕਾਰ ਰਾਜਾਂ ਨੂੰ ਉਨ੍ਹਾਂ ਦੇ ਹਿੱਸੇ ਦੇ ਫੰਡ ਦੇਣ ਤੋਂ ਇਨਕਾਰੀ ਹੈ; ਜਦਕਿ ਗ੍ਰਹਿ ਮੰਤਰਾਲੇ ਵਲੋਂ ਆਜ਼ਾਦ ਖਿਆਲ ਚਿੰਤਕਾਂ, ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਆਪਣੇ ਅਖਤਿਆਰਾਂ ਦੀ ਖਤਰਨਾਕ ਹੱਦ ਤੱਕ ਦੁਰਵਰਤੋਂ ਕੀਤੀ ਜਾ ਰਹੀ ਹੈ। ਇੱਥੇ ਰਿਜ਼ੀ ਵਲੋਂ 1929 ਵਿਚ ਇਤਾਲਵੀ ਪਾਰਲੀਮੈਂਟ ਦਾ ਖਿੱਚਿਆ ਖਾਕਾ ਦੇਖੋ: "ਪਾਰਲੀਮੈਂਟ ਸਰਕਾਰ ਦੇ ਫੈਸਲਿਆਂ ਲਈ ਰਬੜ ਦੀ ਮੋਹਰ ਬਣ ਗਈ। ਵਿਰੋਧੀ ਧਿਰ ਦੇ ਕੁਝ ਬਚੇ ਖੁਚੇ ਮੈਂਬਰਾਂ ਦੀਆਂ ਤਕਰੀਰਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਜਾਂ ਸੱਤਾਧਿਰ ਤੇ ਜਨਤਕ ਮੰਚਾਂ ਤੋਂ ਚੀਕ ਚਿਹਾੜਾ ਪਾ ਕੇ ਚੁੱਪ ਕਰਵਾ ਦਿੱਤਾ ਜਾਂਦਾ ਸੀ।"

ਫੈਬੀਓ ਫਰਨੈਂਡੋ ਰਿਜ਼ੀ ਦੀ ਕਿਤਾਬ ਵਿਚ ਇਕ ਦੇਸ਼ ਦੇ ਇਕ ਵਿਅਕਤੀ 'ਤੇ ਧਿਆਨ ਕੇਂਦਰਤ ਕੀਤਾ ਗਿਆ ਸੀ ਤੇ ਕੋਈ ਤੁਲਨਾਤਮਿਕ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਸੀ। ਉਂਜ, ਚਲਦੇ-ਚਲਦੇ ਲੇਖਕ ਨੇ ਟਿੱਪਣੀ ਕੀਤੀ ਸੀ: "ਇਤਾਲਵੀ ਫਾਸ਼ੀਵਾਦ ਨੇ ਤਾਨਾਸ਼ਾਹ ਹਕੂਮਤ ਕਾਇਮ ਕੀਤੀ, ਦੂਰ ਤੱਕ ਆਪਣੀ ਪਹੁੰਚ ਵਧਾ ਲਈ ਪਰ ਇਸ ਕੋਲ ਇੰਨਾ ਸਮਾਂ ਤੇ ਸ਼ਾਇਦ ਸਮੱਰਥਾ ਨਹੀਂ ਸੀ ਕਿ ਇਕ ਪੁਰਖੀ ਸਮਾਜ ਉਸਾਰ ਸਕੇ। 'ਇਸ ਲਿਖਤ ਦਾ ਮਤਲਬ ਹੈ ਕਿ ਭਾਵੇਂ ਮੁਸੋਲਿਨੀ ਦਾ ਇਟਲੀ ਕਿੰਨਾ ਵੀ ਭਿਅੰਕਰ ਸੀ ਪਰ ਇਸ ਪੱਖੋਂ ਇਹ ਹਿਟਲਰ ਦੇ ਜਰਮਨੀ ਦੇ ਨੇੜੇ ਤੇੜੇ ਵੀ ਨਹੀਂ ਸੀ।' ਬੈਨੇਦੇਤੋ ਕਰੋਚੇ ਦੀ ਇਹ ਬੌਧਿਕ ਜੀਵਨੀ ਪੜ੍ਹਨ ਤੋਂ ਬਾਅਦ ਮੈਂ ਡੇਵਿਡ ਗਿਲਮੌਰ ਦੀ ਬੇਮਿਸਾਲ ਰਚਨਾ 'ਦਿ ਪਰਸੂਇਟ ਆਫ ਇਟਲੀ' ਪੜ੍ਹੀ ਜੋ ਉਥੋਂ ਦੇ ਆਦਿ ਕਾਲ ਤੋਂ ਹੁਣ ਤੱਕ ਦੇ ਇਤਿਹਾਸ ਦਾ ਦਿਲਚਸਪ ਬਿਰਤਾਂਤ ਹੈ। ਕਿਤਾਬ ਦੇ 400 'ਚੋਂ 30 ਪੰਨੇ ਮੁਸੋਲਿਨੀ ਦੀ ਸੱਤਾ ਲਈ ਮਖਸੂਸ ਹਨ।

ਰਿਜ਼ੀ ਵਾਂਗ ਗਿਲਮੌਰ ਨੇ ਅਤੀਤ ਦੇ ਉਸ ਇਟਲੀ ਬਾਰੇ ਜੋ ਕੁਝ ਕਿਹਾ ਹੈ, ਉਹੀ ਕੁਝ ਮੈਨੂੰ ਅੱਜ ਸਾਡੇ ਮੁਲਕ ਵਿਚ ਵਾਪਰਦਾ ਨਜ਼ਰ ਆ ਰਿਹਾ ਹੈ। ਇਨ੍ਹਾਂ ਫਿਕਰਿਆਂ 'ਤੇ ਜ਼ਰਾ ਗ਼ੌਰ ਕਰਨਾ: "1930ਵਿਆਂ ਵਿਚ ਹਕੂਮਤ ਦਾ ਅੰਦਾਜ਼ ਬਹੁਤ ਜ਼ਿਆਦਾ ਭੜਕੀਲਾ ਹੋ ਗਿਆ। ਹੋਰ ਜ਼ਿਆਦਾ ਪਰੇਡਾਂ, ਹੋਰ ਜ਼ਿਆਦਾ ਵਰਦੀਆਂ, ਹੋਰ ਜ਼ਿਆਦਾ ਸੈਂਸਰਸ਼ਿਪ, ਹੋਰ ਜ਼ਿਆਦਾ ਗੁੰਡਾਗਰਦੀ, ਆਗੂਆਂ ਦੀ ਹੋਰ ਜ਼ਿਆਦਾ ਬਿਆਨਬਾਜ਼ੀ, ਹੋ-ਹੱਲਾ ਕਰਨਾ ਅਤੇ ਲੋਕਾਂ ਨੂੰ ਭੜਕਾਉਣ ਦੀਆਂ ਘਟਨਾਵਾਂ ਅਤੇ ਮੁਸੋਲਿਨੀ ਦੇ ਹਰ ਫਿਕਰੇ ਨੂੰ 'ਡੂ-ਚੇ, ਡੂ-ਚੇ' ਦੇ ਨਾਅਰਿਆਂ ਨਾਲ ਉਭਾਰਿਆ ਜਾਂਦਾ ਸੀ।" ਇਸ 'ਚੋਂ ਕਾਫੀ ਕੁਝ ਨਰਿੰਦਰ ਮੋਦੀ ਦੀ ਸਰਕਾਰ ਬਾਰੇ ਵੀ ਕਿਹਾ ਜਾ ਸਕਦਾ ਹੈ, ਖਾਸ ਕਰ 2019 ਦੀ ਉਸ ਦੀ ਦੂਜੀ ਜਿੱਤ ਤੋਂ ਬਾਅਦ ਜਦੋਂ ਉਸ ਦੇ ਹਰ ਫਿਕਰੇ ਨੂੰ 'ਮੋ-ਦੀ, ਮੋ-ਦੀ' ਦੇ ਨਾਅਰਿਆਂ ਨਾਲ ਤਕਬੀਅਤ ਦਿੱਤੀ ਜਾਂਦੀ ਸੀ।

ਆਖਰ ਕੀ ਕਾਰਨ ਸੀ ਕਿ ਇਤਾਲਵੀ ਦਮਗਜ਼ੇਬਾਜ਼ ਨੂੰ ਇੰਨੀ ਹਰਮਨਪਿਆਰਤਾ ਮਿਲ ਗਈ? ਗਿਲਮੌਰ ਕਹਿੰਦਾ ਹੈ, "ਮੁਸੋਲਿਨੀ ਇੰਨਾ ਲੰਮਾ ਸਮਾਂ ਇਸ ਲਈ ਟਿਕ ਸਕਿਆ, ਕਿਉਂਕਿ ਉਸ ਨੇ ਇਤਾਲਵੀਅਤ ਦੀਆਂ ਕੁਝ ਵੰਨਗੀਆਂ ਦਾ ਇਨਸਾਨੀ ਰੂਪ ਧਾਰ ਲਿਆ ਸੀ, ਜਿਵੇਂ ਉਸ ਨੇ ਉਮੀਦਾਂ ਤੇ ਡਰ ਜਗਾਏ ਅਤੇ ਉਹ ਪੀੜ੍ਹੀਆਂ ਪੈਦਾ ਕੀਤੀਆਂ ਜਿਨ੍ਹਾਂ ਦਾ ਵਿਸ਼ਵਾਸ ਸੀ ਕਿ ਇਟਲੀ ਨਾਲ ਉਸ ਦੇ ਉਦਾਰਵਾਦੀ ਸਿਆਸਤਦਾਨਾਂ ਅਤੇ ਸੰਸਾਰ ਜੰਗ ਵੇਲੇ ਦੇ ਸਾਥੀ ਮੁਲਕਾਂ ਵਲੋਂ ਵਿਸਾਹਘਾਤ ਕੀਤਾ ਗਿਆ ਤੇ ਉਸ ਨੂੰ 'ਟੁੱਟੀ ਭੱਜੀ ਸ਼ਾਂਤੀ' ਪ੍ਰਵਾਨ ਕਰਨ ਲਈ ਮਜਬੂਰ ਕੀਤਾ ਗਿਆ।" ਠੀਕ ਇਸੇ ਅੰਦਾਜ਼ ਵਿਚ ਮੋਦੀ ਨੇ ਦੂਰ ਦਰਾਜ਼ ਦੇ ਅਤੀਤ ਦੇ ਸੁਨਹਿਰੀ ਕਾਲ ਦਾ ਹੋਕਾ ਦਿੱਤਾ ਜਦੋਂ ਭਾਰਤ ਅਤੇ ਵਿਦੇਸ਼ ਵਿਚ ਹਿੰਦੂਆਂ ਦੀ ਧਾਂਕ ਸੀ, ਉਨ੍ਹਾਂ ਦੀ ਦਲੀਲ ਹੈ ਕਿ ਹਿੰਦੂਆਂ ਦਾ ਇਹ ਦਬਦਬਾ ਮੁਸਲਮਾਨ ਤੇ ਅੰਗਰੇਜ਼ ਹਮਲਾਵਰਾਂ ਕਰ ਕੇ ਖੁੱਸ ਗਿਆ ਸੀ। ਉਸ ਨੇ ਆਪਣੇ ਆਪ ਨੂੰ ਸਮਝੌਤਾਵਾਦੀ ਤੇ ਭ੍ਰਿਸ਼ਟ ਕਾਂਗਰਸ ਦੇ ਮੁਖਾਲਫ ਦੇ ਤੌਰ 'ਤੇ ਪੇਸ਼ ਕੀਤਾ ਜੋ ਹਿੰਦੂਆਂ ਤੇ ਭਾਰਤ ਨੂੰ ਮੁੜ ਰਸਾਤਲ ਵੱਲ ਲਿਜਾ ਰਹੀ ਸੀ।

ਇੰਜ 1920ਵਿਆਂ ਦੇ ਇਟਲੀ ਅਤੇ 2020 ਦੇ ਭਾਰਤ ਵਿਚਕਾਰ ਸਮਾਨਤਾਈਆਂ ਦੇਖ ਕੇ ਮਨ ਖੱਟਾ ਹੋ ਗਿਆ ਪਰ ਕੁਝ ਗੱਲਾਂ ਤੋਂ ਧਰਵਾਸ ਵੀ ਮਿਲਿਆ। ਮੁਸੋਲਿਨੀ ਦੇ ਇਟਲੀ ਤੋਂ ਉਲਟ ਮੋਦੀ ਦੇ ਭਾਰਤ ਵਿਚ ਭਾਜਪਾ ਨੂੰ ਕਈ ਪਾਰਟੀਆਂ ਦਾ ਵਿਰੋਧ ਝੱਲਣਾ ਪੈ ਰਿਹਾ ਹੈ; ਮੰਨਿਆ ਕਿ ਕੇਂਦਰ ਵਿਚ ਵਿਰੋਧ ਦੀ ਅਣਹੋਂਦ ਹੈ ਪਰ ਅੱਧੀ ਦਰਜਨ ਰਾਜਾਂ ਵਿਚ ਵਿਰੋਧ ਵੀ ਬਹੁਤ ਸ਼ਿੱਦਤੀ ਹੈ। ਪ੍ਰੈਸ ਨੂੰ ਨੱਥ ਪਾ ਦਿੱਤੀ ਗਈ ਹੈ ਪਰ ਤਾਂ ਵੀ ਪੂਰੀ ਤਰ੍ਹਾਂ ਦਰੜ ਨਹੀਂ ਹੋ ਸਕੀ। ਮੁਸੋਲਿਨੀ ਦੇ ਇਟਲੀ ਵਿਚ ਇਹ ਲੇਖਾ ਜੋਖਾ ਕਰਨ ਵਾਲਾ ਸਿਰਫ ਬੈਨੇਦੇਤੋ ਕਰੋਚੇ ਹੀ ਸੀ ਪਰ ਮੋਦੀ ਦੇ ਭਾਰਤ ਵਿਚ ਗਣਰਾਜ ਦੇ ਮੂਲ ਸਿਧਾਂਤਾਂ ਦੇ ਹੱਕ ਵਿਚ ਬੋਲਣ ਵਾਲੇ ਦੇਸ਼ ਦੀ ਹਰ ਜ਼ੁਬਾਨ ਵਿਚ ਲਿਖਣ-ਬੋਲਣ ਵਾਲੇ ਅਜੇ ਬੜੇ ਲਿਖਾਰੀ ਤੇ ਬੁੱਧੀਜੀਵੀ ਹਨ।

ਡੇਵਿਡ ਗਿਲਮੌਰ ਲਿਖਦੇ ਹਨ: ਬਹਰਹਾਲ, ਲੋਕਾਂ ਵਿਚ ਫਾਸ਼ੀਵਾਦ ਦੀ ਖਿੱਚ ਉਦੋਂ ਘਟੀ, ਜਦੋਂ ਉਨ੍ਹਾਂ ਨੂੰ ਜਾਪਿਆ ਕਿ ਇਹ ਖੁਸ਼ਹਾਲੀ ਦਾ ਰਸਤਾ ਨਹੀਂ ਬਣ ਸਕਦਾ। ਮੁਸੋਲਿਨੀ ਨੇ ਨਾ ਰੁਜ਼ਗਾਰ ਪੈਦਾ ਕੀਤਾ ਤੇ ਨਾ ਹੀ ਖੁਸ਼ਹਾਲੀ ਲਿਆਂਦੀ ਜਦਕਿ ਇਸ ਲਿਹਾਜ਼ ਤੋਂ ਮੋਦੀ ਨੇ ਆਰਥਿਕ ਮੁਹਾਜ਼ 'ਤੇ ਮੁਸੋਲਿਨੀ ਨੂੰ ਵੀ ਮਾਤ ਦੇ ਦਿੱਤੀ ਹੈ। ਉਸ ਦੀਆਂ ਤੁਗ਼ਲਕੀ ਨੀਤੀਆਂ ਨੇ ਉਸ ਤੋਂ ਪਹਿਲਾਂ ਤਿੰਨ ਦਹਾਕਿਆਂ ਦੇ ਉਦਾਰੀਕਰਨ ਦੇ ਦੌਰ ਦੌਰਾਨ ਭਾਰਤੀ ਅਰਥਚਾਰੇ ਵਲੋਂ ਕੀਤੇ ਵਿਕਾਸ ਨੂੰ ਵੀ ਚੌਪਟ ਕਰ ਕੇ ਰੱਖ ਦਿੱਤਾ ਹੈ।

ਅੱਜ ਭਾਰਤ ਦੇ ਲੱਖਾਂ ਨੌਜਵਾਨ ਮੋਦੀ ਦਾ ਨਾਂ ਜਪਦੇ ਹਨ। ਉਨ੍ਹਾਂ ਅਤੇ ਸਾਡੀ ਸਾਰਿਆਂ ਦੀ ਕਿਹੋ ਜਿਹੀ ਹੋਣੀ ਹੈ, ਇਸ ਦਾ ਅੰਦਾਜ਼ਾ ਬੈਨੇਦੇਤੋ ਕਰੋਚੇ ਦੇ ਇਨ੍ਹਾਂ ਸ਼ਬਦਾਂ ਤੋਂ ਲਾਇਆ ਜਾ ਸਕਦਾ ਹੈ ਜੋ ਉਨ੍ਹਾਂ ਇਤਾਲਵੀ ਤਾਨਾਸ਼ਾਹ ਤੇ ਉਸ ਦੀ ਹਕੂਮਤ ਦੇ ਅੰਤ 'ਤੇ ਲਿਖੇ ਸਨ: "ਦਮਨਕਾਰੀ ਨਿਜ਼ਾਮ ਨੇ ਨੈਤਿਕ ਉਰਜਾਵਾਂ ਦੇ ਖ਼ਜ਼ਾਨੇ ਨੂੰ

(ਬਾਕੀ ਅਗਲੇ ਸਫੇ 'ਤੇ)

# ਖੇਤੀ ਕਾਨੂੰਨਾਂ ਵਿਰੁਧ ਕਿਸਾਨ ਉਭਾਰ ਨੇ ਇਤਿਹਾਸ ਸਿਰਜਿਆ

25 ਸਤੰਬਰ ਨੂੰ 32 ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਮੁਕੰਮਲ ਬੰਦ ਨੂੰ ਪੰਜਾਬ ਦੇ ਸਮੂਹ ਹਿੱਸਿਆਂ ਵਲੋਂ ਦਿੱਤਾ ਗਿਆ ਬੇਮਿਸਾਲ ਹੁੰਗਾਰਾ ਸੱਤਾਧਾਰੀ ਆਰ.ਐਸ.ਐਸ.-ਭਾਜਪਾ ਦੀਆਂ ਨੀਤੀਆਂ ਵਿਰੁਧ ਉਠ ਰਹੇ ਲੋਕ ਰੋਹ ਦਾ ਸੂਚਕ ਹੈ। ਰਿਪੋਰਟਾਂ ਅਨੁਸਾਰ 250 ਕਿਸਾਨ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਮੁਲਕ ਦੇ ਬਹੁਤ ਸਾਰੇ ਰਾਜਾਂ ਦੇ ਇਕ ਲੱਖ ਥਾਂਵਾਂ ਉਪਰ ਕਿਸਾਨਾਂ ਅਤੇ ਉਹਨਾਂ ਦੀ ਹਮਾਇਤ 'ਚ ਹੋਰ ਲੋਕਾਂ ਨੇ ਸੜਕਾਂ ਉਪਰ ਆ ਕੇ ਪ੍ਰਦਰਸ਼ਨ ਕੀਤੇ। ਹਰਿਆਣਾ, ਯੂ.ਪੀ., ਤਿਲੰਗਾਨਾ, ਕਰਨਾਟਕ, ਮੱਧ ਪ੍ਰਦੇਸ਼ ਸਮੇਤ 10 ਰਾਜਾਂ ਵਿਚ ਵਿਆਪਕ ਕਿਸਾਨ ਲਾਮਬੰਦੀ ਹੋਈ। ਪੰਜਾਬ ਵਿਚ ਸੜਕਾਂ ਅਤੇ ਬਾਜ਼ਾਰ ਪੂਰੀ ਤਰ੍ਹਾਂ ਸੁੰਨ-ਮਸਾਨ ਰਹੇ।

**ਬੂਟਾ ਸਿੰਘ**
ਫੋਨ: +91-94634-74342

ਕਰੋਨਾ ਮਹਾਮਾਰੀ ਦੇ ਦੌਰ ਵਿਚ ਇਹ ਦੁਨੀਆ ਭਰ ਵਿਚ ਸਭ ਤੋਂ ਬੜੀ ਲੋਕ ਲਾਮਬੰਦੀ ਹੈ। ਸੜਕਾਂ ਉਪਰ ਸੰਘਰਸ਼ਸ਼ੀਲ ਇਕੱਠਾਂ ਨੂੰ ਛੱਡ ਕੇ ਬਾਕੀ ਤਮਾਮ ਸਰਗਰਮੀ ਠੱਪ ਰਹੀ। ਬੱਸਾਂ, ਰੇਲਾਂ ਦੀ ਆਵਾਜਾਈ ਦੇ ਨਾਲ-ਨਾਲ ਸਮੁੱਚੇ ਸ਼ਹਿਰ ਅਤੇ ਕਸਬੇ ਪੂਰੀ ਤਰ੍ਹਾਂ ਬੰਦ ਰਹੇ। ਵਪਾਰ ਮੰਡਲ, ਮੁਲਾਜ਼ਮ ਜਥੇਬੰਦੀਆਂ, ਵਕੀਲਾਂ ਅਤੇ ਹੋਰ ਪੇਸ਼ੇਵਰ ਲੋਕਾਂ, ਗਾਇਕਾਂ, ਕਲਾਕਾਰਾਂ, ਲੇਖਕਾਂ, ਸਾਹਿਤਕਾਰਾਂ ਸਮੇਤ ਵੱਖ-ਵੱਖ ਹਿੱਸਿਆਂ ਨੇ ਬੰਦ ਵਿਚ ਜੋਸ਼ੋ-ਖਰੋਸ਼ ਨਾਲ ਹਿੱਸਾ ਲਿਆ। ਪਿੰਡਾਂ ਵਿਚੋਂ ਲੋਕ ਆਪ-ਮੁਹਾਰੇ ਤੌਰ 'ਤੇ ਕਾਫਲੇ ਬੰਨ੍ਹ ਕੇ ਬੰਦ ਵਿਚ ਸ਼ਾਮਲ ਹੋਏ। ਜਥੇਬੰਦੀਆਂ ਨਾਲ ਜੁੜੇ ਵਿਦਿਆਰਥੀਆਂ ਅਤੇ ਨੌਜਵਾਨਾਂ ਤੋਂ ਪਾਰ ਜਾ ਕੇ ਪਿੰਡਾਂ ਵਿਚੋਂ ਆਮ ਨੌਜਵਾਨਾਂ ਅਤੇ ਔਰਤਾਂ ਦੀ ਗਿਣਨਯੋਗ ਸ਼ਮੂਲੀਅਤ ਇਸ ਬੰਦ ਦੀ ਖਾਸ ਵਿਸ਼ੇਸ਼ਤਾ ਰਹੀ। ਬੰਦ ਦੇ ਰੂਪ 'ਚ ਸਿਖਰਾਂ ਛੂਹ ਕੇ ਸੰਘਰਸ਼ ਖਤਮ ਨਹੀਂ ਹੋਇਆ, ਇਸ ਦਾ ਸੰਗਰਾਮੀ ਵੇਗ ਬਰਕਰਾਰ ਹੈ। ਦੋ ਕਿਸਾਨ ਜਥੇਬੰਦੀਆਂ ਨੇ 'ਰੇਲ ਰੋਕੋ' ਐਕਸ਼ਨ ਤਹਿਤ ਬਹੁਤ ਸਾਰੀਆਂ ਥਾਂਵਾਂ 'ਤੇ ਰੇਲ ਪਟੜੀਆਂ ਉਪਰ 24 ਸਤੰਬਰ ਤੋਂ ਲਗਾਏ ਜਾਮ 2 ਅਕਤੂਬਰ ਤੱਕ ਜਾਰੀ ਰਹੇ। ਇਸ ਤੋਂ ਪਹਿਲਾਂ ਬਾਦਲਾਂ ਅਤੇ ਕੈਪਟਨ ਦੇ ਘਰਾਂ ਅੱਗੇ ਦਹਿ-ਹਜ਼ਾਰਾਂ ਕਿਸਾਨਾਂ ਨੇ ਦਿਨ-ਰਾਤ ਲਗਾਤਾਰ ਧਰਨੇ ਲਗਾਏ।

ਬੰਦ ਦੀ ਖਾਸੀਅਤ ਇਹ ਰਹੀ ਕਿ ਕਿਸਾਨ ਜਥੇਬੰਦੀਆਂ ਨੇ ਬੰਦ ਦੀ ਹਮਾਇਤ ਕਰਨ ਵਾਲੇ ਹਰ ਹਿੱਸੇ ਦਾ ਸਵਾਗਤ ਕੀਤਾ; ਲੇਕਿਨ ਹਾਕਮ ਜਮਾਤੀ ਸਿਆਸੀ ਪਾਰਟੀਆਂ ਨੂੰ ਸਖਤੀ ਨਾਲ ਸੁਣਾਉਣੀ ਕਰ ਦਿੱਤੀ ਗਈ ਸੀ ਕਿ ਕਿਸਾਨ ਇਕੱਠਾਂ ਦਾ ਰਾਜਨੀਤਕ ਲਾਹਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸੇ ਕਾਰਨ ਹਾਕਮ ਜਮਾਤੀ ਸਿਆਸਤਦਾਨਾਂ ਨੇ ਇਹਨਾਂ ਇਕੱਠਾਂ ਵਲ ਮੂੰਹ ਕਰਨ ਦੀ ਹਿੰਮਤ ਨਹੀਂ ਕੀਤੀ। ਕਈ ਥਾਂਵਾਂ 'ਤੇ ਇਕੱਠਾਂ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਵੋਟ ਬਟੋਰੂ ਸਿਆਸਤਦਾਨਾਂ ਨੂੰ ਤਿੱਖੇ ਲੋਕ ਰੋਹ ਦਾ ਸਾਹਮਣਾ ਵੀ ਕਰਨਾ ਪਿਆ। ਸੰਗਰੂਰ ਅਤੇ ਬਰਨਾਲਾ ਵਿਚ ਪ੍ਰੈੱਸ ਕਾਨਫਰੰਸਾਂ ਕਰ ਕੇ ਲੋਕਾਂ ਨੂੰ ਗੁਮਰਾਹ ਕਰਨ ਦਾ ਯਤਨ ਕਰਨ ਵਾਲੇ ਭਾਜਪਾ ਬੁਲਾਰੇ ਜਥੇਬੰਦੀਆਂ ਦੇ ਵਿਰੋਧ ਕਾਰਨ ਪ੍ਰੈੱਸ ਕਾਨਫਰੰਸਾਂ ਛੱਡ ਕੇ ਭੱਜ ਗਏ।

ਪੰਜਾਬ ਵਿਚ ਇਸ ਬੇਮਿਸਾਲ ਅਵਾਮੀ ਅੰਗੜਾਈ ਵਿਚ ਸੰਘਰਸ਼ਸ਼ੀਲ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵਲੋਂ ਲੰਮੇ ਸਮੇਂ ਤੋਂ ਲੜੇ ਜਾ ਰਹੇ ਸੰਘਰਸ਼ਾਂ ਦੀ ਜਾਗ ਲਾਊ ਭੂਮਿਕਾ ਹੈ ਜੋ ਨਾ ਸਿਰਫ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਲੋਕ ਦੁਸ਼ਮਣ ਹਾਕਮ ਜਮਾਤਾਂ ਦੀਆਂ ਨੀਤੀਆਂ ਬਾਰੇ ਲਗਾਤਾਰ ਸੁਚੇਤ ਕਰਦੀਆਂ ਰਹੀਆਂ ਹਨ ਸਗੋਂ ਜਥੇਬੰਦੀਆਂ ਨੇ ਇਹਨਾਂ ਹਿੱਸਿਆਂ ਵਿਚ ਆਪਣੇ ਹੱਕਾਂ ਅਤੇ ਹਿਤਾਂ ਲਈ ਜੂਝਣ ਦੀ ਜਮਹੂਰੀ ਚੇਤਨਾ ਦਾ ਗਿਣਨਯੋਗ ਸੰਚਾਰ ਵੀ ਕੀਤਾ ਹੈ। ਲਗਾਤਾਰ ਸੰਘਰਸ਼ਾਂ ਦਾ ਹੀ ਨਤੀਜਾ ਹੈ ਕਿ ਬਹੁਤ ਹੀ ਖਤਰਨਾਕ ਖੇਤੀ ਬਿੱਲਾਂ, ਜਿਹਨਾਂ ਨੂੰ ਪਹਿਲਾਂ 5 ਜੂਨ ਨੂੰ ਆਰਡੀਨੈਂਸਾਂ ਦੇ ਰੂਪ 'ਚ ਪਾਸ ਕੀਤਾ ਗਿਆ ਸੀ, ਵਿਰੁਧ ਬਾਦਲ ਦਲ ਅਤੇ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਨੂੰ ਇਹਨਾਂ ਆਰਡੀਨੈਂਸਾਂ ਬਾਬਤ ਆਰ.ਐਸ.ਐਸ.-ਭਾਜਪਾ ਤੋਂ ਪਾਸਾ ਵੱਟਣ ਦਾ ਨਾਟਕ ਕਰਨਾ ਪਿਆ ਹੈ; ਜਦਕਿ ਆਰਡੀਨੈਂਸ ਬਣਾਉਣ ਵੇਲੇ ਕੈਪਟਨ ਸਰਕਾਰ ਨੇ ਖਾਮੋਸ਼ ਰਹਿ ਕੇ ਅਤੇ ਬਾਦਲਕਿਆਂ ਨੇ ਭਾਜਪਾ ਦਾ ਸਾਥ ਦੇ ਕੇ ਇਸ ਨੂੰ ਸਹਿਮਤੀ ਦਿੱਤੀ। ਜੇ ਹੁਣ ਇਹ ਬਿੱਲਾਂ ਦਾ ਵਿਰੋਧ ਨਾ ਕਰਦੇ ਤਾਂ ਇਹਨਾਂ ਪਾਰਟੀਆਂ ਨੂੰ 2022 ਦੀਆਂ ਚੋਣਾਂ ਵਿਚ ਕਿਸਾਨੀ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈਣਾ ਸੀ ਅਤੇ ਇਹਨਾਂ ਦਾ ਪਿੰਡਾਂ ਵਿਚ ਵੜਨਾ ਵੀ ਮੁਸ਼ਕਿਲ ਹੋ ਜਾਣਾ ਸੀ। ਇਹਨਾਂ ਰਾਜਨੀਤਕ ਗਿਣਤੀਆਂ-ਮਿਣਤੀਆਂ 'ਚੋਂ ਹੀ ਆਰ.ਐਸ.ਐਸ.-ਭਾਜਪਾ ਦੇ ਜੋਟੀਦਾਰ ਬਾਦਲਕਿਆਂ ਨੂੰ ਹਰਸਿਮਰਤ ਬਾਦਲ ਤੋਂ ਅਸਤੀਫਾ ਦਿਵਾਉਣ ਅਤੇ ਭਾਜਪਾ ਨਾਲ ਸੱਤਾ ਗੱਠਜੋੜ 'ਚੋਂ ਬਾਹਰ ਆਉਣ ਦਾ ਅੱਕ ਚੱਬਣਾ ਪਿਆ ਅਤੇ 25 ਸਤੰਬਰ ਨੂੰ ਸੜਕਾਂ ਉਪਰ ਧਰਨੇ ਲਾਉਣ ਅਤੇ ਸਰਕਾਰ ਦਾ 'ਤਖਤ ਹਿਲਾਉਣ' ਦੇ ਹੋਕਰੇ ਮਾਰਨ ਦਾ ਨਾਟਕ ਕਰਨਾ ਪਿਆ। ਢੀਂਡਸਾ ਧੜੇ ਨੇ ਵੀ ਕਿਸਾਨਾਂ ਦੇ ਹੱਕ ਵਿਚ ਖੜ੍ਹਨ ਦਾ ਐਲਾਨ ਕੀਤਾ। ਜਿਹੜੀ ਕੈਪਟਨ ਸਰਕਾਰ ਧਰਨੇ-ਮੁਜ਼ਾਹਰੇ ਕਰਨ ਵਾਲਿਆਂ ਵਿਰੁਧ ਧੜਾਧੜ ਕੇਸ ਦਰਜ ਕਰ ਰਹੀ ਸੀ, ਉਸ ਨੂੰ ਕਿਸਾਨ ਇਕੱਠਾਂ ਤੋਂ ਪਾਬੰਦੀ ਹਟਾਉਣੀ ਪਈ ਅਤੇ ਕਰੋਨਾ ਮਹਾਮਾਰੀ ਦੇ ਬਹਾਨੇ ਸੰਘਰਸ਼ਾਂ ਨੂੰ ਦਬਾਉਣ ਦੀ ਨੀਤੀ ਤੋਂ ਪਿੱਛੇ ਹਟਣਾ ਪਿਆ। ਇਸ ਵਕਤ ਕੈਪਟਨ ਤੋਂ ਲੈ ਕੇ ਯੂਥ ਕਾਂਗਰਸ ਤੱਕ ਕਾਂਗਰਸ ਪਾਰਟੀ ਦਾ ਹਰ ਨਿੱਕਾ ਵੱਡਾ ਪੁਰਜਾ ਕਿਸਾਨਾਂ ਨਾਲ ਹਮਦਰਦੀ ਦਿਖਾਉਣ ਦੀ ਕਵਾਇਦ 'ਚ ਜੁਟਿਆ ਹੋਇਆ ਹੈ।

ਜਿਸ ਅੰਨ੍ਹੀ ਧੁੱਸ ਨਾਲ ਆਰ.ਐਸ.ਐਸ.-ਭਾਜਪਾ ਸਰਕਾਰ ਵਿਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਪੱਖੀ ਆਰਡੀਨੈਂਸ/ਐਕਟ ਥੋਪ ਰਹੀ ਹੈ, ਉਸ ਨਾਲ ਅਵਾਮ ਵਿਚ ਅਸੁਰੱਖਿਆ ਅਤੇ ਬੇਚੈਨੀ ਪੈਦਾ ਹੋਣੀ ਸੁਭਾਵਿਕ ਸੀ। ਰਾਜ ਕਰਨ ਦੀ ਇਹ ਤਾਨਾਸ਼ਾਹ ਮਾਨਸਿਕਤਾ ਹਰ ਵਰਗ ਨੂੰ ਨਿਰਭਰਤਾ ਅਤੇ ਮਜਬੂਰੀ ਦੇ ਆਲਮ ਵਿਚ ਧੱਕ ਕੇ ਅਤੇ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾ ਕੇ ਸਮਾਜੀ ਤਾਣੇਬਾਣੇ ਨੂੰ ਤਬਾਹ ਕਰ ਰਹੀ ਹੈ। ਸੀ.ਏ.ਏ.-ਐਨ.ਆਰ.ਸੀ.-ਐਨ.ਪੀ.ਆਰ. ਵਿਰੁਧ ਪੂਰੇ ਮੁਲਕ ਵਿਚ ਲੱਗੇ ਪੱਕੇ ਮੋਰਚਿਆਂ ਵਿਚ ਸੱਤਾਧਾਰੀ ਧਿਰ ਦੀਆਂ ਨੀਤੀਆਂ ਵਿਰੁਧ ਬੇਚੈਨੀ ਦਾ ਵਿਆਪਕ ਇਜ਼ਹਾਰ ਪਹਿਲਾਂ ਹੀ ਹੋ ਚੁੱਕਾ ਹੈ। ਤਾਜ਼ਾ ਆਰਥਕ ਹਮਲੇ ਨੇ ਇਹ ਗੁੰਜਾਇਸ਼ ਹੋਰ ਮੋਕਲੀ ਕਰ ਦਿੱਤੀ ਹੈ। ਮੋਦੀ ਸਰਕਾਰ ਵਲੋਂ ਖੇਤੀ ਆਰਡੀਨੈਂਸਾਂ ਸੰਬੰਧੀ ਯਕੀਨਦਹਾਨੀਆਂ ਉਪਰ ਆਮ ਲੋਕਾਂ ਨੇ ਯਕੀਨ ਨਹੀਂ ਕੀਤਾ ਕਿਉਂਕਿ ਉਹ ਪਹਿਲਾਂ ਹੀ ਨੋਟਬੰਦੀ, ਜੀ.ਐਸ.ਟੀ., ਐਨ.ਆਰ.ਸੀ., ਲੌਕਡਾਊਨ, 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਗੱਲ ਕੀ ਹਰ ਸਵਾਲ ਉਪਰ ਮੋਦੀ ਦੀਆਂ ਝੂਠੀਆਂ ਯਕੀਨਦਹਾਨੀਆਂ ਦਾ ਸੁਆਦ ਦੇਖ ਚੁੱਕੇ ਹਨ। ਉਹਨਾਂ ਨੇ ਇਸ ਖਤਰੇ ਨੂੰ ਬੁੱਝ ਲਿਆ ਹੈ ਕਿ ਹਾਲ ਹੀ ਵਿਚ ਜੋ ਤਿੰਨ ਖੇਤੀ ਬਿੱਲ ਪਾਸ ਕਰ ਕੇ ਰਾਸ਼ਟਰਪਤੀ ਦੀ ਮੋਹਰ ਨਾਲ ਕਾਨੂੰਨ ਬਣਾਏ ਗਏ ਹਨ - ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰੋਮੋਸ਼ਨ ਐਂਡ ਫਸਿਲੀਟੇਸ਼ਨ ਬਿੱਲ-2020, ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਫ ਪ੍ਰਾਈਸ ਐਸ਼ਿਊਰੈਂਸ ਅਤੇ ਫਾਰਮ ਸਰਵਿਸਿਜ਼ ਬਿੱਲ-2020 ਅਤੇ ਇਸੈਂਸ਼ੀਅਲ ਕਮੋਡਿਟੀਜ਼ (ਅਮੈਂਡਮੈਂਟ) ਬਿੱਲ - ਇਹ ਸਿਰਫ ਕਿਸਾਨੀ ਦੀ ਮੌਤ ਦੇ ਵਾਰੰਟ ਹੀ ਨਹੀਂ ਸਗੋਂ ਸਮਾਜ ਦੇ ਹੋਰ ਵੀ ਕਈ ਹਿੱਸਿਆਂ ਨੂੰ ਵੀ ਬਰਬਾਦ ਕਰ ਦੇਣਗੇ।

ਇਕ ਬਿੱਲ ਰਾਹੀਂ ਜ਼ਰੂਰੀ ਵਸਤਾਂ ਐਕਟ ਵਿਚ ਸੋਧ ਕਰ ਕੇ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਨਿਯਮਤ ਕਰਨ ਅਤੇ ਉਹਨਾਂ ਜਿਣਸਾਂ ਦੀ ਨਿਸ਼ਚਿਤ ਮਾਤਰਾ ਵਿਚ ਸਰਕਾਰੀ ਖਰੀਦ-ਫਰੋਖਤ ਦੀ ਵਿਵਸਥਾ ਖਤਮ ਕਰ ਦਿੱਤੀ ਗਈ ਹੈ। ਦੂਜੇ ਬਿੱਲ ਰਾਹੀਂ ਠੇਕਾ ਖੇਤੀ ਦੀ ਇਜਾਜ਼ਤ ਦੇ ਕੇ ਕਾਰਪੋਰੇਟ ਗਲਬੇ ਦਾ ਰਾਹ ਪੱਧਰਾ ਕੀਤਾ ਗਿਆ ਹੈ। ਤੀਜੇ ਬਿੱਲ ਰਾਹੀਂ 'ਏ.ਪੀ.ਐਮ.ਸੀ.' ਮੰਡੀ ਵਿਵਸਥਾ ਨੂੰ ਖਤਮ ਕਰਨ ਲਈ ਵੱਡੇ ਕਾਰੋਬਾਰੀਆਂ ਨੂੰ ਨਿੱਜੀ ਮੰਡੀਆਂ ਬਣਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹਨਾਂ ਤੋਂ ਬਿਨਾ ਕਿਸਾਨਾਂ ਸਮੇਤ ਸਮੂਹ ਲੋਕਾਂ ਉਪਰ ਅਸਹਿ ਬੋਝ ਲੱਦਣ ਲਈ ਬਿਜਲੀ ਐਕਟ-2020 ਲਿਆਂਦਾ ਗਿਆ ਹੈ ਜੋ ਵਪਾਰੀਕਰਨ 'ਤੇ ਆਧਾਰਿਤ ਹੈ। ਇੱਥੇ ਹੀ ਬਸ ਨਹੀਂ, ਚਾਰ ਲੇਬਰ ਕੋਡ ਬਣਾ ਕੇ ਕਿਰਤ ਕਾਨੂੰਨਾਂ ਨੂੰ ਵੀ ਲਗਭਗ ਖਤਮ ਕਰ ਕੇ ਕਿਰਤੀਆਂ ਨੂੰ ਸਰਮਾਏਦਾਰਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਇਹ ਕਾਨੂੰਨ ਪਾਸ ਕੀਤੇ ਜਾਣ ਨਾਲ ਅਵਾਮ, ਖਾਸ ਕਰ ਕੇ ਕਿਸਾਨਾਂ ਨੂੰ ਆਪਣਾ ਭਵਿੱਖ ਹਨੇਰਾ ਨਜ਼ਰ ਕਿਉਂ ਆ ਰਿਹਾ ਹੈ? ਕਿਉਂਕਿ, ਇਹ ਕਾਨੂੰਨ ਫਸਲਾਂ ਦੀ ਖਰੀਦ, ਭੰਡਾਰਨ ਅਤੇ ਵਿਕਰੀ ਉਪਰ ਕੰਟਰੋਲ ਦੀ ਸਰਕਾਰੀ ਵਿਵਸਥਾ ਦਾ ਗਿਣ-ਮਿੱਥ ਕੇ ਖਾਤਮਾ ਕਰਨ ਵਾਲੇ ਅਤੇ ਨਿੱਜੀ ਕਾਰਪੋਰੇਟ ਕੰਟਰੋਲ ਦਾ ਰਾਹ ਪੱਧਰਾ ਕਰਨ ਵਾਲੇ ਹਨ। ਇਹ ਕਾਨੂੰਨ ਮੁੱਠੀ ਭਰ ਵੱਡੀਆਂ ਕੰਪਨੀਆਂ ਨੂੰ ਮਾਲਾਮਾਲ ਕਰਨ ਲਈ ਲਿਆਂਦੇ ਗਏ ਹਨ ਅਤੇ ਇਹਨਾਂ ਜ਼ਰੀਏ ਆਲਮੀ ਕਾਰਪੋਰੇਟ ਸਰਮਾਏ ਵਲੋਂ ਭਾਰਤ ਵਰਗੇ ਮੁਲਕਾਂ ਵਿਚ ਖੇਤੀ ਖੇਤਰ ਉਪਰ ਕਾਬਜ਼ ਹੋਣ ਦੇ ਪ੍ਰਾਜੈਕਟ ਨੂੰ ਲਾਗੂ ਕੀਤਾ ਜਾ ਰਿਹਾ ਹੈ ਜੋ ਡਬਲਿਊ.ਟੀ.ਓ. ਦਾ ਚਿਰੋਕਣਾ ਏਜੰਡਾ ਹੈ। ਇਹਨਾਂ ਕਾਨੂੰਨਾਂ ਰਾਹੀਂ ਵੱਡੀਆਂ ਕੰਪਨੀਆਂ ਨੂੰ ਖਰੀਦ ਸਮੇਂ ਫਸਲਾਂ ਦੇ ਭਾਅ ਤੈਅ ਕਰਨ ਦੀ ਅਸੀਮਤ ਤਾਕਤ ਦਿੱਤੀ ਗਈ ਹੈ ਜਿਸ ਨਾਲ ਇਕ ਪਾਸੇ ਉਹ ਕਿਸਾਨਾਂ ਦੀਆਂ ਫਸਲਾਂ ਕੌਡੀਆਂ ਦੇ ਭਾਅ ਮਨਮਰਜ਼ੀ ਨਾਲ ਖਰੀਦ ਕੇ ਕਿਸਾਨੀ ਦਾ ਲੱਕ ਤੋੜਨਗੀਆਂ ਅਤੇ ਦੂਜੇ ਪਾਸੇ, ਜ਼ਖੀਰੇਬਾਜ਼ੀ ਰਾਹੀਂ ਵੱਧ ਤੋਂ ਵੱਧ ਮਹਿੰਗੇ ਭਾਅ ਉਪਰ ਵੇਚ ਕੇ ਖਪਤਕਾਰਾਂ ਦੀਆਂ ਜੇਬਾਂ ਉਪਰ ਡਾਕੇ ਮਾਰਨਗੀਆਂ।

ਆਰ.ਐਸ.ਐਸ.-ਭਾਜਪਾ ਸਰਕਾਰ ਕਿਸਾਨਾਂ ਨੂੰ 'ਵਿਚੋਲਿਆਂ' ਤੋਂ ਆਜ਼ਾਦੀ ਦੇਣ ਅਤੇ ਮੁਲਕ ਵਿਚ ਕਿਤੇ ਵੀ ਆਪਣੀਆਂ ਖੇਤੀ ਜਿਣਸਾਂ ਵੇਚਣ ਦੀ ਖੁੱਲ੍ਹ ਦੇਣ ਦੇ ਸਬਜ਼ਬਾਗ ਦਿਖਾ ਕੇ ਗੁਮਰਾਹ ਕਰਨਾ ਚਾਹੁੰਦੀ ਹੈ; ਜਦਕਿ 'ਇਕ ਰਾਸ਼ਟਰ, ਇਕ ਮੰਡੀ' ਕਦੇ ਵੀ ਕਿਸਾਨੀ ਦੀ ਮੰਗ ਨਹੀਂ ਰਹੀ। 'ਇਕ ਮੰਡੀ' ਕਾਰਪੋਰੇਟ ਸਰਮਾਏਦਾਰੀ ਦੀ ਮੰਗ ਹੈ ਅਤੇ ਇਹ ਆਰ.ਐਸ.ਐਸ.-ਭਾਜਪਾ ਦੇ ਅਤਿ-ਕੇਂਦਰੀਕਰਨ ਕਰ ਕੇ ਰਾਜਾਂ ਦੇ ਅਧਿਕਾਰ ਖੋਹਣ ਦੇ ਰਾਜਨੀਤਕ ਏਜੰਡੇ ਦਾ ਹਿੱਸਾ ਹੈ। ਕਿਸਾਨਾਂ ਦੀ ਮੰਗ ਤਾਂ ਖੇਤੀ ਸੰਕਟ ਨੂੰ ਦੂਰ ਕਰਨ ਲਈ ਠੋਸ ਨੀਤੀ ਬਣਾਉਣ ਅਤੇ ਖੇਤੀ ਜਿਣਸਾਂ ਦੇ ਲਾਹੇਵੰਦ ਭਾਅ ਦੇਣ ਲਈ ਸਾਰੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਏ ਜਾਣ ਦੀ ਰਹੀ ਹੈ। ਭਾਜਪਾ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਅਤੇ ਐਮ.ਐਸ.ਪੀ. ਦੇਣ ਦਾ ਵਾਅਦਾ ਕੀਤਾ ਸੀ, ਸੱਤਾ ਵਿਚ ਆ ਕੇ ਇਸ ਨੇ ਹਲਫਨਾਮਾ ਦੇ ਕੇ ਕਿਹਾ ਕਿ ਐਮ.ਐਸ.ਪੀ. ਨੂੰ ਲਾਗੂ ਕਰਨ ਦਾ ਵਾਅਦਾ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਦਾ ਫਸਲਾਂ ਦੇ ਭਾਅ ਐਮ.ਐਸ.ਪੀ. ਵਿਚ 50 ਫੀਸਦੀ ਵਾਧਾ ਕਰ ਕੇ ਦੇਣ ਦਾ ਦਾਅਵਾ ਵੀ ਝੂਠਾ ਸਾਬਤ ਹੋਇਆ।

'ਇਕ ਮੰਡੀ' ਕਿਸੇ ਵੀ ਸੂਰਤ 'ਚ ਆਮ ਕਿਸਾਨੀ ਲਈ ਲਾਹੇਵੰਦ ਨਹੀਂ ਹੋ ਸਕਦੀ। ਭਾਰਤ ਦੇ ਜ਼ਿਆਦਾਤਰ ਕਿਸਾਨ ਖੁੱਲ੍ਹੀ ਮੰਡੀ ਵਿਚ ਵੱਡੇ ਫਾਰਮਰਾਂ ਦਾ ਮੁਕਾਬਲਾ ਕਰ ਹੀ ਨਹੀਂ ਸਕਦੇ। ਉਹਨਾਂ ਕੋਲ ਨਾ ਤਾਂ ਫਸਲ ਨੂੰ ਭੰਡਾਰ ਕਰਨ ਦੇ ਵਸੀਲੇ ਹਨ, ਨਾ ਦੂਰ ਦੀ ਮੰਡੀ ਵਿਚ ਫਸਲ ਲਿਜਾਣ ਦੇ। ਜ਼ਿਆਦਾਤਰ ਰਾਜਾਂ ਵਿਚ ਬਹੁਤ ਸਾਰੀਆਂ ਖੇਤੀ ਜਿਣਸਾਂ ਦਾ ਖੁੱਲ੍ਹੀ ਮੰਡੀ ਵਿਚ ਹਸ਼ਰ ਕਿਸਾਨ ਭਲੀਭਾਂਤ ਜਾਣਦੇ ਹਨ। ਪੰਜਾਬ ਵਿਚ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ 1850 ਰੁਪਏ ਐਲਾਨੇ ਜਾਣ ਦੇ ਬਾਵਜੂਦ ਇਹ ਵਪਾਰੀਆਂ ਵਲੋਂ 600-700 ਰੁਪਏ ਪ੍ਰਤੀ ਕੁਇੰਟਲ ਲੁੱਟੀਂਦੀ ਦੇਖੀ ਜਾ ਸਕਦੀ ਹੈ। ਇਸ ਲਈ ਕਿਸਾਨਾਂ ਨੂੰ ਪਤਾ ਹੈ ਕਿ ਸਰਕਾਰੀ ਮੰਡੀਕਰਨ ਨੂੰ ਖਤਮ ਕੀਤੇ ਜਾਣ ਦੀ ਸੂਰਤ ਵਿਚ ਉਹਨਾਂ ਦੀ ਲੁੱਟ ਅਤੇ ਬਰਬਾਦੀ ਨੂੰ ਜ਼ਰਬਾਂ ਕਿਵੇਂ ਆਉਣਗੀਆਂ। ਬਿਹਾਰ ਵਿਚ ਏ.ਪੀ.ਐਮ.ਸੀ. ਵਿਵਸਥਾ ਨੂੰ ਖਤਮ ਕੀਤੇ ਜਾਣ ਤੋਂ ਬਾਅਦ ਖੇਤੀ ਜਿਣਸਾਂ ਦੀ ਦੁਰਦਸ਼ਾ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ।

ਇਸੇ ਤਰ੍ਹਾਂ, ਠੇਕਾ ਖੇਤੀ ਨੂੰ ਮਨਜ਼ੂਰੀ ਦੇਣ ਦਾ ਮਨੋਰਥ ਖੇਤੀ ਖੇਤਰ ਨੂੰ ਆਧੁਨਿਕ ਬਣਾਉਣਾ ਨਹੀਂ ਸਗੋਂ ਮੁਲਕ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਬਣਾਈ ਫਸਲਾਂ ਦੀ ਪੈਦਾਵਾਰ ਅਤੇ ਆਯਾਤ-ਨਿਰਯਾਤ ਦੀ ਮੌਜੂਦਾ ਵਿਵਸਥਾ ਦਾ ਭੋਗ ਪਾ ਕੇ ਖੇਤੀ ਵਪਾਰ ਕਰਨ ਵਾਲੀਆਂ ਕੰਪਨੀਆਂ ਲਈ ਸੁਪਰ-ਮੁਨਾਫੇ ਯਕੀਨੀ ਬਣਾਉਣਾ ਹੈ। ਖੇਤੀ ਲਾਗਤ ਵਸਤਾਂ ਦੇ ਕਾਰੋਬਾਰ ਦੇ ਨਾਲ-ਨਾਲ ਹੁਣ ਖੇਤੀ ਪੈਦਾਵਾਰ ਅਤੇ ਮੰਡੀਕਰਨ ਉਪਰ ਵੀ ਵੱਡੀਆਂ ਕੰਪਨੀਆਂ ਦਾ ਕਬਜ਼ਾ ਹੋ ਜਾਵੇਗਾ। ਇਹਨਾਂ ਕਾਨੂੰਨਾਂ ਰਾਹੀਂ ਮੁਲਕ ਦੀ ਅੰਨ੍ਹ ਸੁਰੱਖਿਆ ਅਤੇ ਖਾਧ-ਖੁਰਾਕ ਦੀ ਸਵੈਨਿਰਭਰਤਾ ਖਤਮ ਕਰ ਕੇ ਲੋਕਾਂ ਨੂੰ ਖੁੱਲ੍ਹੀ ਮੰਡੀ ਅਤੇ ਜ਼ਖੀਰੇਬਾਜ਼ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਖੇਤੀ ਸੰਬੰਧੀ ਨੀਤੀਆਂ ਵਿਚ ਵੱਡਾ ਫੇਰ-ਬਦਲ ਕਰਨ ਵਾਲੇ ਇਹਨਾਂ ਕਾਨੂੰਨਾਂ ਉਪਰ ਖੁੱਲ੍ਹੀ ਚਰਚਾ ਕਰਨ ਦੀ ਬਜਾਏ ਸ਼ਰੇਆਮ ਤਾਨਾਸ਼ਾਹ ਤਰੀਕਾ ਅਖਤਿਆਰ ਕੀਤੇ ਜਾਣ ਅਤੇ ਕਾਨੂੰਨਾਂ ਨੂੰ ਪਾਸ ਕਰਨ ਦੀ ਵਿਸ਼ੇਸ਼ ਕਾਹਲ ਤੋਂ ਵੀ ਇਹ ਸਪਸ਼ਟ ਹੋ ਗਿਆ ਕਿ ਇਹਨਾਂ ਪਿੱਛੇ ਡੂੰਘੀ ਸਾਜ਼ਿਸ਼ ਕੰਮ ਕਰਦੀ ਹੈ। ਕਿਸਾਨ ਜਥੇਬੰਦੀਆਂ ਪਿਛਲੇ ਸਾਲਾਂ ਤੋਂ ਨਾ ਸਿਰਫ ਖੇਤੀ ਸੰਕਟ ਨੂੰ ਮੁਖਾਤਿਬ ਹੋਣ ਲਈ ਕਿਸਾਨੀ ਨੂੰ ਬਚਾਉਣ ਵਾਲੀਆਂ ਠੋਸ ਨੀਤੀਆਂ ਬਣਾਏ ਜਾਣ ਦੀ ਮੰਗ ਕਰ ਰਹੀਆਂ ਹਨ ਸਗੋਂ ਕਿਸਾਨ ਪੰਚਾਇਤਾਂ ਆਯੋਜਿਤ ਕਰ ਕੇ ਮੁਤਵਾਜ਼ੀ ਨੀਤੀਆਂ ਅਤੇ ਬਿੱਲਾਂ ਦੇ ਖਰੜੇ ਵੀ ਪੇਸ਼ ਕਰ ਚੁੱਕੀਆਂ ਹਨ। ਕਿਸਾਨੀ ਦੀ ਆਵਾਜ਼ ਅਤੇ ਮੰਗ ਨੂੰ ਪੂਰੀ ਹੈਂਕੜ ਨਾਲ ਠੁਕਰਾ ਕੇ ਅਤੇ ਕਾਨੂੰਨਸਾਜ਼ ਸੰਸਥਾਵਾਂ ਅੰਦਰ ਵਿਚਾਰ-ਚਰਚਾ ਦੀ ਰਸਮੀ ਵਿਧੀ ਨੂੰ ਵੀ ਤਿਲਾਂਜਲੀ ਦੇ ਕੇ ਆਰਡੀਨੈਂਸ ਦਾ ਸਾਜ਼ਿਸ਼ੀ ਤਰੀਕਾ ਅਖਤਿਆਰ ਕੀਤਾ ਗਿਆ। ਜਦ ਪਿਛਲੇ ਦਿਨੀਂ ਇਹਨਾਂ ਆਰਡੀਨੈਂਸਾਂ ਨੂੰ ਬਿੱਲਾਂ ਦੇ ਰੂਪ 'ਚ ਪਾਸ ਕਰਾਉਣ ਦੀ ਕਵਾਇਦ ਕੀਤੀ ਗਈ, ਉਦੋਂ ਵੀ ਰਾਜ ਸਭਾ ਵਿਚ ਬਹੁਮਤ ਨਾ ਹੋਣ ਕਰ ਕੇ ਜ਼ਬਾਨੀ ਵੋਟ ਦੀ ਹੇਰਾਫੇਰੀ ਰਾਹੀਂ ਬਿੱਲ ਪਾਸ ਕਰਵਾਏ ਗਏ। ਇਸ ਸਮੁੱਚੇ ਧੋਖੇਬਾਜ਼ ਅਮਲ ਨੇ ਇਸ ਗੱਲ ਦੀ ਮੁੜ ਪੁਸ਼ਟੀ ਕਰ ਦਿੱਤੀ ਕਿ ਇਹ ਸਰਕਾਰ ਘੋਰ ਪਿਛਾਖੜੀ, ਗੈਰਜਮਹੂਰੀ ਤੇ ਹੈਂਕੜਬਾਜ਼ ਸਰਕਾਰ ਹੈ ਜੋ ਲੋਕ ਆਵਾਜ਼ ਅਤੇ ਵਿਚਾਰ ਵਟਾਂਦਰੇ ਦੇ ਜਮਹੂਰੀ ਅਮਲ ਨੂੰ ਟਿੱਚ ਸਮਝਦੀ ਹੈ। ਆਰ.ਐਸ.ਐਸ.-ਭਾਜਪਾ ਦਾ ਕਿਸੇ ਵੀ ਸੰਵਿਧਾਨਕ ਕਾਇਦੇ-ਕਾਨੂੰਨ ਵਿਚ ਕੋਈ ਯਕੀਨ ਨਹੀਂ ਹੈ। ਇਸ ਦਾ ਮੂਲ ਕਿਰਦਾਰ ਹੀ ਝੂਠੇ ਵਾਅਦਿਆਂ ਅਤੇ ਯਕੀਨਦਹਾਨੀਆਂ ਜ਼ਰੀਏ ਲੋਕਾਂ ਨੂੰ ਧੋਖਾ ਦੇ ਕੇ ਉਹਨਾਂ ਦੇ ਹਿਤਾਂ ਵਿਰੁਧ ਫੈਸਲੇ ਥੋਪਣਾ ਹੈ। ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਵਲੋਂ ਖੇਤੀ ਆਰਡੀਨੈਂਸ ਰੱਦ ਕਰਨ ਦੇ ਬਾਵਜੂਦ ਕਰੋਨਾ ਮਹਾਮਾਰੀ ਦੌਰਾਨ ਆਰਡੀਨੈਂਸਾਂ ਨੂੰ ਬਿੱਲਾਂ ਦੇ ਰੂਪ ਵਿਚ ਸੰਸਦ ਵਿਚ ਪਾਸ ਕਰਵਾਇਆ ਗਿਆ ਅਤੇ ਰਾਸ਼ਟਰਪਤੀ ਵਲੋਂ ਅੱਖਾਂ ਮੀਟ ਕੇ ਮੋਹਰ ਲਾ ਦਿੱਤੀ ਗਈ। ਇਸੇ ਤਰ੍ਹਾਂ, ਲੋਕ ਰਾਇ ਨੂੰ ਠੁਕਰਾ ਕੇ ਸੰਸਦੀ ਬਹੁਮਤ ਦੀ ਧੌਂਸ ਨਾਲ ਲੇਬਰ ਕੋਡ ਬਿੱਲ ਪਾਸ ਕਰਵਾਇਆ ਗਿਆ। ਸਪਸ਼ਟ ਹੈ ਕਿ ਸੱਤਾਧਾਰੀ ਧਿਰ ਕਰੋਨਾ ਮਹਾਮਾਰੀ ਦੇ ਬਹਾਨੇ ਆਪਣੇ ਵੱਧ ਤੋਂ ਵੱਧ ਲੋਕ ਵਿਰੋਧੀ ਏਜੰਡੇ ਅਮਲ ਵਿਚ ਲਿਆ ਰਹੀ ਹੈ ਜੋ ਪੂਰੀ ਤਰ੍ਹਾਂ ਮੁਲਕ ਦੇ ਹਿਤਾਂ ਅਤੇ ਲੋਕ ਹਿਤਾਂ ਦੇ ਖਿਲਾਫ ਹਨ।

ਖੇਤੀ ਕਾਨੂੰਨ ਭਾਰਤ ਦੀ ਕਿਸਾਨੀ ਨੂੰ ਤਬਾਹ ਕਰਨ ਵਾਲੇ ਹਨ, ਲੇਕਿਨ ਕੇਂਦਰ ਸਰਕਾਰ ਇਹਨਾਂ ਨੂੰ ਇਤਿਹਾਸਕ ਜ਼ਰੂਰਤ ਅਤੇ ਕਿਸਾਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਿਆਉਣ ਵਾਲੇ, ਆਮਦਨ ਅਤੇ ਰੋਜ਼ਗਾਰ ਪੈਦਾ ਕਰਨ ਵਾਲੇ ਦੱਸ ਰਹੀ ਹੈ। ਜਿਵੇਂ ਨੋਟਬੰਦੀ, ਜੀ.ਐਸ.ਟੀ. ਅਤੇ ਲੌਕਡਾਊਨ ਬਾਰੇ ਕੇਂਦਰ ਸਰਕਾਰ ਦੀਆਂ ਯਕੀਨਦਹਾਨੀਆਂ ਪੂਰੀ ਤਰ੍ਹਾਂ ਗੁਮਰਾਹਕੁਨ ਸਾਬਤ ਹੋਈਆਂ, ਉਸੇ ਤਰ੍ਹਾਂ ਹਾਲੀਆ ਕਾਨੂੰਨ ਵੀ ਭਾਰਤੀ ਆਰਥਿਕਤਾ, ਖਾਸ ਕਰ ਕੇ ਕਿਸਾਨੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣਗੇ। ਇਹਨਾਂ ਕਾਨੂੰਨਾਂ ਦੇ ਘਾਤਕ ਅਸਰ ਸਿਰਫ ਕਿਸਾਨੀ ਤੱਕ ਸੀਮਤ ਨਹੀਂ ਰਹਿਣਗੇ। ਜ਼ਰੂਰੀ ਵਸਤਾਂ ਤੇ ਜ਼ਖੀਰੇਬਾਜ਼ੀ ਦੀ ਬੇਰੋਕ-ਟੋਕ ਖੁੱਲ੍ਹ ਨਾਲ ਸ਼ਹਿਰੀ ਮਜ਼ਦੂਰਾਂ ਤੇ ਆਮ ਨਾਗਰਿਕਾਂ ਨੂੰ ਵੀ ਮਹਿੰਗਾਈ ਦੀ ਮਾਰ ਸਹਿਣੀ ਪਵੇਗੀ। ਇਹਨਾਂ ਦਾ ਖੇਤੀ ਵਪਾਰ ਨਾਲ ਜੁੜੇ ਆੜਤੀਆਂ, ਪੱਲੇਦਾਰਾਂ, ਛੋਟੇ ਕਾਰੋਬਾਰੀਆਂ, ਦੁਕਾਨਦਾਰਾਂ, ਮਜ਼ਦੂਰਾਂ, ਟਰਾਂਸਪੋਰਟਰਾਂ, ਰਿਪੇਅਰ ਨਾਲ ਜੁੜੇ ਕਾਰੋਬਾਰਾਂ ਵਗੈਰਾ ਸਾਰਿਆਂ ਉਪਰ ਘਾਤਕ ਅਸਰ ਪਵੇਗਾ। ਇਹ ਕਾਨੂੰਨ ਬਹੁਤ ਹੀ ਸ਼ਾਤਰ ਤਰੀਕੇ ਨਾਲ ਬਣਾਏ ਗਏ ਹਨ। ਇਹ ਖੇਤੀ ਉਪਰ ਕਾਰਪੋਰੇਟ ਕਬਜ਼ੇ ਦਾ ਸਿਲਸਿਲੇਵਾਰ ਅਮਲ ਹੈ। ਇਸ ਕਰਕੇ ਇਹਨਾਂ ਕਾਨੂੰਨਾਂ ਦੇ ਤਬਾਹਕੁੰਨ ਅਸਰ ਇਕਦਮ ਨਹੀਂ ਸਗੋਂ ਲੰਮੇ ਸਮੇਂ 'ਚ ਸਾਹਮਣੇ ਆਉਣਗੇ। ਇਹਨਾਂ ਫਿਕਰਾਂ ਅਤੇ ਤੌਖਲਿਆਂ ਨੇ ਹੀ ਹਾਲੀਆ ਲੋਕ ਉਭਾਰ ਨੂੰ ਜਨਮ ਦਿੱਤਾ ਹੈ।

## ਕਾਰਪੋਰੇਟ ਪ੍ਰਾਜੈਕਟ ਤੇ ਲੰਮੀ ਲੜਾਈ ਦਾ ਰੁਖ

ਤਾਨਾਸ਼ਾਹੀ ਅਤੇ ਕਾਰਪੋਰੇਟ ਪੂੰਜੀ ਦੀ ਸੇਵਾ ਰਾਹੀਂ ਭਾਰਤੀ ਆਰਥਿਕਤਾ ਉਪਰ ਚੌਤਰਫਾ ਹਮਲਾ ਨਵੇਂ ਰੂਪ 'ਚ ਮੁੜ-ਬਸਤੀਕਰਨ ਦੇ ਆਲਮੀ ਸਰਮਾਏਦਾਰਾ ਪ੍ਰਾਜੈਕਟ ਦਾ ਹਿੱਸਾ ਹੈ। ਨਵੇਂ ਖੇਤੀ ਕਾਨੂੰਨਾਂ ਰਾਹੀਂ ਕਾਰਪੋਰੇਟ ਪੂੰਜੀ ਦੇ ਮੁਨਾਫਿਆਂ ਲਈ ਖੇਤੀ ਖੇਤਰ ਨੂੰ ਉਹਨਾਂ ਦੇ ਹਵਾਲੇ ਕਰਨ ਦਾ ਰਾਹ ਖੋਲ੍ਹਿਆ ਗਿਆ ਹੈ। ਇਹ ਵਿਦੇਸ਼ੀ ਸਰਮਾਏ ਦੇ ਬਸਤੀਵਾਦੀ ਗਲਬੇ ਦੇ ਪੁਰਾਣੇ ਦਿਨਾਂ ਨੂੰ ਇਕ ਨਵੇਂ ਰੂਪ 'ਚ ਵਾਪਸ ਲਿਆਉਣ ਦਾ ਯਤਨ ਹੈ ਜਿਸ ਵਿਰੁਧ ਦੋ ਸਦੀਆਂ ਜਾਨ-ਹੂਲਵਾਂ



ਸੰਘਰਸ਼ ਕਰ ਕੇ ਭਾਰਤ ਅਤੇ ਦੁਨੀਆ ਦੇ ਹੋਰ ਦੇਸ਼ਾਂ ਦੇ ਲੋਕਾਂ ਨੇ ਬਸਤੀਵਾਦੀ ਜਕੜ ਨੂੰ ਤੋੜਿਆ ਸੀ। ਖੇਤੀ ਕਾਨੂੰਨਾਂ ਵਿਰੁਧ ਕਿਸਾਨੀ ਦੇ ਵਿਸ਼ਾਲ ਉਭਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮੁਲਕ ਦੇ ਕਿਸਾਨ ਅਤੇ ਹੋਰ ਲੋਕ ਸੱਤਾਧਾਰੀ ਧਿਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਤਰਨਾਕ ਨਤੀਜਿਆਂ ਬਾਰੇ ਦਿਨੋ-ਦਿਨ ਜਾਗਰੂਕ ਹੋ ਰਹੇ ਹਨ ਅਤੇ ਇਸ ਜਾਗਰੂਕਤਾ ਨੂੰ ਸੱਤਾ ਦੇ ਚੌਤਰਫੇ ਹਮਲਿਆਂ ਵਿਰੁਧ ਵਿਸ਼ਾਲ ਲੋਕ-ਜਮਹੂਰੀ ਚੇਤਨਾ ਵਿਚ ਬਦਲਣ ਲਈ ਵਿਸ਼ੇਸ਼ ਤਰੱਦਦ ਕਰਨ ਦੀ ਲੋੜ ਹੈ। ਇਹ ਲੜਾਈ ਛੇਤੀ ਮੁੱਕਣ ਵਾਲੀ ਨਹੀਂ ਅਤੇ ਇਹ ਲੰਮਾ ਸਮਾਂ ਚੱਲਣੀ ਹੈ। ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਤਾਜ਼ਾ ਹਮਲੇ ਨੂੰ ਠੱਲ੍ਹਣ ਦੇ ਨਾਲ-ਨਾਲ ਇਸ ਲੜਾਈ ਨੂੰ ਹਿੰਦੂਤਵ ਫਾਸ਼ੀਵਾਦ ਵਿਰੁਧ ਵਿਸ਼ਾਲ ਜਮਹੂਰੀ ਸਿਆਸੀ ਲੜਾਈ ਅਤੇ ਇਸ ਆਦਮਖੋਰ ਢਾਂਚੇ ਨੂੰ ਖਤਮ ਕਰਨ ਦੇ ਯੁੱਗ-ਪਲਟਾਊ ਸੰਗਰਾਮ ਵਿਚ ਬਦਲਣ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

## ਭਾਰਤ ਵੀ ਫਾਸ਼ੀਵਾਦ ਵਾਲੇ ਇਟਲੀ ਦੇ ਰਾਹ

(ਪਿਛਲੇ ਸਫੇ ਦੀ ਬਾਕੀ)

ਗੁਮਰਾਹ ਕੀਤਾ, ਲੁੱਟਿਆ ਤੇ ਅਖੀਰ ਧੋਖਾ ਦੇ ਦਿੱਤਾ। ਬੈਨੀਤੋ ਮੁਸੋਲਿਨੀ ਤੇ ਉਸ ਤੇ ਫਾਸ਼ੀਵਾਦੀ ਸੋਚਦੇ ਸਨ ਕਿ ਉਹ ਸਦਾ ਲਈ ਸ਼ਾਸਨ ਕਰਨਗੇ।" ਨਰਿੰਦਰ ਮੋਦੀ ਤੇ ਭਾਜਪਾ ਦੇ ਸੁਪਨੇ ਵੀ ਇਹੀ ਹਨ। ਅਸੀਮ ਸੱਤਾ ਦੀ ਇਹ ਕਲਪਨਾ ਸੱਚ ਨਹੀਂ ਹੋਵੇਗੀ ਪਰ ਜਿੰਨੀ ਦੇਰ ਤੱਕ ਇਹ ਸੱਤਾਸੀਨ ਰਹਿਣਗੇ ਓਨੀ ਦੇਰ ਦੇਸ਼ ਨੂੰ ਆਰਥਕ, ਸਿਆਸੀ, ਸਮਾਜਿਕ ਅਤੇ ਇਖਲਾਕੀ ਤੌਰ 'ਤੇ ਮੁੱਲ ਤਾਰਨਾ ਪਵੇਗਾ। ਇਟਲੀ ਨੂੰ ਮੁਸੋਲਿਨੀ ਤੇ ਉਸ ਦੀ ਪਾਰਟੀ ਵਲੋਂ ਫੈਲਾਈ ਤਬਾਹੀ ਤੋਂ ਉਭਰਨ ਵਿਚ ਕਈ ਦਹਾਕੇ ਲੱਗ ਗਏ ਸਨ ਤੇ ਹੋ ਸਕਦਾ ਭਾਰਤ ਨੂੰ ਮੋਦੀ ਤੇ ਉਸ ਦੀ ਪਾਰਟੀ ਵਲੋਂ ਫੈਲਾਈ ਤਬਾਹੀ ਤੋਂ ਉਭਰਨ ਲਈ ਉਸ ਤੋਂ ਵੀ ਵੱਧ ਅਰਸਾ ਲੱਗੇ।

# ਸਮੁੱਚੇ ਪੰਜਾਬੀਆਂ ਦਾ ਮੋਰਚਾ ਬਣ ਗਿਆ ਕਿਸਾਨੀ ਜਥੇਬੰਦੀਆਂ ਦਾ 'ਪੰਜਾਬ ਬੰਦ'

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ 25 ਸਤੰਬਰ ਦੇ ਦਿਨ, ਜਦੋਂ ਕੇਂਦਰ ਸਰਕਾਰ ਦੇ ਖੇਤੀਬਾੜੀ ਬਿੱਲਾਂ ਖਿਲਾਫ ਪੂਰਾ ਪੰਜਾਬ ਬੰਦ ਕੀਤਾ ਹੋਇਆ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਦੇ ਕੁਝ ਮੰਤਰੀ ਇਹ ਕਹਿ ਰਹੇ ਸਨ ਕਿ ਖੇਤੀਬਾੜੀ ਬਿੱਲਾਂ ਨਾਲ ਕਿਸਾਨਾਂ ਦੀ ਹਾਲਤ ਤਾਂ ਬੜੀ ਸੁਧਰ ਜਾਣੀ ਹੈ, ਪਰ ਉਨ੍ਹਾਂ ਨੂੰ ਇਸ ਦੀ ਸਮਝ ਨਹੀਂ ਆ ਰਹੀ। ਮੋਦੀ ਨੇ ਭਾਜਪਾ ਆਗੂਆਂ ਅਤੇ ਵਰਕਰਾਂ ਨੂੰ ਲੋਕਾਂ ਵਿਚ ਜਾਣ ਅਤੇ ਉਨ੍ਹਾਂ ਨੂੰ ਇਨ੍ਹਾਂ ਬਿੱਲਾਂ ਦੇ ਫਾਇਦੇ ਸਮਝਾਉਣ ਲਈ ਕਿਹਾ ਸੀ। ਸ਼ਾਇਦ ਕਿਸਾਨ ਏਨੇ ਹੀ ਭੋਲੇ ਸਮਝੇ ਜਾ ਰਹੇ ਹਨ ਕਿ ਉਹ ਆਪਣਾ ਭਲਾ-ਬੁਰਾ ਨਹੀਂ ਸੋਚ ਸਕਦੇ, ਇਸ ਲਈ ਪ੍ਰਧਾਨ ਮੰਤਰੀ ਨੂੰ ਆਪਣੇ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਮੈਦਾਨ ਵਿਚ ਨਿਕਲਣ ਲਈ ਕਹਿਣਾ ਪਿਆ ਹੈ, ਪਰ ਜਿਹੜੇ ਵਰਕਰ ਪਿੰਡਾਂ ਵਿਚ ਜਾਣ ਲਈ ਵੰਗਾਰੇ ਗਏ ਹਨ, ਉਨ੍ਹਾਂ ਲਈ ਇਹ ਕੰਮ ਸੌਖਾ ਨਹੀਂ ਹੋਣਾ। ਕਿਸਾਨਾਂ ਨੇ ਪੰਜਾਬ ਅਤੇ ਹਰਿਆਣਾ ਵਿਚ ਇਹ ਸੱਦੇ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਭਾਜਪਾ ਵਾਲਿਆਂ ਨੂੰ ਪਿੰਡਾਂ ਵਿਚ ਨਾ ਵੜਨ ਦਿੱਤਾ ਜਾਵੇ। ਅਸਲ ਵਿਚ ਕਿਸਾਨ ਵੀ ਆਪਣਾ ਭਲਾ-ਬੁਰਾ ਸਮਝਦੇ ਹਨ ਅਤੇ ਪ੍ਰਧਾਨ ਮੰਤਰੀ ਵੀ ਸਾਰੇ ਹਾਲਾਤ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਆਪਣੀ ਨੀਤੀ ਲਾਗੂ ਕਰਨ ਲਈ ਭਾਜਪਾ ਵਰਕਰਾਂ ਨੂੰ ਕਿਸਾਨਾਂ ਨਾਲ ਟਕਰਾਅ ਦੇ ਰਾਹ ਪਾਉਣ ਤੱਕ ਚਲੇ ਗਏ ਹਨ।



ਮਾਮਲਾ ਤਾਂ ਖੇਤੀਬਾੜੀ ਬਾਰੇ ਪੇਸ਼ ਅਤੇ ਪਾਸ ਕੀਤੇ ਗਏ ਤਿੰਨ ਬਿੱਲਾਂ ਦਾ ਸੀ, ਜਿਸ ਤੋਂ ਕਿਸਾਨ ਭੜਕ ਪਏ ਸਨ ਤੇ ਸਿਰਫ ਕਿਸਾਨ ਨਹੀਂ ਭੜਕੇ, ਮੰਡੀਆਂ ਦੇ ਆੜ੍ਹਤੀਏ ਅਤੇ ਕੱਚੀ-ਪੱਕੀ ਹਰ ਤਰ੍ਹਾਂ ਦੀ ਲੇਬਰ ਵਾਲੇ ਮਜ਼ਦੂਰ ਵੀ ਢਿੱਡ ਉੱਤੇ ਲੱਤ ਵੱਜੀ ਮਹਿਸੂਸ ਕਰਦੇ ਹਨ। ਸਰਕਾਰ ਕਹਿੰਦੀ ਹੈ ਕਿ ਮੰਡੀਆਂ ਤੋਂ ਬਾਹਰ ਖੇਤਾਂ ਅਤੇ ਘਰਾਂ ਵਿਚੋਂ ਵੀ ਕਿਸਾਨਾਂ ਕੋਲੋਂ ਕੋਈ ਕੰਪਨੀ ਫਸਲ ਖਰੀਦੇਗੀ ਤਾਂ ਚੰਗਾ ਹੈ, ਉਨ੍ਹਾਂ ਨੂੰ ਮੰਡੀ ਵਿਚ ਨਹੀਂ ਜਾਣਾ ਪਵੇਗਾ। ਇਹ ਸੁਹਾਵਣਾ ਸੁਫਨਾ ਹੈ ਤੇ ਇਸ ਦੇ ਪਿੱਛੇ ਅੱਜ ਤੱਕ ਚੱਲ ਰਿਹਾ ਘੱਟੋ-ਘੱਟ ਖਰੀਦ ਕੀਮਤ ਦਾ ਸਿਸਟਮ ਖਤਮ ਕਰਨ ਦੀ ਨੀਤੀ ਹੈ। ਆਪਣੇ ਖੇਤ ਵਿਚ ਇਕੱਲੇ ਕਿਸਾਨ ਕੋਲ ਜਦੋਂ ਖਰੀਦਦਾਰ ਕੰਪਨੀ ਆਈ ਤਾਂ ਉਹ ਹਰ ਖੇਤ ਵਿਚ ਮੌਕੇ ਮੁਤਾਬਕ ਮੁੱਲ ਦੱਸ ਕੇ ਲੱਗਦੇ ਦਾਅ ਮੁਤਾਬਕ ਖਰੀਦ ਕਰੇਗੀ ਤੇ ਕਿਸਾਨ ਨੂੰ ਨਾਲ ਦੀ ਵੱਟ ਵਾਲੇ ਕਿਸਾਨ ਨੂੰ ਮਿਲੇ ਭਾਅ ਦਾ ਵੀ ਪਤਾ ਨਹੀਂ ਲੱਗੇਗਾ ਤੇ ਦੋਹਾਂ ਨੂੰ ਇੱਕ ਦੂਜੇ ਤੋਂ ਵੱਧ ਭਾਅ ਦਾ ਝਾਂਸਾ ਦੇ ਕੇ ਕੁੰਡੀ ਲਾਈ ਜਾਵੇਗੀ। ਮੰਡੀ 'ਚ ਪਈ ਫਸਲ ਦਾ ਭਾਅ ਸਾਰਿਆਂ ਲਈ ਇੱਕੋ ਪੱਧਰ ਦਾ ਜਾਂ ਇੱਕੋ ਪੱਧਰ ਦੇ ਨੇੜੇ-ਤੇੜੇ ਦਾ ਹੁੰਦਾ ਹੈ, ਬਹੁਤਾ ਫਰਕ ਨਹੀਂ ਪੈ ਸਕਦਾ।

ਦੂਜੀ ਗੱਲ ਇਹ ਵੀ ਹੈ ਕਿ ਮੰਡੀ ਵਿਚੋਂ ਖਰੀਦੀ ਫਸਲ ਦਾ ਜਾਇਜ਼ ਭਾਅ ਨਾ ਮਿਲੇ ਤਾਂ ਕਿਸਾਨ ਸਮੂਹਕ ਤੌਰ 'ਤੇ ਸੰਘਰਸ਼ ਸ਼ੁਰੂ ਕਰ ਸਕਦੇ ਹਨ, ਪਰ ਖੇਤ ਵਿਚ ਬੈਠ ਕੇ ਇਕੱਲੇ ਕਿਸਾਨ ਤੋਂ ਚੁੱਪ-ਚੁਪੀਤੇ ਖਰੀਦੀ ਫਸਲ ਲਈ ਕੰਪਨੀ ਬਾਅਦ ਵਿਚ ਕੀਤੇ ਗਏ ਮੁੱਲ ਤੋਂ ਘੱਟ ਕਹਿਣ ਲੱਗ ਪਵੇ ਤਾਂ ਉਸ ਨੂੰ ਝੂਠਾ ਕਹਿਣ ਵਾਲਾ ਕੋਈ ਤੀਜਾ ਉਥੇ ਨਹੀਂ ਹੋਵੇਗਾ। ਤੀਜਾ ਇਹ ਕਿ ਇਸ ਤਰ੍ਹਾਂ ਇੱਕ ਸਾਲ ਫਸਲ ਦਾ ਭਾਅ ਚੜ੍ਹਾ ਕੇ ਦੂਸਰੇ-ਤੀਸਰੇ ਸਾਲ ਅਚਾਨਕ ਡੇਗ ਕੇ ਕਿਸਾਨ ਰਗੜ ਦਿੱਤੇ ਤਾਂ ਉਸ ਮੌਕੇ ਸਰਕਾਰ ਵੀ ਕਿਸਾਨਾਂ ਨੂੰ ਬਚਾਅ ਨਹੀਂ ਸਕੇਗੀ, ਤੇ ਸ਼ਾਇਦ ਸਰਕਾਰ ਇਸੇ ਜ਼ਿੰਮੇਵਾਰੀ ਤੋਂ ਬਚਣਾ ਚਾਹੁੰਦੀ ਹੈ।

ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ 'ਪਿੰਡ ਬੱਝਾ ਨਹੀਂ ਅਤੇ ਉਚੱਕੇ ਪਹਿਲਾਂ ਆ ਪਹੁੰਚੇ' ਦੇ ਮੁਹਾਵਰੇ ਵਾਂਗ ਕੇਂਦਰ ਸਰਕਾਰ ਦੇ ਤਿੰਨ ਬਿੱਲ ਪਾਸ ਹੋਣ ਤੋਂ ਵੀ ਪਹਿਲਾਂ ਇੱਕ ਗੁਜਰਾਤੀ ਅਰਬਪਤੀ, ਜੋ ਕੇਂਦਰ ਸਰਕਾਰ ਦੇ ਨਾਲ ਬਹੁਤ ਨੇੜ ਰੱਖਦਾ ਹੈ, ਨੇ ਪੰਜਾਬ ਵਿਚ ਜ਼ਮੀਨ ਖਰੀਦ ਕੇ ਗੋਦਾਮ ਬਣਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਜਦੋਂ ਬਿੱਲ ਹਾਲੇ ਪਾਸ ਵੀ ਨਹੀਂ ਸੀ ਹੋਏ, ਉਸ ਨੂੰ ਏਨੀ ਗਾਰੰਟੀ ਪਹਿਲਾਂ ਹੀ ਮਿਲ ਗਈ ਕਿ ਵਿਰੋਧ ਦੀ ਕੋਈ ਪ੍ਰਵਾਹ ਨਹੀਂ, ਤੇਰੇ ਮੁਨਾਫੇ ਲਈ ਪੱਕਾ ਪ੍ਰਬੰਧ ਅਸੀਂ ਕਰ ਕੇ ਰਹਿਣਾ ਹੈ। ਗੋਦਾਮ ਉਹੋ ਪੂੰਜੀਪਤੀ ਬਣਾ ਰਿਹਾ ਹੈ, ਜੋ ਆਸਟਰੇਲੀਆ ਤੱਕ ਖਾਣਾਂ ਖੋਦਣ ਦੇ ਪ੍ਰਾਜੈਕਟਾਂ ਕਾਰਨ ਉਥੋਂ ਦੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰ ਰਿਹਾ ਹੈ, ਪਰ ਪੰਜਾਬ ਵਿਚਲੇ ਉਸ ਦੇ ਗੋਦਾਮਾਂ ਦੀ ਗਾਰੰਟੀ ਭਾਰਤ ਸਰਕਾਰ ਦੀ ਉਹੋ ਏਜੰਸੀ ਦਿੰਦੀ ਪਈ ਹੈ, ਜੋ ਅੱਜ ਤੱਕ ਕਿਸਾਨੀ ਫਸਲ ਖਰੀਦ ਕਰਨ ਦੇ ਲਈ ਮੰਡੀਆਂ ਵਿਚ ਆਉਂਦੀ ਹੁੰਦੀ ਸੀ। ਸਾਫ ਹੈ ਕਿ ਸਭ ਕੁਝ ਗਿਣ-ਮਿਥ ਕੇ ਹੋ ਰਿਹਾ ਹੈ। ਪਤਾ ਤਾਂ ਇਹ ਵੀ ਲੱਗਦਾ ਪਿਆ ਹੈ ਕਿ ਪੰਜਾਬ ਵਿਚ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਗੋਦਾਮ ਇਸ ਇੱਕੋ ਅਮੀਰ ਦੇ ਹਵਾਲੇ ਕੀਤੇ ਜਾਣ ਲੱਗੇ ਹਨ ਤੇ ਉਥੇ ਫਸਲ ਲੱਗੇ ਜਾਂ ਨਾ ਲੱਗੇ, ਉਨ੍ਹਾਂ ਦੇ ਖਾਲੀ ਹੋਣ ਦੇ ਸਮੇਂ ਦਾ ਉਨ੍ਹਾਂ ਦਾ ਕਿਰਾਇਆ ਵੀ ਭਾਰਤ ਸਰਕਾਰ ਦੀ ਇਹੋ ਖੁਰਾਕ ਕਾਰਪੋਰੇਸ਼ਨ ਦਿੰਦੀ ਰਿਹਾ ਕਰੇਗੀ। ਗੋਦਾਮ ਵੀ ਸਰਕਾਰ ਦੇ, ਕਿਰਾਇਆ ਵੀ ਸਰਕਾਰ ਦੇਵੇਗੀ ਅਤੇ ਸੇਠ ਸਿਰਫ ਨੋਟ ਗਿਣਿਆ ਕਰੇਗਾ ਜਾਂ ਭੋਲੇ-ਭਾਲੇ ਕਿਸਾਨਾਂ ਦੀ ਹਜਾਮਤ ਕਰਨ ਦੇ ਨਵੇਂ ਢੰਗ ਲੱਭਿਆ ਕਰੇਗਾ।

ਲੋਕ ਤਾਂ ਅਜੇ ਤੱਕ ਇਹ ਗੱਲ ਵੀ ਨਹੀਂ ਸਮਝ ਸਕੇ ਕਿ ਖੇਤੀਬਾੜੀ ਬਿੱਲਾਂ ਦੇ ਨਾਲ ਹੀ ਜ਼ਰੂਰੀ ਚੀਜ਼ਾਂ ਦਾ ਜੋ ਕਾਨੂੰਨ ਬਦਲਿਆ ਗਿਆ ਹੈ, ਉਸ ਦੇ ਨਾਲ ਕਿਸਾਨ ਦਾ ਰਗੜਾ ਕੱਢਦੇ ਸਮੇਂ ਹੀ ਖਪਤਕਾਰ ਦੀ ਛਿੱਲ ਲਾਹੁਣ ਦਾ ਪ੍ਰਬੰਧ ਵੀ ਸਰਕਾਰ ਨੇ ਕਰ ਦਿੱਤਾ ਹੈ। ਅਸੀਂ ਐਮਰਜੈਂਸੀ ਲੱਗਣ ਤੋਂ ਪਹਿਲਾਂ ਭਾਰਤ ਵਿਚ ਕਈ ਥਾਂ ਜ਼ਖੀਰੇ ਕਢਵਾਊ ਮੁਹਿੰਮ ਚੱਲਦੀ ਵੇਖੀ ਸੀ। ਸਾਢੇ ਚਾਰ ਦਹਾਕੇ ਪਹਿਲਾਂ ਦੀ ਉਸ ਮੁਹਿੰਮ ਵਿਚ ਲੋਕਾਂ ਦੀਆਂ ਭੀੜਾਂ ਉਨ੍ਹਾਂ ਗੋਦਾਮਾਂ ਵੱਲ ਨੂੰ ਭੱਜੀਆਂ ਜਾਂਦੀਆਂ ਸਨ, ਜਿੱਥੇ ਉਹ ਚੀਜ਼ਾਂ ਲੁਕਾਈਆਂ ਹੁੰਦੀਆਂ ਸਨ, ਜੋ ਬਾਜ਼ਾਰ ਵਿਚ ਨਾ ਮਿਲਣ ਕਾਰਨ ਮਹਿੰਗੇ ਭਾਅ ਵਿਕ ਰਹੀਆਂ ਹੁੰਦੀਆਂ ਸਨ। ਲੋਕ ਜਾਂਦੇ ਤੇ ਲੁਕਾ ਕੇ ਰੱਖੇ ਗਏ ਅਨਾਜ ਅਤੇ ਹੋਰ ਵਸਤਾਂ ਦੇ ਭੰਡਾਰ ਜਦੋਂ ਲੱਭ ਲੈਂਦੇ ਸਨ ਤਾਂ ਸਰਕਾਰੀ ਮਸ਼ੀਨਰੀ ਪਹੁੰਚ ਜਾਂਦੀ ਸੀ, ਜੋ ਓਦਾਂ ਅੱਖ ਮਿਲੀ ਹੋਣ ਕਰ ਕੇ ਕਾਰਵਾਈ ਕਰਨੋਂ ਪਾਸਾ ਵੱਟੀ ਰੱਖਦੀ ਸੀ। ਇਹ ਕਾਰਵਾਈ ਸਿਰਫ ਉਨ੍ਹਾਂ ਚੀਜ਼ਾਂ ਦੇ ਗੋਦਾਮਾਂ ਵਿਰੁੱਧ ਹੁੰਦੀ ਸੀ, ਜੋ ਜ਼ਰੂਰੀ ਵਸਤਾਂ ਗਿਣੀਆਂ ਜਾਂਦੀਆਂ ਸਨ ਤੇ ਕਾਨੂੰਨ ਅਨੁਸਾਰ ਉਨ੍ਹਾਂ ਦੀ ਜ਼ਖੀਰੇਬਾਜ਼ੀ ਨਹੀਂ ਸੀ ਹੋ ਸਕਦੀ। ਖੇਤੀਬਾੜੀ ਬਿੱਲਾਂ ਨਾਲ ਜਦੋਂ ਨਿੱਤ ਵਰਤੋਂ ਦੀਆਂ ਪਿਆਜ਼ ਵਰਗੀਆਂ ਚੀਜ਼ਾਂ ਵੀ ਜ਼ਰੂਰੀ ਵਸਤਾਂ ਦੇ ਖਾਤੇ ਤੋਂ ਕੱਢੀਆਂ ਗਈਆਂ ਹਨ ਤਾਂ ਬਲੈਕੀਏ ਵਪਾਰੀਆਂ ਨੂੰ ਇਨ੍ਹਾਂ ਦਾ ਭੰਡਾਰ ਕਰਨ ਤੇ ਮੰਡੀਆਂ ਵਿਚ ਨਕਲੀ ਥੁੜ੍ਹ ਵਿਖਾ ਕੇ ਲੋਕਾਂ ਨੂੰ ਲੁੱਟਣ ਲਈ ਰਾਹ ਖੋਲ੍ਹ ਦਿੱਤਾ ਗਿਆ ਹੈ, ਨਾਲ ਏਨੀ ਕੁ ਗੱਲ ਜ਼ਰੂਰ ਲਿਖ ਦਿੱਤੀ ਹੈ ਕਿ ਜੰਗ ਜਾਂ ਕੁਦਰਤੀ ਮੁਸੀਬਤ ਦੇ ਵਕਤ ਭੰਡਾਰ ਨਹੀਂ ਕਰਨ ਦਿੱਤੇ ਜਾਣਗੇ।

ਕਿਸਾਨਾਂ ਦੀ ਬਦਕਿਸਮਤੀ ਹੈ ਕਿ ਕੇਂਦਰ ਸਰਕਾਰ ਦੀ ਸੇਠਾਂ ਨੂੰ ਪਾਲਣ ਤੇ ਕਿਸਾਨਾਂ ਦਾ ਭਵਿੱਖ ਹਨੇਰਾ ਕਰ ਦੇਣ ਦੀ ਇਸ ਨੀਤੀ ਦਾ ਕੁਝ ਸਿਆਸੀ ਆਗੂ ਕਦੀ ਸਿੱਧਾ ਅਤੇ ਕਦੀ ਲੁਕਵਾਂ ਸਾਥ ਦਿੰਦੇ ਹਨ ਅਤੇ ਕਦੀ-ਕਦੀ ਵਿਖਾਵੇ ਲਈ ਫਾਸਲਾ ਪਾਉਣ ਦਾ ਨਾਟਕ ਕਰਦੇ ਹਨ। ਇਹੋ ਕਾਰਨ ਹੈ ਕਿ ਇਸ ਵਾਰੀ ਕਿਸਾਨਾਂ ਨੇ ਆਪਣੇ ਪੰਜਾਬ ਬੰਦ ਦੌਰਾਨ ਕਿਸੇ ਵੀ ਰਾਜਸੀ ਧਿਰ ਦੇ ਕਿਸੇ ਆਗੂ ਨੂੰ ਆਪਣੇ ਪ੍ਰੋਗਰਾਮਾਂ ਉੱਤੇ ਭਾਰੂ ਨਹੀਂ ਹੋਣ ਦਿੱਤਾ ਤੇ ਆਪਣੇ ਹੱਕਾਂ ਦੀ ਲੜਾਈ ਆਪਣੇ ਸਿਰ ਲੜਨ ਦਾ ਇਰਾਦਾ ਅਮਲ ਵਿਚ ਵਿਖਾਇਆ ਹੈ। ਚੰਗੀ ਗੱਲ ਇਹ ਹੋਈ ਕਿ ਇਸ ਵਾਰ ਪੰਜਾਬ ਦੇ ਆਮ ਲੋਕ ਇਸ ਹੱਕਾਂ ਦੀ ਜੰਗ ਵਿਚ ਕਿਸਾਨਾਂ ਦੇ ਨਾਲ ਖੜੋਤੇ ਦਿਖਾਈ ਦਿੱਤੇ ਹਨ। ਮੰਡੀਆਂ ਦੇ ਆੜ੍ਹਤੀ ਕਦੀ ਕਿਸਾਨਾਂ ਦੇ ਨਾਲ ਨਹੀਂ ਸੀ ਤੁਰੇ, ਭਾਵੇਂ ਆਪਣੇ ਕਾਰੋਬਾਰ ਨੂੰ ਤਾਲਾ ਲੱਗਦਾ ਵੇਖ ਕੇ ਹੀ ਆਏ, ਪਰ ਕਿਸਾਨਾਂ ਦੇ ਨਾਲ ਆਏ ਹਨ ਅਤੇ ਮੰਡੀ ਵਿਚਲੇ ਮਜ਼ਦੂਰ ਵੀ ਉਨ੍ਹਾਂ ਨਾਲ ਆ ਖੜੋਤੇ ਹਨ। ਸ਼ਹਿਰਾਂ ਵਿਚ ਕਿਸੇ ਕਿਸਾਨ ਨੇ ਨਾ ਜਲੂਸ ਕੱਢਿਆ ਅਤੇ ਨਾ ਬੰਦ ਕਰਾਉਣ ਦਾ ਕਿਸੇ ਤਰ੍ਹਾਂ ਦਾ ਹੋਕਾ ਦਿੱਤਾ, ਪਰ ਹਰ ਸ਼ਹਿਰ ਤੇ ਹਰ ਕਸਬੇ ਵਿਚ ਵੱਡੇ ਕਾਰੋਬਾਰੀਆਂ ਤੋਂ ਲੈ ਕੇ ਛੋਟੇ ਦੁਕਾਨਦਾਰਾਂ ਤੱਕ ਸਭ ਨੇ ਇਸ ਬੰਦ ਦਾ ਸਾਥ ਦਿੱਤਾ ਹੈ।

ਸਾਡੀ ਉਮਰ ਦੇ ਲੋਕ ਕਹਿੰਦੇ ਹਨ ਕਿ ਬੰਗਲਾ ਦੇਸ਼ ਦੀ ਜੰਗ ਤੋਂ ਦੋ ਸਾਲ ਬਾਅਦ ਏਦਾਂ ਦਾ ਇੱਕ ਬੰਦ ਵੇਖਿਆ ਸੀ, ਜਿਸ ਵਿਚ ਹਰ ਕਿਸੇ ਵਰਗ ਦੇ ਲੋਕ ਸ਼ਾਮਲ ਹੋਏ ਹਨ। ਇਸ ਵਾਰੀ ਦਾ ਬੰਦ ਕਿਸਾਨਾਂ ਦੇ ਭਾਈਚਾਰੇ ਤੱਕ ਸੀਮਤ ਨਹੀਂ ਰਿਹਾ, ਸਮੁੱਚੇ ਪੰਜਾਬੀਆਂ ਦਾ ਮੋਰਚਾ ਬਣ ਗਿਆ ਸੀ ਅਤੇ ਇਸ ਤੋਂ ਆਸ ਬੱਝੀ ਹੈ ਕਿ ਜੇ ਪੰਜਾਬ ਦੇ ਲੋਕ ਇਸੇ ਤਰ੍ਹਾਂ ਏਕੇ ਦੀ ਡੋਰ ਵਿਚ ਪਰੋਏ ਜਾ ਸਕਣ, ਰਾਜਨੀਤਕ ਚੁਸਤੀਆਂ ਕਰਨ ਵਾਲਿਆਂ ਤੋਂ ਲਹਿਰ ਬਚਾਈ ਜਾ ਸਕੇ ਤਾਂ ਇਹ ਲਹਿਰ ਉਹ ਜਲਵਾ ਵੀ ਵਿਖਾ ਸਕਦੀ ਹੈ, ਜੋ ਕਦੀ ਕਿਸੇ ਨੇ ਸੋਚਿਆ ਨਹੀਂ ਹੋਣਾ।

# ਪੰਜਾਬੀਓ ਦ੍ਰਿੜ ਇਰਾਦੇ ਰੱਖਿਓ!

## ਸਿਆਣਪ, ਏਕਤਾ ਤੇ ਯੋਜਨਾਬੰਦੀ ਨਾਲ ਜਿੱਤਿਆ ਜਾਣੈ ਇਹ ਸੰਘਰਸ਼

ਕੰਵਲਪ੍ਰੀਤ ਕੌਰ

ਜੱਟਾਂ ਨੂੰ ਜ਼ਮੀਨ ਮਾਂ ਤੋਂ ਵੱਧ ਪਿਆਰੀ ਹੈ,
ਵੱਡੀਆਂ ਕੰਪਨੀਆਂ ਦੀ
ਹੜੱਪਣ ਦੀ ਤਿਆਰੀ ਹੈ।
ਇਨ੍ਹਾਂ ਦੇ ਨਾਲ ਰਲ ਗਈ
ਸੈਂਟਰ ਦੀ ਸਰਕਾਰ ਹਾਂ,
ਬਾਕੀ ਗੱਲਾਂ ਬਾਅਦ 'ਚ
ਪਹਿਲਾਂ ਸਰਦਾਰ ਹਾਂ।

ਬੱਬੂ ਮਾਨ ਦੇ ਗੀਤ 'ਸਰਦਾਰ' ਦੀਆਂ ਇਹ ਸਤਰਾਂ ਅੱਜ ਦੇ ਹਾਲਾਤ ਉਤੇ ਪੂਰੀਆਂ ਢੁਕਦੀਆਂ ਹਨ। ਕੇਂਦਰ ਸਰਕਾਰ ਨੇ ਤਿੰਨ ਖੇਤੀ ਆਰਡੀਨੈਂਸ ਲਿਆਂਦੇ, ਜੋ ਪਹਿਲਾਂ ਲੋਕ ਸਭਾ ਵਿਚ ਪਾਸ ਹੋਏ ਤੇ ਫਿਰ ਰਾਜ ਸਭਾ ਵਿਚ ਵਿਰੋਧ ਕਰਨ ਦੇ ਬਾਵਜੂਦ ਵੀ ਪਾਸ ਹੋ ਗਏ। ਦੇਸ਼ ਦੇ ਰਾਸ਼ਟਰਪਤੀ ਦੇ ਦਸਤਖਤ ਕਰਨ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਖੇਤੀਬਾੜੀ ਮਾਹਿਰਾਂ ਅਨੁਸਾਰ ਇਹ ਆਰਡੀਨੈਂਸ ਕਿਸਾਨ ਮਾਰੂ ਹਨ। ਇਹ ਸਿਰਫ ਕਿਸਾਨ ਤੇ ਕਿਸਾਨੀ ਨੂੰ ਹੀ ਨਹੀਂ, ਸਗੋਂ ਮੰਡੀਆਂ, ਆੜ੍ਹਤੀਏ, ਮਸ਼ੀਨੀ ਉਦਯੋਗ ਅਤੇ ਇਸ ਦੇ ਨਾਲ ਸਬੰਧਤ ਹਰ ਇੱਕ ਕਾਰੋਬਾਰ ਨੂੰ ਪ੍ਰਭਾਵਿਤ ਕਰਨਗੇ। ਇਸ ਦੇ ਨਾਲ ਹੋਣ ਵਾਲੇ ਨੁਕਸਾਨ ਤਾਂ ਹਰ ਇੱਕ ਨੂੰ ਸਮਝ ਆ ਹੀ ਗਏ ਹਨ।

25 ਸਤੰਬਰ ਨੂੰ ਪੰਜਾਬ ਬੰਦ ਦਾ ਸੱਦਾ ਸੀ। ਕਿਸਾਨ ਜਥੇਬੰਦੀਆਂ ਨੇ ਏਕਤਾ ਵਿਖਾਈ, ਪੰਜਾਬੀਆਂ ਨੇ ਵੱਡੀ ਗਿਣਤੀ ਵਿਚ ਇੱਕਠੇ ਹੋ ਕੇ ਸੰਘਰਸ਼ ਵਿਚ ਹਿੱਸਾ ਪਾਇਆ। ਕਰੀਬ ਹਰ ਵਰਗ ਦੇ ਲੋਕ ਇਸ ਸੰਘਰਸ਼ ਦਾ ਹਿੱਸਾ ਬਣੇ। ਵੱਡੀ ਗਿਣਤੀ ਵਿਚ ਨੌਜਵਾਨ ਆਏ, ਬਹੁਤ ਸਾਰੇ ਪੰਜਾਬੀ ਗਾਇਕਾਂ, ਕਲਾਕਾਰਾਂ ਨੇ ਹਿੱਸਾ ਪਾਇਆ। ਵੱਖ-ਵੱਖ ਕਾਰੋਬਾਰਾਂ ਨਾਲ ਸਬੰਧ ਰੱਖਣ ਵਾਲੇ ਲੋਕ ਇਸ ਇਕੱਠ ਵਿਚ ਵੇਖਣ ਨੂੰ ਮਿਲੇ। ਇਹ ਸੰਘਰਸ਼ ਇੱਕ ਲਹਿਰ ਵਾਂਗ ਪ੍ਰਤੀਤ ਹੋਇਆ, ਜਦੋਂ ਨੌਜਵਾਨ ਵਿਦਿਆਰਥੀਆਂ ਦੀ ਸ਼ਮੂਲੀਅਤ ਹੋਈ ਤੇ ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਯੂਨੀਵਰਸਿਟੀ ਵਿਦਿਆਰਥੀਆਂ ਦੇ ਭਾਸ਼ਣ, ਉਨ੍ਹਾਂ ਦੀ ਗੱਲਬਾਤ ਅਤੇ ਵਿਚਾਰਾਂ ਨੇ ਇਸ ਸੰਘਰਸ਼ ਵਿਚ ਜਾਨ ਪਾ ਦਿੱਤੀ। ਇਕ ਵੱਡੀ ਤਸੱਲੀ ਹੋਈ ਕਿ ਪੜ੍ਹਿਆ-ਲਿਖਿਆ ਨੌਜਵਾਨ ਵਰਗ ਕਿਸਾਨਾਂ ਦੇ ਨਾਲ ਖੜਾ ਹੋਇਆ। ਜੇ ਇਸ ਸਾਰੇ ਦਿਨ ਦੀਆਂ ਪ੍ਰਾਪਤੀਆਂ ਵੱਲ ਝਾਤ ਮਾਰੀਏ ਤਾਂ ਇੰਨਾ ਵੱਡਾ ਇੱਕਠ, ਭਾਈਚਾਰਕ ਸਾਂਝ ਅਤੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਸ਼ਾਮਿਲ ਹਨ। ਬਾਹਰਲੇ ਮੁਲਕਾਂ 'ਚ ਬੈਠੇ ਪੰਜਾਬੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ, ਪੰਜਾਬ ਦੀਆਂ ਖਬਰਾਂ ਉਤੇ, ਕਿਉਂਕਿ ਫਿਕਰਮੰਦ ਸਨ ਅਤੇ ਹਾਲਾਤ ਨੂੰ ਵੇਖਦਿਆਂ ਮਾਹੌਲ ਪੱਖੋਂ ਵੀ ਡਰ ਸੀ। ਪੰਜਾਬੀਆਂ ਨੰ ਇਨ੍ਹਾਂ ਪ੍ਰਾਪਤੀਆਂ ਲਈ ਜਿੱਥੇ ਸ਼ਾਬਾਸ਼ ਬਣਦੀ ਹੈ, ਉਥੇ ਅਸੀਂ ਇਨ੍ਹਾਂ ਦਾ ਧੰਨਵਾਦ ਵੀ ਕਰਦੇ ਹਾਂ।

ਇਸ ਸੰਘਰਸ਼ ਨੂੰ ਨਿਰੰਤਰ ਅਤੇ ਇਕ-ਸਾਰ ਰੱਖਣਾ ਬਹੁਤ ਜ਼ਰੂਰੀ ਹੈ। ਬਹੁਤ ਵੱਡੀ ਚੁਣੌਤੀ ਹੈ ਕਿ ਇੱਕਠ, ਏਕਤਾ ਅਤੇ ਉਤਸ਼ਾਹ ਇਸੇ ਤਰ੍ਹਾਂ ਕਾਇਮ ਰਹੇ। ਹਾਲੇ ਤੱਕ ਕੇਂਦਰ ਸਰਕਾਰ ਵੱਲੋਂ ਗੱਲਬਾਤ ਲਈ ਕੋਈ ਸੁਨੇਹਾ ਨਹੀਂ ਆਇਆ। ਪਤਾ ਨਹੀਂ ਕੀ ਹੋਵੇਗਾ? ਹੋ ਸਕਦੈ ਇਹ ਸੰਘਰਸ਼ ਲੰਬਾ ਚੱਲੇ, ਪਰ ਜੇ ਇੰਜ ਹੋਇਆ ਤਾਂ ਸਾਡੇ ਸਵੈ-ਮਾਨ ਦਾ ਵੀ ਬਰਕਰਾਰ ਰਹਿਣਾ ਬਹੁਤ ਜ਼ਰੂਰੀ ਹੈ। ਇਹ ਇੱਕ ਵੱਡੀ ਲੜਾਈ ਸ਼ੁਰੂ ਹੋ ਗਈ ਹੈ, ਜਿਸ ਨੂੰ ਪੰਜਾਬ ਦੇ ਚੰਗੇ ਭਵਿੱਖ ਵਾਸਤੇ ਜਿੱਤਣਾ ਬਹੁਤ ਜ਼ਰੂਰੀ ਹੈ। ਯਾਦ ਰਹੇ, ਇਹ ਲੜਾਈ ਇਕੱਲੇ ਕਿਸਾਨਾਂ ਜਾਂ ਸਿੱਖਾਂ ਦੀ ਨਹੀਂ ਹੈ। ਜੇ ਇਹ ਕਾਨੂੰਨ ਲਾਗੂ ਹੋ ਗਿਆ ਤਾਂ ਹਰ ਵਰਗ ਪ੍ਰਭਾਵਿਤ ਹੋਵੇਗਾ। ਇਸ ਲਈ ਸਭ ਦਾ ਸਾਥ ਬਹੁਤ ਜ਼ਰੂਰੀ ਹੈ।

ਸਿਆਣਪ ਤੋਂ ਕੰਮ ਲੈ ਕੇ ਇੱਕਜੁਟ ਰਹਿ ਕੇ ਯੋਜਨਾਬੰਦ ਤਾਰੀਕੇ ਨਾਲ ਪੰਜਾਬੀਆਂ ਨੂੰ ਤੁਰਨਾ ਪਵੇਗਾ। ਵੱਡੇ ਪੱਧਰ 'ਤੇ ਸਿਆਸਤ ਛਿੜੀ ਹੋਈ ਹੈ ਪੰਜਾਬ ਵਿਚ, ਬਹੁਤ ਚੌਕੰਨੇ ਰਹਿਣ ਦੀ ਲੋੜ ਹੈ। ਹੁਣ ਤੱਕ ਵੱਖ-ਵੱਖ ਪਾਰਟੀਆਂ ਨੇ ਸਿਰਫ ਸਿਆਸਤ ਹੀ ਕੀਤੀ, ਪਰ ਆਮ ਲੋਕਾਂ ਦੇ ਹੱਕਾਂ ਬਾਰੇ ਕੁਝ ਨਹੀਂ ਕੀਤਾ। ਅੱਜ ਜਿਹੜੀ ਪਾਰਟੀ ਇਹ ਆਰਡੀਨੈਂਸ ਲੈ ਕੇ ਆਈ ਹੈ, ਇਹੀ ਪਾਰਟੀ ਕਦੇ ਪਾਰਲੀਮੈਂਟ ਵਿਚ ਇਹੋ ਜਿਹੇ ਕਾਨੂੰਨਾਂ ਦੇ ਵਿਰੋਧ ਵਿਚ ਬੋਲਦੀ ਸੀ। ਇਸ ਕਰਕੇ ਜਾਗਰੂਕ ਰਹਿਣ ਦੀ ਲੋੜ ਹੈ, ਕਿਉਂਕਿ ਇਕ ਵੀ ਅਣਗਹਿਲੀ ਜਾਂ ਗਲਤੀ ਪੰਜਾਬੀਆਂ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

ਆਖਿਰ ਇਹ ਮਸਲਾ ਗੱਲਬਾਤ ਰਾਹੀਂ ਹੀ ਨਿਬੜਨੈ, ਇਸ ਕਰਕੇ ਬਹੁਤ ਲੋੜ ਹੈ ਕਿ ਲੋਕਾਂ ਨੂੰ ਆਰਡੀਨੈਂਸ ਦੀ ਪੂਰੀ ਸਮਝ ਹੋਵੇ, ਸੰਵਿਧਾਨਕ ਹੱਕਾਂ ਦਾ ਪਤਾ ਹੋਵੇ ਅਤੇ ਕਾਨੂੰਨ ਪ੍ਰਤੀ ਵੀ ਜਾਣਕਾਰੀ ਹੋਵੇ। ਇਹ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਲਈ ਭਾਈਚਾਰਕ ਸਾਂਝ, ਪੰਜਾਬੀਆਂ ਦੀ ਇਕਜੁਟਤਾ ਕਾਇਮ ਰਹਿਣੀ ਬਹੁਤ ਜ਼ਰੂਰੀ ਹੈ। ਏਕੇ ਦੀ ਤਾਕਤ (ਜਾਲ ਵਿਚ ਫਸੇ ਕਬੂਤਰ, ਕਿਸਾਨ ਦੇ ਚਾਰ ਪੁੱਤਰ) ਵਾਲੀਆਂ ਕਹਾਣੀਆਂ ਅਸੀਂ ਸਾਰਿਆਂ ਨੇ ਪੜ੍ਹੀਆਂ-ਸੁਣੀਆਂ ਹਨ। ਹੁਣ ਵੇਲਾ ਹੈ, ਇਸ ਦੀ ਸਿੱਖਿਆ 'ਤੇ ਅਮਲ ਕਰਨ ਦਾ। ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੀ ਵਿਚਾਰਧਾਰਾ ਵੱਖ ਹੋ ਸਕਦੀ ਹੈ, ਪਰ ਇਸ ਵੇਲੇ ਮੁੱਦਾ ਵੀ ਇੱਕੋ ਹੈ ਅਤੇ ਚੁਣੌਤੀਆਂ ਵੀ ਸਭ ਲਈ ਇੱਕੋ ਜਿਹੀਆਂ ਹਨ। ਇਹ ਲੜਾਈ ਸਿਰਫ ਤੇ ਸਿਰਫ ਇੱਕਠੇ ਰਹਿ ਕੇ ਹੀ ਜਿੱਤੀ ਜਾਣੀ ਹੈ। ਇਤਿਹਾਸ ਗਵਾਹ ਹੈ ਪੰਜਾਬੀਆਂ ਦੇ ਜਜ਼ਬੇ ਦਾ। ਹੁਣ ਵੇਲਾ ਹੈ ਕਿ ਇਸ ਸੰਘਰਸ਼ ਨੂੰ ਬਹੁਤ ਹੀ ਸਿਆਣਪ ਨਾਲ ਇੱਕਜੁਟ ਹੋ ਕੇ ਜਿੱਤਿਆ ਜਾਵੇ। ਕਿਸਾਨਾਂ ਨੂੰ ਇਸ ਸੰਘਰਸ਼ ਵਿਚ ਕਾਮਯਾਬੀ ਮਿਲੇ, ਇਹ ਅਸੀਂ ਅਰਦਾਸ ਕਰਦੇ ਹਾਂ।

# ਖੇਤੀ ਆਰਡੀਨੈਂਸ-2020

ਅਸੀਂ ਅੱਜ ਆਪਣੇ ਆਪ ਨੂੰ ਬਹੁਤ ਮਹਿਫੂਜ਼ ਸਮਝਦੇ, ਹਾਂ ਕਿਉਂਕਿ ਸਾਨੂੰ ਲੱਗਦਾ ਹੈ ਕਿ ਅਸੀਂ ਸਰਕਾਰ ਵਲੋਂ ਲਏ ਗਏ ਫੈਸਲਿਆਂ ਨਾਲ ਕੁਝ ਹੱਦ ਤੱਕ ਸਮਾਜ-ਵਿਰੋਧੀ ਤੱਤਾਂ ਤੋਂ ਸੁਰੱਖਿਅਤ ਹਾਂ। ਪਰ ਕੀ ਹੋਵੇ ਜੇ ਇਹ ਸਰਕਾਰਾਂ ਲਾਲਚੀ ਹੋ ਜਾਣ ਅਤੇ ਉਨ੍ਹਾਂ ਸਮਾਜ ਵਿਰੋਧੀ ਤੱਤਾਂ ਦਾ ਸਾਥ ਦੇਣ ਲੱਗ ਜਾਣ, ਜਿਨ੍ਹਾਂ ਤੋਂ ਲੋਕ ਅਕਸਰ ਹੀ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਅੱਜ ਇਸੇ ਤਰ੍ਹਾਂ ਹੀ ਭਾਰਤੀ ਸਰਕਾਰ ਲਾਲਚੀ ਹੋ ਚੁਕੀ ਹੈ ਅਤੇ ਵਡੇਰਾ ਸ਼ਾਹੂਕਾਰਾਂ ਦਾ ਸਾਥ ਦੇ ਰਹੀ ਹੈ। ਇਹੀ ਕਾਰਨ ਹੈ ਕਿ ਅੱਜ ਉੱਤਰੀ ਭਾਰਤ ਵਿਚ ਬਗਾਵਤ ਦੀ ਲਹਿਰ ਚਲ ਰਹੀ ਹੈ ਅਤੇ ਇਹ ਲਹਿਰ ਦਾ ਆਗੂ ਕੋਈ ਵੱਡਾ ਉਤਪਤੀ ਹੈ, ਉਦਯੋਗੀ ਨਹੀਂ ਸਗੋਂ ਇਸ ਦੇਸ਼ ਦਾ ਹੀ ਕਿਸਾਨ ਹੈ। ਦਰਅਸਲ 17 ਸਤੰਬਰ 2020 ਨੂੰ ਭਾਰਤੀ ਸਰਕਾਰ ਨੇ ਕੁਝ ਖੇਤੀ ਨਾਲ ਸਬੰਧਤ ਆਰਡੀਨੈਂਸ ਜਾਰੀ ਕੀਤੇ ਸਨ, ਇਨ੍ਹਾਂ ਆਰਡੀਨੈਂਸਾਂ ਦੇ ਮੁਤਾਬਿਕ ਕੋਈ ਵੀ ਪ੍ਰਾਈਵੇਟ ਕੰਪਨੀ ਐਮ. ਐਸ. ਪੀ. ਦੇ ਰੇਟ ਤੋਂ ਹਟ ਕੇ ਵੀ ਕਿਸਾਨਾਂ ਤੋਂ ਸਿੱਧੇ ਤੌਰ 'ਤੇ ਫਸਲ ਖਰੀਦ ਸਕਦੀ ਹੈ, ਪਰ ਇਸ ਦੀ ਕੋਈ ਗਾਰੰਟੀ ਨਹੀਂ ਦਿੱਤੀ ਗਈ ਕਿ ਜੋ ਰੇਟ ਕੰਪਨੀ ਨੇ ਤੈਅ ਕੀਤਾ ਹੈ, ਉਹ ਐਮ. ਐਸ. ਪੀ. ਤੋਂ ਵੱਧ ਹੀ ਹੋਵੇ। ਹੋ ਸਕਦਾ ਹੈ ਕਿ ਸਾਰੀਆਂ ਕੰਪਨੀਆਂ ਮਿਲ ਕੇ ਕੋਈ ਅਜਿਹਾ ਰੇਟ ਤੈਅ ਕਰ ਲੈਣ, ਜੋ ਐਮ. ਐਸ. ਪੀ. ਤੋਂ ਬਹੁਤ ਥੱਲੇ ਚਲਾ ਜਾਵੇ।

ਸਰਕਾਰਾਂ ਸਮਝਦੀਆਂ ਹਨ ਕਿ ਕਿਸਾਨ ਤਾਂ ਬਿਲਕੁਲ ਮੂਰਖ ਹਨ, ਇਨ੍ਹਾਂ ਨੂੰ ਕੀ ਪਤਾ, ਅਸੀਂ ਉਨ੍ਹਾਂ ਨੂੰ ਭਾਵੇਂ ਦੋ ਹੱਥਾਂ ਨਾਲ ਲੁੱਟੀ ਜਾਈਏ! ਅਜਿਹੇ ਮਾੜੇ ਹਾਲਾਤ ਵਿਚ ਨਾ ਸਿਰਫ ਕਿਸਾਨ ਹੀ ਸਗੋਂ ਕਈ ਹੋਰ ਧੰਦੇ ਜਿਵੇਂ ਪਟਵਾਰ ਅਤੇ ਕਈ ਹੋਰ ਕਾਰੋਬਾਰਾਂ 'ਤੇ ਵੀ ਬੁਰਾ ਅਸਰ ਪਵੇਗਾ। ਸਿੱਧਾ ਸਿੱਧਾ ਫਾਇਦਾ ਉਨ੍ਹਾਂ ਸ਼ਾਹੂਕਾਰਾਂ ਨੂੰ ਹੋਏਗਾ, ਜੋ ਘੱਟ ਰੇਟ 'ਤੇ ਕਿਸਾਨਾਂ ਤੋਂ ਫਸਲ ਖਰੀਦ ਕੇ ਉਸ ਨੂੰ ਕੁਝ ਸਮਾਂ ਆਪਣੇ ਸਟੋਰਾਂ ਵਿਚ ਸਟੋਰ ਕਰਕੇ ਉਸ ਦਾ ਰੇਟ ਵਧਾ ਦੇਣਗੇ ਅਤੇ ਉਸ ਨੂੰ ਮਹਿੰਗਾ ਵੇਚਣਗੇ। ਇਸ ਨਾਲ ਮਹਿੰਗਾਈ ਵੀ ਵਧੇਗੀ ਅਤੇ ਇੱਕ ਆਮ ਇਨਸਾਨ ਦੀ ਜੇਬ ਖਾਣਾ ਖਰੀਦਣ ਵਿਚ ਹੀ ਖਾਲੀ ਹੋ ਜਾਵੇਗੀ। ਹੈਰਾਨੀ ਦੀ ਗੱਲ ਹੈ ਕਿ ਅਜਿਹੇ ਹਾਲਾਤ ਵਿਚ ਵੀ ਕੁਝ ਲੋਕ ਕਿਸਾਨਾਂ ਨੂੰ ਬੁਰਾ ਸਮਝ ਰਹੇ ਹਨ। ਸੋ ਅਜਿਹੇ ਵਿਚ ਸਾਰੇ ਲੋਕਾਂ ਨੂੰ ਕਿਸਾਨਾਂ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਨਾ ਸਿਰਫ ਕਿਸਾਨਾਂ ਲਈ, ਆਪਣੇ ਆਪ ਲਈ ਵੀ ਸੰਘਰਸ਼ ਕਰਨਾ ਚਾਹੀਦਾ ਹੈ।

-ਜਸਪਿੰਦਰ ਸਿੰਘ ਸੰਧੂ

# ਕਿਸ ਮੋੜ 'ਤੇ ਪਹੁੰਚ ਗਿਆਂ ਏਂ ਪੰਜਾਬ ਸਿੰਹਾਂ?

ਡਾ. ਗੁਰਬਖਸ਼ ਸਿੰਘ ਭੰਡਾਲ

ਪੰਜਾਬ ਸਿੰਹਾਂ! ਅੱਜ ਤੂੰ ਕਿਸ ਮੋੜ 'ਤੇ ਆ ਖੜਾ ਹੋਇਆਂ ਕਿ ਕੋਈ ਵੀ ਤੇਰਾ ਵਾਲੀ ਵਾਰਸ ਨਜ਼ਰ ਨਹੀਂ ਆਉਂਦਾ। ਤੂੰ ਲੁੱਟਿਆ, ਕੁੱਟਿਆ ਤੇ ਪੁੱਟਿਆ ਗਿਆ। ਲਿਤਾੜਿਆ, ਉਜਾੜਿਆ ਤੇ ਮਾਰਿਆ ਗਿਆ। ਤੇਰੀਆਂ ਆਂਦਰਾਂ ਨੂੰ ਕੋਹਿਆ ਗਿਆ। ਤੇਰੇ ਦੀਦਿਆਂ ਸਾਹਵੇਂ ਤੇਰਾ ਵਜੂਦ ਖਤਮ ਕਰਨ ਲਈ ਚਾਲਾਂ ਚੱਲੀਆਂ ਗਈਆਂ, ਪਰ ਤੂੰ ਬੇਬੱਸ ਰਿਹਾ। ਤੂੰ ਤਾਂ ਭੋਲਾ-ਭਾਲਾ ਸੈਂ, ਪਰ ਅਫਸੋਸ ਕਿ ਤੇਰੇ ਹਿਤਾਇਸ਼ੀ ਆਗੂਆਂ ਨੇ ਹੀ ਤੇਰੀ ਔਕਾਤ ਨਾਲ ਖੇਡਣਾ ਅਤੇ ਆਪਣੇ ਨਿੱਜੀ ਮੁਫਾਦ ਦੀ ਪੂਰਤੀ ਨੂੰ ਆਪਣੀ ਪਹਿਲ ਬਣਾ ਲਿਆ। ਜਦ ਸਾਰੇ ਰਾਜਨੀਤਕ ਦਲਾਂ ਦੀ ਸੋਚ ਸਿਰਫ ਕੁਰਸੀ ਤੀਕ ਸੀਮਤ ਹੋ ਜਾਵੇ ਤਾਂ ਆਮ ਲੋਕਾਂ ਨੂੰ ਬਹੁਤ ਵੱਡੀ ਕੀਮਤ ਤਾਰਨੀ ਪੈਂਦੀ ਏ ਅਤੇ ਹੁਣ ਤੂੰ ਇਹ ਕੀਮਤ ਤਾਰ ਰਿਹਾਂ ਏ।

ਪੰਜਾਬ ਸਿੰਹਾਂ! ਤੈਨੂੰ ਪਤਾ ਹੀ ਨਾ ਲੱਗਾ ਕਿ ਤੇਰੇ ਨਾਲ ਕੀ, ਕਿਉਂ, ਕਿਵੇਂ ਅਤੇ ਕਿਸ ਸਮੇਂ ਤੋਂ ਇਹ ਕੁਝ ਹੋ ਰਿਹਾ ਏ? ਤੂੰ ਤਾਂ ਮਿਹਨਤ ਅਤੇ ਸਚਿਆਰੇਪਣ ਨੂੰ ਅਕੀਦਾ ਬਣਾ ਕੇ, ਕਿਰਤ-ਕਮਾਈ ਦੀ ਸੁੱਚਤਾ ਅਤੇ ਉਤਮਤਾ ਨੂੰ ਆਪਣਾ ਗੁਰ-ਪੀਰ ਮੰਨਿਆ ਸੀ। ਤੈਨੂੰ ਆਸ ਸੀ ਕਿ ਸ਼ਾਇਦ ਤੇਰੀ ਆਗਵਾਈ ਕਰਨ ਵਾਲੇ ਤੇਰੀ ਖੈਰੀਅਤ ਅਤੇ ਫਿਕਰ ਨੂੰ ਆਪਣਾ ਕਰਮ-ਧਰਮ ਬਣਾਉਣਗੇ, ਪਰ ਅਜਿਹਾ ਨਹੀਂ ਹੋਇਆ। ਸਮੇਂ ਦੇ ਹਾਕਮਾਂ ਨੇ ਬਹੁਤ ਹੀ ਯੋਜਨਾਬੱਧ ਤਰੀਕੇ ਅਤੇ ਚੁੱਸਤੀ ਨਾਲ ਅਜਿਹਾ ਭਾਣਾ ਵਰਤਾ ਦਿਤਾ ਕਿ ਤੈਨੂੰ ਪਤਾ ਹੀ ਨਹੀਂ ਲੱਗਾ। ਇਹ ਸ਼ਾਇਦ ਕਿਸੇ ਸੋਚੀ-ਸਮਝੀ ਸਕੀਮ ਦਾ ਹੀ ਹਿੱਸਾ ਹੈ ਅਤੇ ਇਸ ਦੇ ਹੋਰ ਪੜਾਅ ਅਜੇ ਬਾਕੀ ਨੇ।



ਪੰਜਾਬ ਸਿੰਹਾਂ! ਜੋ ਕੁਝ ਹੁਣ ਨਜ਼ਰ ਆਉਂਦਾ ਏ, ਇਸ ਦੀ ਸ਼ੁਰੂਆਤ ਤਾਂ ਰਾਜਨੀਤਕ ਚਾਲਬਾਜ਼ਾਂ ਨੇ ਹਰੀ ਕ੍ਰਾਂਤੀ ਤੋਂ ਹੀ ਕਰ ਦਿੱਤੀ ਸੀ। ਸਮੁੱਚੇ ਭਾਰਤ ਦੀ ਭੁੱਖਮਰੀ ਦੂਰ ਕਰਨ ਲਈ ਤੇਰੇ ਕੁਦਰਤੀ ਸਰੋਤਾਂ ਨੂੰ ਵਰਤਿਆ ਗਿਆ। ਤੇਰੇ ਖੇਤੀ ਵਿਗਿਆਨੀਆਂ ਨੂੰ ਖਰੀਦ ਕੇ, ਤੈਨੂੰ ਕਣਕ ਤੇ ਝੋਨੇ ਦੇ ਚੱਕਰਵਿਊ ਵਿਚ ਅਜਿਹਾ ਫਸਾਇਆ ਕਿ ਪਹਿਲੇ ਕੁਝ ਸਾਲ ਤਾਂ ਤੂੰ ਥੋੜ੍ਹਚਿਰੀ ਖੁਸ਼ਹਾਲੀ ਕਾਰਨ, ਇਸ ਦੇ ਦੂਰਰਸੀ ਸਿੱਟਿਆਂ ਬਾਰੇ ਸੋਚਿਆ ਹੀ ਨਾ, ਪਰ ਜਦ ਤੈਨੂੰ ਕੁਝ ਹੋਸ਼ ਆਉਣ ਲੱਗੀ ਤਾਂ ਉਸ ਸਮੇਂ ਤੀਕ ਤੇਰੇ ਅੰਮ੍ਰਿਤ ਵਰਗੇ ਪਾਣੀ ਜ਼ਹਿਰੀ ਹੋ ਚੁਕੇ ਸਨ। ਦਰਿਆ, ਬਰੇਤੇ ਬਣ ਗਏ ਸਨ ਅਤੇ ਪੰਜਾਬ, ਮਾਰੂਥਲ ਬਣਨ ਦੀ ਕਗਾਰ 'ਤੇ ਪਹੁੰਚ ਗਿਆ। ਬੰਦੇ ਜੰਮਣ ਵਾਲੀ ਤੇਰੀ ਧਰਤੀ ਵਿਚ ਹੁਣ ਖੁਦਕੁਸ਼ੀਆਂ ਦੀ ਫਸਲ ਉਗਦੀ ਏ। ਜੀਵਨ ਬਖਸ਼ਣ ਵਾਲੇ ਪੌਣ-ਪਾਣੀ ਵਿਚ ਹੁਣ ਬਿਮਾਰੀਆਂ ਦੀ ਭਰਮਾਰ ਹੈ। ਇਹ ਕੇਹੀ ਹਰੀ ਕ੍ਰਾਂਤੀ ਸੀ ਕਿ ਭਾਰਤ ਦਾ ਢਿੱਡ ਭਰਦਾ ਭਰਦਾ, ਤੂੰ ਸਾਰਾ ਹੀ ਬਿਮਾਰ ਹੋ ਗਿਆ। ਹੁਣ ਪੰਜਾਬ, ਪੰਜ ਦਰਿਆਵਾਂ ਦੀ ਧਰਤੀ ਨਹੀਂ, ਸਗੋਂ ਹਸਪਤਾਲਾਂ ਦੀ ਨਗਰੀ ਬਣ ਗਈ। ਪੰਜਾਬੀਆਂ ਨੂੰ ਤਾਂ ਔਲਾਦ ਲਈ ਵੀ ਹੁਣ ਫਰਟੀਲਟੀ ਸੈਂਟਰਾਂ ਵਿਚ ਖੱਜਲ ਖੁਆਰ ਹੋਣਾ ਪੈ ਰਿਹਾ ਏ। ਇਸ ਥੋੜ੍ਹਚਿਰੀ ਅਮੀਰੀ ਕਾਰਨ ਤੇਰੇ ਪੁੱਤ ਕਿਰਤ ਤੋਂ ਦੂਰ ਹੋ ਗਏ ਅਤੇ ਪਰਵਾਸੀ ਮਜਦੂਰਾਂ 'ਤੇ ਅਜਿਹੀ ਨਿਰਭਰਤਾ ਬਣੀ ਕਿ ਹੁਣ ਉਹ ਪਰਵਾਸੀਆਂ ਮਜ਼ਦੂਰਾਂ ਦੀਆਂ ਲਿੱਲਕੜੀਆਂ ਕੱਢਦੇ ਵੇਖੇ ਜਾ ਸਕਦੇ ਨੇ।

ਪੰਜਾਬ ਸਿੰਹਾਂ! ਇਕ ਹੋਰ ਚਾਲ ਨਾਲ ਤੇਰੇ ਪੁੱਤਰਾਂ ਨੂੰ ਨਸ਼ਿਆਂ ਦੇ ਲੜ ਲਾ ਦਿੱਤਾ ਗਿਆ। ਨੌਜਵਾਨ ਨਸ਼ਿਆਂ ਵਿਚ ਅਜਿਹੇ ਗਤਲਾਨ ਹੋਏ ਕਿ ਮਾਪਿਆਂ ਨੂੰ ਆਪਣੇ ਲਾਡਲਿਆਂ ਦਾ ਸਿਵਾ ਸੇਕਣਾ ਪੈ ਰਿਹਾ ਏ। ਉਨ੍ਹਾਂ ਦੇ ਮੁਹਾਂਦਰੇ ਵਿਚ ਪੰਜਾਬੀ ਰੋਹਬਦਾਰੀ, ਦਮਦਾਰੀ ਅਤੇ ਮੜਕ ਗਾਇਬ ਹੈ। ਪੜ੍ਹਾਈ ਤੋਂ ਬੇਮੁੱਖ ਅਤੇ ਬੇਰੁਜਗਾਰੀ ਤੋਂ ਮਾਯੂਸ ਹੋਏ ਨੌਜ਼ਵਾਨਾਂ ਨੇ ਵਿਦੇਸ਼ਾਂ ਨੂੰ ਵਹੀਰਾਂ ਘੱਤ ਲਈਆਂ ਨੇ। ਕਿਸੇ ਵੀ ਰਾਜਸੀ ਧਿਰ ਨੇ ਇਸ ਸਮੱਸਿਆ ਨੂੰ ਹੱਲ ਕਰਨ ਵੱਲ ਧਿਆਨ ਨਹੀਂ ਦਿਤਾ। ਉਨ੍ਹਾਂ ਦਾ ਸਰੋਕਾਰ ਤਾਂ ਨੌਜਵਾਨਾਂ ਤੋਂ ਪਹਿੜਾ ਛੁਡਵਾਉਣਾ ਹੈ, ਕਿਉਂਕਿ ਨੌਜਵਾਨ ਤਾਂ ਆਪਣੇ ਹੱਕ ਅਤੇ ਰੁਜਗਾਰ ਦੀ ਮੰਗ ਕਰੇਗਾ। ਕੋਈ ਨਹੀਂ ਸੋਚਦਾ ਕਿ ਪੰਜਾਬ ਦਾ ਕਿੰਨਾ ਧਨ ਹਰ ਸਾਲ ਬਾਹਰ ਜਾ ਰਿਹਾ ਏ ਅਤੇ ਨਾਲ ਹੀ ਜਾ ਰਿਹਾ ਹੈ ਉਹ ਵਰਗ, ਜਿਨ੍ਹੇ 40 ਸਾਲ ਤੀਕ ਪੰਜਾਬ ਦੇ ਵਿਕਾਸ ਵਿਚ ਯੋਗਦਾਨ ਪਾਉਣਾ ਸੀ। ਵਪਾਰਕ ਬਿਰਤੀ ਵਾਲੇ ਪੰਜਾਬੀਆਂ ਵਲੋਂ ਥਾਂ-ਥਾਂ 'ਤੇ ਖੋਲ੍ਹੇ ਹੋਏ ਵਿਦਿਅਕ ਅਦਾਰੇ ਭਾਂ ਭਾਂ ਕਰਦੇ ਨੇ ਅਤੇ ਇਨ੍ਹਾਂ ਅਦਾਰਿਆਂ ਨੇ ਹੁਣ ਕਾਰਪੋਰੇਟ ਅਦਾਰਿਆਂ ਦੇ ਸਟੋਰ ਬਣਨਾ ਏ।

ਪੰਜਾਬ ਸਿੰਹਾਂ! ਤੂੰ ਰਾਜਸੀ ਧਿਰਾਂ ਦੀ ਅਜਿਹੀ ਚਾਲ ਵਿਚ ਆ ਗਿਆ ਕਿ ਹੁਣ ਹਰ ਪੰਜਾਬੀ ਰੌਣਹਾਕਾ ਹੈ। ਇਸ ਵਿਚ ਸ਼ਾਮਲ ਹੈ ਹਰ ਪੰਜਾਬੀ, ਭਾਵੇਂ ਉਹ ਦੁਕਾਨਦਾਰ ਹੋਵੇ, ਕਿਸਾਨ ਹੋਵੇ, ਬੁੱਧੀਜੀਵੀ ਹੋਵੇ, ਛੋਟਾ ਵਪਾਰੀ ਹੋਵੇ, ਮਜਦੂਰ ਹੋਵੇ, ਆੜਤੀਆ ਹੋਵੇ ਜਾਂ ਕਿਸੇ ਵੀ ਕਿੱਤੇ ਨਾਲ ਸਬੰਧਤ ਹੋਵੇ। ਪਤਾ ਨਹੀਂ ਗੈਰਤਮੰਦ ਪੰਜਾਬੀ ਹੁਣ ਵਿਕਾਊ ਕਿਉਂ ਹੋ ਗਏ ਨੇ? ਜਦ ਪੰਜਾਬ ਲਈ ਫਿਕਰਮੰਦੀ ਜਿਤਾਉਣ ਵਾਲੇ ਚਿੰਤਕ, ਸੇਵਾ-ਮੁੱਕਤ ਅਧਿਕਾਰੀ, ਪ੍ਰੋਫੈਸਰ, ਗਾਇਕ, ਕਲਾਕਾਰ ਜਾਂ ਨੌਜਵਾਨਾਂ ਲਈ ਰੋਲ-ਮਾਡਲ ਬਣਨ ਵਾਲੇ ਲੋਕ ਹੀ ਵਿੱਕ ਜਾਣ ਅਤੇ ਉਹ ਇਕ ਵਿਸ਼ੇਸ਼ ਵਿਚਾਰਧਾਰਾ ਨੂੰ ਪ੍ਰਚਾਰਨ ਵਿਚ ਰੁੱਝ ਜਾਣ ਤਾਂ ਪੰਜਾਬ ਦੀ ਖੈਰ-ਸੁੱਖ ਨੂੰ ਕਿਵੇਂ ਕਿਆਸਿਆ ਜਾ ਸਕਦਾ?

ਪੰਜਾਬ ਸਿੰਹਾਂ! ਤੂੰ ਧਰਮ ਦੇ ਨਾਮ 'ਤੇ ਸਦਾ ਜਿਉਂਦਾ ਸੀ। ਤੇਰੀ ਧਾਰਮਿਕਤਾ ਵਿਚ ਸਰਬੱਤ ਦਾ ਭਲਾ ਅਤੇ ਸਮੁੱਚੀ ਮਾਨਵ-ਜਾਤੀ ਦੇ ਕਲਿਆਣ ਦਾ ਨਾਦ ਗੂੰਜਦਾ ਸੀ। ਤੇਰੇ ਵਿਹੜੇ ਵਿਚ ਅਰਦਾਸ, ਆਰਤੀ ਅਤੇ ਅਜ਼ਾਨ ਦੀ ਇਕਸੁਰਤਾ ਕਾਰਨ ਹਵਾ ਵਿਚ ਸੰਗੀਤਕ ਧੁਨਾਂ ਪੈਦਾ ਹੁੰਦੀਆਂ ਸਨ। ਸਮੁੱਚੇ ਪੰਜਾਬੀ ਇਨ੍ਹਾਂ ਨੂੰ ਅੰਤਰੀਵ ਵਿਚ ਵਸਾ, ਰੰਗਲੇ ਪੰਜਾਬ ਦੀਆਂ ਸਿਫਤਾਂ ਕਰਦੇ ਅਤੇ ਦੁਨੀਆਂ ਵਿਚ ਇਸ ਦੀ ਪ੍ਰਫੁੱਲਤਾ ਅਤੇ ਪਾਕੀਜ਼ਗੀ ਦਾ ਪੈਗਾਮ ਦਿੰਦੇ ਸਨ, ਪਰ ਪੰਜਾਬ ਸਿੰਹਾਂ! ਹੁਣ ਤੇਰੀ ਧਾਰਮਿਕਤਾ ਬਿਮਾਰ ਹੋ ਗਈ ਏ। ਮਸੰਦ ਤੇ ਪੁਜਾਰੀ ਭਾਰੂ ਨੇ। ਉਹ ਸਿਰਫ ਗੋਲਕਾਂ ਤੇ ਚੜ੍ਹਾਵੇ ਤੀਕ ਸੀਮਤ। ਧਾਰਮਿਕ ਅਸਥਾਨਾਂ ਨੂੰ ਨਿੱਜੀ ਜਾਇਦਾਦਾਂ ਬਣਾ ਕੇ ਪੰਜਾਬੀਆਂ ਨੂੰ ਮਾਨਸਿਕ ਰੂਪ ਵਿਚ ਭੁੱਚਲਾਉਣ, ਵਰਗਲਾਉਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਕਰਨ ਵਿਚ ਰੁਚਿੱਤ ਨੇ। ਥਾਂ ਥਾਂ 'ਤੇ ਡੇਰੇ, ਮੰਦਿਰ, ਗੁਰਦੁਆਰੇ, ਚਰਚ, ਮਸਜਿਦਾਂ ਆਦਿ ਸਭ ਧਾਰਮਿਕ ਅਡੰਬਰ ਨੇ। ਇਨ੍ਹਾਂ ਰਾਹੀਂ ਪੰਜਾਬੀ ਮਾਨਸਿਕਤਾ ਨੂੰ ਕੁਰਾਹੇ ਪਾਇਆ ਜਾ ਰਿਹਾ ਏ। ਪੰਜਾਬੀਆਂ ਨੂੰ ਭਰਾ ਮਾਰੂ ਜੰਗ ਵਿਚ ਉਲਝਾ ਕੇ, ਰਾਜਸੀ ਧਿਰਾਂ ਕੁਰਸੀਆਂ ਦੇ ਪਾਵੇ ਗਿਣਨ ਵਿਚ ਮਸਰੂਫ ਨੇ।

ਪੰਜਾਬ ਸਿੰਹਾਂ! ਇਕ ਗੱਲ ਦੱਸਾਂ, ਕੋਈ ਵੀ ਰਾਜਸੀ ਧਿਰ ਤੇਰੇ ਪ੍ਰਤੀ ਸਮਰਪਿੱਤ ਜਾਂ ਸੰਜੀਦਾ ਨਹੀਂ। ਅੰਦਰਖਾਤੇ ਉਨ੍ਹਾਂ ਦੀ ਰਾਜ ਕਰੇਂਦੀ ਧਿਰ ਨਾਲ ਮੂਕ ਸਹਿਮਤੀ ਏ। ਉਹ ਸਿਰਫ ਲੋਕ-ਦਿਖਾਵੇ ਲਈ ਹੀ ਹੇਜ ਦਿਖਾ ਰਹੇ ਨੇ। ਉਨ੍ਹਾਂ ਦੀਆਂ ਕੂੜ-ਚਾਲਾਂ ਵਿਚ ਲੋਕ-ਰੋਹ ਨੂੰ ਦਬਾਉਣ ਦੀਆਂ ਕੋਝੀਆਂ ਚਾਲਾਂ ਹੁੰਦੀਆਂ ਨੇ। ਉਹ ਲੋਕ-ਸੰਘਰਸ਼ ਵਿਚ ਵੜ ਕੇ, ਇਸ ਨੂੰ ਨਾਕਾਮ ਕਰਨ ਲਈ ਹਰ ਹਰਬਾ ਵਰਤਦੇ ਨੇ। ਪੰਜਾਬ ਸਿੰਹਾਂ! ਸਭ ਤੋਂ ਜਰੂਰੀ ਹੈ ਇਨ੍ਹਾਂ ਰਾਜਸੀ ਲੋਕਾਂ ਤੋਂ ਵਿੱਥ ਬਣਾਉਣਾ। ਇਨ੍ਹਾਂ ਦੀਆਂ ਕਮੀਨਗੀਆਂ, ਕੁਤਾਹੀਆਂ ਅਤੇ ਕਾਲੇ ਕਾਰਨਾਮਿਆਂ ਨੂੰ ਜੱਗ-ਜਾਹਰ ਕਰਨ ਦੀ ਲੋੜ ਹੈ ਤਾਂ ਕਿ ਲੋਕ ਇਨ੍ਹਾਂ ਦੀਆਂ ਚਾਲਾਂ ਵਿਚ ਆ ਕੇ ਗੁੰਮਰਾਹ ਨਾ ਹੋਣ।

ਪੰਜਾਬ ਸਿੰਹਾਂ! ਰੋਹ ਦੀ ਜਵਾਲਾ ਜਿਹੜੀ ਹੁਣ ਫੁੱਟੀ ਹੈ, ਇਹ ਤਾਂ ਬੜੇ ਚਿਰ ਤੋਂ ਧੁਖਦੀ ਸੀ। ਖੁਦਕੁਸ਼ੀਆਂ ਅਤੇ ਕਰਜ਼ੇ ਦਾ ਦੈਂਤ ਤਾਂ ਕਿਸਾਨਾਂ ਅਤੇ ਗਰੀਬਾਂ ਨੂੰ ਨਿਗਲ ਰਿਹਾ ਸੀ। ਬੈਂਕਾਂ ਵਲੋਂ ਅਸਾਨ ਤਰੀਕੇ ਨਾਲ ਜ਼ਮੀਨ 'ਤੇ ਦਿਤੇ ਜਾ ਰਹੇ ਕਰਜ਼ਿਆਂ ਦੇ ਜਾਲ ਵਿਚ ਤੂੰ ਅਜਿਹਾ ਫਸ ਗਿਆ ਕਿ ਹੁਣ ਇਹ ਕਰਜ਼ਾ ਹੀ ਤੇਰੇ ਪੈਰਾਂ ਵਿਚਲਾ ਪੈਂਖੜ ਆ, ਜੋ ਤੈਨੂੰ ਨਿਗਲ ਜਾਣ ਲਈ ਕਾਹਲਾ ਏ। ਤੈਨੂੰ ਸਿਆਣਪ ਨਾ ਆਈ ਕਿ ਇਸ ਕਰਜ਼ੇ ਨਾਲ ਉਸਾਰੀਆਂ ਕੋਠੀਆਂ, ਮਹਿੰਗੀਆਂ ਕਾਰਾਂ ਜਾਂ ਵੱਡੇ ਵੱਡੇ ਟਰੈਕਟਰ ਖਰੀਦਣਾ ਦਰਅਸਲ ਮੱਕੜ ਜਾਲ ਹੈ। ਟੁੱਟੀਆਂ ਕਿਸ਼ਤਾਂ ਕਾਰਨ ਤੇਰੀਆਂ ਜ਼ਮੀਨਾਂ ਤਾਂ ਬੈਂਕਾਂ ਨੇ ਹਥਿਆਉਣੀਆਂ ਨੇ। ਫਿਰ ਬੈਂਕਾਂ ਕੋਲੋਂ ਕਾਰਪੋਰੇਟ ਅਦਾਰਿਆਂ ਕੋਲ ਚਲੀਆਂ ਜਾਣੀਆਂ ਨੇ ਅਤੇ ਤੂੰ ਸਿਰਫ ਇਕ ਮੁਜਾਰਾ ਬਣ ਕੇ, ਉਨ੍ਹਾਂ ਲਈ, ਉਨ੍ਹਾਂ ਅਨੁਸਾਰ ਕੰਮ ਕਰਦਾ, ਆਪਣੀ ਜ਼ਮੀਰ ਨੂੰ ਨਿੱਤ ਦਿਨ ਕੋਹਿਆ ਕਰੇਂਗਾ। ਤੂੰ ਕਿੰਨਾ ਅਵੇਸਲਾ ਸੈਂ ਕਿ ਤੇਰੀ ਕਣਕ/ਝੋਨਾ ਤਾਂ ਸਰਕਾਰ ਨਿਗੂਣੇ ਰੇਟ 'ਤੇ ਖਰੀਦਦੀ ਰਹੀ (ਜਿਹੜੀ ਹੁਣ ਖਰਦੀਣੀ ਬੰਦ ਕਰ ਦੇਣੀ ਏ), ਪਰ ਤੇਰੇ ਖੇਤੀ ਦੇ ਸੰਦ, ਬੀਜ, ਕੀਟਨਾਸ਼ਕ ਦਵਾਈਆਂ ਦੇ ਰੇਟ ਤਾਂ ਵਪਾਰਕ ਅਦਾਰੇ ਨਿਸ਼ਚਿਤ ਕਰਦੇ ਰਹੇ। ਬਹੁਤੀ ਵਾਰ ਨਕਲੀ ਬੀਜਾਂ ਜਾਂ ਦਵਾਈਆਂ ਨਾਲ ਸਰਕਾਰੀ ਅਫਸਰ ਅਤੇ ਰਾਜਨੀਤਕ ਲੋਕ ਤਜੋਰੀਆਂ ਵੀ ਭਰਦੇ ਰਹੇ। ਮੌਜੂਦਾ ਵਿਰੋਧ, ਕਿਸਾਨ ਦੀ ਹੋਂਦ ਦਾ ਸਵਾਲ ਹੈ। ਉਸ ਦੀ ਮਾਂ ਵਰਗੀ ਜ਼ਮੀਨ ਦੀ ਆਬਰੂ ਦਾ ਪ੍ਰਸ਼ਨ ਹੈ। ਉਸ ਦੀ ਅਣਖ ਅਤੇ ਕਿਰਤ ਲਈ ਵੰਗਾਰ ਹੈ। ਇਸ ਵੰਗਾਰ ਨੂੰ ਪੰਜਾਬੀਆਂ ਨੇ ਕਿਸ ਰੂਪ ਵਿਚ ਲੈਣਾ, ਇਸ ਨੇ ਹੀ ਤੈਅ ਕਰਨਾ ਏ ਕਿ ਕੀ ਪੰਜਾਬ ਨੇ ਜਿਉਂਦੇ ਰਹਿਣਾ ਏ ਜਾਂ ਰਾਜਸੀ ਲੋਭ ਹੇਠ ਗਿਰਵੀ ਹੋ ਕੇ, ਤਿੱਲ ਤਿੱਲ ਮਰਨਾ ਏ?


ਪੰਜਾਬ ਸਿੰਹਾਂ! ਤੇਰੀ ਹੋਂਦ ਤੇ ਹਸਤੀ ਦਾ ਪ੍ਰਸ਼ਨ ਹੁਣ ਹਰ ਪੰਜਾਬੀ ਦੀ ਜੁਬਾਨ 'ਤੇ ਹੈ। ਉਹ ਇਸ ਨੂੰ ਪੰਜਾਬੀਅਤ 'ਤੇ ਪਿਆ ਡਾਕਾ ਸਮਝ ਕੇ, ਇਕਜੁੱਟਤਾ ਵਿਚੋਂ ਹੀ ਕੁਝ ਕਰਨ ਅਤੇ ਮਰਨ ਦੀ ਭਾਵਨਾ ਲੈ ਕੇ ਮੈਦਾਨ ਵਿਚ ਉਤਰੇ ਨੇ। ਅਜਿਹੇ ਮੌਕੇ 'ਤੇ ਚਿੰਤਾ ਤੋਂ ਚਿੰਤਨ ਤੀਕ ਦਾ ਸਫਰ ਕਰਨ ਦੀ ਲੋੜ ਹੈ, ਕਿਉਂਕਿ ਭਵਿੱਖਮੁਖੀ ਸੋਚ, ਸਮਝ ਅਤੇ ਸਰੋਕਾਰਾਂ ਦੀ ਸਮੁੱਚਤਾ ਹੀ ਭਵਿੱਖ ਨੂੰ ਨਿਰਧਾਰਤ ਕਰਦੀ ਏ। ਅਜਿਹੇ ਮਾਰਗ ਦਰਸ਼ਨ ਲਈ ਸਚਿਆਰੀ ਅਤੇ ਸਵਾਰਥਹੀਣ ਅਗਵਾਈ ਦੀ ਲੋੜ ਹੈ, ਜੋ ਸਿਰਫ ਤੂੰ ਹੀ ਦੇ ਸਕਦਾ ਏਂ।

ਪੰਜਾਬ ਸਿੰਹਾਂ! ਦੁੱਖ ਤਾਂ ਬਹੁਤ ਨੇ! ਕੀ ਕੀ ਗਿਣਾਵਾਂ? ਤੇਰੇ ਪਰਦੇਸੀ ਪੁੱਤ ਅਕਸਰ ਗੇੜਾ ਮਾਰਦੇ ਸਨ ਅਤੇ ਤੇਰੀ ਸਾਰ ਜਰੂਰ ਲੈਂਦੇ ਸਨ, ਪਰ ਉਨ੍ਹਾਂ ਦੀਆਂ ਜਾਇਦਾਦਾਂ ਤੇ ਕਬਜ਼ੇ, ਉਨ੍ਹਾਂ ਦੀਆਂ ਕੋਠੀਆਂ ਨੂੰ ਗੈਰ-ਕਾਨੂੰਨੀ ਹਥਿਆਉਣਾ, ਡਰਾਉਣਾ, ਧਮਕਾਉਣਾ ਅਤੇ ਜ਼ਲੀਲ ਕਰਨਾ, ਜਦ ਉਨ੍ਹਾਂ ਦੇ ਆਪਣਿਆਂ ਦਾ ਕਿਰਦਾਰ ਬਣ ਜਾਵੇ ਤਾਂ ਪਰਦੇਸੀ ਮਨ ਵੀ ਉਚਾਟ ਹੋ ਜਾਂਦਾ। ਕਰੋਨਾ ਦੌਰਾਨ ਸਮੁੱਚੇ ਪੰਜਾਬੀ ਪਰਵਾਸੀਆਂ ਨੂੰ ਕਸੂਰਵਾਰ ਠਹਿਰਾ ਕੇ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਜ਼ਲੀਲ ਕਰਨਾ ਅਤੇ ਰੋਟੀ-ਪਾਣੀ ਬੰਦ ਕਰਨ ਤੀਕ ਦੀ ਜਦ ਨੌਬਤ ਆ ਜਾਵੇ ਤਾਂ ਤੇਰੇ ਪਰਵਾਸੀ ਪੁੱਤ ਬਹੁਤ ਹੀ ਹਤਾਸ਼ ਹੋ ਗਏ। ਕਿਸੇ ਨੇ ਉਨ੍ਹਾਂ ਵਲੋਂ ਪਿੰਡਾਂ ਦੀ ਤਰੱਕੀ ਲਈ ਕੀਤੇ ਉਪਰਾਲੇ, ਲਾਏ ਮੈਡੀਕਲ ਕੈਂਪ, ਗਰੀਬ ਧੀਆਂ ਦੇ ਵਿਆਹ, ਖੇਡ ਮੇਲੇ ਜਾਂ ਉਨ੍ਹਾਂ ਵਲੋਂ ਅਸਿੱਧੇ ਰੂਪ ਵਿਚ ਪੰਜਾਬ ਦੇ ਵਿਕਾਸ ਪਾਏ ਯੋਗਦਾਨ ਦਾ ਕਿਸੇ ਨੂੰ ਖਿਆਲ ਹੀ ਨਾ ਆਇਆ। ਸੂਖਮ ਰੂਪ ਵਿਚ ਅਜਿਹੇ ਵਰਤਾਰੇ ਲਈ ਸਰਕਾਰੀ ਧਿਰ ਦੀ ਮੂਕ ਸਹਿਮਤੀ ਵੀ ਸੀ। ਪਰਵਾਸੀਆਂ ਦੇ ਪੰਜਾਬ ਵਿਚ ਨਾ ਆਉਣ ਕਾਰਨ, ਤੈਨੂੰ ਹੋਣ ਵਾਲੇ ਆਰਥਕ ਨੁਕਸਾਨ ਦਾ ਅੰਦਾਜ਼ਾ ਕੋਈ ਅਰਥ-ਸ਼ਾਸ਼ਤਰੀ ਲਾਵੇ ਤਾਂ ਸਹਿਜੇ ਹੀ ਅਹਿਸਾਸ ਹੋ ਜਾਵੇਗਾ ਕਿ ਪੰਜਾਬ ਦੀ ਖੁਸ਼ਹਾਲੀ ਵਿਚ ਪਰਵਾਸੀਆਂ ਦਾ ਕਿੰਨਾ ਵੱਡਾ ਯੋਗਦਾਨ ਹੈ!

ਪੰਜਾਬ ਸਿੰਹਾਂ! ਜੇ ਮੌਜੂਦਾ ਮਾਰੂ ਰੁਝਾਨ ਨੂੰ ਠੱਲ੍ਹ ਨਾ ਪਾਈ ਗਈ ਤਾਂ ਸਿਰਫ ਕਿਰਸਾਨ ਹੀ ਨਹੀਂ ਮਰਨੇ, ਸਗੋਂ ਖੇਤੀ ਮਜਦੂਰਾਂ ਦੇ ਚੁੱਲੇ ਵੀ ਠੰਢੇ ਹੋ ਜਾਣਗੇ। ਆੜਤੀਆਂ ਦੀਆਂ ਵਹੀ ਖਾਤਿਆਂ ਨੂੰ ਕਿਸੇ ਨਹੀਂ ਫਰੋਲਣਾ। ਛੋਟੇ ਦੁਕਾਰਦਾਰ ਆਪਣੀਆਂ ਸਫਾਂ ਲਪੇਟ ਲੈਣਗੇ। ਕੋਲਡ ਸਟੋਰ ਟੁੱਟੀਆਂ ਕਿਸ਼ਤਾਂ ਦਾ ਰੁਦਨ ਬਣ ਜਾਣਗੇ। ਖੇਤੀ ਨਾਲ ਜੁੜੇ ਸਮੁੱਚੇ ਛੋਟੇ-ਵੱਡੇ ਕਾਰੋਬਾਰ ਅਤੇ ਧੰਦੇ ਚੋਪਟ ਹੋ ਜਾਣਗੇ। ਸਿਰਫ ਕੁਝ ਕੁ ਕਾਰਪੋਰੇਟ ਅਦਾਰਿਆਂ ਦੀ ਅਜ਼ਾਰੇਦਾਰੀ ਹੇਠ ਜਿਉਂਦੇ ਲੋਕ ਆਪਣੇ ਸਾਹਾਂ ਦੀ ਖੈਰਾਤ ਵੀ ਇਨ੍ਹਾਂ ਕੋਲੋਂ ਹੀ ਮੰਗਿਆ ਕਰਨਗੇ। ਇਸ ਨਾਲ ਬਦਲ ਜਾਵੇਗਾ ਖੇਤੀ ਦਾ ਰੂਪ, ਲੋਕਾਂ ਦੀਆਂ ਖਾਣ ਪੀਣ ਦੀਆਂ ਆਦਤਾਂ ਅਤੇ ਜੀਵਨ ਵਰਤਾਰਾ, ਕਿਉਂਕਿ ਕਾਰਪੋਰੇਟ ਅਦਾਰਿਆਂ ਦਾ ਮਕਸਦ ਹੀ ਲੋਕ ਰੁਝਾਨ ਨੂੰ ਅਜਿਹਾ ਪ੍ਰਭਾਵਿਤ ਕਰਨਾ ਹੁੰਦਾ, ਜਿਸ ਨਾਲ ਘੱਟ ਤੋਂ ਘੱਟ ਲਾਗਤ ਨਾਲ ਵੱਧ ਤੋਂ ਵੱਧ ਮੁਨਾਫਾ ਕਮਾਇਆ ਜਾ ਸਕੇ। ਅਜਿਹੇ ਵਿਚ ਅਡੰਬਰੀ ਧਰਮ ਦਾ ਕਾਰੋਬਾਰ ਵੀ ਹੋਰ ਵਧੇਰੇ ਚਮਕੇਗਾ, ਕਿਉਂਕਿ ਬਹੁਤ ਅਸਾਨ ਹੁੰਦਾ ਹੈ ਧਾਰਮਿਕ ਰੂਪ ਵਿਚ ਵਰਗਲਾ ਕੇ ਲੋਕ-ਚੇਤਨਾ ਨੂੰ ਮਰਸੀਏ ਵਿਚ ਤਬਦੀਲ ਕਰਨਾ। ਵੈਸੇ ਵੀ ਅੱਜ ਕੱਲ ਧਨਾਢ ਲੋਕ ਹੀ ਧਾਰਮਿਕ ਡੇਰਿਆਂ 'ਤੇ ਕਾਬਜ਼ ਨੇ, ਕਿਉਂਕਿ ਉਨ੍ਹਾਂ ਦੀ ਕਮਾਈ ਦਾ ਸਭ ਤੋਂ ਸੌਖਾ ਸਾਧਨ ਹੈ ਲੋਕਾਂ ਦੀ ਅੰਨੀ ਸ਼ਰਧਾ ਅਤੇ ਇਸ ਨੂੰ ਆਪਣੇ ਹਿੱਤ ਲਈ ਵਰਤਣ ਦੀ ਚਲਾਕੀ।

ਪੰਜਾਬ ਸਿੰਹਾਂ! ਤੇਰੀ ਜਵਾਨੀ ਕੁਝ ਤਾਂ ਡੇਰਿਆਂ ਦੀ ਭਗਤ ਬਣ ਗਈ, ਕੁਝ ਨਸ਼ਿਆਂ ਵਿਚ ਗਰਕ ਗਈ ਤੇ ਕੁਝ ਵਿਦੇਸ਼ ਨੂੰ ਉਡਾਣ ਭਰ ਗਈ। ਕੁਝ ਗੈਂਗ ਬਣਾ ਕੇ ਰਾਜਸੀ ਧਿਰਾਂ ਦੀ ਰਖੇਲ ਬਣ ਗਏ, ਕੁਝ ਰਾਜਸੀ ਰੋਟੀਆਂ ਸੇਕਣ ਲਈ ਆਪਣੀ ਸੋਚ ਅਤੇ ਜ਼ਹਿਨੀਅਤ ਨੂੰ ਗਿਰਵੀ ਰੱਖ ਗਏ। ਕਲਮਾਂ ਤਾਂ ਰਾਜਸੀ ਲੋਕਾਂ ਦੇ ਕਸੀਦੇ ਗਾਉਣ ਲੱਗ ਪਈਆਂ। ਚਿੰਤਕ ਖਾਮੋਸ਼ ਹੋ ਗਏ ਅਤੇ ਸੁਚੱਜੀ ਅਗਵਾਈ ਦੀ ਅਣਹੋਂਦ ਵਿਚ ਬੌਂਦਲਿਆਂ ਹਾਰ ਫਿਰ ਰਿਹਾ ਏ ਪੰਜਾਬੀ। ਹੁਣ ਤਾਂ 'ਏਨਿਆਂ 'ਚੋਂ ਉਠੋ ਸੂਰਮਾ' ਵਾਲੀ ਹੀ ਗੱਲ ਹੋਣੀ ਆ। ਤੂੰ ਬਹੁਤ ਵਾਰ ਮਧੋਲਿਆ, ਲਿਤਾੜਿਆ ਤੇ ਮਸਲਿਆ ਗਿਆ, ਪਰ ਜਦ ਤੂੰ ਜਾਗਦਾ ਏਂ ਤਾਂ ਤੇਰੀ ਲਲਕਾਰ ਸਾਹਵੇਂ ਖਿਰ ਨਹੀਂ ਰਹਿੰਦੀਆਂ ਰੋਕਾਂ ਅਤੇ ਆਖਰ ਤੂੰ ਆਪਣੀ ਦਿੱਖ, ਦਮਦਾਰੀ ਅਤੇ ਅਨੂਠੇ ਰੂਪ ਵਿਚ ਹਾਜ਼ਰ-ਨਾਜ਼ਰ ਹੁੰਦਾ ਏਂ।

ਪੰਜਾਬ ਸਿੰਹਾਂ! ਹੁਣ ਉਠਿਆ ਏ ਤਾਂ ਕੰਨ ਅਤੇ ਅੱਖਾਂ ਖੁੱਲ੍ਹੀਆਂ ਰੱਖੀਂ। ਚਾਲਾਂ-ਕੁਚਾਲਾਂ ਨੂੰ ਸਮਝਣ ਦੀ ਸੋਝੀ ਅਤੇ ਸਮਰੱਥਾ ਨੂੰ ਆਪਣਾ ਹਾਸਲ ਬਣਾਵੀਂ। ਆਪਣੇ ਹਰ ਕਦਮ ਨੂੰ ਪੱਕੇ ਪੈਰੀਂ ਟਿਕਾਈਂ ਅਤੇ ਥਿੜਕੀਂ ਨਾ। ਰਾਜਸੀ ਲੋਕ ਬਹੁਤ ਸ਼ਾਤਰ ਹੁੰਦੇ ਅਤੇ ਉਹ ਲੂੰਬੜ ਚਾਲਾਂ ਰਾਹੀਂ ਕੁਝ ਵੀ ਕਰਵਾ ਸਕਦੇ ਤੇ ਤੇਰੇ ਨਾਮ ਲਾ ਸਕਦੇ ਨੇ। ਵੀਰਿਆ! ਸੁਚੇਤ ਰਹੀਂ। ਫਿਰ ਤੇਰੇ ਰਾਹਾਂ ਵਿਚ ਜਿੱਤਾਂ ਹੀ ਨਤਮਸਤਕ ਹੋਣਗੀਆਂ।


For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

Available at Amazon.com

($9.99)

*For more information visit:*

ForHomelandTheNovel.com

# ਰੋਹ ਦੀ ਅਵਾਜ਼

## ਮਿੱਟੀ ਦਾ ਜਾਇਆ

ਮਿੱਟੀ ਦਾ ਜਾਇਆ
ਮਿੱਟੀ ਵਿਚ ਖੇਡਦਾ
ਮਿੱਟੀ ਵਿਚ ਪਲਦਾ,
ਆਪਣੇ ਜ਼ਖਮਾਂ ਉੱਪਰ ਮਰ੍ਹਮ ਵਾਂਗ
ਮਿੱਟੀ ਮਲਦਾ,
ਆਪਣੀ ਸਿਹਤ ਆਪਣੇ ਰੋਗ
ਮਿੱਟੀ ਸੰਗ ਢਕਦਾ
ਜਵਾਨ ਹੋਇਆ।

ਮਿੱਟੀ ਦੇ ਜਾਏ ਨੂੰ
ਸਾਰੀ ਉਮਰ ਹਰ ਥਾਂ, ਹਰ ਚੀਜ਼ ਵਿਚੋਂ
ਮਿੱਟੀ ਦੀ ਗੰਧ ਆਉਂਦੀ ਰਹੀ,
ਮਿੱਟੀ ਦੇ ਜਾਏ ਨੇ
ਹਮੇਸ਼ਾ ਮਿੱਟੀ ਦਾ ਇਸ਼ਟ ਹੰਢਾਇਆ,
ਸਮੁੰਦਰ, ਨਦੀ, ਮੈਦਾਨ, ਪਹਾੜ ਨੂੰ
ਸਦਾ ਮਿੱਟੀ ਤੇ
ਰੇਤੇ ਦਾ ਗੀਤ ਸੁਣਾਇਆ,
ਦਿਨ ਦੇ ਰੌਲੇ ਤੋਂ ਰਾਤ ਦੇ
ਸੱਨਾਟੇ ਤੱਕ ਅਵਾਜ਼ਾਂ ਨੂੰ
ਵਿਗਿਆਨ ਦੀਆਂ ਖੋਜਾਂ ਤੋਂ
ਰਿਸ਼ੀਆਂ ਦੀਆਂ ਸਮਾਧੀਆਂ ਤੱਕ ਗਿਆਨ ਨੂੰ
ਕੌਮ ਦੇ ਇਤਿਹਾਸ ਤੇ
ਆਪਣੇ ਭਵਿੱਖ ਦੇ ਸੁਪਨਿਆਂ ਨੂੰ
ਮਿੱਟੀ ਦੇ ਜਾਏ ਨੇ
ਜਦ ਆਪਣੀ ਸਮਝ ਥਾਣੀਂ ਪੁਣਿਆਂ
ਤਾਂ ਰੇਤੇ ਤੇ ਮਿੱਟੀ ਤੋਂ ਸਿਵਾਏ
ਉਹਦੇ ਹੱਥ ਕੁਝ ਨਹੀਂ ਆਇਆ।
ਮਿੱਟੀ ਦੇ ਜਾਏ ਨੇ
ਮਿੱਟੀ ਵਿਚ ਹੀ ਆਦਿ ਅੰਤ ਪਾਇਆ।

ਮਿੱਟੀ ਦੇ ਜਾਏ ਨੇ
ਮਿੱਟੀ ਤੋਂ ਗਲਾਸ ਤੱਕ ਤਰ੍ਹਾਂ ਤਰ੍ਹਾਂ ਦੇ
ਬਰਤਨਾਂ ਵਿਚ ਖਾਇਆ,
ਪਰ ਮਿੱਟੀ ਤੋਂ ਬਰਤਨ ਤੱਕ
ਰੇਤੇ ਤੋਂ ਗਲਾਸ ਤੱਕ ਦੇ
ਅਗਨੀ ਸਫਰ ਵਿਚ ਇੱਕ ਵੀ
ਕਦਮ ਨਾ ਪੁੱਟ ਪਾਇਆ,
ਮਿੱਟੀ ਦਾ ਜਾਇਆ ਮਿੱਟੀ ਦੀ ਕੁੱਖੋਂ ਜੰਮ ਕੇ
ਮਿੱਟੀ ਵਿਚ ਹੀ ਰਿਹਾ ਜੁਟਿਆ,
ਦੁਨੀਆਂ ਦੇ ਜਿਸ ਵੀ ਫਲਸਫੇ ਨੂੰ
ਮਿੱਟੀ ਦੇ ਜਾਏ ਨੇ ਹੱਥ ਲਾਇਆ,
ਉਹ ਫਲਸਫਾ ਮਿੱਟੀ ਦਾ ਹੋ ਕੇ ਹੀ
ਮਿੱਟੀ ਦੇ ਜਾਏ ਦੀ ਸਮਝ ਦੇ ਮੇਚ ਆਇਆ।

ਮਿੱਟੀ ਦਾ ਜਾਇਆ
ਜਦ ਕਬਰਿਸਤਾਨ ਦੇ ਡਰ ਸੰਗ ਟਕਰਾਇਆ
ਤਾਂ ਇੰਨਾ ਘਬਰਾਇਆ
ਕਿ ਹਫਦਾ ਹਫਾਉਂਦਾ
ਅਸਮਾਨ ਚੁੰਮਦੀ ਪਹਾੜ ਦੀ
ਟੀਸੀ 'ਤੇ ਜਾ ਚੜ੍ਹਿਆ,
ਤਾਂ ਦੇਖਦਾ ਕਿ ਅਸਮਾਨ ਨੇ
ਉਹਤੋਂ ਪਰ੍ਹਾਂ ਉਤਾਂਹ ਵੱਲ ਨੂੰ
ਓਨਾ ਹੀ ਸਫਰ ਤੈਅ ਕਰਿਆ।

ਨੀਵਾਂ ਉੱਚੇ ਨੂੰ ਜਿੱਤ ਸਕਦਾ
ਉੱਚੇ ਦੀ ਹੀ ਭਾਸ਼ਾ ਵਿਚ
ਆਸਮਾਨ ਨੂੰ ਜੇ ਸਰ ਕਰਨਾ
ਆਸਮਾਨ ਦੀ ਭਾਸ਼ਾ ਸਿੱਖ:
ਹਵਾ ਨੇ ਉਹਨੂੰ ਬੜਾ ਸਮਝਾਇਆ।
ਵਰਖਾ, ਪਹਾੜ, ਨਦੀ ਨੇ
ਆਸਮਾਨ ਦੀ ਭਾਸ਼ਾ ਦੇ ਵਿਚ
ਜਦ ਇਹ ਅਸਮਾਨੀ ਗੀਤ ਗਾਇਆ

ਮਿੱਟੀ ਦੇ ਜਾਏ ਨੇ
ਮਿੱਟੀ ਵਿਚ ਹੀ ਟੌਣਾ ਲਾਇਆ
ਤਾਂ ਉਡਾਰੀ ਨੇ ਮਿੱਟੀ ਦੇ ਜਾਏ ਨੂੰ
ਸਰਾਪ ਸੁਣਾਇਆ:
ਨਾ ਜਾਗਣਾ, ਨਾ ਸੌਣਾ,
ਬੱਸ ਇਕ ਭਟਕਣਾ ਭਟਕਾਉਣਾ
ਨਾ ਜ਼ਮੀਂ, ਨਾ ਅਸਮਾਨ
ਤੇਰੇ ਕੁਝ ਵੀ ਹੱਥ ਨਹੀਂ ਆਉਣਾ।

ਉਸ ਪਲ ਤੋਂ ਬਾਅਦ
ਮਿੱਟੀ ਦਾ ਜਾਇਆ
ਕਿਸੇ ਵੀ ਜੀਅ ਦੇ ਨਜ਼ਰ ਨਾ ਆਇਆ।

ਹੁਣ
ਮਿੱਟੀ 'ਚੋਂ ਉੱਗਦੀਆਂ ਫੈਕਟਰੀਆਂ
ਮਿੱਟੀ ਉੱਪਰ ਵਿਛੀਆਂ ਦੌੜਦੀਆਂ
ਸੜਕਾਂ ਦੇ ਸ਼ੋਰ ਨਾਲ ਪਰੁੰਨੀ
ਮਿੱਟੀ ਦੇ ਜਾਏ ਦੀ ਜਨਮ ਭੂਮੀ
ਵਿਚ ਵਸਦੀ ਇਕ ਖਬਰ ਹੈ,
ਕਿ ਭਲਕ ਦਾ ਗੀਤ ਗਾਉਂਦੀ
ਅੱਜ ਦੀ ਹਵਾ ਵਿਚ
ਘੁਲੀ ਇਹ ਜੋ ਗਰਦਸ਼ ਹੈ
ਇਹ ਮਿੱਟੀ ਦੇ ਜਾਏ ਦੀ ਕਬਰ ਹੈ।

***-ਡਾ. ਸੁਖਪਾਲ ਸੰਘੇੜਾ***
***dr.sukhpal.sanghera***

---

## ਗਜ਼ਲ

ਤੈਨੂੰ ਆਪਣੀ ਜ਼ਿੱਦ ਪੁਗਾ ਕੇ ਕੀ ਮਿਲਿਆ?
'ਅੱਲ੍ਹਾ' ਦੀ ਥਾਂ 'ਰਾਮ' ਲਿਖਾ ਕੇ ਕੀ ਮਿਲਿਆ?

ਜਿਸ ਨੂੰ ਕੋਈ ਪਿੰਡ ਦਾ ਪੰਚ ਬਣਾਵੇ ਨਾ,
ਉਸ ਨੂੰ ਦਿੱਲੀ ਤਖਤ ਬਿਠਾ ਕੇ ਕੀ ਮਿਲਿਆ?

ਹੱਕ ਆਪਣਾ ਹੀ ਜਿਸ ਧਰਤੀ ਤੋਂ ਖੁੱਸ ਰਿਹੈ,
ਉਹ ਧਰਤੀ ਆਜ਼ਾਦ ਕਰਾ ਕੇ ਕੀ ਮਿਲਿਆ?

ਸੁਣਦਾ ਨਾ ਬਸ 'ਮਨ ਕੀ ਬਾਤ' ਸੁਣਾਉਂਦੈ ਜੋ,
ਉਸ ਨੂੰ ਦੂਜੀ ਵਾਰ ਜਿਤਾ ਕੇ ਕੀ ਮਿਲਿਆ?

ਪੰਜ ਵਰ੍ਹੇ ਵਿਚ ਸੁਰਤ ਟਿਕਾਣੇ ਆਈ ਨਾ,
ਫਿਰ ਓਹੀ ਗਲਤੀ ਦੁਹਰਾ ਕੇ ਕੀ ਮਿਲਿਆ?

ਸੜਕਾਂ 'ਤੇ ਰੁਲਦੇ ਮਜ਼ਦੂਰੋ! ਕਿਰਸਾਨੋ!!
ਮੱਝਾਂ ਅੱਗੇ ਬੀਨ ਵਜਾ ਕੇ ਕੀ ਮਿਲਿਆ?

ਭਗਵੇਂ ਬਿਨ ਜਿਸ ਨੂੰ ਕੁਝ ਦਿਸਦਾ ਨਾ, ਉਸ ਨੂੰ,
ਰੰਗਾਂ ਵਾਲੀ ਹੱਟ ਬਿਠਾ ਕੇ ਕੀ ਮਿਲਿਆ?

ਪੱਲਾ ਝਾੜ ਗਿਐ ਜੋ ਸਭ ਕੁਝ ਲੁਟ-ਪੁਟ ਕੇ,
ਉਸ ਨੂੰ ਚੌਕੀਦਾਰ ਬਣਾ ਕੇ ਕੀ ਮਿਲਿਆ?

ਸੱਥਾਂ, ਮੋੜਾਂ ਹਰ ਮਹਿਫਿਲ ਵਿਚ ਚਰਚਾ ਹੈ,
ਮਾਚਿਸ ਬਾਂਦਰ ਹੱਥ ਫੜਾ ਕੇ ਕੀ ਮਿਲਿਆ?

ਸੋਚ ਕਦੇ ਐ ਦੇਸ਼ ਮੇਰੇ ਦੇ ਕਿਰਸਾਨਾ!
ਤੈਨੂੰ ਪੂਰਾ ਮੁਲਕ ਰਜਾ ਕੇ ਕੀ ਮਿਲਿਆ?

ਕਿਉਂ ਕਹਿਣਾ ਸੀ ਰਾਣੀ ਨੂੰ ਤੂੰ 'ਅੱਗਾ ਢੱਕ',
'ਬੱਲ' ਭਲਾ ਹੁਣ ਹੱਡ ਤੁੜਾ ਕੇ ਕੀ ਮਿਲਿਆ?

***-ਹਰਜਿੰਦਰ ਬੱਲ***

---

## ਅੰਨਦਾਤਾ

ਸਾਰੇ ਜੱਗ ਦਾ ਅੰਨਦਾਤਾ
ਅੱਜ ਹੱਕਾਂ ਨੂੰ ਮੰਗਣ ਲਈ,
ਘਰੋਂ ਬੇਘਰ ਹੋਇਆ ਫਿਰਦਾ
ਭੁੱਖਣ-ਭਾਣਾ ਸੜਕਾਂ 'ਤੇ।
ਕਿਸਾਨ ਨੂੰ ਕਰ ਬਰਬਾਦ
ਹਕੂਮਤੀ ਤਾਕਤਾਂ ਬਈ,
ਇਹ ਚਿੱਟੇ ਕੁੱਕੜ
ਦਿੱਲੀ ਬਹਿ ਜਸ਼ਨ ਮਨਾਉਣ ਲੱਗੇ।
ਜਿਹਦੇ ਸਿਰ ਤੋਂ ਰੋਟੀ
ਖਾਣ ਸਰਕਾਰਾਂ ਵੀ,
ਅੱਜ ਉਹਦੀ ਰੋਟੀ ਖਤਰੇ ਪਾ
ਕਾਨੂੰਨ ਬਣਾਉਣ ਲੱਗੇ।

ਕਿਸਾਨ ਦੇ ਖੂਨ ਪਸੀਨੇ ਤੋਂ
ਥੋਡੇ ਘਰ ਸਬਜ਼ੀਆਂ ਦਾਲਾਂ ਨੇ,
ਇਹ ਪੱਥਰ ਦਿਲ ਸਭ ਜਰ ਲੈਂਦਾ
ਭਾਵੇਂ ਕੁਦਰਤੀ ਪੈਂਦੀਆਂ ਮਾਰਾਂ ਨੇ।
ਤੁਸੀਂ ਘਰੇ ਬੈਠ ਜਿਹੜੇ
ਅੰਨਦਾਤੇ ਦਾ ਖਾਂਦੇ ਓ,
ਕਾਹਤੋਂ ਮਾਲਕੀ ਖੋਹ, ਓਸ ਨੂੰ
ਮਜ਼ਦੂਰ ਬਣਾਉਣ ਲੱਗੇ...।

ਅਸੀਂ ਬੈਠੇ ਵਿਚ ਵਿਦੇਸ਼ਾਂ ਦੇ
ਦਿਲ ਅੱਜ ਵੀ ਪਿੰਡ ਹਵਾਲੇ ਆ,
ਤੁਹਾਡੇ ਪੱਕੇ ਘਰ ਵਿਚ ਏ. ਸੀ. ਨੇ
ਤੇ ਸਾਡੇ ਛੱਤਾਂ ਦੇ ਵਿਚ ਬਾਲੇ ਆ।
'ਪੰਨੂ' ਰੋਲ ਕੇ ਰੱਖ'ਤਾ
ਸਾਨੂੰ ਸਾਡੇ ਆਪਣਿਆਂ ਨੇ,
ਬਿਨਾ ਰੱਸੇ ਤੋਂ ਕਿੰਜ ਵੇਖੋ
ਕਿਸਾਨ ਨੂੰ ਫਾਹੇ ਲਾਉਣ ਲੱਗੇ...।

***-ਪ੍ਰਭਜੋਤ ਸਿੰਘ ਪੰਨੂ, ਕੈਲੀਫੋਰਨੀਆ***

---



## ਕਿਸਾਨ ਅੰਦੋਲਨ

ਰੁਲ ਰਹੇ ਨੇ ਸੜਕਾਂ ਤੇ ਕਿਸਾਨ ਤੇਰੇ ਸ਼ਹਿਰ ਵਿਚ
ਅੰਨ ਦਾਤਾ ਹੋਇਆ ਏ ਪ੍ਰੇਸ਼ਾਨ ਤੇਰੇ ਸ਼ਹਿਰ ਵਿਚ।

ਭੁੱਲਿਆ ਏਂ ਮੁਲਕ ਦੇ ਵਾਹਦ ਮਾਲਕ ਨੂੰ, ਜਿਸ ਦੀ
ਬਦੌਲਤ ਖੁੱਲ੍ਹੀ ਏ ਤੇਰੀ ਦੁਕਾਨ ਤੇਰੇ ਸ਼ਹਿਰ ਵਿਚ।

ਲਹੂ ਪਸੀਨਾ ਡੋਲ੍ਹ ਭੁੱਖਿਆਂ ਦਾ ਢਿੱਡ ਭਰਨ ਵਾਲਾ
ਭੁੱਖ ਨਾਲ ਹੋਇਆ ਏ ਗਲਤਾਨ ਤੇਰੇ ਸ਼ਹਿਰ ਵਿਚ।

ਇਸੇ ਦੀ ਬਦੌਲਤ ਤੇਰੇ ਗੋਦਾਮ ਭਰੇ ਪਏ ਨੇ ਨੌਬਤ
ਮੰਗਣ ਵਾਲੀ ਨਹੀਂ ਦਿੱਤੀ ਆਣ ਤੇਰੇ ਸ਼ਹਿਰ ਵਿਚ।

ਤੂੰ, ਕੰਨ ਵਲ੍ਹੇਟ ਕੇ ਅਮੀਰਾਂ ਦੇ ਬੋਝੇ ਭਰ ਰਿਹਾ ਹੈਂ
ਓਧਰ ਭੁੱਖੇ ਗਰੀਬ ਨੇ ਹਲਕਾਨ ਤੇਰੇ ਸ਼ਹਿਰ ਵਿਚ।

ਅਜੇ ਵੀ ਵੇਲਾ ਏ ਸੰਭਲ ਜਾਹ, ਠਲ੍ਹਿਆ ਨਹੀਂ ਜਾਣਾ
ਉਠ ਪਿਆ ਹੈ ਏਕੇ ਦਾ ਤੁਫਾਨ ਤੇਰੇ ਸ਼ਹਿਰ ਵਿਚ।

ਹਕੂਕ ਲੈਣ ਵਾਲਿਆਂ ਸਿਰਾਂ 'ਤੇ ਖਫਨ ਬੰਨ੍ਹ ਲਏ ਨੇ
ਭਖ ਪਿਆ ਏ ਯੁੱਧ ਦਾ ਮੈਦਾਨ ਤੇਰੇ ਸ਼ਹਿਰ ਵਿਚ।

ਕ੍ਰਿਤੀ, ਕਿਸਾਨਾਂ ਦਾ ਮੁਜਾਹਰਾ, ਲੋਕ ਰੋਹ ਦਾ ਹੜ੍ਹ
ਰੋੜ੍ਹ ਦਏਗਾ ਸਮੁੱਚਾ ਕੱਖ ਕਾਨ ਤੇਰੇ ਸ਼ਹਿਰ ਵਿਚ।

ਏਸ ਜ਼ਲਜ਼ਲੇ ਤੁਫਾਨ 'ਚ ਵੇਖੀਂ ਡੋਬ ਨਾ ਲਈਂ ਬੇੜੀ
ਦੱਸਦੇ ਪਏ ਨੇ ਬਦਲਦੇ ਅਮਕਾਨ ਤੇਰੇ ਸ਼ਹਿਰ ਵਿਚ।

ਇਨ੍ਹਾਂ ਬਿਨਾ ਤੇਰੀ ਕੋਈ ਵੁਕਤ ਨਹੀਂ, ਯਾਦ ਰੱਖ
ਖਤਮ ਹੋ ਜਾਏਗੀ ਤੇਰੀ ਪਛਾਣ ਤੇਰੇ ਸ਼ਹਿਰ ਵਿਚ

ਜੋ, ਵਕਤ ਦੀ ਦੀਵਾਰ 'ਤੇ ਲਿਖਿਆ ਨਹੀਂ ਪੜ੍ਹਨਗੇ
ਬਣ ਜਾਣਗੇ ਬੀਤੇ ਦੀ ਦਾਸਤਾਨ ਤੇਰੇ ਸ਼ਹਿਰ ਵਿਚ।

***-ਚੰਨ, ਫੋਨ: 908-788-8427***

---

## ਪਗੜੀ ਸੰਭਾਲ ਓਏ !

ਪਗੜੀ ਸੰਭਾਲ ਵੇ ਜੱਟਾ, ਪਗੜੀ ਸੰਭਾਲ ਓਏ!
ਆ ਗਏ ਫਿਰੰਗੀ ਕਾਲੇ, ਲੁੱਟਣੇ ਨੂੰ ਮਾਲ ਓਏ!
ਦਿਸਦੇ ਹਿਤੈਸ਼ੀ ਬਾਹਲੇ, ਨਹੀਂ ਢਿੱਡੋਂ ਨਾਲ ਓਏ!
ਕਰੀਂ ਨਾ ਭਰੋਸਾ ਕਿਧਰੇ, ਨਿਰੇ ਨੇ ਚੰਡਾਲ ਓਏ!

ਧਰਤੀ ਦੇ ਪੁੱਤਰਾ ਓਏ, ਤੂੰ ਗੋਦੀ ਮਾਂ ਦੀ ਖੇਡਦਾਂ,
ਦਿਨੇ ਰਾਤ ਜਾਗਦਾ ਏਂ, ਕਿਸਾਨੀ ਤਾਈਂ ਰੇੜ੍ਹਦਾਂ।
ਸੱਪ ਦੀਆਂ ਸਿਰੀਆਂ ਨੂੰ, ਪੈਰਾਂ ਹੇਠ ਫੇਹ ਕੇ ਓਏ,
ਆਏ ਨੇ ਵਪਾਰੀ ਨਵੇਂ, ਖੋਹਣ ਤੇਰੇ ਲਾਲ ਓਏ!

ਨੇਤਾਵਾਂ, ਸਰਮਾਏਦਾਰਾਂ, ਕਾਲੇ ਕਾਨੂੰਨ ਬਣਾ ਦਿੱਤੇ,
ਖੇਤੀ ਦਾ ਖੋਹ ਕੇ ਹੱਕ, ਜੱਟ ਮੁਜਾਰੇ ਬਣਾ ਦਿੱਤੇ।
ਮਿੱਥਣੇ ਨੇ ਭਾਅ ਹੁਣ, ਆ ਨਵੇਂ ਸ਼ਾਹੂਕਾਰਾਂ ਓਏ,
ਰਲ ਗਈ ਕੁੱਤੀ ਜਾਣੋ, ਕਹਿੰਦੇ ਚੋਰਾਂ ਨਾਲ ਓਏ।

ਕਰ ਕੇ ਰਲ ਹੀਲਾ ਯਾਰੋ, ਅਣਹੋਣੀ ਨੂੰ ਰੋਕ ਲਵੋ,
ਇਕਜੁੱਟ ਹੋ ਹੰਭਲਾ ਮਾਰੋ, ਕਾਮੇ ਕਿਸਾਨ ਲੋਕ ਲਵੋ।
'ਕੱਲਿਆਂ ਜਿੱਤ ਹੋਣੇ ਔਖੇ, ਲੈ ਆੜ੍ਹਤੀ ਪੱਲੇਦਾਰ ਓਏ,
ਫੁੱਟ ਗਏ ਨਸੀਬ ਚੰਦਰੇ, ਰਲੇ ਆਪਣੇ ਵੀ ਨਾਲ ਓਏ।

***-ਸੇਵਾ ਸਿੰਘ ਨੂਰਪੁਰੀ***

---

## ਮੈਂ ਕਿਸਾਨ ਹਾਂ

ਮੈਂ ਸੰਗਲਾਖ ਚੱਟਾਨਾਂ ਦੀ ਹਿੱਕ ਚੀਰ
ਨਦੀਆਂ ਨੂੰ ਖੇਤਾਂ ਵਲ ਵਹਾਇਆ
ਤੇ ਮਿੱਟੀ ਨਾਲ ਮਿੱਟੀ ਹੋ ਧਰਤੀ 'ਚੋਂ ਸੋਨਾ ਉਗਾਇਆ
ਮੈਂ ਬੰਜਰ ਜਮੀਨਾਂ ਨੂੰ ਆਪਣੀ ਮਿਹਨਤ ਸਦਕਾ
ਵਾਹੀਯੋਗ ਉਪਜਾਊ ਬਣਾਇਆ
ਮੈਂ ਇਕ ਸਾਧਾਰਨ ਕਿਸਾਨ ਹਾਂ।

ਮੈਂ ਖੁਦ ਨੂੰ ਭੁੱਖਾ ਰੱਖ ਦੁਨੀਆਂ ਨੂੰ ਰਜਾਇਆ
ਆਪ ਨੰਗੇ ਪਿੰਡੇ ਰਹਿ ਲੋਕਾਈ ਨੂੰ ਲਿਬਾਸ ਪਹਿਨਾਇਆ
ਮੈਂ ਜਿਸ ਨੇ ਸਰਦ ਮੌਸਮਾਂ 'ਚ ਧਰਤੀ ਨੂੰ ਸ਼ਿੰਗਾਰਿਆ
ਤਪਦੀਆਂ ਦੁਪਹਿਰਾਂ 'ਚ ਜ਼ਮੀਨਾਂ ਦਾ ਸੀਨਾ ਠਾਰਿਆ
ਮੈਂ ਇਕ ਆਮ ਕਿਸਾਨ ਹਾਂ।

ਕਹਿਣ ਨੂੰ ਸ਼ਾਸ਼ਕ ਮੈਨੂੰ ਅੰਨਦਾਤਾ ਕਹਿ ਕੇ ਵਡਿਆਉਂਦੇ ਨੇ
ਤੇ ਅਕਸਰ ਆਪਣੇ ਅੰਨ ਭੰਡਾਰਾਂ ਨੂੰ ਭਰਨ ਲਈ
'ਜੈ ਕਿਸਾਨ' ਦਾ ਨਾਅਰਾ ਲਾਉਂਦੇ ਨੇ।
ਪਰ ਇਹ ਨਾ ਸਮਝੋ ਕਿ ਮੈਂ ਹਾਕਮਾਂ ਦੀਆਂ
ਕੋਝੀਆਂ ਚਾਲਾਂ ਤੋਂ ਅਨਜਾਣ ਹਾਂ!
ਮੈਂ ਇਕ ਆਮ ਕਿਸਾਨ ਹਾਂ।

ਮੈਂ ਭਲੀਭਾਂਤੀ ਜਾਣਦਾਂ ਸ਼ਾਸ਼ਕਾਂ ਨੇ
ਜੋ ਮੇਰੀ ਹਮਦਰਦੀ 'ਚ ਪ੍ਰਗਟਾਏ ਸ਼ਬਦ ਨੇ
ਨਿਰੀ ਲੱਫਾਜ਼ੀ ਤੋਂ ਬਿਨਾ ਕੁਝ ਨਹੀਂ
ਮੈਂ ਜੋ ਮੁੱਦਤਾਂ ਤੋਂ ਸਮਾਜਕ ਚੱਕੀ ਦੇ ਪੁੜਾਂ 'ਚ
ਪਿਸਦਾ ਆ ਰਿਹਾ ਹਾਂ, ਤੇ ਅਜਲ ਤੋਂ ਆਪਣੇ ਵਜੂਦ ਲਈ
ਸੰਘਰਸ਼ ਕਰਦਾ ਆ ਰਿਹਾ ਹਾਂ।
ਮੈਂ ਇਕ ਸਾਧਾਰਨ ਕਿਸਾਨ ਹਾਂ।

ਮੈਂ ਨੱਕੇ ਹੀ ਨਹੀਂ, ਸਮਾਂ ਆਉਣ 'ਤੇ
ਦਰਿਆਵਾਂ ਦੇ ਰੁੱਖ ਮੋੜੇ ਨੇ
ਆਪਣੇ ਵਜੂਦ ਦੀ ਖਾਤਰ ਲੋੜ ਪੈਣ 'ਤੇ
ਸਮੇਂ ਦੇ ਹਰ ਜਾਬਰ ਦੇ ਘੁਮੰਡ ਤੋੜੇ ਨੇ
ਅੱਜ ਵੀ ਜਾਬਰਾਂ ਨੂੰ ਮੂੰਹ ਤੋੜਵਾਂ
ਜਵਾਬ ਦੇਣ ਲਈ ਤਿਆਰ ਹਾਂ
ਮੈਂ ਇਕ ਸਾਧਾਰਨ ਕਿਸਾਨ ਹਾਂ।

***-ਅੱਬਾਸ ਧਾਲੀਵਾਲ, ਮਾਲੇਰਕੋਟਲਾ***
***ਫੋਨ: 91-98552-59650***

---


## ਮੈਂ ਕਿਸਾਨ ਹਾਂ

ਥੋਡੇ ਮੂੰਹ 'ਚ ਪੈਣ ਵਾਲੇ ਅੰਨ ਦਾ ਦਾਤਾ।
ਇਸ ਦਾਣੇ 'ਚ ਮੇਰਾ ਪਸੀਨਾ ਵੀ ਮਿਲਿਆ।
ਪਤਾ ਥੋਨੂੰ?
ਮੈਂ ਕਿਸਾਨ ਹਾਂ, ਇੱਕ ਕਲਾਕਾਰ।
ਮੇਰੀ ਜਿਹੀ ਕਲਾ ਆਉਂਦੀ ਹੈ ਤੁਹਾਨੂੰ?
ਨਹੀਂ। ਤੁਹਾਨੂੰ ਸਿਰਫ ਮਿਲਾਵਟਖੋਰੀ ਆਉਂਦੀ,
ਪਰ ਮੈਂ ਦੱਸ ਦੇਵਾਂ ਇਹ ਕਲਾ ਨਹੀਂ!
ਕਲਾ ਦੀ ਤੌਹੀਨ ਹੈ।
ਮੈਂ ਕਿਸਾਨ ਹਾਂ, ਕਾਮਿਆਂ ਦਾ ਸਾਥੀ।
ਕੁਝ ਪਤਾ ਤੁਹਾਨੂੰ ਮਜ਼ਦੂਰਾਂ ਬਾਰੇ
ਕਿਰਤੀਆਂ ਬਾਰੇ?
ਤੁਹਾਨੂੰ ਸਿਰਫ ਮੂਰਤੀਆਂ ਦੇ ਅੱਗੇ
ਤਲਵੇ ਚੱਟਣੇ ਆਉਂਦੇ ਨੇ।
ਮੱਝਾਂ ਅੱਗੇ ਬੀਨ ਵਜਾਉਣੀ ਆਉਂਦੀ ਹੈ।
ਜੋ ਮੈਂ ਕਰ ਰਿਹਾਂ, ਖੈਰ ਛੱਡੋ।
ਮੈਂ ਤਾਂ ਭਾਈ ਕਿਸਾਨ ਹਾਂ
ਬੇਚਾਰਾ ਇੱਕ ਕਿਸਾਨ। ਅੰਨਦਾਤਾ।

***-ਰਸ਼ਪਿੰਦਰ ਸਰੋਏ, ਬਰੇਟਾ***
***ਫੋਨ: 91-98154-28027***

# ਨੌਂ ਬੰਦਿਆਂ ਦੀ ਤਲਾਸ਼

ਜਦੋਂ ਵੀ ਪੰਜਾਬੀ ਲੇਖਕ ਜਾਂ ਕਵੀ ਇਕੱਠੇ ਹੋਣ ਤਾਂ ਪੰਜਾਬੀ ਭਾਸ਼ਾ ਜਾਂ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਨਿਰੰਤਰ ਸੁੰਗੜ ਰਹੀ ਗਿਣਤੀ ਬਾਰੇ ਅਕਸਰ ਚਰਚਾ ਹੁੰਦੀ ਹੈ। ਪੰਜਾਬੀ ਦੇ ਬਹੁਤੇ ਪਾਠਕ, ਖੁਦ ਲੇਖਕ ਹੀ ਹੁੰਦੇ ਹਨ। ਆਮ ਤੌਰ 'ਤੇ ਪਾਠਕ ਹੋਣ ਲਈ, ਉਸ ਦਾ ਲੇਖਕ ਹੋਣਾ ਪੂਰਵ-ਸ਼ਰਤ ਹੈ। ਉਂਜ ਪੰਜਾਬੀਆਂ 'ਚ ਪੜ੍ਹਨ ਨਾਲੋਂ, ਸੁਣਨ ਦਾ ਰੁਝਾਨ ਵਧੇਰੇ ਹੈ। ਆਮ ਦੇਖਣ 'ਚ ਆਉਂਦੈ, ਪੰਜਾਬੀ ਪੜ੍ਹੇ-ਲਿਖੇ ਸਿੱਖ ਵੀ, ਆਪ ਪੜ੍ਹਨ ਨਾਲੋਂ, ਪਾਠੀ ਦੁਆਰਾ ਕੀਤੇ ਪਾਠ ਨੂੰ ਵੱਧ ਤਰਜੀਹ ਦਿੰਦੇ ਹਨ। ਇਹ ਆਮ ਜਿਹੀ ਗੱਲ ਹੈ ਕਿ ਘਰਾਂ ਵਿਚ ਕਥਾ ਜਾਂ ਬਾਣੀ ਦੀਆਂ ਕੈਸੇਟਾਂ ਲਾਈਆਂ ਹੁੰਦੀਆਂ ਹਨ ਤੇ ਨਾਲ ਨਾਲ ਘਰ ਦਾ ਕੰਮ ਧੰਦਾ ਵੀ ਹੋ ਰਿਹਾ ਹੁੰਦਾ ਹੈ। ਜਦੋਂ ਕਿ ਪਾਠ ਸੁਣਨ ਵਾਲੀ ਨਹੀਂ, ਪੜ੍ਹਨ ਤੇ ਵਿਚਾਰਨ ਵਾਲੀ ਗੱਲ ਹੈ।



**ਅਵਤਾਰ ਗੋਂਦਾਰਾ**
ਫੋਨ: 559-375-2589

ਨਿਰਸੰਦੇਹ ਸੁਣਨ ਨਾਲੋਂ, ਪੜ੍ਹਨਾ ਤੇ ਵਿਚਾਰਨਾ ਔਖਾ ਕਾਰਜ ਹੈ। ਆਪਾਂ ਸਭ ਨੂੰ ਪਤਾ ਹੈ ਕਿ ਸਾਡਾ ਮਨ ਸੌਖ ਵੱਲ ਅਹੁਲਦਾ ਹੈ।

'ਕੇਰਾਂ ਚੜ੍ਹਦੇ ਪੰਜਾਬ ਦੇ ਸ਼ਹਿਰ ਫਰੀਦਕੋਟ, ਬਾਬਾ ਫਰੀਦ ਦੇ ਮੇਲੇ 'ਤੇ ਮੁਸ਼ਾਇਰਾ ਹੋ ਰਿਹਾ ਸੀ। ਪੰਡਾਲ ਸਰੋਤਿਆਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਕਵੀ ਸੱਜਣ ਆਪੋ ਆਪਣਾ ਕਲਾਮ ਸੁਣਾ ਕੇ ਆ-ਜਾ ਰਹੇ ਸਨ। ਪੰਡਾਲ ਵਿਚ ਚੁੱਪ ਚਾਂ ਸੀ। ਇੱਕ ਕਵੀ ਨੂੰ ਇਹ ਚੁੱਪ ਅੱਖਰ ਰਹੀ ਸੀ। ਸਰੋਤਿਆਂ ਨੂੰ ਸੰਬੋਧਨ ਹੁੰਦਿਆਂ ਉਸ ਨੇ ਕਿਹਾ, "ਭਾਈ ਜੇ ਕਵਿਤਾ ਜਾਂ ਸ਼ਿਅਰ ਚੰਗਾ ਲੱਗੇ ਤਾਂ ਦਾਦ ਜਰੂਰ ਦਿਆ ਕਰੋ, ਇਸ ਨਾਲ ਕਵੀਆਂ ਦਾ ਹੌਸਲਾ ਵਧਦਾ ਹੈ।" ਪਰ ਉਸ ਦੀ ਬੇਨਤੀ ਨੂੰ ਕਿਸੇ ਨੇ ਬਹੁਤਾ ਨਾ ਗੌਲਿਆ। ਸਰੋਤੇ ਉਵੇਂ ਹੀ ਠਿੱਠ ਕੇ ਬੈਠੇ ਰਹੇ। ਹਾਂ ਕਦੇ ਕਦੇ ਕਿਸੇ ਬੱਚੇ ਦੇ ਰੋਣ ਦੀ ਅਵਾਜ਼ ਜਰੂਰ ਆਉਂਦੀ ਸੀ।

ਇੰਨੇ ਨੂੰ ਪ੍ਰਧਾਨਗੀ ਕਰ ਰਹੇ, ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਵਾਰੀ ਆਈ। ਉਨ੍ਹਾਂ ਨੂੰ ਦਾਦ ਲਈ ਕਹਿ ਕੇ ਗਏ ਸ਼ਾਇਰ ਦੀ ਪੀੜ ਦਾ ਪਾਸ ਸੀ। ਸਰੋਤਿਆਂ ਦਾ ਪੱਖ ਰਖਦਿਆਂ, ਉਸ ਨੇ ਕਿਹਾ ਕਿ ਪੰਜਾਬੀਆਂ ਵਿਚ ਕਥਾ ਜਾਂ ਕੀਰਤਨ ਸੁਣਨ ਦੀ ਪਰੰਪਰਾ ਹੈ। ਕੀਰਤਨ ਚੁੱਪ ਕਰਕੇ, ਲਿਵ ਲਾ ਕੇ ਹੀ ਸੁਣਿਆ ਜਾ ਸਕਦਾ ਹੈ। ਇਸ ਲਈ ਜਦੋਂ ਪੰਜਾਬੀ ਸਰੋਤਾ ਸ਼ਾਇਰੀ ਵੀ ਸੁਣਦਾ ਹੈ ਤਾਂ ਸ਼ਾਂਤ-ਚਿੱਤ ਹੀ ਰਹਿੰਦਾ ਹੈ। ਸੋ, ਜੇ ਦਾਦ ਨਹੀਂ ਵੀ ਮਿਲਦੀ ਤਾਂ ਸ਼ਾਇਰਾਂ ਨੂੰ ਗਿਲ੍ਹਾ ਨਹੀਂ ਕਰਨਾ ਚਾਹੀਦਾ। ਉਸ ਦੀ ਚੁੱਪ ਨੂੰ ਹੀ ਦਾਦ ਸਮਝਣਾ ਚਾਹੀਦਾ ਹੈ। ਪੰਡਾਲ ਵਿਚ ਦੱਬੇ ਜਿਹੇ ਸੁਰ 'ਚ ਹਾਸੀ ਖਿਲਰ ਗਈ। ਕਈ ਘੰਟੇ ਚੱਲੇ, ਮੁਸ਼ਾਇਰੇ ਵਿਚ ਸਰੋਤਿਆਂ ਦੀ ਦਾਦ ਦਾ ਇਹ ਪਹਿਲਾ ਇਜ਼ਹਾਰ ਸੀ। ਹੁਣ ਜਿਹੜੇ ਸਰੋਤੇ ਦਾਦ ਦੇਣ ਵਿਚ ਵੀ ਇੰਨੀ ਕਿਰਸ ਕਰਦੇ ਹੋਣ, ਉਨ੍ਹਾਂ ਤੋਂ ਸਾਹਿਤ ਦੀਆਂ ਕਿਤਾਬਾਂ ਖਰੀਦਣ ਵਿਚ ਖੁੱਲ੍ਹ-ਦਿਲੀ ਦੀ ਆਸ ਕਰਨੀ, ਉਨ੍ਹਾਂ ਨਾਲ ਸਰਾਸਰ ਧੱਕਾ ਹੈ।

ਇੱਕ ਵਾਰ ਕੈਲੀਫੋਰਨੀਆ ਵਿਖੇ ਕਵੀ ਹਰਜਿੰਦਰ ਕੰਗ ਦੇ ਸੇਲਮਾ ਸਥਿਤ ਗ੍ਰਹਿ ਵਿਖੇ ਕੁਝ ਲੇਖਕਾਂ ਦੇ ਇਕੱਠੇ ਹੋਣ ਦਾ ਸਬੱਬ ਬਣਿਆ। ਉਭਰਦੇ ਸ਼ਾਇਰ ਸੁੱਖੀ ਧਾਲੀਵਾਲ ਦੀ ਉਡੀਕ ਹੋ ਰਹੀ ਸੀ। ਉਹ ਕਿੱਧਰੇ ਅੱਧਵਾਟੇ ਹੀ ਫਸ ਗਿਆ ਸੀ। ਉਡੀਕ ਦੀ ਬੋਝਲਤਾ ਨੂੰ ਹਲਕਾ ਕਰਨ ਲਈ ਹਰਜਿੰਦਰ ਕੰਗ ਨੇ ਪੰਜਾਬੀ ਸਾਹਿਤ, ਪੰਜਾਬੀ ਪਾਠਕਾਂ ਦੀ ਸੁੰਗੜ ਰਹੀ ਗਿਣਤੀ ਦੇ ਮੁੱਦੇ ਦੀ ਗੇਂਦ, ਹਾਜ਼ਰ ਸਾਹਿਤਕਾਰਾਂ ਵਿਚਾਲੇ ਸਿੱਟ ਦਿੱਤੀ। ਇੰਡੀਆ ਤੋਂ ਗਜ਼ਲਗੋ ਸੁਰਜੀਤ ਜੱਜ ਵੀ ਆਇਆ ਹੋਇਆ ਸੀ ਤੇ ਬੇ-ਏਰੀਏ ਦਾ ਕਵੀ ਕੁਲਵਿੰਦਰ ਵੀ ਹਾਜ਼ਰ ਸੀ। ਵਿਗਿਆਨੀ ਤੇ ਕਵੀ ਗੁਰੂਮੇਲ ਸਿੱਧੂ ਦੇ ਆਲੇ-ਦੁਆਲੇ ਮੈਂ, ਸੰਤੋਖ ਮਿਨਹਾਸ, ਕਹਾਣੀਕਾਰ ਕਰਮ ਮਾਨ ਤੇ ਹੋਰ ਸਾਹਿਤਕ ਪ੍ਰੇਮੀ ਬੈਠੇ ਸਾਂ।

ਜੱਜ ਕਹਿੰਦਾ ਕਿ ਕੰਗ ਦੀ ਗੱਲ ਪੂਰੀ ਠੀਕ ਨਹੀਂ। ਜੇ ਕਿਤਾਬਾਂ ਵਿਕਦੀਆਂ ਨਾ ਹੋਣ ਤਾਂ ਕੋਟਕਪੂਰੇ ਵਾਲਾ ਸ਼ਤੀਸ਼ ਗੁਲਾਟੀ ਪੰਜਾਬੀ ਭਵਨ, ਲੁਧਿਆਣੇ ਵਿਖੇ ਏਡਾ ਵੱਡਾ ਕਿਤਾਬਾਂ ਦਾ ਸ਼ੋਅ ਰੂਮ ਨਹੀਂ ਸੀ ਖੋਲ੍ਹ ਸਕਦਾ। ਆਖਰ ਉਸ ਦਾ ਖਰਚਾ ਵੀ ਨਿਕਲਦਾ ਹੋਊ; ਪਰ ਕੰਗ ਹਥਿਆਰ ਸੁੱਟਣ ਲਈ ਤਿਆਰ ਨਹੀਂ ਸੀ। ਉਸ ਨੇ ਕਿਹਾ ਕੀ ਕਿਸੇ ਚੀਜ਼ ਦੀ ਵਿਕਰੀ ਹੀ ਇਸ ਗੱਲ ਦੀ ਸੂਚਕ ਨਹੀਂ ਕਿ ਉਹ ਵਧੀਆ ਹੈ? ਇਹ ਗੱਲ ਸਾਹਿਤ ਵਿਚ ਲੋਕਾਂ ਦੀ ਰੁਚੀ ਨੂੰ ਰੇਖਾਂਕਿਤ ਨਹੀਂ ਕਰਦੀ। ਹਲਕੀਆਂ ਕੈਸੇਟਾਂ ਵੱਧ ਵਿਕਦੀਆਂ ਹਨ। ਜੇ ਗੁਲਾਮ ਅਲੀ ਵਿਕਦਾ ਵੀ ਹੈ ਤਾਂ ਉਹ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ।

ਮੇਰਾ ਕਹਿਣਾ ਸੀ ਕਿ ਪੰਜਾਬੀ ਪਾਠਕ ਹੁਣ ਕਵਿਤਾ ਜਾਂ ਗਲਪ ਦੀ ਥਾਂ ਸਮਾਜਕ ਸਰੋਕਾਰਾਂ ਵਾਲੇ ਸਾਹਿਤ ਨੂੰ ਪੜ੍ਹਨਾ ਚਾਹੁੰਦਾ ਹੈ। ਇਸ ਬਾਰੇ ਛਪੇ ਸਾਹਿਤ ਨੂੰ ਪਾਠਕਾਂ ਦੀ ਕੋਈ ਘਾਟ ਨਹੀਂ। ਸਾਹਿਤ ਨੂੰ ਸਿਰਫ ਕਵਿਤਾ, ਕਹਾਣੀ ਤੱਕ ਸੀਮਤ ਨਾ ਕੀਤਾ ਜਾਵੇ; ਪਰ ਜੱਜ ਹਾਲੇ ਵੀ ਗੇਂਦ ਨੂੰ ਸਿੱਟਣ ਨਹੀਂ ਸੀ ਦੇ ਰਿਹਾ। ਉਸ ਨੇ ਕਿਹਾ, ਇਹ ਰੁਝਾਨ ਸਿਰਫ ਮਾਲਵੇ 'ਚ ਹੈ, ਦੁਆਬੇ ਤੇ ਮਾਝੇ 'ਚ ਨਹੀਂ। ਦੁਆਬੀਆ ਸਾਹਿਤ ਦੀ ਕੋਈ ਕਿਤਾਬ ਨਹੀਂ ਪੜ੍ਹਦਾ। ਪਹਿਲਾਂ ਇਹ ਖਿਤਾ ਸਭ ਤੋਂ ਵਧ ਪੜ੍ਹਨ-ਪੜ੍ਹਾਉਣ ਵਾਲੀ ਬੈਲਟ ਸੀ। ਮੈਂ ਉਥੇ ਦੋ ਦਹਾਕਿਆਂ ਤੋਂ ਪੜ੍ਹਾ ਰਿਹਾ ਹਾਂ, ਮੈਨੂੰ ਪਤੈ, ਉਹ ਕੀ ਕਰਦੇ ਹਨ?

ਜੱਜ ਨੇ ਇਕ ਵਿਚਾਰ-ਉਤੇਜਿਕ ਨੁਕਤਾ ਰੱਖਿਆ। ਅੱਜ ਦਾ ਬੁੱਧੀਜੀਵੀ ਤੇ ਸਾਹਿਤਕਾਰ ਸਮਾਜ ਨੂੰ ਸੇਧ ਦੇਣ ਜਾਂ ਉਸ ਦੀ ਸਮਝ ਬਣਾਉਣ 'ਚ ਕੋਈ ਰੋਲ ਨਹੀਂ ਨਿਭਾ ਰਿਹਾ। ਸਰਕਾਰ ਨੇ ਉਨ੍ਹਾਂ ਨੂੰ ਏਨੀਆਂ ਤਨਖਾਹਾਂ ਦਿੱਤੀਆਂ ਹਨ ਕਿ ਉਹ ਹੇਠਾਂ ਵੱਲ ਝਾਕਣਾ ਹਟ ਗਏ ਹਨ। ਉਹ ਪੜ੍ਹਨ-ਪੜ੍ਹਾਉਣ ਦੀਆਂ ਗੱਲਾਂ ਕਰਨ ਦੀ ਥਾਂ ਕਾਰਾਂ ਦੀਆਂ, ਉਨ੍ਹਾਂ ਦੇ ਮਾਡਲਾਂ ਦੀਆਂ, ਕੁੱਤਿਆਂ ਦੀਆਂ, ਸ਼ਿਅਰ ਮਾਰਕਿਟ, ਪਲਾਟ ਖਰੀਦਣ ਦੀਆਂ ਗੱਲਾਂ ਵੱਧ ਕਰਦੇ ਹਨ। ਉਹ ਮੈਗਜ਼ੀਨ ਤੱਕ ਨਹੀਂ ਖਰੀਦਦੇ। ਫਿਰ ਆਮ ਪੰਜਾਬੀ ਪਾਠਕ ਤੋਂ ਤੁਸੀਂ ਕੀ ਆਸ ਕਰਦੇ ਹੋ? ਇਹ ਲੇਖਕ ਹੀ ਹਨ, ਜੋ ਲਿਖਣ-ਲਿਖਾਉਣ ਦੇ ਇਨ੍ਹਾਂ ਧੰਦਿਆਂ 'ਚ ਫਸੇ ਹੋਏ ਆ, ਨਾਲੇ ਘਰਦਿਆਂ ਤੋਂ ਦੁਰ-ਅਸੀਸਾਂ ਲੈਂਦੇ ਆ।

ਸੰਤੋਖ ਮਿਨਹਾਸ ਨੇ ਜੱਜ ਦੀ ਗੱਲ ਨੂੰ ਹੋਰ ਵਧਾਇਆ। ਉਹ ਕਹਿੰਦਾ, ਤੁਸੀਂ ਚੰਗੇ ਮੁੱਲਾਂ ਦੀ, ਸਾਹਿਤ ਦੀ ਗੱਲ ਕਰਦੇ ਹੋ, ਪਰ ਇਨ੍ਹਾਂ ਦੀ ਲੋੜ ਹੈ ਕਿਸ ਨੂੰ? ਸਾਡਾ ਪੂਜਨੀਕ ਬਾਬਾ ਫਰੀਦ ਹੈ, ਜੋ ਸੰਜਮ ਦੀ, ਸਾਦਗੀ ਦੀ ਗੱਲ ਕਰਦਾ ਹੈ। ਅਸੀਂ ਉਸ ਦੀ ਬਾਣੀ ਨਿੱਤ ਸੁਣਦੇ ਹਾਂ, ਸਿਰ ਝੁਕਾਉਂਦੇ ਹਾਂ; ਪਰ ਉਸ ਨੂੰ ਮੱਥਾ ਟੇਕਣ ਵਾਲਿਆਂ ਦੇ ਘਰ ਜਾ ਕੇ ਦੇਖੋ, ਮਹਿੰਗਿਆਂ ਤੋਂ ਮਹਿੰਗੀਆਂ ਚੀਜ਼ਾਂ ਨਾਲ ਤੂੜੇ ਪਏ ਆ। ਘਰਾਂ 'ਚ ਸਾਹਿਤ ਦੀ ਗੱਲ ਨਹੀਂ ਹੁੰਦੀ। ਘਰੇ ਕਿਤਾਬ ਤਾਂ ਕੀ, ਪੰਜਾਬੀ ਦਾ ਮੈਗਜ਼ੀਨ ਨਹੀਂ ਹੁੰਦਾ। ਸਰਦੇ ਪੁੱਜਦੇ ਪੰਜਾਬੀਆਂ ਦੇ ਘਰਾਂ 'ਚ ਚਰਚਾ ਹੁੰਦੀ ਹੈ ਕਿ ਕਿਹੜੀ ਕਾਰ ਖਰੀਦਣੀ ਹੈ? ਕਾਰਾਂ ਦੀਆਂ ਕਿੰਨੀਆਂ ਕਿਸਮਾਂ ਹਨ? ਇਕ ਕੰਪਨੀ ਨੇ ਕਿੰਨੇ ਮਾਡਲ ਬਣਾਏ ਹਨ? ਆਮ ਵਿਆਹਾਂ ਜਿੰਨਾ ਖਰਚਾ ਉਹ ਆਵਦੇ ਜੁਆਕ ਦੇ ਜਨਮ 'ਤੇ ਕਰ ਦਿੰਦੇ ਹਨ।

ਚੁੱਪ ਕਰਕੇ ਸੁਣ ਰਿਹਾ ਕਹਾਣੀਕਾਰ ਕਰਮ ਮਾਨ ਬੋਲਿਆ, "ਤੁਸੀਂ ਦੂਜਿਆਂ ਨੂੰ ਤਾਂ ਕਹੀ ਜਾਂਦੇ ਹੋ, ਆਵਦੀ ਪੀੜ੍ਹੀ ਹੇਠ ਸੋਟਾ ਵੀ ਮਾਰੋ। ਬਹੁਤੇ ਪੰਜਾਬੀ ਲੇਖਕਾਂ ਦੇ ਬੱਚੇ ਤਾਂ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਆ। ਜੇ ਉਹ ਹੀ ਪੰਜਾਬੀ ਤੋਂ ਬੇਮੁੱਖ ਹੋ ਰਹੇ ਹਨ ਤਾਂ ਸਾਧਾਰਨ ਪੰਜਾਬੀ ਤੋਂ ਕੀ ਆਸ ਰੱਖਦੇ ਹੋ?" ਹਾਸੇ ਠੱਠੇ ਵਿਚ ਚਰਚਾ ਚਲਦੀ ਰਹੀ।

ਏਨੇ ਨੂੰ ਸੁੱਖੀ ਧਾਲੀਵਾਲ ਤੇ ਹੋਰ ਕਵੀ ਵੀ ਆ ਗਏ। ਚਰਚਾ ਦੇ ਖਿਲਾਰੇ ਨੂੰ ਸਮੇਟਦਿਆਂ ਕੰਗ ਨੇ ਰੌਚਕ ਕਥਾ ਸੁਣਾਈ, ਕਹਿੰਦਾ, "ਮੈਂ, ਡਾ. ਗੁਰੂਮੇਲ ਕੋਲ ਤਜਵੀਜ ਰੱਖੀ ਸੀ ਕਿ 9-10 ਕਵੀ ਬੁਲਾਏ ਜਾਣ ਤੇ ਉਨ੍ਹਾਂ ਦੀ ਕਵਿਤਾ ਸੁਣੀ ਜਾਵੇ। ਹੁੰਦਾ ਇਹ ਹੈ ਕਿ 30-40 ਕਵੀ ਸੱਜਣ ਆ ਜਾਂਦੇ ਹਨ ਤੇ ਕਵਿਤਾ ਪਾਠ ਦੀ ਥਾਂ ਕਵਿਤਾ ਕਾਠ ਮਾਰ ਲੈਂਦੀ ਹੈ।"

ਚੱਲ ਰਹੀ ਮੀਟਿੰਗ ਵੱਲ ਇਸ਼ਾਰਾ ਕਰਦਿਆਂ ਉਸ ਨੇ ਕਿਹਾ ਕਿ ਵਧੀਆ ਗੱਲ ਅੱਜ ਸਿਰਫ ਨੌਂ ਕਵੀ ਹਨ। ਆਪਣੀ ਗੱਲ ਦੀ ਵਜਾਹਤ ਕਰਨ ਲਈ ਉਸ ਨੇ ਕਹਾਣੀ ਸੁਣਾਈ: ਇੱਕ ਵਾਰ ਦੀ ਗੱਲ ਹੈ ਕਿ ਬਹੁਤ ਵੱਡਾ ਗਵੱਈਆ ਸੀ। ਉਸ ਨੂੰ ਉਥੋਂ ਦੇ ਰਾਜੇ ਨੇ ਦਰਬਾਰ 'ਚ ਆਉਣ ਦੀ ਦਾਅਵਤ ਦਿੱਤੀ। ਪਹਿਲਾਂ ਤਾਂ ਮੰਨਿਆ ਨਾ, ਫਿਰ ਇੱਕ ਸ਼ਰਤ 'ਤੇ ਮੰਨ ਗਿਆ। ਸ਼ਰਤ ਇਹ ਸੀ ਕਿ ਜਦੋਂ ਉਹ ਗਾਵੇਗਾ ਤਾਂ ਕਿਸੇ ਸਰੋਤੇ ਨੇ ਸਿਰ ਨਹੀਂ ਹਿਲਾਉਣਾ। ਜੋ ਸਿਰ ਹਿਲਾਵੇਗਾ, ਉਸ ਦਾ ਸਿਰ ਕਲਮ ਕਰ ਦਿੱਤਾ ਜਾਵੇ। ਪ੍ਰੋਗਰਾਮ ਸ਼ੁਰੂ ਹੋਇਆ। ਰਾਜੇ ਨੇ ਐਲਾਨ ਕੀਤਾ ਕਿ ਸ਼ਰਤ ਦੀ ਤਾਮੀਲ ਹੋਵੇ। ਅੱਧੇ ਸਰੋਤੇ ਸ਼ਰਤ ਸੁਣਦਿਆਂ ਹੀ ਖਿਸਕ ਗਏ। ਅਹਿਲਕਾਰ ਮਜਬੂਰੀ ਵਿਚ ਹਾਜ਼ਰ ਰਹੇ, ਕੁਝ ਬੈਠੇ ਰਹੇ ਕਿ ਚਲੋ ਸਿਰ ਨਹੀਂ ਹਿਲਾਉਂਦੇ। ਸੁਣ ਤਾਂ ਲਈਏ।

ਗਾਇਨ ਸ਼ੁਰੂ ਕਰਨ ਤੋਂ ਪਹਿਲਾਂ, ਰਾਜੇ ਨੇ ਫਿਰ ਐਲਾਨ ਕੀਤਾ ਕਿ ਜਿਸ ਨੇ ਜਾਣਾ ਹੈ, ਉਹ ਚਲਾ ਜਾਵੇ। ਗਵੱਈਆ ਗਾਉਂਦਾ ਰਿਹਾ, ਪਰ ਸਾਰੇ ਅਹਿਲ ਬੈਠੇ ਰਹੇ। ਕੁਝ ਸਰੋਤੇ ਸਨ, ਜੋ ਝੂਮ ਉਠੇ ਤੇ ਵਜਦ 'ਚ ਆਉਂਦਿਆਂ ਹੀ ਉਨ੍ਹਾਂ ਦੇ ਸਿਰ ਵੀ ਹਿੱਲਣ ਲੱਗ ਪਏ। ਉਹ ਸੁਣਨ 'ਚ ਏਨਾ ਭਿੱਜ ਗਏ ਕਿ ਉਨ੍ਹਾਂ ਨੂੰ ਚਿੱਤ-ਚੇਤਾ ਹੀ ਨਾ ਰਿਹਾ ਕਿ ਸਿਰ ਹਿਲਾਉਣ ਨਾਲ ਉਨ੍ਹਾਂ ਦਾ ਸਿਰ ਵੀ ਕਲਮ ਹੋ ਜਾਣਾ ਹੈ।

ਗਵੱਈਏ ਨੇ ਦੇਖਿਆ ਕਿ ਜਿਨ੍ਹਾਂ ਦੇ ਸਿਰ ਹਿਲਦੇ ਸਨ, ਉਹ ਨੌਂ ਬੰਦੇ ਸਨ। ਗਵੱਈਏ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ ਤੇ ਉਨ੍ਹਾਂ ਵੱਲ ਇਸ਼ਾਰਾ ਕਰਦਿਆਂ ਕਹਿੰਦਾ ਕਿ ਉਹ ਇਨ੍ਹਾਂ ਸਰੋਤਿਆਂ ਦੀ ਹੀ ਭਾਲ 'ਚ ਤੁਰਿਆ ਫਿਰਦਾ ਸੀ, ਜੋ ਗੌਣ ਸੁਣਦਿਆਂ ਮੌਤ ਦਾ ਭੈਅ ਵੀ ਭੁੱਲ ਜਾਣ। ਦਰਬਾਰ ਵਿਚ ਮੇਰਾ ਗਾਉਣਾ ਸਾਰਥਕ ਹੋਇਆ ਹੈ। ਉਸ ਨੇ ਰਾਜੇ ਨੂੰ ਆਪਣੀ ਸ਼ਰਤ ਵਾਪਸ ਲੈਣ ਦੀ ਬੇਨਤੀ ਕੀਤੀ। ਮੌਤ ਨੂੰ ਭੁੱਲਣ ਦਾ ਭਾਵ ਨਿਕਲਣ ਵਾਲੇ ਸਿੱਟਿਆਂ ਤੋਂ ਬੇਨਿਆਜ਼ ਕਿਸੇ ਕਾਰਜ ਵਿਚ ਗਲ ਤੱਕ ਡੁੱਬ ਜਾਣਾ ਹੈ।

ਕੰਗ ਨੇ ਗੱਲ ਮੁਕਾਈ, ਪਰ ਕਮਰੇ ਵਿਚ ਧੁਨੀ ਸੁਣਾਈ ਦੇ ਰਹੀ ਸੀ, ਸਾਹਿਤ ਸਾਰੇ ਲੋਕਾਂ ਲਈ ਰਚਣ ਦਾ ਲੱਖ ਦਾਅਵਾ ਕੀਤਾ ਜਾਂਦਾ ਰਹੇ, ਪਰ ਇਹ ਹਮੇਸ਼ਾ ਅਜਿਹੇ ਨੌਂ ਬੰਦਿਆਂ ਦੇ ਮਾਣਨ ਲਈ ਹੀ ਹੋਵੇਗਾ। ਇਹ ਨੌਂ ਪਹਿਲਾਂ ਨਜਿੱਠਣਵੇਂ ਤੇ ਫਿਰ ਨੌਂ ਸੌ ਵਿਚ ਕਦੋਂ ਬਦਲਦੇ ਹਨ, ਕਿਸੇ ਵੀ ਭਾਸ਼ਾ ਦੇ ਮੁੱਦਈਆਂ ਅਤੇ ਕਮਲਕਾਰਾਂ ਲਈ ਇਹ ਚੁਣੌਤੀ ਬਣੀ ਰਹੇਗੀ।

# ਸਮਕਾਲ ਅਤੇ ਕ੍ਰਾਂਤੀ ਦਾ ਕਲਾਕਾਰ: ਗੁਰਸ਼ਰਨ ਭਾਅ ਜੀ

**ਬਰਸੀ 'ਤੇ ਵਿਸ਼ੇਸ਼**

ਪੰਜਾਬੀ ਅਦਬ ਵਿਚ ਨਾਟਕ ਨੂੰ ਨਿਵੇਕਲੀ ਥਾਂ ਦਿਵਾਉਣ ਵਾਲਿਆਂ 'ਚ ਨੌਰਾ ਰਿਚਰਡਜ਼, ਈਸ਼ਵਰ ਚੰਦਰ ਨੰਦਾ ਅਤੇ ਬਲਵੰਤ ਗਾਰਗੀ ਦੇ ਨਾਮ ਪ੍ਰਮੁੱਖ ਹਨ, ਜਿਨ੍ਹਾਂ ਨੇ ਪੰਜਾਬੀਆਂ ਨੂੰ ਸਿਖਾਇਆ ਕਿ ਨਾਟਕ ਕਿਵੇਂ ਖੇਡਣਾ ਹੈ; ਪਰ ਨਾਟਕ ਕਿਉਂ ਖੇਡਣਾ ਹੈ ਤੇ ਕਿਥੇ ਖੇਡਣਾ ਹੈ? ਇਹ ਪੰਜਾਬੀ ਰੰਗ-ਮੰਚ ਨੂੰ ਭਾਅ ਜੀ ਗੁਰਸ਼ਰਨ ਸਿੰਘ ਨੇ ਦੱਸਿਆ। 27 ਸਤੰਬਰ 2011 ਨੂੰ ਭਾਅ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ, ਪਰ ਉਨ੍ਹਾਂ ਦਾ ਲੋਕਾਈ ਨੂੰ ਸਮਰਪਿਤ

**ਡਾ. ਜਸਕਰਨ ਸਿੰਘ, ਫਗਵਾੜਾ**
ਫੋਨ: 91-98154-80892

ਰੰਗ-ਮੰਚ ਰਹਿੰਦੀ ਦੁਨੀਆਂ ਤੱਕ ਕਲਾਕਾਰਾਂ ਨੂੰ ਬਰਾਬਰੀ ਦੇ ਸਮਾਜ ਸਿਰਜਣ ਲਈ ਅੱਗੇ ਆਉਣ ਲਈ ਵੰਗਾਰਦਾ ਰਹੇਗਾ।

ਮੇਰੇ ਵਿਦਿਆਰਥੀ ਜੀਵਨ ਵਿਚਲਾ ਉਹ ਦਿਨ ਯਾਦਗਾਰੀ ਹੋ ਨਿਬੜਿਆ, ਜਦੋਂ ਭਾਅ ਜੀ ਗੁਰਸ਼ਰਨ ਹੁਰਾਂ ਦੀ ਨਾਟ ਮੰਡਲੀ ਲਗਪਗ ਪੰਦਰਾਂ ਸਾਲ ਪਹਿਲਾਂ ਨਾਟਕ ਖੇਡਣ ਸਾਡੇ ਕਾਲਜ ਆਈ ਸੀ। ਰੰਗ-ਮੰਚ ਨਾਲ ਸਬੰਧਤ ਵਿਦਿਆਰਥੀਆਂ ਵਿਚ ਕਾਫੀ ਉਤਸ਼ਾਹ ਸੀ। ਸਪੀਕਰ 'ਤੇ 11 ਕੁ ਵਜੇ ਕਿਸੇ ਬਜੁਰਗ ਦੀ ਦਮਦਾਰ ਤੇ ਪ੍ਰਭਾਵਸ਼ਾਲੀ ਅਵਾਜ਼ ਕੰਨੀਂ ਪਈ ਤਾਂ ਵਿਦਿਆਰਥੀ ਅਧਿਆਪਕਾਂ ਸਮੇਤ ਕਲਾਸਾਂ ਛੱਡ ਆਪ ਮੁਹਾਰੇ ਹੀ ਨਾਟਕ ਦੇਖਣ ਆ ਜੁੜੇ। ਸਟੇਜ ਦੇ ਸੱਜੇ ਪਾਸੇ ਕਾਫੀ ਬਿਰਧ ਅਵਸਥਾ ਵਿਚ ਕੁਰਸੀ 'ਤੇ ਬੈਠਾ ਇੱਕ ਬਾਬਾ ਮੌਜੂਦਾ ਹਾਕਮਾਂ ਨੂੰ ਲਾਹਨਤਾਂ ਪਾ ਰਿਹਾ ਸੀ ਅਤੇ ਬਰਾਬਰੀ ਦਾ ਸਮਾਜ ਸਿਰਜਣ ਲਈ ਹੋਕਾ ਦੇ ਰਿਹਾ ਸੀ। ਉਸ ਦਿਨ ਸਾਡੇ ਕਾਲਜ ਵਾਲਿਆਂ ਨੇ ਵੀ ਆਪਣੇ ਇਕ ਪੁਰਾਣੇ ਵਿਦਿਆਰਥੀ ਅਤੇ ਉਸ ਸਮੇਂ ਦੇ ਮੌਜੂਦਾ ਗਾਉਣ ਵਾਲੇ ਨੂੰ ਸੱਦ ਕੇ ਆਪਣਾ ਪ੍ਰੋਗਰਾਮ ਤਿਆਰ ਕੀਤਾ ਹੋਇਆ ਸੀ ਅਤੇ ਉਸ ਨੇ ਆਉਂਦਿਆਂ ਹੀ ਵੱਡੀ ਸਟੇਜ ਆਪਣੇ ਭਾਂਤ-ਭਾਂਤ ਦੇ ਸਾਜ਼ਾਂ ਨਾਲ ਭਰ ਦਿੱਤੀ।

ਇਸ ਦੌਰਾਨ ਭਾਅ ਜੀ ਸੰਗ ਕਲਾਕਾਰਾਂ ਨੇ ਨਾਟਕ 'ਭੰਡ ਮਟਕਾ ਚੌਕ ਚੱਲੇ' ਖੇਡਿਆ। ਨਾਟਕ ਤੋਂ ਪਹਿਲਾਂ ਭਾਅ ਜੀ ਦੀ ਪ੍ਰਭਾਵਸ਼ਾਲੀ ਕੁਮੈਂਟਰੀ ਨੇ ਵਿਦਿਆਰਥੀਆਂ ਦੀ ਰੁਚੀ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੈਦਾ ਕਰ ਦਿੱਤੀ ਸੀ। ਨਾਟਕ ਨੇ ਸਥਾਪਿਤ ਰਾਜਸੀ ਧਿਰਾਂ ਦੀ ਆਪਸੀ ਭਾਈਵਾਲੀ ਸਦਕਾ ਲੋਕਾਂ ਦੀ ਲੁੱਟ ਨੂੰ ਬਾਖੂਬੀ ਪੇਸ਼ ਕੀਤਾ ਤੇ ਵਿਦਿਆਰਥੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਮੇਰੇ ਵਰਗੇ ਵਿਦਿਆਰਥੀਆਂ ਨੇ ਪਹਿਲੀ ਵਾਰ ਦੇਖਿਆ ਕਿ ਕਿਵੇਂ ਕਲਾ ਰਾਹੀਂ ਸੱਤਾ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ ਅਤੇ ਉਸ ਦੇ ਕਾਲੇ ਕਾਰਨਾਮਿਆਂ ਨੂੰ ਲੋਕਾਂ ਸਾਹਮਣੇ ਬੇਪਰਦ ਕੀਤਾ ਜਾ ਸਕਦਾ ਹੈ। ਮਾਰਕਸੀ ਫਲਸਫੇ ਦਾ ਸਿਰਜਣਾਤਮਕ ਤੇ ਕਲਾਤਕ ਰੂਪ ਵੀ ਪਹਿਲੀ ਵਾਰ ਦੇਖਿਆ ਸੀ।

ਨਾਟਕ ਖਤਮ ਹੋਣ 'ਤੇ ਕਾਲਜ ਦੇ ਉਸ 'ਨਵੇਂ ਉਭਰ ਰਹੇ ਗਵੱਈਏ' ਨੇ ਗਾਉਣਾ ਸ਼ੁਰੂ ਕਰ ਦਿੱਤਾ। ਅਜੇ ਉਸ ਨੇ ਇੱਕ-ਦੋ ਗਾਣੇ ਹੀ ਗਾਏ ਸਨ ਤਾਂ ਬਾਬੇ ਨੇ ਫਿਰ ਮਾਈਕ ਫੜ ਲਿਆ ਅਤੇ ਪ੍ਰਿੰਸੀਪਲ ਤੇ ਮੋਹਤਬਰ ਅਧਿਆਪਕਾਂ ਵੱਲ ਬਾਂਹ ਉਲਾਰ ਕੇ ਕਹਿਣ ਲੱਗੇ, "ਅਸੀਂ ਤੁਹਾਡਾ ਇਹ ਲੁਸਬਾਣਾ ਸੁਣਨ ਨਹੀਂ ਆਏ, ਬੰਦ ਕਰੋ ਇਸ ਨੂੰ।" ਇਹ ਬੋਲ ਸੁਣਨ ਪਿਛੋਂ ਨਾ ਤਾਂ 'ਕਲਾਕਾਰ' ਹੋਰੀਂ ਲੱਭੇ ਤੇ ਪ੍ਰਿੰਸੀਪਲ ਸਾਹਿਬ ਵੀ ਖਿਸਕ ਗਏ। ਸਰੋਤਿਆਂ ਲਈ ਵੀ ਉਸ ਸਮੇਂ ਗਾਉਣ ਵਜਾਉਣ, ਰੰਗ ਵਿਚ ਭੰਗ ਪਾਉਣ ਵਾਂਗ ਸੀ। ਬੇਸ਼ਸ਼ ਕਾਲਜ ਪ੍ਰਬੰਧਕਾਂ ਨੂੰ ਬਾਬੇ ਦੁਆਰਾ ਦਿੱਤੀਆਂ ਫਿਟਕਾਰਾਂ ਸ੍ਰੋਤਿਆਂ ਨੂੰ ਚੰਗੀਆਂ ਲੱਗੀਆਂ। ਉਸ ਪਿਛੋਂ ਇੱਕ ਹੋਰ ਨਾਟਕ ਖੇਡ ਕੇ ਉਹ ਵਾਪਿਸ ਜਾਣ ਲੱਗੇ ਤਾਂ ਕਾਲਜ ਦੇ ਵਿਦਿਆਰਥੀ ਭਾਅ ਜੀ ਨੂੰ ਮਿਲਣ ਲਈ ਉਤਾਵਲੇ ਹੋ ਉਠੇ।

ਖੈਰ! ਮੈਨੂੰ ਇਹ ਭਾਅ ਜੀ ਗੁਰਸ਼ਰਨ ਹੁਰਾਂ ਦੇ ਪਹਿਲੀ ਤੇ ਅਖੀਰੀ ਵਾਰ ਦਰਸ਼ਨ ਹੋਏ ਸਨ, ਪਰ ਉਨ੍ਹਾਂ ਦੀ ਸ਼ਖਸੀਅਤ ਦਾ ਪ੍ਰਭਾਵ ਤਾਉਮਰ ਰਹਿਣ ਵਾਲਾ ਹੈ। ਚੰਡੀਗੜ੍ਹ ਵਿਚ ਪੰਜਾਬ ਯੂਨੀਵਰਸਿਟੀ ਦੀ ਲਾਇਬਰੇਰੀ 'ਚ ਪੜ੍ਹਦਿਆਂ





ਇਕ ਦਿਨ ਅਚਾਨਕ ਖਬਰ ਮਿਲੀ ਕਿ ਭਾਅ ਜੀ ਚੱਲ ਵਸੇ ਹਨ। ਰੰਗ-ਮੰਚ ਦੇ ਇਕ ਦੌਰ ਦਾ ਅੰਤ ਸੀ ਇਹ ਖਬਰ। ਇਸ 'ਕ੍ਰਾਂਤੀ ਦੇ ਕਲਾਕਾਰ' ਦੀ ਯਾਦ ਵਿਚ ਉਨ੍ਹਾਂ ਦੇ ਸਾਥੀ ਰਹੇ ਕਲਾਕਾਰਾਂ ਨੇ ਭਾਅ ਜੀ ਦੇ ਨਾਟਕਾਂ ਦੀ ਲੜੀ ਸ਼ੁਰੂ ਕੀਤੀ ਤੇ ਮੈਂ ਲਗਭਗ ਸਾਰੇ ਨਾਟਕ ਹੀ ਦੇਖੇ। ਮੈਂ ਸ਼ਾਇਦ ਉਨ੍ਹਾਂ ਦੁਰਲੱਭ ਵਿਦਿਆਰਥੀਆਂ ਵਿਚੋਂ ਹੋਵਾਂਗਾ, ਜੋ ਯੂਨੀਵਰਸਿਟੀ ਪੜ੍ਹਦਿਆਂ ਵੀ ਕਦੀ ਸਿਨੇਮਾ ਨਹੀਂ ਗਏ, ਪਰ ਮੈਂ ਕਲਾ ਭਵਨ ਤੇ ਟੈਗੋਰ ਥੀਏਟਰ ਦੀਆਂ ਪੇਸ਼ਕਾਰੀਆਂ ਨੂੰ ਨੀਝ ਲਾ ਕੇ ਉਡੀਕਦਾ ਰਹਿੰਦਾ। ਇਸ ਭਾਵਨਾ ਵਿਚ ਭਾਅ ਜੀ ਹੁਰਾਂ ਦੇ ਨਾਟਕਾਂ ਦੀ ਵਿਚਾਰਧਾਰਾ ਦਾ ਅਸਰ ਹੀ ਸੀ।

ਸਾਲ 2012 ਵਿਚ ਚੰਡੀਗੜ੍ਹ ਦੇ ਸੈਕਟਰ 23 ਵਿਚ ਭਾਅ ਜੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਰੋਹ ਹੋਇਆ। ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਦੇ ਲੋਕ ਆਪਣੇ ਮਹਿਬੂਬ ਕਲਾਕਾਰ ਦੀ ਯਾਦ ਵਿਚ ਉਥੇ ਭਾਰੀ ਗਿਣਤੀ ਵਿਚ ਇਕੱਤਰ ਹੋਏ ਸਨ। ਰਾਤ ਨੂੰ ਨਾਟਕ ਅਤੇ ਇਨਕਲਾਬੀ ਗੀਤਾਂ ਦੀਆਂ ਪੇਸ਼ਕਾਰੀਆਂ ਹੋਈਆਂ। ਭਾਅ ਜੀ ਦੇ ਚਹੇਤੇ ਸੈਂਕੜੇ ਮੀਲਾਂ ਤੋਂ ਦਰਸ਼ਕਾਂ ਲਈ ਪਕਵਾਨ ਤਿਆਰ ਕਰਕੇ ਲਿਆਏ। ਆਮ ਤੌਰ 'ਤੇ ਇਸ ਤਰ੍ਹਾਂ ਦੇ ਵੱਡੇ ਇਕੱਠ ਪੰਜਾਬ ਵਿਚ ਕਿਸੇ ਧਾਰਮਿਕ ਜਾਂ ਰਾਜਨੀਤਿਕ ਆਗੂ ਲਈ ਹੀ ਹੁੰਦੇ ਹਨ; ਪਰ ਭਾਅ ਜੀ ਇਨ੍ਹਾਂ ਦੋਹਾਂ ਸ਼੍ਰੇਣੀਆਂ 'ਚ ਨਹੀਂ ਆਉਂਦੇ ਸਨ। ਉਹ ਲੋਕਾਂ 'ਚੋਂ ਪੈਦਾ ਹੋਏ ਆਮ ਰੰਗਕਰਮੀ ਅਤੇ ਕਲਾ ਯੋਧੇ ਸਨ, ਜਿਨ੍ਹਾਂ ਦਾ ਸਮੁੱਚਾ ਰੰਗ-ਮੰਚੀ ਸਫਰ ਦੱਬੇ ਜਾਂ ਦਬਾਏ ਗਏ ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਿਤ ਕਰਨ ਵਾਲਾ ਰਿਹਾ। ਇਸੇ ਕਰਕੇ ਲੋਕ ਆਪਣੇ ਕਲਾਕਾਰ ਦੀ ਯਾਦ ਵਿਚ ਇਕੱਤਰ ਹੋਏ ਸਨ।

ਇਸ ਫਾਨੀ ਸੰਸਾਰ ਨੂੰ ਛੱਡ ਜਾਣ ਪਿਛੋਂ ਇਸ ਤਰ੍ਹਾਂ ਦੀ ਅਪਣੱਤ ਬਹੁਤ ਘੱਟ ਕਲਾਕਾਰਾਂ ਦੇ ਹਿੱਸੇ ਆਉਂਦੀ ਹੋਵੇਗੀ। ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਸਾਰਥਕਤਾ ਅੱਜ ਵੀ ਬਰਕਰਾਰ ਹੈ ਅਤੇ ਉਨ੍ਹਾਂ ਦਾ ਜੀਵਨ ਅੱਜ ਕਲਾਕਰਮੀਆਂ ਲਈ ਇਕ ਮਿਸਾਲ ਬਣਿਆ ਹੋਇਆ ਹੈ। ਅਜੇ ਵੀ ਲਹੂ ਪੀਣੀਆਂ ਜੋਕਾਂ ਰਾਜ-ਸੱਤਾ 'ਤੇ ਕਾਇਮ ਹਨ ਤੇ ਦੂਣ ਸੁਆਈਆਂ ਹੋ ਰਹੀਆਂ ਹਨ। ਸਮਾਜਕ ਤੇ ਆਰਥਕ ਨਾ-ਬਰਾਬਰੀ ਵਧ ਫੁਲ ਰਹੀ ਹੈ, ਪਰ ਮੁਨਾਫਾ ਆਧਾਰਿਤ ਟੀ. ਵੀ./ਸਿਨੇਮਾ ਰੂਪੀ ਕਲਾਵਾਂ ਇਸ ਸਿਸਟਮ ਵਿਚ ਹਾਕਮਾਂ ਦਾ ਔਜ਼ਾਰ ਸਾਬਿਤ ਹੋ ਰਹੀਆਂ ਹਨ। ਅੱਜ ਵੀ ਲੋੜ ਹੈ, ਭਾਅ ਜੀ ਗੁਰਸ਼ਰਨ ਸਿੰਘ ਦੇ ਪੂਰਨਿਆਂ 'ਤੇ ਚੱਲਣ ਵਾਲੇ ਲੋਕਾਇਤ ਨੂੰ ਸਮਰਪਿਤ ਕਲਾਕਾਰਾਂ ਦੀ, ਜੋ ਸੱਤਾ ਨੂੰ ਚੁਣੌਤੀ ਦੇ ਸਕਣ ਤੇ ਬਰਾਬਰੀ ਦੇ ਸਮਾਜ ਸਿਰਜਣ ਲਈ ਰਾਹ ਦਸੇਰੇ ਸਾਬਿਤ ਹੋ ਸਕਣ।

# ਜਦੋਂ ਭਗਤ ਸਿੰਘ ਦੀ ਕਲਮ ਨੇ ਅੰਗਰੇਜ਼ੀ ਹਕੂਮਤ ਨੂੰ ਵਖਤ ਪਾਇਆ

***ਭਗਤ ਸਿੰਘ ਸਰਕਾਰ ਦੇ ਕਾਨੂੰਨਾਂ ਅਤੇ ਖੁਫੀਆ-ਤੰਤਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਸੁਣ ਅਤੇ ਵੇਖ ਚੁਕਾ ਸੀ ਕਿ ਸਰਕਾਰ ਦੇ ਖਿਲਾਫ ਉਸ ਦੇ ਪਿਤਾ ਅਤੇ ਚਾਚਾ ਜੀ ਵਲੋਂ ਕਿਸਾਨ ਸੰਘਰਸ਼ਾਂ ਵਿਚ ਹਿੱਸਾ ਲੈਣ ਸਮੇਂ ਕਿਵੇਂ ਪੁਲਿਸ ਦੇ ਸੂਹੀਏ ਉਨ੍ਹਾਂ ਦੀਆਂ ਸਰਗਰਮੀਆਂ ਉਤੇ ਨਜ਼ਰ ਰੱਖਦੇ ਸਨ। ਉਹ ਪੜ੍ਹ ਚੁਕਾ ਸੀ ਕਿ ਨਾਮਧਾਰੀ ਲਹਿਰ, ਗਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਨੂੰ ਫੇਲ੍ਹ ਕਰਨ ਵਿਚ ਸਰਕਾਰ ਦੇ ਸੂਹੀਆਂ ਦਾ ਕਿੰਨਾ ਹੱਥ ਸੀ। ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਉਸ ਨੇ ਦੇਸ਼ ਭਗਤਾਂ ਦੀ ਉਸ ਕਤਾਰ ਵਿਚ ਸ਼ਾਮਲ ਹੋਣ ਦਾ ਅਹਿਦ ਕੀਤਾ ਹੋਇਆ ਸੀ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਿਰ ਉਤੇ ਕਫਨ ਬੰਨ੍ਹ ਲਿਆ ਸੀ।***

"ਜਿਸ ਭਾਰਤ ਦੇਸ਼ ਵਿਚ ਕਿਸੇ ਸਮੇਂ ਇਕ ਦਰੋਪਦੀ ਦੇ ਸਨਮਾਨ ਦੀ ਰੱਖਿਆ ਲਈ ਮਹਾਂਭਾਰਤ ਵਰਗਾ ਮਹਾਨ ਯੁੱਧ ਹੋਇਆ, ਉਸੇ ਦੇਸ਼ ਵਿਚ 1919 ਵੇਲੇ ਅਨੇਕਾਂ ਦਰੋਪਦੀਆਂ ਦੀ ਇੱਜਤ ਲੁੱਟੀ ਗਈ, ਉਨ੍ਹਾਂ ਦੇ ਨੰਗੇ ਮੂੰਹਾਂ ਉਤੇ ਥੁੱਕਿਆ ਗਿਆ। ਕੀ ਅਸੀਂ ਇਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ ਨਹੀਂ ਤੱਕਿਆ? ਏਨਾ ਕੁਝ ਹੋਣ ਦੇ ਬਾਵਜੂਦ ਅਸੀਂ ਇਨ੍ਹਾਂ ਹਾਲਤਾਂ ਨੂੰ ਆਰਾਮ ਨਾਲ ਵੇਖਦੇ ਰਹੇ। ਕੀ ਅਜਿਹਾ ਜੀਵਨ ਜਿਉਣ ਲਾਇਕ ਹੈ?"

ਇਹ ਟਿੱਪਣੀ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵਲੋਂ 1928 ਵਿਚ ਕੀਤੀ ਗਈ ਸੀ, ਜਿਸ ਵਿਚ ਉਨ੍ਹਾਂ ਨੌਜਵਾਨਾਂ ਨੂੰ ਦੇਸ਼ ਅਤੇ ਸਮਾਜ ਦੇ ਹਾਲਾਤ ਬਦਲਣ ਲਈ ਅੱਗੇ ਆਉਣ ਦਾ ਸੰਦੇਸ਼ ਦਿੱਤਾ ਸੀ। ਆਪਣੇ ਸੰਦੇਸ਼ਾਂ, ਐਲਾਨਾਂ, ਬਿਆਨਾਂ, ਚਿੱਠੀਆਂ ਅਤੇ ਲੇਖਾਂ ਨਾਲ ਲੋਕ ਦਿਲਾਂ ਉਤੇ ਰਾਜ ਕਰਨ ਵਾਲੇ ਸਾਡੇ ਕੌਮੀ ਨਾਇਕ ਭਗਤ ਸਿੰਘ ਨੂੰ ਜਨਮਿਆਂ 113 ਵਰ੍ਹੇ ਅਤੇ ਸ਼ਹੀਦ ਹੋਇਆਂ ਕਰੀਬ 90 ਵਰ੍ਹੇ ਹੋ ਚੁਕੇ ਹਨ; ਪਰ ਸਮੇਂ



**ਸਰਬਜੀਤ ਸਿੰਘ ਵਿਰਕ, ਐਡਵੋਕੇਟ**
**ਫੋਨ: 91-94170-72314**

ਦੇ ਬੀਤਣ ਨਾਲ ਉਸ ਦੀ ਮਕਬੂਲੀਅਤ ਘਟੀ ਨਹੀਂ, ਸਗੋਂ ਵਧਦੀ ਹੀ ਗਈ ਹੈ ਅਤੇ ਉਸ ਦੀ ਸ਼ਖਸੀਅਤ ਦੇ ਜਾਣੇ-ਅਣਜਾਣੇ ਪੱਖ ਅੱਜ ਵੀ ਵੱਡੇ ਪੱਧਰ ਉਤੇ ਸੰਵਾਦਾਂ, ਗੋਸ਼ਟੀਆਂ ਵਿਚ ਵਿਚਾਰੇ ਜਾ ਰਹੇ ਹਨ। ਇਸ ਦੇ ਨਾਲ ਹੀ ਉਸ ਦੀ ਸੋਚ ਅਤੇ ਜਜ਼ਬੇ ਨਾਲ ਸਬੰਧਤ ਅਤਿਅੰਤ ਕਿਤਾਬਾਂ ਵੀ ਲਿਖੀਆਂ ਜਾ ਰਹੀਆਂ ਹਨ। ਇਸੇ ਲੜੀ ਵਿਚ ਮੇਰੀ ਕਿਤਾਬ 'ਲਿਖਤੁਮ ਭਗਤ ਸਿੰਘ: ਸ਼ਹੀਦ-ਏ-ਆਜ਼ਮ ਦੀ ਜੀਵਨ ਕਹਾਣੀ, ਚਿੱਠੀਆਂ ਦੀ ਜ਼ੁਬਾਨੀ' ਹੁਣੇ ਜਿਹੇ ਹੀ ਛਪ ਕੇ ਪਾਠਕਾਂ ਤੱਕ ਪੁੱਜੀ ਹੈ। ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ ਵੱਲੋਂ ਛਾਪੀ ਗਈ 356 ਪੰਨਿਆਂ ਦੀ ਇਸ ਕਿਤਾਬ ਦੀ ਕੀਮਤ 300 ਰੁਪਏ ਹੈ। ਆਓ, ਇਸ ਦੇ ਕੁਝ ਪੰਨਿਆਂ ਵਿਚੋਂ ਗੁਜ਼ਰਦੇ ਹੋਏ ਭਗਤ ਸਿੰਘ ਦੀ ਸ਼ਖਸੀਅਤ ਦੇ ਅਣਜਾਣੇ ਪੱਖਾਂ ਨੂੰ ਜਾਣੀਏ।

ਸੰਨ 1926 ਦੇ ਦਸੰਬਰ ਮਹੀਨੇ ਦੀ ਪਹਿਲੀ ਤਾਰੀਖ: ਸਰਦੀ ਅਜੇ ਪੂਰੇ ਜੋਬਨ 'ਤੇ ਨਹੀਂ ਆਈ, ਮੀਂਹ ਪਿਆਂ ਨੂੰ ਵੀ ਡੇਢ-ਦੋ ਮਹੀਨੇ ਹੋ ਚੁਕੇ ਹਨ, ਜਿਸ ਕਰਕੇ ਅਸਮਾਨ ਸਾਫ ਨਹੀਂ ਲੱਗ ਰਿਹਾ। ਧੁੰਦਾਂ ਹਾਲੇ ਪੈਣ ਨਹੀਂ ਲੱਗੀਆਂ, ਪਰ ਹਵਾ ਵਿਚ ਲਟਕ ਰਹੇ ਧੂੜ-ਮਿੱਟੀ ਦੇ ਕਣ ਸੂਰਜ ਦੀ ਲੋਅ ਮੱਧਮ ਕਰ ਰਹੇ ਹਨ। ਕਾਂਗਰਸ ਵਲੋਂ ਨਾਮਿਲਵਰਤਨ ਲਹਿਰ ਵਾਪਸ ਲਈ ਨੂੰ ਕਰੀਬ ਪੰਜ ਸਾਲ ਹੋ ਚੁਕੇ ਹਨ, ਪਰ ਅੱਗੇ ਇਸ ਵਲੋਂ ਦੇਸ਼ ਦੀ ਆਜ਼ਾਦੀ ਲਈ ਕੋਈ ਪ੍ਰੋਗਰਾਮ ਨਹੀਂ ਦਿੱਤਾ ਗਿਆ। ਇਸ ਦੇ ਆਗੂਆਂ ਦੇ ਵਿਚਾਰਾਂ ਵਿਚ ਵੀ ਅੱਜ ਦੇ ਮੌਸਮ ਵਾਂਗ ਧੁੰਦਲਕਾ ਛਾਇਆ ਹੋਇਆ ਹੈ। ਸਵਰਾਜਵਾਦੀਆਂ ਦਾ ਧੜਾ ਗਾਂਧੀ ਜੀ ਤੋਂ ਬਾਗੀ ਹੋ ਕੇ ਚੱਲ ਰਿਹਾ ਹੈ। ਵੱਡਾ ਧੜਾ ਹਾਲੇ ਵੀ ਪੂਰਨ ਆਜ਼ਾਦੀ ਦੀ ਥਾਂ 'ਡੋਮੀਨੀਅਨ ਸਟੇਟਸ' (ਧੋਮਨਿੋਨਿ ਸਟਅਟੁਸ) ਪ੍ਰਾਪਤ ਕਰਨ ਦੀ ਰੱਟ ਲਾਈ ਜਾ ਰਿਹਾ ਹੈ। ਵੱਖ ਵੱਖ ਆਗੂਆਂ ਦੇ ਧੜਿਆਂ ਵਿਚ ਵੰਡੇ ਲੋਕ ਵੀ ਰਾਜਨੀਤਿਕ ਤੌਰ 'ਤੇ ਭੰਬਲਭੂਸੇ ਵਿਚ ਹਨ। ਦੂਜੇ ਪਾਸੇ ਸਰਕਾਰ ਦਾ ਦਮਨ ਚੱਕਰ ਜਾਰੀ ਹੈ। ਉਸ ਵੱਲੋਂ ਖੁਦ ਆਪਣੇ ਬਣਾਏ ਕਾਨੂੰਨਾਂ ਨੂੰ ਦਰਕਿਨਾਰ ਕਰਕੇ ਜਨਤਾ ਨੂੰ ਦਬਾਇਆ ਜਾ ਰਿਹਾ ਹੈ। ਭਗਤ ਸਿੰਘ ਸਰਕਾਰ ਦੀ ਇਸ ਦੋਹਰੀ ਨੀਤੀ ਨੂੰ ਬੇਨਕਾਬ ਕਰਨਾ ਚਾਹੁੰਦਾ ਹੈ। ਇਸੇ ਕਰਕੇ ਉਹ ਪਿਛਲੇ ਕਈ ਮਹੀਨਿਆਂ ਤੋਂ ਸਰਕਾਰ ਉਤੇ ਡਾਕ-ਤਾਰ ਨਾਲ ਸਬੰਧਤ ਕਾਨੂੰਨਾਂ ਦੀ ਉਲੰਘਣਾ ਦਾ ਦੋਸ਼ ਲਾ ਰਿਹਾ ਹੈ ਤੇ ਸਰਕਾਰ ਤੋਂ ਪੁੱਛ ਰਿਹਾ ਹੈ ਕਿ ਆਖਿਰ ਕਿਸ ਕਾਨੂੰਨ ਅਧੀਨ ਉਸ ਦੀ ਡਾਕ ਨੂੰ ਸੈਂਸਰ ਕੀਤਾ ਜਾ ਰਿਹਾ ਹੈ?

ਸੰਨ 1924 ਦੇ ਚੌਥੇ ਮਹੀਨੇ ਜਦੋਂ ਭਗਤ ਸਿੰਘ ਕਾਨਪੁਰੋਂ ਵਾਪਸ ਲਾਹੌਰ ਮੁੜਿਆ ਸੀ ਤਾਂ ਉਸ ਵਿਚ ਦੇਸ਼ ਲਈ ਕੁਝ ਕਰਨ ਲਈ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਹੋ ਚੁਕਾ ਸੀ। ਹਿੰਦੋਸਤਾਨ ਰਿਪਲਿਕਨ ਪਾਰਟੀ ਵਿਚ ਸ਼ਾਮਲ ਹੋ ਕੇ ਉਹ ਭਾਰਤ ਲਈ ਅਗਲੀ ਇਨਕਲਾਬੀ ਤਹਿਰੀਕ ਦਾ ਖਾਕਾ ਆਪਣੇ ਮਨ ਵਿਚ ਤਿਆਰ ਕਰ ਰਿਹਾ ਸੀ। ਉਹ ਰਾਜਨੀਤੀ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਮਝਣ ਲਈ ਆਪਣੇ ਪਿਤਾ ਜੀ ਨਾਲ ਇੰਡੀਅਨ ਨੈਸ਼ਨਲ ਕਾਂਗਰਸ ਦੇ 26-27 ਦਸੰਬਰ 1924 ਨੂੰ ਬੇਲਗਾਮ, ਰਿਆਸਤ ਵਿਜੈਨਗਰ (ਕਰਨਾਟਕ) ਵਿਚ ਹੋਏ ਸੈਸ਼ਨ ਵਿਚ ਵੀ ਸ਼ਿਰਕਤ ਕਰ ਚੁਕਾ ਸੀ (ਜਿਥੇ ਪਿਤਾ ਜੀ ਨੇ ਉਸ ਨੂੰ ਵੱਡੇ ਲੀਡਰਾਂ ਨਾਲ ਵੀ ਮਿਲਾਇਆ ਸੀ)। ਉਹ ਚਾਪੇਕਰ ਭਰਾਵਾਂ, ਬਾਲ ਗੰਗਾਧਰ ਤਿਲਕ, ਵਿਪਨਚੰਦਰ ਪਾਲ, ਲਾਲਾ ਲਾਜਪੱਤ ਰਾਏ, ਅਰਵਿੰਦ ਘੋਸ਼, ਵੀਰ ਸਾਵਰਕਰ, ਬੰਗਾਲ ਦੇ ਕ੍ਰਾਂਤੀਕਾਰੀਆਂ ਅਤੇ ਮਹਾਤਮਾ ਗਾਂਧੀ ਦੇ ਵਿਚਾਰਾਂ ਦਾ ਮੰਥਨ ਕਰ ਚੁਕਾ ਸੀ। ਭਾਵੇਂ ਉਹ ਇਨ੍ਹਾਂ ਦੇ ਯੋਗਦਾਨ ਤੋਂ ਕਾਫੀ ਪ੍ਰਭਾਵਿਤ ਸੀ, ਪਰ ਉਸ ਨੂੰ ਇਨ੍ਹਾਂ ਸਾਰਿਆਂ ਵਿਚ ਇਕ ਸਮਾਨਤਾ ਨਜ਼ਰ ਆ ਰਹੀ ਸੀ। ਉਹ ਇਹ ਸੀ ਕਿ ਇਹ ਸਾਰੇ ਰਾਜਨੀਤੀ ਨੂੰ ਧਰਮ ਤੋਂ ਵੱਖ ਕਰਕੇ ਕੋਈ ਕ੍ਰਾਂਤੀਕਾਰੀ ਤਹਿਰੀਕ ਸਿਰਜਣ ਤੋਂ ਅਸਮਰੱਥ ਰਹੇ ਸਨ।

ਉਸ ਨੇ ਜਾਣਿਆਂ ਕਿ ਇਨ੍ਹਾਂ ਆਗੂਆਂ ਦੇ ਵਿਚਾਰਾਂ ਨੂੰ ਭਾਵੇਂ ਕ੍ਰਾਂਤੀਕਾਰੀ ਮੰਨਿਆ ਜਾ ਸਕਦਾ ਹੈ, ਪਰ ਇਹ ਦੇਸ਼ ਦੇ ਢਾਂਚੇ ਨੂੰ ਧਰਮ-ਨਿਰਪੱਖ ਨੀਂਹਾਂ ਉਤੇ ਉਸਾਰਨ, ਦੇਸ਼ ਦੀ ਜਨਤਾ ਨੂੰ ਬਿਨਾਂ ਭੇਦ ਭਾਵ ਤੋਂ ਆਰਥਕ ਤੇ ਸਮਾਜਕ ਵਿਕਾਸ ਦੇ ਬਰਾਬਰ ਮੌਕੇ ਪ੍ਰਦਾਨ ਕਰਨ ਅਤੇ ਅਮੀਰ-ਗਰੀਬ ਦਾ ਪਾੜਾ ਖਤਮ ਕਰਨ ਦੇ ਉਦੇਸ਼ ਤੋਂ ਕਾਫੀ ਉਰਾਂ ਰਹਿ ਜਾਂਦੇ ਹਨ। ਉਸ ਨੂੰ ਗਦਰ ਪਾਰਟੀ ਦੇ ਆਗੂ, ਜੋ ਵਿਦੇਸ਼ਾਂ ਤੋਂ ਭਾਰਤ ਵਿਚ ਅੰਗਰੇਜ਼ ਹਕੂਮਤ ਦਾ ਤਖਤਾ ਪਲਟ ਕੇ ਰਾਜਨੀਤਿਕ ਇਨਕਲਾਬ ਕਰਨ ਦੀ ਇੱਛਾ ਰੱਖਦੇ ਸਨ, ਭਾਰਤੀ ਆਗੂਆਂ ਨਾਲੋਂ ਸੋਚ ਦੇ ਪੱਖ ਤੋਂ ਕਾਫੀ ਅਗਾਂਹ-ਵਧੂ ਲੱਗੇ।


ਇਨ੍ਹਾਂ ਗਦਰੀਆਂ ਨੇ ਪਹਿਲੀ ਵਾਰ ਜੋਰ-ਸ਼ੋਰ ਨਾਲ ਭਾਰਤ ਨੂੰ ਧਰਮ-ਨਿਰਪੱਖ ਦੇਸ਼ ਬਣਾਉਣ ਦਾ ਐਲਾਨ ਕੀਤਾ ਸੀ ਅਤੇ ਭਾਰਤੀਆਂ ਨੂੰ ਬਰਾਬਰੀ ਤੇ ਨਿਆਂ ਵਾਲਾ, ਭੇਦ ਭਾਵ ਮੁਕਤ ਸਾਸ਼ਨ ਮੁਹੱਈਆ ਕਰਾਉਣ ਲਈ ਕੁਰਬਾਨੀਆਂ ਕੀਤੀਆਂ ਸਨ। ਭਗਤ ਸਿੰਘ ਗਦਰ ਪਾਰਟੀ ਦੇ ਆਗੂ ਲਾਲਾ ਹਰਦਿਆਲ ਦੇ ਇਹ ਵਿਚਾਰ ਪੜ੍ਹ ਚੁਕਾ ਸੀ ਕਿ 'ਪ੍ਰਾਰਥਨਾਵਾਂ ਦਾ ਵੇਲਾ ਬੀਤ ਚੁਕਾ ਹੈ, ਤਲਵਾਰ ਉਠਾਉਣ ਦਾ ਵੇਲਾ ਆ ਗਿਆ ਹੈ। ਹੁਣ ਸਾਨੂੰ ਪੰਡਿਤਾਂ ਅਤੇ ਕਾਜੀਆਂ ਦੀ ਕੋਈ ਲੋੜ ਨਹੀਂ।' ਲਾਲਾ ਹਰਦਿਆਲ ਨੇ ਇਹ ਵੀ ਕਿਹਾ ਸੀ, 'ਮਾਲਕ ਤੇ ਨੌਕਰ (ਸਵਾਮੀ ਤੇ ਸੇਵਕ) ਵਿਚਕਾਰ ਕੋਈ ਬਰਾਬਰੀ ਨਹੀਂ ਹੋ ਸਕਦੀ, ਭਾਵੇਂ ਉਹ ਦੋਵੇਂ ਮੁਸਲਮਾਨ ਹੋਣ, ਸਿੱਖ ਹੋਣ ਜਾਂ ਵੈਸ਼ਨਵ ਹੋਣ। ਅਮੀਰ ਹਮੇਸ਼ਾ ਗਰੀਬ ਉਤੇ ਰਾਜ ਹੀ ਕਰੇਗਾ। ਆਰਥਕ ਬਰਾਬਰੀ ਤੋਂ ਬਿਨਾ ਭਾਈਚਾਰੇ ਦੀ ਗੱਲ ਕਰਨਾ ਸਿਰਫ ਇਕ ਸੁਪਨਾ ਹੈ। {ਘਹਅਦਅਰ (ੲੱਸ ਫਅਪੲਰ), 14 ਅੇ 1914}

ਭਗਤ ਸਿੰਘ ਨੂੰ ਇਹ ਗਿਆਨ ਵੀ ਹੋ ਚੁਕਾ ਸੀ ਕਿ ਜਾਤ-ਪਾਤ ਅਤੇ ਧਰਮ ਦੀਆਂ ਵਲਗਣਾਂ ਵਿਚ ਜਿਉਂ ਰਹੀ ਜਨਤਾ ਉਦੋਂ ਤੱਕ ਸਹੀ ਆਜ਼ਾਦੀ ਨਹੀਂ ਪ੍ਰਾਪਤ ਕਰ ਸਕੇਗੀ, ਜਦੋਂ ਤੱਕ ਉਹ ਇਨ੍ਹਾਂ ਵਲਗਣਾਂ ਤੋਂ ਬਾਹਰ ਨਹੀਂ ਆਉਂਦੀ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਸਾਂਝੇ ਤੌਰ 'ਤੇ ਸ਼ੰਘਰਸ਼ ਨਹੀਂ ਕਰਦੀ। ਭਗਤ ਸਿੰਘ ਵੇਖ ਚੁਕਾ ਸੀ ਕਿ ਜਿਸ ਪੰਜਾਬ ਦੀ ਧਰਤੀ ਉਤੇ ਸਿੱਖ ਗੁਰੂ ਸਹਿਬਾਨ ਨੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੀ ਸਿੱਖਿਆ ਦਿੱਤੀ ਸੀ, ਹੁਣ ਉਸੇ ਪੰਜਾਬ ਨੇ ਇਹ ਵਿਸਾਰ ਦਿੱਤੀ ਲਗਦੀ ਹੈ, ਕਿਉਂਕਿ ਅਜੇ ਵੀ ਸਮਾਜ ਦੀਆਂ ਕੁਝ ਜਾਤੀਆਂ ਨੂੰ ਨੀਵਾਂ ਆਖ ਕੇ ਘੋਰ ਵਿਤਕਰਾ ਕੀਤਾ ਜਾ ਰਿਹਾ ਹੈ। ਭਗਤ ਸਿੰਘ ਇਸ ਗੱਲ ਦੀ ਖੋਜ ਕਰ ਚੁਕਾ ਸੀ ਕਿ ਭਾਰਤ ਦੀ ਕ੍ਰਾਂਤੀਕਾਰੀ ਤਹਿਰੀਕ ਦੀਆਂ ਕੀ ਕਮਜ਼ੋਰੀਆਂ ਰਹੀਆਂ ਹਨ ਤੇ ਉਹ ਨੌਜਵਾਨਾਂ ਦੇ ਵੱਡੇ ਤਬਕੇ ਨੂੰ ਆਪਣੇ ਨਾਲ ਕਿਉਂ ਨਹੀਂ ਜੋੜ ਸਕੀ? ਉਹ ਫਰਾਂਸੀਸੀ, ਇਟਲੀ ਤੇ ਰੂਸ ਦੇ ਇਨਕਲਾਬਾਂ ਦਾ ਵੀ ਗੰਭੀਰ ਅਧਿਐਨ ਕਰ ਚੁਕਾ ਸੀ, ਜਿਨ੍ਹਾਂ ਵਿਚ ਨੌਜਵਾਨਾਂ ਨੇ ਜ਼ਬਰਦਸਤ ਭੂਮਿਕਾ ਨਿਭਾਈ ਸੀ।

ਉਕਤ ਸਾਰੇ ਤਜ਼ਰਬੇ ਨੂੰ ਲੈ ਕੇ ਭਗਤ ਸਿੰਘ ਨੇ ਇਕ ਵਾਰੀ ਫੇਰ ਦੇਸ਼-ਵਿਦੇਸ਼ ਦੀਆਂ ਇਤਿਹਾਸਕ ਤੇ ਰਾਜਨੀਤਿਕ ਘਟਨਾਵਾਂ ਬਾਰੇ ਅਤੇ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਉਤੇ ਆਪਣੇ ਸਾਥੀਆਂ ਨਾਲ ਡੂੰਘੀ ਵਿਚਾਰ-ਚਰਚਾ ਕੀਤੀ। ਇਸ ਵਿਚਾਰ-ਚਰਚਾ ਪਿੱਛੋਂ ਉਸ ਨੇ ਨੌਜਵਾਨਾਂ ਦੀ ਕੌਮੀ ਜਥੇਬੰਦੀ ਬਣਾਉਣ ਦਾ ਕੰਮ ਅਰੰਭ ਦਿੱਤਾ। ਉਸ ਨੂੰ ਇਹ ਯਕੀਨ ਹੋ ਗਿਆ ਕਿ ਜੇ ਨੌਜੁਆਨਾਂ ਨੂੰ ਇਕ ਅਗਾਂਹਵਧੂ ਵਿਚਾਰਾਂ ਵਾਲੀ ਜਥੇਬੰਦੀ ਦੇ ਪਲੈਟਫਾਰਮ ਉਤੇ ਲਿਆਂਦਾ ਜਾਵੇ ਤਾਂ ਉਹ ਭਵਿਖ ਦੀਆਂ ਮੰਜ਼ਿਲਾਂ ਨੂੰ ਸਹਿਜੇ ਹੀ ਸਰ ਕਰ ਲੈਣਗੇ। ਉਸ ਨੇ ਆਪਣੇ ਇਹ ਵਿਚਾਰ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਅਤੇ ਆਪਣੇ ਨੈਸ਼ਨਲ ਕਾਲਜ ਦੇ ਅਧਿਆਪਕਾਂ ਨਾਲ ਸਾਂਝੇ ਕੀਤੇ। ਨੈਸ਼ਨਲ ਕਾਲਜ ਦੇ ਸਾਰੇ ਅਧਿਆਪਕ ਅਗਾਂਹਵਧੂ ਸੋਚ ਰੱਖਣ ਵਾਲੇ ਅਤੇ ਉਸ ਸਮੇਂ ਦੀ ਸਮਾਜਕ, ਆਰਥਕ ਸਥਿਤੀ ਵਿਚ ਤਬਦੀਲੀ ਚਾਹੁਣ ਵਾਲੇ ਸਨ। ਭਗਤ ਸਿੰਘ ਦੇ ਸਾਥੀ ਕਾਮਰੇਡ ਰਾਮ ਚੰਦਰ ਅਨੁਸਾਰ 'ਅਧਿਆਪਕਾਂ ਵਿਚੋਂ ਭਾਈ ਪਰਮਾਨੰਦ ਬਹੁਤ ਖਾਸ ਸਨ। ਉਹ ਨੈਸ਼ਨਲ ਕਾਲਜ ਵਿਚ ਯੂਰਪੀਅਨ ਰੈਵੋਲਿਯੂਸ਼ਨਰੀ ਇਤਿਹਾਸ ਪੜ੍ਹਾਉਂਦੇ ਸਨ। ਉਨ੍ਹਾਂ ਵਲੋਂ ਯੂਰਪ ਵਿਚਲੇ ਇਨਕਲਾਬੀ ਸੰਘਰਸ਼ਾਂ ਉਤੇ ਦਿੱਤੇ ਵਿਖਿਆਨਾਂ ਨੇ ਵਿਦਿਆਰਥੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਉਨ੍ਹਾਂ ਵਿਦਿਆਰਥੀਆਂ ਵਿਚੋਂ ਕੁਝ ਨੇ ਇਨਕਲਾਬ ਰਾਹੀਂ ਦੇਸ਼ ਨੂੰ ਆਜ਼ਾਦ ਕਰਾਉਣ ਦਾ ਦ੍ਰਿੜ ਸੰਕਲਪ ਲੈ ਲਿਆ ਸੀ।'

ਨੈਸ਼ਨਲ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਵਿਦਮਾਨ ਕੌਮੀ ਭਾਵਨਾ ਦਾ ਜਜ਼ਬਾ ਸਾਰਿਆਂ ਨੂੰ ਇਕ ਦੂਜੇ ਨਾਲ ਜੋੜੀ ਰੱਖਦਾ ਸੀ। ਇਸੇ ਦਾ ਲਾਭ ਲੈਂਦਿਆਂ ਭਗਤ ਸਿੰਘ ਨੇ ਕਾਲਜ ਦੇ ਨਵੇਂ ਤੇ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਇਕ ਸਾਂਝੀ ਮੀਟਿੰਗ ਕਾਲਜ ਕੈਂਪਸ ਵਿਚ ਸੱਦੀ। ਜਥੇਬੰਦੀ ਬਣਾਉਣ ਦੇ ਵਿਸ਼ੇ ਉਤੇ ਗਹਿਗੱਚ ਵਿਚਾਰ-ਚਰਚਾ ਹੋਈ। ਮਤਾ ਪਾਸ ਕੀਤਾ ਗਿਆ ਕਿ ਨੌਜਵਾਨਾਂ ਦੀ ਅਜਿਹੀ ਜਥੇਬੰਦੀ ਬਣਾਈ ਜਾਵੇਗੀ, ਜੋ ਆਜ਼ਾਦੀ ਬਾਰੇ, ਸਮਾਜ ਬਾਰੇ, ਰਾਜਨੀਤੀ ਬਾਰੇ ਅਤੇ ਕੌਮੀ-ਕੌਮਾਂਤਰੀ ਮਸਲਿਆਂ ਬਾਰੇ ਅਗਾਂਹਵਧੂ ਸਮਝ ਨਾਲ ਨੌਜਵਾਨਾਂ ਦੀ ਅਗਵਾਈ ਕਰੇਗੀ। ਜਥੇਬੰਦੀ ਦਾ ਨਾਂ ਅਤੇ ਸੰਵਿਧਾਨ ਨਿਸ਼ਚਿਤ ਕਰਨ ਲਈ ਕੁਝ ਹੋਰ ਮੀਟਿੰਗਾਂ ਹੋਈਆਂ ਅਤੇ ਅਖੀਰ 1925 ਵਿਚ 'ਨੌਜਵਾਨ ਭਾਰਤ ਸਭਾ' ਨਾਂ ਦੀ ਜਥੇਬੰਦੀ ਹੋਂਦ ਵਿਚ ਆ ਗਈ। ਇਸ ਦੇ ਅਹੁਦੇਦਾਰਾਂ ਦੀ ਬਾਕਾਇਦਾ ਚੋਣ ਕੀਤੀ ਗਈ, ਜਿਸ ਵਿਚ ਮਾਸਟਰ ਗੁਰੂ ਦੱਤ ਇਸ ਦੇ ਪਹਿਲੇ ਪ੍ਰਧਾਨ, ਭਗਤ ਸਿੰਘ ਪਹਿਲੇ ਜਨਰਲ ਸੈਕਟਰੀ ਅਤੇ ਭਗਵਤੀ ਚਰਣ ਪਹਿਲੇ ਖਜਾਨਚੀ ਚੁਣੇ ਗਏ। ਅਗਲੀ ਚੋਣ ਵਿਚ ਰਾਮ ਚੰਦਰ (ਬਾਅਦ ਵਿਚ ਕਾਮਰੇਡ ਰਾਮ ਚੰਦਰ ਨਾਲ ਜਾਣੇ ਜਾਣ ਲੱਗੇ) ਨੂੰ ਸਭਾ ਦਾ ਪ੍ਰਧਾਨ ਚੁਣ ਲਿਆ ਗਿਆ। ਕੁਝ ਮਹੀਨਿਆਂ ਬਾਅਦ 1926 ਵਿਚ ਇਸ ਜਥੇਬੰਦੀ ਨੇ ਆਪਣੇ ਸੰਵਿਧਾਨ ਨੂੰ ਅੰਤਿਮ ਰੂਪ ਦਿੱਤਾ, ਜਿਸ ਵਿਚ ਇਸ ਦਾ ਉਦੇਸ਼ ਸੰਭਵ ਸਾਧਨਾਂ ਰਾਹੀਂ ਦੇਸ਼ ਨੂੰ ਆਜ਼ਾਦੀ ਦੁਆਉਣਾ ਅਤੇ ਬਰਾਬਰੀ, ਭਾਈਵਾਲਤਾ ਅਤੇ ਸਮਾਜਵਾਦ ਦੇ ਆਦਰਸ਼ਾਂ ਵਾਲਾ ਨਿਜ਼ਾਮ ਕਾਇਮ ਕਰਨਾ ਰੱਖਿਆ ਗਿਆ।

ਹੁਣ ਜਥੇਬੰਦੀ ਨੂੰ ਕਾਮਯਾਬ ਕਰਨ ਲਈ ਭਗਤ ਸਿੰਘ ਤੇ ਉਸ ਦੇ ਸਾਥੀ ਇਸ ਦੇ ਉਦੇਸ਼ਾਂ ਦਾ ਪ੍ਰਚਾਰ ਕਰਨ ਵਿਚ ਜੁੱਟ ਗਏ ਸਨ। ਉਹ ਨੌਜਵਾਨਾਂ ਨਾਲ ਰਾਬਤਾ ਬਣਾਉਂਦੇ, ਸਭਾ ਦਾ ਸੰਵਿਧਾਨ ਤੇ ਟੀਚੇ ਦੱਸ ਕੇ ਉਨ੍ਹਾਂ ਨੂੰ ਇਸ ਦੇ ਮੈਂਬਰ ਬਣਨ ਲਈ ਪ੍ਰੇਰਦੇ, ਸਭਾ ਦੇ ਕੰਮਾਂ ਲਈ ਚੰਦਾ ਇਕੱਠਾ ਕਰਦੇ, ਪ੍ਰਚਾਰ ਲਈ ਪੈਂਫਲਿਟ ਛਪਵਾਉਂਦੇ ਤੇ ਵੰਡਦੇ, ਸਭਾ ਦੀਆਂ ਮੀਟਿੰਗਾਂ ਕਰਦੇ ਅਤੇ ਲੋਕ ਹਿੱਤ ਦੇ ਮਸਲਿਆਂ ਉਤੇ ਆਪਣਾ ਪੱਖ ਸਪਸ਼ਟ ਕਰਦੇ। ਇਸ ਦੇ ਨਾਲ ਹੀ ਉਹ ਨੌਜਵਾਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਮਜ਼ਬੂਤ ਕਰਨ ਲਈ ਕ੍ਰਾਂਤੀਕਾਰੀ ਦੇਸ਼ ਭਗਤਾਂ ਦੀਆਂ ਜੀਵਨੀਆਂ ਅਤੇ ਕੰਮਾਂ ਬਾਰੇ ਜਾਣਕਾਰੀ ਦਿੰਦੇ ਸਨ। ਸ਼ਹੀਦ ਸੁਖਦੇਵ ਦੇ ਭਰਾ ਸ੍ਰੀ ਮਥਰਾ ਦਾਸ ਲਿਖਦੇ ਹਨ, "ਵਿਦਿਆਰਥੀਆਂ ਵਿਚ ਜਾਦੂਈ ਲਾਲਟੈਨ (ਅਗਚਿ. ਅਨਟੲਰਨ) ਦੀ ਧੁੰਮ ਪਈ ਹੋਈ ਸੀ, ਜੋ ਇਕ ਤਰ੍ਹਾਂ ਦਾ ਪ੍ਰਾਜੈਕਟਰ ਸੀ, ਜਿਸ ਦੁਆਰਾ ਸਲਾਈਡਾਂ ਵਿਖਾਈਆਂ ਜਾਂਦੀਆਂ ਸਨ ਤੇ ਜਿਨ੍ਹਾਂ ਦੀ ਕਥਾ ਕੁਮੈਂਟਰੀ ਵਾਂਗ ਭਗਵਤੀ ਚਰਨ ਨਾਲ ਨਾਲ ਸੁਣਾਈ ਜਾਂਦੇ ਸਨ। ਕਦੇ ਕਦੇ ਇਹ ਕਾਰਜ ਭਗਤ ਸਿੰਘ ਵੀ ਕਰਦੇ। ਉਹ ਸਲਾਈਡਾਂ ਅੰਗਰੇਜ਼ਾਂ ਦੇ ਅੱਤਿਆਚਾਰਾਂ ਦੀਆਂ




ਮੂੰਹੋਂ ਬੋਲਦੀਆਂ ਝਾਕੀਆਂ ਹੁੰਦੀਆਂ ਸਨ। ਜਦੋਂ ਭਗਵਤੀ ਚਰਨ ਅਜਿਹੇ ਭਿਆਨਕ ਤੇ ਦਿਲ ਦਹਿਲਾ ਦੇਣ ਵਾਲੇ ਦ੍ਰਿਸ਼ਾਂ ਦੀ ਕੁਮੈਂਟਰੀ ਕਰਦੇ ਤਾਂ ਦੇਖਣ-ਸੁਣਨ ਵਾਲਾ ਤੜਫ ਉਠਦਾ ਸੀ, ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਭੜਕ ਉਠਦੇ, ਭਾਵੁਕ ਵਿਦਿਆਰਥੀ ਰੋ ਪੈਂਦੇ ਤੇ ਜੋਸ਼ੀਲੇ ਮੁੰਡੇ ਤੈਸ਼ ਵਿਚ ਆ ਕੇ ਨਾਹਰੇ ਮਾਰਨ ਲੱਗ ਜਾਂਦੇ ਸਨ।"

ਦੂਜੇ ਪਾਸੇ ਸਰਕਾਰ ਨੇ ਵੀ ਇਨ੍ਹਾਂ ਕਾਰਜਾਂ ਦੀ ਸੂਹ ਰੱਖਣੀ ਸ਼ੁਰੂ ਕਰ ਦਿੱਤੀ ਸੀ, ਕਿਉਂਕਿ ਖੁਫੀਆ ਰਿਪੋਰਟਾਂ ਤੋਂ ਸਰਕਾਰ ਇਸ ਸੰਗਠਨ ਨੂੰ ਜੁਝਾਰੂ ਨੌਜਵਾਨਾਂ ਦਾ ਇਕ ਅਤਿਵਾਦੀ ਸੰਗਠਨ ਮੰਨਦੀ ਸੀ। ਸੀ. ਆਈ. ਡੀ. ਦੀ ਇਕ ਰਿਪੋਰਟ ਵਿਚ ਇਸ ਬਾਰੇ ਇੰਜ ਲਿਖਿਆ ਜਾ ਚੁਕਾ ਸੀ:

"ਸਾਲ 1926 ਦੇ ਮਾਰਚ ਵਿਚ 'ਯੰਗ ਇੰਡੀਆ ਐਸੋਸੀਏਸ਼ਨ' ਜਾਂ 'ਨੌਜਵਾਨ ਭਾਰਤ ਸਭਾ' ਨਾਂ ਦੀ ਇਕ ਸੋਸਾਇਟੀ ਦੀ ਲਾਹੌਰ ਵਿਚ ਕੁਝ ਅਤਿਵਾਦੀਆਂ ਵੱਲੋਂ ਸਥਾਪਨਾ ਕੀਤੀ ਗਈ ਸੀ। ਇਸ ਸੋਸਾਇਟੀ ਦੇ ਪ੍ਰਤੱਖ ਉਦੇਸ਼ਾਂ ਵਿਚ ਜਵਾਨਾਂ ਨੂੰ ਰਾਜਨੀਤਿਕ ਕਾਰਜਾਂ ਲਈ ਤਿਆਰ ਕਰਨਾ, ਖੱਦਰ ਪਹਿਨਣ ਨੂੰ ਹਰਮਨ ਪਿਆਰਾ ਬਣਾਉਣਾ ਅਤੇ ਹਿੰਦੂ-ਮੁਸਲਿਮ ਏਕਤਾ ਬਣਾਈ ਰੱਖਣਾ ਸੀ, ਪਰ ਇਸ ਦੀਆਂ ਹਫਤਾਵਾਰੀ ਮੀਟਿੰਗਾਂ ਦੀਆਂ ਕਾਰਵਾਈਆਂ ਤੋਂ ਪਤਾ ਲੱਗਦਾ ਹੈ ਕਿ ਇਸ ਸੋਸਾਇਟੀ ਦਾ ਅਸਲੀ ਉਦੇਸ਼ ਇਨਕਲਾਬੀ ਵਿਚਾਰਾਂ ਤੇ ਕਾਰਜਾਂ ਨੂੰ ਉਤਸਾਹਿਤ ਕਰਨਾ ਸੀ।"

ਨੌਜਵਾਨ ਭਾਰਤ ਸਭਾ ਦੀ ਕਾਇਮੀ ਪਿਛੋਂ ਭਗਤ ਸਿੰਘ ਦੀ, ਕਿਰਤੀ ਕਿਸਾਨ ਪਾਰਟੀ ਅਤੇ ਇਸ ਦੇ ਆਗੂਆਂ, ਖਾਸ ਕਰ ਸਰਦਾਰ ਸੋਹਣ ਸਿੰਘ ਜੋਸ਼ ਨਾਲ ਵੀ ਨੇੜਤਾ ਸਥਾਪਤ ਹੋ ਚੁਕੀ ਸੀ। ਭਗਤ ਸਿੰਘ ਨੇ ਇਸ ਪਾਰਟੀ ਦੇ ਰਸਾਲੇ 'ਕਿਰਤੀ' ਵਿਚ ਆਪਣੇ ਫਰਜ਼ੀ ਨਾਂ 'ਵਿਦਰੋਹੀ' ਨਾਲ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਉਤੇ ਲੇਖ ਲਿਖਣੇ ਸ਼ੁਰੂ ਕਰ ਦਿੱਤੇ ਸਨ। ਇਸੇ ਸਮੇਂ ਉਸ ਦੇ ਸਬੰਧ ਯੂ. ਪੀ. ਦੇ ਕ੍ਰਾਂਤੀਕਾਰੀਆਂ ਨਾਲ ਵੀ ਬਣੇ ਹੋਏ ਸਨ।

ਸੰਨ 1923 ਵਿਚ ਘਰਦਿਆਂ ਵਲੋਂ ਵਿਆਹ ਕਰਾਉਣ ਲਈ ਦਬਾਅ ਪੈਣ ਕਰਕੇ ਭਗਤ ਸਿੰਘ ਨੂੰ ਘਰ ਛੱਡ ਕੇ ਜਾਣਾ ਪਿਆ ਸੀ। ਭਾਵੇਂ ਕਿ ਉਸ ਨੇ ਘਰ ਤਿਆਗਣ ਮੌਕੇ ਆਪਣੇ ਪਿਤਾ ਜੀ ਨੂੰ ਲਿਖੀ ਚਿੱਠੀ ਵਿਚ ਆਪਣੇ ਅਗਲੇ ਮੁਕਾਮ ਦਾ ਜ਼ਿਕਰ ਨਹੀਂ ਸੀ ਕੀਤਾ, ਪਰ ਉਹ ਆਪਣੇ ਅਧਿਆਪਕ ਪ੍ਰੋ. ਜੈ ਚੰਦ ਵਿਦਿਆਲੰਕਾਰ ਦੀ ਜਾਣ-ਪਛਾਣ ਵਾਲੇ ਕ੍ਰਾਂਤੀਕਾਰੀ ਪੁਰਸ਼ ਗਣੇਸ਼ ਸ਼ੰਕਰ ਵਿਦਿਆਰਥੀ ਕੋਲ ਕਾਨਪੁਰ ਪੁੱਜ ਗਿਆ ਸੀ। ਗਣੇਸ਼ ਸ਼ੰਕਰ ਵਿਦਿਆਰਥੀ ਨੇ ਉਸ ਨੂੰ ਆਪਣੀ ਪ੍ਰਿੰਟਿੰਗ ਪ੍ਰੈਸ ਵਿਚ ਨੌਕਰੀ ਦੇ ਦਿੱਤੀ ਅਤੇ ਆਪਣਾ ਨਾਂ ਬਦਲ ਕੇ ਕੰਮ ਕਰਨ ਲਈ ਕਿਹਾ ਤਾਂ ਕਿ ਉਸਵਦੀ ਅਸਲੀ ਪਛਾਣ ਛੁਪੀ ਰਹੇ।

ਵਿਦਿਆਰਥੀ ਜੀ ਉਸ ਵੇਲੇ ਆਪਣੀ ਪ੍ਰੈਸ ਰਾਹੀਂ 'ਪ੍ਰਤਾਪ' ਨਾਂ ਦਾ ਅਖਬਾਰ ਕੱਢਿਆ ਕਰਦੇ ਸਨ। ਉਨ੍ਹਾਂ ਭਗਤ ਸਿੰਘ ਨੂੰ ਵੀ ਅਖਬਾਰ ਦੇ ਸੰਪਾਦਕ ਮੰਡਲ ਵਿਚ ਸ਼ਾਮਲ ਕਰਕੇ ਕੁਝ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ। ਵਿਦਿਆਰਥੀ ਜੀ ਦੇ ਵਿਚਾਰ ਇਨਕਲਾਬੀ ਹੋਣ ਕਰਕੇ ਉਨ੍ਹਾਂ ਕੋਲ ਬਹੁਤ ਸਾਰੇ ਇਨਕਲਾਬੀਆਂ ਦਾ ਆਉਣਾ-ਜਾਣਾ ਬਣਿਆ ਹੋਇਆ ਸੀ। ਇਥੇ ਹੀ ਭਗਤ ਸਿੰਘ ਦੀ ਮੁਲਾਕਾਤ ਯੋਗੇਸ਼ ਚੰਦਰ ਚੈਟਰਜੀ, ਬਟੁਕੇਸ਼ਵਰ ਦੱਤ, ਚੰਦਰ ਸ਼ੇਖਰ ਆਜ਼ਾਦ, ਵਿਜੈ ਕੁਮਾਰ ਸਿਨਹਾ, ਅਜੈ ਕੁਮਾਰ ਘੋਸ਼ ਆਦਿ ਚੋਟੀ ਦੇ ਇਨਕਲਾਬੀਆਂ ਨਾਲ ਹੋਈ। ਭਗਤ ਸਿੰਘ ਦੇ ਵਿਚਾਰ ਜਾਣ ਕੇ ਉਨ੍ਹਾਂ ਆਪਣੀਆਂ ਦੇਸ਼-ਵਿਦੇਸ਼ ਦੇ ਭਖਦੇ ਮੁੱਦਿਆਂ ਉਤੇ ਹੋਣ ਵਾਲੀਆਂ ਗੰਭੀਰ ਬਹਿਸਾਂ ਵਿਚ ਉਸ ਨੂੰ ਸਾਥੀ ਬਣਾ ਲਿਆ। ਇਨ੍ਹਾਂ ਵਿਚੋਂ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਗੂੜ੍ਹੀ ਮਿੱਤਰਤਾ ਵਿਚ ਬੱਝ ਗਏ। ਭਗਤ ਸਿੰਘ ਨੇ ਆਪਣੇ ਇਸੇ ਦੋਸਤ ਤੋਂ ਬੰਗਾਲੀ ਭਾਸ਼ਾ ਸਿੱਖ ਕੇ ਬੰਗਾਲ ਦੀ ਇਨਕਲਾਬੀ ਲਹਿਰ ਦੇ ਤਜਰਬੇ ਅਤੇ ਕਵੀ ਨਜ਼ਰੁਲ ਇਸਲਾਮ ਦੀਆਂ ਕਵਿਤਾਵਾਂ ਪੜ੍ਹੀਆਂ। ਇਸੇ ਸਮੇਂ ਰੂਸ ਤੋਂ ਪਰਤੇ ਇਨਕਲਾਬੀਆਂ ਉਤੇ ਕਾਨਪੁਰ ਵਿਖੇ 'ਬਾਲਸ਼ਵਿਕ ਸਾਜਿਸ਼' ਕੇਸ ਚਲ ਰਿਹਾ ਸੀ। ਭਗਤ ਸਿੰਘ ਨੂੰ ਇਸੇ ਕੇਸ ਦੇ ਅਧਿਐਨ ਤੋਂ ਰੂਸ ਬਾਰੇ ਬਹੁਤ ਸਾਰੀ ਜਾਣਕਾਰੀ ਹਾਸਲ ਹੋਈ।

ਹੁਣ ਤੱਕ ਭਗਤ ਸਿੰਘ ਦਾ ਪੜ੍ਹਨ-ਲਿਖਣ ਦਾ ਸ਼ੌਕ ਵੀ ਵਿਕਾਸ ਕਰ ਚੁਕਾ ਸੀ। ਉਸ ਨੇ ਹੋਰ ਡੂੰਘਾਈ ਨਾਲ ਸੋਵੀਅਤ ਯੂਨੀਅਨ ਦੇ ਉਸ ਨਵੇਂ ਨਿਜ਼ਾਮ ਬਾਰੇ ਅਧਿਐਨ ਕੀਤਾ, ਜਿਸ ਨੇ ਦੁਨੀਆਂ ਭਰ ਦੀਆਂ ਆਜ਼ਾਦੀ ਤੇ ਇਨਕਲਾਬੀ ਲਹਿਰਾਂ ਨੂੰ ਪ੍ਰਭਾਵਿਤ ਕੀਤਾ ਸੀ। ਜਵਾਹਰ ਲਾਲ ਨਹਿਰੂ ਨੇ ਇਸ ਪ੍ਰਭਾਵ ਬਾਰੇ ਲਿਖਿਆ ਹੈ, "ਕਈ ਸਾਰੇ ਲੋਕ ਕਮਿਊਨਿਸਟ ਬਣ ਗਏ, ਕਈ ਸਾਰੇ ਨਾ ਵੀ ਬਣੇ, ਪਰ ਇਹ ਸਾਰੇ ਸੋਵੀਅਤ ਯੂਨੀਅਨ ਵਲੋਂ ਵਿਦਿਆ, ਸਭਿਆਚਾਰ, ਸਿਹਤ ਸਹੂਲਤਾਂ ਤੇ ਤੰਦਰੁਸਤੀ ਦੇ ਸਾਧਨ ਪ੍ਰਦਾਨ ਕਰਨ ਅਤੇ ਕੌਮਾਂ ਦੇ ਸਵਾਲ ਹੱਲ ਕਰਨ ਵਿਚ ਕੀਤੀ ਤਰੱਕੀ ਤੋਂ ਅਤੇ ਪੁਰਾਤਨ ਕੂੜੇ ਵਿਚੋਂ ਨਵੀਂ ਦੁਨੀਆਂ ਉਸਾਰਨ ਦੇ ਅਚੰਭਿਤ ਕਰਨ ਵਾਲੇ ਵੱਡੇ ਯਤਨਾਂ ਤੋਂ ਅਤਿਅੰਤ ਪ੍ਰਭਾਵਤ ਹੋਏ।" (ਠਹਣ ਧਸਿਚੋਵੲਰੇ ਾ ਨਿਦਅਿ, ਪ। 409)

ਕਾਨਪੁਰ ਰਹਿੰਦਿਆਂ ਹੀ ਭਗਤ ਸਿੰਘ ਨੇ ਭਾਰਤੀ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਰਾਜਸੀ ਮਸਲਿਆਂ ਬਾਰੇ 'ਪ੍ਰਤਾਪ' ਅਖਬਾਰ ਵਿਚ ਫਰਜ਼ੀ ਨਾਂ 'ਬਲਵੰਤ' ਹੇਠਾਂ ਲੇਖ ਲਿਖਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਨੂੰ ਬਹੁਤ ਸਰਾਹਿਆ ਗਿਆ। ਉਸ ਵਲੋਂ ਨਾਂ ਬਦਲ ਕੇ ਲੇਖ ਲਿਖਣ ਦੇ ਦੋ ਕਾਰਨ ਨਜ਼ਰ ਆਉਂਦੇ ਹਨ। ਇਕ ਤਾਂ ਇਹ ਕਿ ਉਹ ਆਪਣੇ ਘਰਦਿਆਂ ਨੂੰ ਆਪਣਾ ਟਿਕਾਣਾ ਨਹੀਂ ਸੀ ਦੱਸਣਾ ਚਾਹੁੰਦਾ। ਦੂਜਾ ਕਾਰਨ ਸ਼ਾਇਦ ਇਹ ਸੀ, ਉਸ ਵੇਲੇ ਸਚਿੰਦਰ ਨਾਥ ਸਨਿਆਲ, ਰਾਮ ਪ੍ਰਸਾਦ ਬਿਸਮਿਲ ਅਤੇ ਯੋਗੇਸ਼ ਚੰਦਰ ਚੈਟਰਜੀ ਨੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ 'ਹਿੰਦੋਸਤਾਨ ਰਿਪਬਲਿਕਿਨ ਐਸੋਸੀਏਸ਼ਨ' ਨਾਂ ਦੀ ਪਾਰਟੀ ਬਣਾ ਲਈ ਸੀ, ਜਿਸ ਦਾ ਉਦੇਸ਼ ਸੰਯੁਕਤ ਭਾਰਤ ਵਿਚ ਹਥਿਆਰਬੰਦ ਸੰਘਰਸ਼ ਨਾਲ ਆਜ਼ਾਦ ਸਰਕਾਰ ਕਾਇਮ ਕਰਨਾ ਰੱਖਿਆ ਗਿਆ ਸੀ। ਭਗਤ ਸਿੰਘ ਅਤੇ ਉਸ ਦੇ ਉਕਤ ਸਾਥੀ ਛੇਤੀ ਹੀ ਇਸ ਦੇ ਮੈਂਬਰ ਬਣ ਗਏ ਸਨ ਤੇ ਇਸ ਦੇ ਕੰਮਾਂ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਇਸ ਸੰਗਠਨ ਦੀਆਂ ਗਤੀਵਿਧੀਆਂ ਨੂੰ ਗੁਪਤ

***(ਬਾਕੀ ਅਗਲੇ ਸਫੇ 'ਤੇ)***

ਰੱਖਿਆ ਜਾਂਦਾ ਸੀ।

1925 ਵਿਚ 'ਹਿੰਦੋਸਤਾਨ ਰਿਪਬਲਿਕਿਨ ਐਸੋਸੀਏਸ਼ਨ' ਨੂੰ ਆਪਣਾ ਉਦੇਸ਼ ਪੂਰਾ ਕਰਨ ਲਈ ਹਥਿਆਰਾਂ ਦੀ ਥੁੜ੍ਹ ਪੈ ਗਈ। ਐਸੋਸੀਏਸ਼ਨ ਨੂੰ ਸੂਹ ਮਿਲੀ ਕਿ ਜਰਮਨੀ ਤੋਂ ਮਾਊਜ਼ਰ ਪਿਸਤੌਲ ਦੀ ਖੇਪ ਕਲਕੱਤੇ ਪਹੁੰਚ ਰਹੀ ਹੈ। ਐਸੋਸੀਏਸ਼ਨ ਨੇ ਇਹ ਹਥਿਆਰ ਖਰੀਦਣ ਦਾ ਮਨ ਬਣਾਇਆ, ਪਰ ਪੈਸੇ ਦੀ ਘਾਟ ਸੀ। ਐਸੋਸੀਏਸ਼ਨ ਦੇ ਯੂ. ਪੀ. ਦੇ ਆਗੂ ਰਾਮ ਪ੍ਰਸਾਦ ਬਿਸਮਿਲ ਨੇ ਪੈਸੇ ਦੀ ਇਹ ਘਾਟ ਰੇਲਵੇ ਦਾ ਖਜ਼ਾਨਾ ਖੋਹ ਕੇ ਪੂਰੀ ਕਰਨ ਦਾ ਪਲਾਨ ਤਿਆਰ ਕੀਤਾ। ਇਸ ਕੰਮ ਨੂੰ ਅੰਜਾਮ ਦੇਣ ਲਈ ਉਨ੍ਹਾਂ 9 ਅਗਸਤ 1925 ਨੂੰ ਹਰਦੋਈ ਤੇ ਲਖਨਊ ਵਿਚਾਲੇ ਪੈਂਦੇ ਕਾਕੋਰੀ ਸਟੇਸ਼ਨ ਨੇੜੇ ਟ੍ਰੇਨ ਰੋਕ ਕੇ ਖਜ਼ਾਨਾ ਲੁੱਟ ਲਿਆ। ਇਸ ਪਿਛੋਂ ਪੁਲਿਸ ਐਸੋਸੀਏਸ਼ਨ ਦੇ ਮੈਂਬਰਾਂ ਦੀ ਖਬਰ ਰੱਖਣ ਲੱਗ ਪਈ ਸੀ।

ਇਥੇ ਇਹ ਵੀ ਦੱਸਣਯੋਗ ਹੈ ਕਿ ਜਦੋਂ ਕਾਕੋਰੀ ਕੇਸ ਵਿਚ ਇਨਕਲਾਬੀਆਂ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਸਨ ਤਾਂ ਸਰਕਾਰੀ ਕਾਨੂੰਨ ਵਿਰੁਧ ਖੁੱਲੀ ਬਗਾਵਤ ਕਰਦਿਆਂ ਭਗਤ ਸਿੰਘ ਤੇ ਉਸ ਦੇ ਨੌਜਵਾਨ ਭਾਰਤ ਸਭਾ ਦੇ ਸਾਥੀ ਜਨਤਾ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇਹ ਕੋਈ ਆਮ ਡਾਕਾ ਨਹੀਂ ਸੀ, ਸਗੋਂ ਇਨਕਲਾਬੀਆਂ ਵਲੋਂ ਸਰਕਾਰੀ ਖਜ਼ਾਨੇ ਦੀ ਵਰਤੋਂ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਉਖਾੜਨ ਲਈ ਕੀਤੀ ਜਾਣੀ ਹੈ। ਪਿਛੋਂ ਭਗਤ ਸਿੰਘ ਨੇ ਨਵੰਬਰ 1925 ਅਤੇ ਜਨਵਰੀ/ਫਰਵਰੀ 1926 ਵਿਚ ਕਾਨਪੁਰ ਜਾ ਕੇ ਕਾਕੋਰੀ ਡਕੈਤੀ ਵਿਚ ਸ਼ਾਮਲ ਕ੍ਰਾਂਤੀਕਾਰੀਆਂ ਨੂੰ ਜੇਲ੍ਹ ਤੋਂ ਛੁਡਾਉਣ ਦੇ ਯਤਨਾਂ ਵਿਚ ਹਿੱਸਾ ਵੀ ਲਿਆ ਸੀ, ਭਾਵੇਂ ਉਹ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਸਨ ਹੋ ਸਕੇ।

ਇਨ੍ਹਾਂ ਖੁੱਲ੍ਹੀਆਂ ਅਤੇ ਗੁਪਤ ਕਾਰਵਾਈਆਂ ਕਰਕੇ ਸੀ. ਆਈ. ਡੀ. ਵੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਪੈੜ ਨੱਪਣ ਦਾ ਯਤਨ ਕਰਦੀ ਰਹਿੰਦੀ ਸੀ। ਭਗਤ ਸਿੰਘ ਵਲੋਂ 26 ਅਕਤੂਬਰ 1926 ਨੂੰ ਪੋਸਟ ਮਾਸਟਰ ਜਨਰਲ, ਪੰਜਾਬ ਅਤੇ ਉਤਰ-ਪੱਛਮੀ ਸਰਹੱਦੀ ਸਰਕਲ ਲਾਹੌਰ ਨੂੰ ਇਕ ਚਿੱਠੀ ਪਾਈ ਗਈ ਸੀ। ਇਸ ਵਿਚ ਉਸ ਨੇ ਆਪਣੀ ਡਾਕ ਸੈਂਸਰ ਹੋਣ ਦਾ ਸ਼ੱਕ ਪ੍ਰਗਟ ਕਰਦਿਆਂ ਇਸ ਦੀ ਪੁਸ਼ਟੀ ਕਰਨ ਦੀ ਮੰਗ ਕੀਤੀ ਸੀ। ਇਹ ਚਿੱਠੀ ਮਿਲਣ ਪਿੱਛੋਂ ਪੋਸਟ ਮਾਸਟਰ ਜਨਰਲ ਪੰਜਾਬ ਨੇ ਪੋਸਟ ਮਾਸਟਰ ਜਨਰਲ ਲਾਹੌਰ ਰਾਹੀਂ 30 ਅਕਤੂਬਰ 1926 ਨੂੰ ਇਨ੍ਹਾਂ ਸ਼ਬਦਾਂ ਵਿਚ ਭਗਤ ਸਿੰਘ ਤੋਂ ਕੁਝ ਸਪਸ਼ਟੀਕਰਨ ਮੰਗੇ ਸਨ:

"ਮੈਂ ਤੁਹਾਡੇ ਵਲੋਂ ਪੋਸਟ ਮਾਸਟਰ ਜਨਰਲ, ਪੰਜਾਬ ਅਤੇ ਉਤਰ ਪੱਛਮੀ ਸਰਹੱਦੀ ਸਰਕਲ ਲਾਹੌਰ ਨੂੰ ਲਿਖੀ ਚਿੱਠੀ ਮਿਲਣ ਦੀ ਤਸਦੀਕ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਚਿੱਠੀਆਂ ਦੇ ਲਿਫਾਫੇ (ਛੋਵਰ) ਭੇਜੋ, ਜਿਨ੍ਹਾਂ ਉਤੇ ਕਥਿਤ ਦੁਬਾਰਾ ਮੋਹਰ ਲੱਗਣ ਅਤੇ ਤੁਹਾਡੇ ਕੋਲ ਦੇਰ ਨਾਲ ਪਹੁੰਚਣ ਦੇ ਦੋਸ਼ ਲਾਏ ਗਏ ਹਨ।"

ਭਗਤ ਸਿੰਘ ਨੇ ਪੋਸਟ ਮਾਸਟਰ ਜਨਰਲ ਦੀ ਉਕਤ ਚਿੱਠੀ ਪੜ੍ਹ ਕੇ 17 ਨਵੰਬਰ 1926 ਨੂੰ ਜਵਾਬੀ ਚਿੱਠੀ ਲਿਖੀ, ਕਿਉਂਕਿ ਉਸ ਨੂੰ ਸ਼ੱਕ ਹੀ ਨਹੀਂ ਬਲਕਿ ਯਕੀਨ ਹੋ ਚੁਕਾ ਸੀ ਕਿ ਉਸ ਵਲੋਂ ਪਾਈਆਂ ਜਾਂ ਉਸ ਨੂੰ ਪ੍ਰਾਪਤ ਹੋਣ ਵਾਲੀਆਂ ਚਿੱਠੀਆਂ ਨੂੰ ਖੁਫੀਆ ਤੌਰ ਉਤੇ ਪੜ੍ਹਿਆ ਜਾ ਰਿਹਾ ਹੈ। ਆਪਣੀ ਨਿੱਜਤਾ (ਪ੍ਰਾਈਵੇਸੀ) ਦੀ ਰਾਖੀ ਲਈ ਉਸ ਨੇ ਡਾਕ ਮਹਿਕਮੇ ਨਾਲ ਦਸਤ-ਪੰਜਾ ਲੜਾਉਣ ਦੀ ਠਾਣ ਲਈ ਸੀ। ਜਵਾਬੀ ਚਿੱਠੀ ਵਿਚ ਉਸ ਨੇ ਲਿਖਿਆ ਸੀ:

"ਸ੍ਰੀ ਮਾਨ ਜੀ, ਤੁਹਾਡੇ ਵਲੋਂ 30 ਅਕਤੂਬਰ 1926 ਨੂੰ ਪੱਤਰ ਨੰਬਰ ਡੀ 2850 ਰਾਹੀਂ ਕੀਤੀ ਗਈ ਮਿਹਰਬਾਨੀ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਤੁਹਾਡੇ ਸਵਾਲ ਦੇ ਜਵਾਬ ਵਿਚ ਮੈਂ ਅਰਜ਼ ਕਰਦਾ ਹਾਂ ਕਿ ਮੈਂ ਸਾਰੇ ਲਿਫਾਫੇ ਉਦੋਂ ਹੀ ਪਾੜ ਦਿੱਤੇ, ਜਦੋਂ ਉਹ ਮੈਨੂੰ ਮਿਲੇ ਸਨ; ਪਰ ਮੇਰੀ ਪਿਛਲੀ ਚਿੱਠੀ ਵਿਚ ਦੱਸਿਆ ਗਿਆ ਲਿਫਾਫਾ ਮੈਂ ਰੱਖ ਲਿਆ ਸੀ ਅਤੇ ਇਸ ਪੱਤਰ ਨਾਲ ਨੱਥੀ ਕੀਤਾ ਜਾ ਰਿਹਾ ਹੈ। ਇਹ, ਇਕ ਹੋਰ ਚਿੱਠੀ ਤੋਂ ਦੋ ਦਿਨ ਪਹਿਲਾਂ 13 ਅਕਤੂਬਰ ਨੂੰ ਬੰਬਈ ਤੋਂ ਡਾਕ ਰਾਹੀਂ ਭੇਜਿਆ ਗਿਆ ਸੀ, ਪਰ ਉਸ ਚਿੱਠੀ ਨਾਲ ਇਹ ਮੇਰੇ ਕੋਲ 23 ਤਾਰੀਖ ਨੂੰ ਪੁਚਾਇਆ ਗਿਆ। ਹਾਲਾਤ ਤਾਂ ਬਿਲਕੁਲ ਆਮ ਸਨ। ਪਹਿਲੀ ਡਲਿਵਰੀ ਸਮੇਂ ਲੈਟਰ ਬਾਕਸ ਵਿਚ ਕੁਝ ਚਿੱਠੀਆਂ ਸਨ। ਮੈਂ ਲੈਟਰ ਬਾਕਸ ਖਾਲੀ ਕਰ ਦਿੱਤਾ ਸੀ। ਜਦੋਂ ਬਾਰਾਂ ਵਜੇ ਜਾਂ ਦੁਪਹਿਰ ਵੇਲੇ ਦੇ ਲਗਪਗ ਮੈਂ ਲੈਟਰ ਬਾਕਸ ਮੁੜ ਖੋਲ੍ਹਿਆ ਤਾਂ ਮੈਨੂੰ ਇਹ ਖਤ ਅਤੇ ਇਕ ਹੋਰ ਖਤ ਮਿਲਿਆ।

ਹਾਲਾਤ ਬਿਲਕੁਲ ਆਮ ਹਨ, ਪਰ ਮੈਂ ਇਕ ਦੋ ਮਹੀਨਿਆਂ ਤੋਂ ਦੇਖ ਰਿਹਾ ਹਾਂ ਕਿ ਮੇਰੀਆਂ ਸਾਰੀਆਂ ਚਿੱਠੀਆਂ 'ਤੇ ਮੋਹਰ ਲੱਗੀ ਹੋਈ ਸੀ ਅਤੇ ਫਿਰ ਉਨ੍ਹਾਂ 'ਤੇ ਦੁਬਾਰਾ ਮੋਹਰ ਲਗਾਈ ਹੁੰਦੀ ਸੀ। ਜਾਹਰ ਹੈ ਇਸ ਨੇ ਮੇਰੇ ਮਨ ਵਿਚ ਸ਼ੱਕ ਪੈਦਾ ਕਰ ਦਿੱਤਾ। ਪਹਿਲਾਂ ਤਾਂ ਆਪ ਜੀ ਨੂੰ ਚਿੱਠੀ ਲਿਖਣ ਦੀ ਮੇਰੀ ਕੋਈ ਇੱਛਾ ਨਹੀਂ ਸੀ, ਪਰ ਇਹ ਦੋ ਚਿੱਠੀਆਂ ਮਿਲਣ 'ਤੇ ਮੈਂ ਇਸ ਦਾ ਅਸਲੀ ਕਾਰਨ ਜਾਣਨ ਲਈ ਉਤਾਵਲਾ ਹੋ ਗਿਆ। ਇਹ ਲਿਫਾਫਾ ਮੇਰੇ ਵੱਲੋਂ ਲਾਏ ਗਏ ਦੋਸ਼ ਦੀ ਸੱਚਾਈ ਸਾਬਤ ਕਰਨ ਵਿਚ ਕੁਝ ਹੱਦ ਤੱਕ ਆਪ ਦੀ ਮਦਦ ਕਰੇਗਾ।

ਕੀ ਮੈਂ ਆਪਣੀ ਆਖਰੀ ਚਿੱਠੀ ਦਾ ਪੱਕਾ ਜਵਾਬ ਲਿਖ ਭੇਜਣ ਦੀ ਬੇਨਤੀ ਕਰ ਸਕਦਾ ਹਾਂ? ਕੀ ਕੋਈ ਚਿੱਠੀ ਸੈਂਸਰ ਹੋਈ ਜਾਂ ਰੋਕੀ ਗਈ ਹੈ, ਜੇ ਅਜਿਹਾ ਹੈ ਤਾਂ ਕਿਉਂ? ਇਕ ਗੱਲ ਬਾਰੇ ਮੈਨੂੰ ਯਕੀਨ ਹੈ ਅਤੇ ਉਹ ਇਹ ਹੈ ਕਿ ਉਹ ਮੈਨੂੰ ਪਹਿਲੀ ਡਲਿਵਰੀ ਮੌਕੇ ਹੀ ਪੁਚਾਈਆਂ ਨਹੀਂ ਗਈਆਂ, ਪਰ ਇਕ ਜਾਂ ਦੋ ਦਿਨ ਲਈ ਰੋਕੀਆਂ ਗਈਆਂ ਸਨ। ਇਹ ਲਿਫਾਫਾ ਇਸ ਮਾਮਲੇ ਵਿਚ ਵੀ ਤੁਹਾਡੀ ਮਦਦ ਕਰੇਗਾ।"

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ 1857 ਦੇ ਗਦਰ (ਆਜ਼ਾਦੀ ਦੀ ਪਹਿਲੀ ਲੜਾਈ) ਤੋਂ ਬਾਅਦ ਅੰਗਰੇਜ਼ ਹਕੂਮਤ ਨੂੰ ਅਜਿਹੀ ਕੋਈ ਛੋਟੀ ਮੋਟੀ ਹਰਕਤ ਵੀ ਬਰਦਾਸ਼ਤ ਨਹੀਂ ਸੀ, ਜੋ ਉਨ੍ਹਾਂ ਦੇ ਰਾਜ ਕਰਨ ਦੇ ਅਧਿਕਾਰ ਜਾਂ ਢੰਗ ਨੂੰ ਵੰਗਾਰਦੀ ਹੋਵੇ।

ਬ੍ਰਿਟਿਸ਼ ਪਾਰਲੀਮੈਂਟ ਨੇ 'ਗਵਰਨਮੈਂਟ ਆਫ ਇੰਡੀਆ ਐਕਟ 1858 ਅਤੇ ਇੰਡੀਅਨ ਕੌਂਸਲ ਐਕਟ 1861 ਪਾਸ ਕਰਕੇ ਰਾਜ ਪ੍ਰਬੰਧ ਅਤੇ ਪ੍ਰਸ਼ਾਸਨ ਦੇ ਪੱਧਰ 'ਤੇ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਸਨ। ਉਸ ਨੇ ਭਾਰਤ ਵਿਚ ਰਾਜ ਚਲਾਉਣ ਦਾ ਅਧਿਕਾਰ ਈਸਟ ਇੰਡੀਆ ਕੰਪਨੀ ਤੋਂ ਸਿੱਧਾ ਆਪਣੇ ਹੱਥ ਲੈ ਲਿਆ ਭਾਵ ਭਾਰਤ ਦਾ ਰਾਜ ਬਰਤਾਨੀਆ ਦੇ ਰਾਜੇ (ਭਰਟਿ-ਸਿਹ ਛਰੋਨ) ਹੇਠਾਂ ਆ ਗਿਆ। ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਅਤੇ ਕੰਪਨੀ ਦੇ ਬੋਰਡ ਆਫ ਕੰਟਰੋਲ ਨੂੰ ਸ਼ਾਸਨ ਚਲਾਉਣ ਦੇ ਅਧਿਕਾਰ ਤੋਂ ਮੁਕਤ ਕਰਦਿਆਂ ਇਹ ਕਾਨੂੰਨ ਪਾਸ ਕੀਤਾ ਗਿਆ ਕਿ ਅੱਗੇ ਤੋਂ ਭਾਰਤ ਦਾ ਰਾਜ-ਪ੍ਰਬੰਧ ਗਵਰਨਰ-ਜਨਰਲ ਤੇ ਉਸ ਦੀ ਐਗਜ਼ੈਕਟਿਵ ਕੌਂਸਲ ਵਲੋਂ ਚਲਾਇਆ ਜਾਵੇਗਾ ਤੇ ਇਹ ਐਗਜ਼ੈਕਟਿਵ ਮੈਂਬਰ ਵੱਖ ਵੱਖ ਵਿਭਾਗਾਂ ਦੇ ਮੁਖੀ ਹੋਣ ਦੇ ਨਾਲ ਨਾਲ ਗਵਰਨਰ-ਜਨਰਲ ਦੇ ਸਲਾਹਕਾਰ ਵੀ ਹੋਣਗੇ। ਐਕਟ ਵਿਚ ਇਹ ਲਿਖਿਆ ਗਿਆ ਕਿ ਇਹ ਕੌਂਸਲ ਰਾਜ-ਪ੍ਰਬੰਧ ਦੇ ਸਾਰੇ ਮਹੱਤਵਪੂਰਨ ਮਸਲਿਆਂ ਉਤੇ ਵਿਚਾਰ ਕਰੇਗੀ ਤੇ ਇਨ੍ਹਾਂ ਬਾਰੇ ਫੈਸਲੇ ਬਹੁਗਿਣਤੀ ਮੈਂਬਰਾਂ ਦੀ ਰਾਏ ਦੇ ਆਧਾਰ ਉਤੇ ਫੈਸਲੇ ਲਵੇਗੀ, ਪਰ ਗਵਰਨਰ ਜਨਰਲ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ ਕਿ ਉਹ ਕੌਂਸਲ ਦੇ ਕਿਸੇ ਵੀ ਮਹੱਤਵਪੂਰਨ ਫੈਸਲੇ ਨੂੰ ਬਦਲ ਜਾਂ ਰੱਦ ਕਰ ਸਕਦਾ ਹੈ।

ਬ੍ਰਿਟਿਸ਼ ਸਾਮਰਾਜੀ ਹਕੂਮਤ ਨੇ ਭਾਰਤ ਵਿਚ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਅਤੇ ਬਗਾਵਤ ਕਰਨ ਜਾਂ ਇਸ ਨੂੰ ਸ਼ਹਿ ਦੇਣ ਵਾਲਿਆਂ ਵਿਰੁੱਧ ਸ਼ਿਕੰਜਾ ਕੱਸਣ ਲਈ 1860 ਵਿਚ ਹੀ ਇੰਡੀਅਨ ਪੀਨਲ ਕੋਡ ਬਿੱਲ ਪਾਸ ਕਰ ਦਿੱਤਾ ਸੀ। ਇੰਡੀਅਨ ਪੀਨਲ ਕੋਡ ਦਾ ਸੋਧਿਆ ਖਰੜਾ ਥਾਮਸ ਬਾਬਿੰਗਟਨ ਮੈਕਾਲੇ ਦੀ ਅਗਵਾਈ ਵਾਲੇ ਪਹਿਲੇ ਲਾਅ ਕਮਿਸ਼ਨ ਨੇ ਭਾਵੇਂ 1837 ਵਿਚ ਗਵਰਨਰ ਜਨਰਲ ਆਫ ਇੰਡੀਆ ਨੂੰ ਸੌਂਪ ਦਿੱਤਾ ਸੀ, ਪਰ ਇਹ 1856 ਵਿਚ ਵਿਧਾਨ ਕੌਂਸਲ ਵਿਚ ਪੇਸ਼ ਕੀਤਾ ਗਿਆ ਸੀ। ਇਸ ਦੇ ਪਾਸ ਹੋਣ ਤੋਂ ਪਹਿਲਾਂ ਹੀ (1857 ਵਿਚ) ਭਾਰਤ ਵਿਚ ਵੱਡੇ ਪੱਧਰ ਉਤੇ ਵਿਦਰੋਹ (ਗਦਰ) ਫੈਲ ਗਿਆ। ਇਸ ਖੁਲ੍ਹੇਆਮ ਹੋਈ ਬਗਾਵਤ ਨੂੰ ਅੰਗਰੇਜ਼ ਹਕੂਮਤ ਨੇ ਜ਼ੋਰ ਜ਼ਬਰਦਸਤੀ ਅਤੇ ਆਪਣੀਆਂ ਪਿੱਠੂ ਰਿਆਸਤਾਂ ਦੀ ਮਦਦ ਨਾਲ ਕੁਚਲ ਦਿੱਤਾ। ਅਜਿਹੀ ਬਗਾਵਤ ਕਰਨ ਲਈ ਕੋਈ ਮੁੜ ਸਿਰ ਨਾ ਚੁੱਕੇ, ਅਜਿਹਾ ਪ੍ਰਬੰਧ ਕਰਨ ਲਈ ਉਨ੍ਹਾਂ ਉਕਤ ਇੰਡੀਅਨ ਪੀਨਲ ਕੋਡ ਨੂੰ ਪਾਸ ਕਰਦੇ ਹੋਏ ਬਹੁਤ ਸਾਰੀਆਂ ਸੋਧਾਂ ਅਮਲ ਵਿਚ ਲਿਆਂਦੀਆਂ।

ਇਸੇ ਤਰ੍ਹਾਂ ਹਕੂਮਤ ਨੇ ਦੁਬਾਰਾ ਉਠਣ ਵਾਲੀ ਕਿਸੇ ਵੀ ਬਗਾਵਤ ਜਾਂ ਲੋਕ ਰੋਹ ਦਾ ਪਤਾ ਲਾਉਣ ਲਈ ਆਪਣਾ ਖੁਫੀਆ-ਤੰਤਰ ਮਜ਼ਬੂਤ ਕੀਤਾ। ਇਸ ਸਬੰਧੀ ਮੁੱਖ ਕਦਮ ਵਜੋਂ ਉਸ ਵਲੋਂ 1861 ਵਿਚ ਪੁਲਿਸ ਐਕਟ ਪਾਸ ਕੀਤਾ ਗਿਆ ਸੀ, ਜਿਸ ਵਿਚ ਸਿਵਲ ਪ੍ਰਸ਼ਾਸਨ ਨੂੰ ਵੀ ਸਥਿਤੀਆਂ ਮੁਤਾਬਿਕ ਪੁਲਿਸ ਦੀ ਵਰਤੋਂ ਕਰਨ ਦੇ ਖੁੱਲ੍ਹੇ ਅਧਿਕਾਰ ਦਿੱਤੇ ਗਏ ਸਨ।

ਇਸੇ ਲੜੀ ਵਿਚ ਇੰਡੀਅਨ ਟੈਲੀਗ੍ਰਾਫ ਐਕਟ, 1883 ਜੋ ਅਕਤੂਬਰ 1885 ਨੂੰ ਲਾਗੂ ਕੀਤਾ ਗਿਆ ਸੀ, ਵਿਚ ਤਾਰ ਰਾਹੀਂ ਅਤੇ ਤਾਰ ਤੋਂ ਬਿਨਾ ਕੀਤੇ ਜਾਣ ਵਾਲੇ ਸੰਦੇਸ਼-ਸੰਚਾਰ ਨੂੰ ਨਿਯਮਿਤ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ। ਉਦੋਂ ਇਸ ਦੇ ਘੇਰੇ ਵਿਚ ਟੈਲੀਗ੍ਰਾਮ, ਟੈਲੀਫੋਨ, ਰੇਡੀਓ ਕਮਿਊਨੀਕੇਸ਼ਨ ਆਦਿ ਰੱਖੇ ਗਏ ਸਨ। ਇਸ ਨਾਲ ਸਰਕਾਰ ਦੀਆਂ ਕਾਨੂੰਨ ਨਾਫਜ਼ ਕਰਨ ਵਾਲੀਆਂ ਏਜੰਸੀਆਂ ਨੂੰ ਕਾਨੂੰਨ ਦੇ ਉਪਬੰਧਾਂ ਅਨੁਸਾਰ ਸੰਦੇਸ਼ਾਂ ਨੂੰ ਮਾਨੀਟਰ ਕਰਨ, ਪ੍ਰਾਪਤ ਕਰਨ ਅਤੇ ਟੇਪ ਕਰਨ ਦੇ ਅਧਿਕਾਰ ਮੁਹੱਈਆ ਕੀਤੇ ਗਏ। ਇਹ ਐਕਟ ਲਾਗੂ ਹੋਣ ਪਿੱਛੋਂ ਸਰਕਾਰ ਨੇ ਇਸ ਤਕਨਾਲੋਜੀ ਦੀ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਅਤੇ ਬਗਾਵਤਾਂ ਨੂੰ ਫੈਲਣ ਤੋਂ ਰੋਕਣ ਲਈ ਖੂਬ ਵਰਤੋਂ ਕੀਤੀ।

ਉਕਤ ਪ੍ਰਬੰਧਾਂ ਤੋਂ ਇਲਾਵਾ ਸਰਕਾਰ ਨੇ 1898 ਵਿਚ ਭਾਰਤੀ ਪੋਸਟ ਆਫਿਸ ਐਕਟ ਬਣਾ ਕੇ ਡਾਕ ਰਾਹੀਂ ਕਿਸੇ ਕਿਸਮ ਦੀ ਗੈਰ-ਕਾਨੂੰਨੀ ਕਾਰਵਾਈ ਨਾਲ ਸਬੰਧਤ ਚਿੱਠੀ-ਪੱਤਰ ਜਾਂ ਸਾਜ਼ੋ-ਸਮਾਨ ਕਬਜ਼ੇ ਵਿਚ ਕਰਨ ਦੀ ਵਿਵਸਥਾ ਕੀਤੀ ਸੀ। ਭਾਰਤੀ ਪੋਸਟ ਆਫਿਸ ਐਕਟ ਦੀ ਧਾਰਾ 26 ਇਸ ਬਾਰੇ ਜ਼ਿਕਰ ਇਸ ਤਰ੍ਹਾਂ ਸੀ:

"ਕਿਸੇ ਜਨ-ਸੰਕਟ ਦੇ ਵਾਪਰਨ ਕਰਕੇ ਜਾਂ ਜਨ-ਸੁਰੱਖਿਆ ਜਾਂ ਸ਼ਾਂਤੀ ਲਈ ਗਵਰਨਰ ਜਨਰਲ ਜਾਂ ਪਰੋਵਿੰਸ਼ੀਅਲ ਸਰਕਾਰ ਜਾਂ ਗਵਰਨਰ ਜਨਰਲ ਇਨ ਕੌਂਸਲ ਵਲੋਂ, ਵਿਸ਼ੇਸ਼ ਤੌਰ 'ਤੇ ਇਸ ਕੰਮ ਲਈ ਅਧਿਕਾਰਤ ਅਫਸਰ ਲਿਖਤੀ ਹੁਕਮ ਕਰ ਸਕਦਾ ਹੈ, ਕਿ ਫਲਾਂ ਡਾਕ-ਅਸਬਾਬ ਜਾਂ ਫਲਾਂ ਕਿਸਮ ਦੀ ਡਾਕ ਵਿਚਲੀਆਂ ਚੀਜ਼ਾਂ ਨੂੰ ਅੱਗੇ ਪਹੁੰਚਣ ਤੋਂ ਰੋਕਿਆ ਜਾਵੇ ਜਾਂ ਕਬਜ਼ੇ ਵਿਚ ਕੀਤਾ ਜਾਵੇ, ਜਾਂ ਉਨ੍ਹਾਂ ਦਾ ਅਜਿਹੇ ਢੰਗ ਨਾਲ ਨਿਪਟਾਰਾ ਕੀਤਾ ਜਾਵੇ, ਜਿਸ ਤਰ੍ਹਾਂ ਹੁਕਮ ਕਰਨ ਵਾਲਾ ਅਧਿਕਾਰੀ ਨਿਰਦੇਸ਼ ਕਰੇ।"

ਇਥੇ ਇਹ ਵੀ ਗੱਲ ਜ਼ਿਕਰਯੋਗ ਹੈ ਕਿ ਉਕਤ ਐਕਟ ਦੀ ਧਾਰਾ 27 ਅਖਬਾਰਾਂ ਅਤੇ ਇਨ੍ਹਾਂ ਵਿਚ ਛਪਦੀ ਸਮੱਗਰੀ ਨੂੰ ਨਿਯੰਤ੍ਰਣ ਕਰਨ ਲਈ ਵਿਸ਼ੇਸ਼ ਤੌਰ 'ਤੇ ਇਸ ਕਾਨੂੰਨ ਦਾ ਹਿੱਸਾ ਬਣਾਈ ਗਈ ਸੀ। ਇਨ੍ਹਾਂ ਵਿਵਸਥਾਵਾਂ ਤੋਂ ਇਲਾਵਾ ਬਰਤਾਨੀਆ ਸਰਕਾਰ 1901 ਵਿਚ ਕੁਲ ਕਾਮਨਵੈਲਥ ਖੇਤਰ, ਜਿਸ ਵਿਚ ਭਾਰਤ ਵੀ ਸ਼ਾਮਲ ਸੀ, ਲਈ ਪੋਸਟ ਐਂਡ ਟੈਲੀਗ੍ਰਾਫ ਐਕਟ ਪਾਸ ਕਰ ਚੁਕੀ ਸੀ।

ਉਪਰੋਕਤ ਸੰਦਰਭ ਵਿਚ ਇਹ ਗੱਲ ਸਾਫ ਹੈ ਕਿ ਹਕੂਮਤ ਵਿਰੁੱਧ ਕੀਤੇ ਜਾਣ ਵਾਲੇ ਕੰਮ ਜਾਂ ਭਾਰਤੀ ਜਨਤਾ ਵਲੋਂ ਦੇਸ਼ ਭਗਤੀ ਦੇ ਜਜ਼ਬੇ ਵਿਚ ਕੀਤੀਆਂ ਕਾਰਵਾਈਆਂ ਨੂੰ ਕਿਸੇ ਵੀ ਤਰ੍ਹਾਂ ਸਰਕਾਰ ਬਰਦਾਸ਼ਤ ਨਹੀਂ ਸੀ ਕਰਦੀ ਅਤੇ ਉਸ ਕੋਲ ਇਨ੍ਹਾਂ ਕਾਰਵਾਈਆਂ ਦਾ ਪਤਾ ਲਾਉਣ ਅਤੇ ਰੋਕਣ ਦੇ ਬਹੁਤ ਸਾਰੇ ਪ੍ਰਬੰਧ ਸਨ। ਯਕੀਨੀ ਤੌਰ 'ਤੇ ਉਹ ਉਨ੍ਹਾਂ ਲੋਕਾਂ ਦੀ ਸੂਹ ਰੱਖਦੀ ਸੀ, ਜੋ ਇਨ੍ਹਾਂ ਕਾਰਵਾਈਆਂ ਨੂੰ ਅੰਜਾਮ ਦਿੰਦੇ ਸਨ।

ਭਗਤ ਸਿੰਘ ਸਰਕਾਰ ਦੇ ਕਾਨੂੰਨਾਂ ਅਤੇ ਖੁਫੀਆ-ਤੰਤਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਸੁਣ ਅਤੇ ਵੇਖ ਚੁਕਾ ਸੀ ਕਿ ਸਰਕਾਰ ਦੇ ਖਿਲਾਫ ਉਸ ਦੇ ਪਿਤਾ ਅਤੇ ਚਾਚਾ ਜੀ ਵਲੋਂ ਕਿਸਾਨ ਸੰਘਰਸ਼ਾਂ ਵਿਚ ਹਿੱਸਾ ਲੈਣ ਸਮੇਂ ਕਿਵੇਂ ਪੁਲਿਸ ਦੇ ਸੂਹੀਏ ਉਨ੍ਹਾਂ ਦੀਆਂ ਸਰਗਰਮੀਆਂ ਉਤੇ ਨਜ਼ਰ ਰੱਖਦੇ ਸਨ। ਉਹ ਪੜ੍ਹ ਚੁਕਾ ਸੀ ਕਿ ਨਾਮਧਾਰੀ ਲਹਿਰ, ਗਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਨੂੰ ਫੇਲ੍ਹ ਕਰਨ ਵਿਚ ਸਰਕਾਰ ਦੇ ਸੂਹੀਆਂ ਦਾ ਕਿੰਨਾ ਹੱਥ ਸੀ। ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਉਸ ਨੇ ਦੇਸ਼ ਭਗਤਾਂ ਦੀ ਉਸ ਕਤਾਰ ਵਿਚ ਸ਼ਾਮਲ ਹੋਣ ਦਾ ਅਹਿਦ ਕੀਤਾ ਹੋਇਆ ਸੀ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਿਰ ਉਤੇ ਕਫਨ ਬੰਨ੍ਹ ਲਿਆ ਸੀ। ਉਸ ਅੰਦਰੋਂ ਮੌਤ ਦਾ ਡਰ ਖਤਮ ਹੋ ਚੁਕਾ ਸੀ ਤੇ ਉਹ ਆਪਣੇ ਮਿਸ਼ਨ ਲਈ ਹਰ ਕੁਰਬਾਨੀ ਵਾਸਤੇ ਤਿਆਰ ਹੋ ਚੁਕਾ ਸੀ। ਹੁਣ ਉਸ ਨੂੰ ਇਹ ਡਰ ਨਹੀਂ ਸੀ ਕਿ ਉਸ ਦੀਆਂ ਕਾਰਵਾਈਆਂ ਕਰਕੇ ਸਰਕਾਰ ਦੇ ਬੰਦੇ ਉਸ ਦਾ ਪਿੱਛਾ ਕਰਨਗੇ ਤੇ ਉਸ ਉਤੇ ਮੁਕੱਦਮੇ ਬਣਾਏ ਜਾਣਗੇ। ਇਸ ਕਰਕੇ ਇਹ ਗੱਲ ਨਹੀਂ ਕਹੀ ਜਾ ਸਕਦੀ ਕਿ ਭਗਤ ਸਿੰਘ ਵਰਗਾ ਪੜ੍ਹਨ-ਲਿਖਣ ਵਾਲਾ ਸ਼ਖਸ ਇਸ ਗੱਲ ਤੋਂ ਅਣਜਾਣ ਹੋਵੇ ਕਿ ਸਰਕਾਰ ਉਸ ਦੀਆਂ ਗਤੀਵਿਧੀਆਂ ਦੀ ਖਬਰ ਰੱਖ ਰਹੀ ਹੈ।

ਇਸ ਵੇਲੇ ਤੱਕ ਭਗਤ ਸਿੰਘ ਬਾਰੇ ਸੀ. ਆਈ. ਡੀ. ਵਲੋਂ ਗ੍ਰਹਿ ਵਿਭਾਗ ਨੂੰ ਪੇਸ਼ ਕੀਤੀਆਂ ਜਾ ਚੁੱਕੀਆਂ ਕੁਝ ਗੁਪਤ ਰਿਪੋਰਟਾਂ ਇਸ ਤਰ੍ਹਾਂ ਸਨ:

(ੳ) ਗ੍ਰਹਿ ਵਿਭਾਗ ਪੰਜਾਬ (ਰਾਜਨੀਤਿਕ) ਦੀ 1924 ਦੀ ਇਕ ਰਿਪੋਰਟ ਵਿਚ ਭਗਤ ਸਿੰਘ ਬਾਰੇ ਇਹ ਦਰਜ ਹੋ ਚੁਕਾ ਹੈ ਕਿ ਉਸ ਨੇ ਪਾਬੰਦੀਆਂ ਦੇ ਬਾਵਜੂਦ ਜੈਤੋ ਮੋਰਚੇ ਦੇ ਸ਼ਹੀਦੀ ਜਥੇ ਨੂੰ ਲੰਗਰ ਛਕਾਇਆ ਸੀ ਤੇ ਫੌਜਦਾਰੀ ਮੁਕੱਦਮਾ ਦਰਜ ਹੋਣ ਪਿਛੋਂ ਉਹ ਮਫਰੂਰ ਹੋ ਗਿਆ ਸੀ।

(ਅ) ਗ੍ਰਹਿ ਵਿਭਾਗ ਭਾਰਤ ਸਰਕਾਰ ਦੇ ਡਾਇਰੈਕਟਰ, ਇੰਟੈਲੀਜੈਂਸ ਬਿਊਰੋ ਦੀ 24 ਜੂਨ 1926 ਦੀ ਰਿਪੋਰਟ ਵਿਚ ਇਹ ਸੂਚਨਾ ਦਿੱਤੀ ਗਈ ਸੀ ਕਿ ਭਗਤ ਸਿੰਘ ਦੇ ਬੰਗਾਲ, ਬਨਾਰਸ ਅਤੇ ਕਾਨਪੁਰ ਦੇ ਇਨਕਲਾਬੀਆਂ ਨਾਲ ਸਬੰਧ ਹਨ ਅਤੇ ਉਹ ਸਚਿੰਦਰ ਨਾਥ ਸਨਿਆਲ ਦੀ 'ਹਿੰਦੋਸਤਾਨ ਰਿਪਲਿਕਨ ਐਸੋਸੀਏਸ਼ਨ' ਵਲੋਂ ਪੰਜਾਬ ਵਿਚ ਸਰਗਰਮ ਹੈ।

(ੲ) ਸੀ. ਆਈ. ਡੀ. ਰਿਪੋਰਟ ਫਾਈਲ ਨੰ: 9349 ਮੁਤਾਬਿਕ ਭਗਤ ਸਿੰਘ ਫਰਵਰੀ 1925 ਵਿਚ ਲਾਹੌਰ ਵਿਖੇ ਸਰਕਾਰ ਖਿਲਾਫ ਪਰਚੇ ਵੰਡਣ ਵਾਲਿਆਂ ਵਿਚ ਸ਼ਾਮਲ ਸੀ ਅਤੇ ਉਸ ਵਲੋਂ ਗੁਜਰਾਂਵਾਲਾ ਵਿਖੇ ਅਕਤੂਬਰ 1925 ਵਿਚ ਰਾਜਨੀਤਿਕ ਨਾਟਕ ਵਿਚ ਹਿੱਸਾ ਲੈਣ ਬਾਰੇ ਪਤਾ ਲੱਗਾ ਹੈ। ਇਸ ਦੇ ਨਾਲ ਹੀ ਉਹ ਆਪਣੀ ਮਫਰੂਰੀ ਦੇ ਦਿਨਾਂ ਵਿਚ ਜ਼ਿਮੀਂਦਾਰ ਸਭਾ ਵਲੋਂ ਨਹਿਰੀ ਪਾਣੀ ਦੇ ਰੇਟ ਵਾਧੇ ਖਿਲਾਫ ਚਲਾਈ ਐਜੀਟੇਸ਼ਨ ਵਿਚ ਵੀ ਸ਼ਾਮਲ ਸੀ।

ਇਥੇ ਇਹ ਗੱਲ ਨੋਟ ਕੀਤੀ ਜਾਂਦੀ ਹੈ ਕਿ 1925 ਵਿਚ ਕਾਨਪੁਰੋਂ ਵਾਪਸ ਆਉਣ ਉਪਰੰਤ ਭਗਤ ਸਿੰਘ ਨੇ ਸਰਕਾਰੀ ਪਾਬੰਦੀਆਂ ਦੇ ਬਾਵਜੂਦ ਜੈਤੋ ਮੋਰਚੇ ਵਿਚ ਗ੍ਰਿਫਤਾਰੀ ਦੇਣ ਜਾ ਰਹੇ ਜਥੇ ਨੂੰ ਆਪਣੇ ਪਿੰਡ ਦੇ ਬਾਹਰਵਾਰ ਸਾਥੀਆਂ ਦੀ ਮਦਦ ਨਾਲ ਲੰਗਰ ਛਕਾਉਣ ਦਾ ਬਹਾਦਰੀ ਭਰਿਆ ਕੰਮ ਕੀਤਾ ਸੀ, ਜਿਸ ਕਾਰਨ ਸਰਕਾਰ ਨੇ ਉਸ ਦੇ ਗ੍ਰਿਫਤਾਰੀ ਵਾਰੰਟ ਕੱਢ ਦਿੱਤੇ ਸਨ। ਭਗਤ ਸਿੰਘ ਦੇ ਜੈਤੋ ਮੋਰਚੇ ਸਮੇਂ ਜਾਰੀ ਹੋਏ ਗ੍ਰਿਫਤਾਰੀ ਵਾਰੰਟਾਂ ਪਿੱਛੋਂ ਉਹ ਮਫਰੂਰ ਹੋ ਕੇ ਲਾਹੌਰ ਆ ਗਿਆ ਸੀ ਤੇ ਫਿਰ ਦਿੱਲੀ ਚਲਾ ਗਿਆ ਸੀ। ਭਗਤ ਸਿੰਘ ਦੇ ਨਿੱਕੇ ਭਰਾ ਸ. ਕੁਲਤਾਰ ਸਿੰਘ ਦੇ ਦੱਸਣ ਮੁਤਾਬਕ "ਜਦੋਂ ਭਗਤ ਸਿੰਘ ਦਿੱਲੀ ਪਹੁੰਚਿਆ ਤਾਂ ਉਦੋਂ ਵੀ ਪ੍ਰੋ. ਜੈਚੰਦ (ਵਿਦਿਆਲੰਕਾਰ) ਨੇ ਉਸ ਨੂੰ ਆਪਣੇ ਕਿਸੇ ਦੋਸਤ ਦੇ ਨਾਂ ਜਾਣ-ਪਛਾਣ ਦੀ ਚਿੱਠੀ ਦਿੱਤੀ ਹੋਈ ਸੀ। ਉਥੇ ਉਹ 5 ਤੋਂ 6 ਮਹੀਨੇ 'ਵੀਰ ਅਰਜਨ' ਅਖਬਾਰ ਵਿਚ ਆਪਣੇ ਫਰਜ਼ੀ ਨਾਂ 'ਬਲਵੰਤ' ਹੇਠਾਂ ਕੰਮ ਕਰਦਾ ਰਿਹਾ ਅਤੇ ਜਦੋਂ ਅਕਾਲੀ ਅੰਦੋਲਨ ਵਾਪਸ ਲੈ ਲਿਆ ਗਿਆ ਤਾਂ ਉਹ ਮੁੜ ਲਾਹੌਰ ਪਰਤ ਆਇਆ।"

ਭਾਵੇਂ ਉਕਤ ਰਿਪੋਰਟਾਂ ਦੀ ਤਫਸੀਲ ਤੋਂ ਭਗਤ ਸਿੰਘ ਜਾਣੂ ਨਾ ਹੋਵੇ, ਪਰ ਉਕਤ ਚਿੱਠੀ ਲਿਖਦਿਆਂ ਉਸ ਨੂੰ ਇਹ ਤਾਂ ਪੂਰਾ ਇਲਮ ਸੀ ਕਿ ਸਰਕਾਰ ਦਾ ਖੁਫੀਆ ਤੰਤਰ ਉਸ ਦੀਆਂ ਕਾਰਵਾਈਆਂ ਤੋਂ ਅਵੇਸਲਾ ਨਹੀਂ ਸੀ ਅਤੇ ਉਸ ਦੀਆਂ ਗਤੀਵਿਧੀਆਂ ਨੂੰ ਨੋਟ ਕਰ ਰਿਹਾ ਸੀ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜੇ ਭਗਤ ਸਿੰਘ ਨੂੰ ਸਰਕਾਰ ਦੇ ਖੁਫੀਆ ਵਿਭਾਗ ਵਲੋਂ ਉਸ ਦਾ ਪਿੱਛਾ ਕੀਤੇ ਜਾਣ ਬਾਰੇ ਪਤਾ ਸੀ ਅਤੇ ਉਸ ਨੂੰ ਸਰਕਾਰ ਦੀਆਂ ਸਖਤੀਆਂ ਦਾ ਭੈਅ ਨਹੀਂ ਸੀ ਤਾਂ ਉਸ ਨੂੰ ਉਕਤ ਚਿੱਠੀ ਰਾਹੀਂ ਸਰਕਾਰ ਤੋਂ ਇਹ ਪੁਛਣ ਦੀ ਕੀ ਲੋੜ ਸੀ ਕਿ ਉਸ ਦੀ ਡਾਕ ਸੈਂਸਰ ਕਿਉਂ ਕੀਤੀ ਜਾ ਰਹੀ ਹੈ? ਇਸ ਗੱਲ ਦਾ ਕੁਝ ਕੁਝ ਜਵਾਬ ਉਸ ਦੇ ਇਸ ਗੁਣ ਵਿਚੋਂ ਲੱਭਿਆ ਜਾ ਸਕਦਾ ਹੈ ਕਿ ਉਹ ਹਿੰਮਤ ਨਾਲ ਹਾਲਾਤ ਦਾ ਟਾਕਰਾ ਕਰਨ ਦਾ ਜਜ਼ਬਾ ਰੱਖਦਾ ਹੈ ਅਤੇ ਸਰਕਾਰ ਨੂੰ ਉਸ ਦੇ ਹੀ ਬਣਾਏ ਕਾਨੂੰਨਾਂ ਦਾ ਸਹੀ ਤਰੀਕੇ ਨਾਲ ਪਾਲਣ ਕਰਨ ਲਈ ਕਹਿਣ ਦੀ ਦਲੇਰੀ ਕਰਦਾ ਹੈ। ਉਸ ਦੀ ਇਹ ਆਦਤ ਪਿਛੋਂ ਜਾ ਕੇ ਉਸ ਦੇ ਦੋਹਾਂ ਮੁਕੱਦਮਿਆਂ (ਅਸੈਂਬਲੀ ਬੰਬ ਕੇਸ ਅਤੇ ਸਾਂਡਰਸ ਕਤਲ ਕੇਸ) ਦੇ ਕਈ ਅਹਿਮ ਪਹਿਲੂਆਂ ਨੂੰ ਉਜਾਗਰ ਕਰਨ ਵਿਚ ਸਾਡੀ ਸਹਾਇਤਾ ਕਰਦੀ ਹੈ।

ਚਿੱਠੀ ਵਾਲੇ ਸਵਾਲ ਪੁੱਛ ਕੇ ਭਗਤ ਸਿੰਘ ਇਹ ਵੀ ਜਾਣਨਾ ਚਾਹੁੰਦਾ ਸੀ ਕਿ ਕੀ ਸਰਕਾਰ ਨੇ ਉਸ ਦੀ ਡਾਕ ਸੈਂਸਰ ਕਰਨ ਵੇਲੇ ਆਪਣੇ ਹੀ ਬਣਾਏ ਕਿਸੇ ਕਾਨੂੰਨ ਦੀ ਉਲੰਘਣਾ ਤਾਂ ਨਹੀਂ ਕੀਤੀ? ਜਿਨ੍ਹਾਂ ਹਾਲਾਤਾਂ ਵਿਚ ਇਹ ਚਿੱਠੀ ਲਿਖੀ ਗਈ, ਉਨ੍ਹਾਂ ਵਿਚ ਉਸ ਦੀਆਂ ਰਾਜਨੀਤਿਕ ਸਰਗਰਮੀਆਂ ਸਧਾਰਨ ਨਹੀਂ ਸਨ, ਪਰ ਉਸ ਦੀ ਚਿੱਠੀ ਦੀ ਖੂਬੀ ਇਹ ਹੈ ਕਿ ਉਹ ਆਸ-ਪਾਸ ਦੇ ਘਟਨਾਕ੍ਰਮ ਨੂੰ ਸਹਿਜ ਦ੍ਰਿਸ਼ਟੀ ਨਾਲ ਲੈ ਰਿਹਾ ਲਗਦਾ ਹੈ ਅਤੇ ਸਰਕਾਰ ਨੂੰ ਵਾਰ ਵਾਰ ਜਤਾਉਂਦਾ ਹੈ ਕਿ ਹਾਲਾਤ ਸਧਾਰਨ ਹੋਣ ਉਤੇ ਅਰਥਾਤ ਸੰਕਟ ਕਾਲ ਨਾ ਹੋਣ ਉਤੇ ਉਸ ਦੀ ਡਾਕ ਕਿਸ ਤਰ੍ਹਾਂ ਸੈਂਸਰ ਕੀਤੀ ਜਾ ਸਕਦੀ ਹੈ?

ਡਾਕ ਮਹਿਕਮੇ ਨੇ 16 ਨਵੰਬਰ 1926 ਨੂੰ ਭਗਤ ਸਿੰਘ ਦੀ ਉਕਤ ਚਿੱਠੀ ਦਾ ਇਹ ਜਵਾਬ ਦਿੱਤਾ ਸੀ ਕਿ ਸਰਕਾਰੀ ਹੁਕਮਾਂ ਤਹਿਤ ਹੀ ਉਸ ਦੀ ਡਾਕ ਨੂੰ ਰੋਕਿਆ ਤੇ ਸੈਂਸਰ ਕੀਤਾ ਜਾ ਰਿਹਾ ਹੈ। ਭਗਤ ਸਿੰਘ ਇਸ ਜਵਾਬ ਨਾਲ ਸੰਤੁਸ਼ਟ ਨਹੀਂ ਸੀ ਹੋਇਆ। ਉਹ ਉਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਨੂੰ ਜਾਣਨਾ ਚਾਹੁੰਦਾ ਸੀ, ਜਿਸ ਤਹਿਤ ਸਰਕਾਰ ਜਾਂ ਡਾਕ ਮਹਿਕਮੇ ਵਲੋਂ ਅਜਿਹੀ ਕਾਰਵਾਈ ਕੀਤੀ ਜਾ ਰਹੀ ਸੀ। ਉਸ ਨੂੰ ਵਿਸ਼ਵਾਸ ਸੀ ਕਿ ਸਰਕਾਰ ਕੋਲ ਉਸ ਦੀ ਡਾਕ ਸੈਂਸਰ ਕਰਨ ਲਈ ਲੋੜੀਂਦੇ ਸਬੂਤ ਕਾਰਨ ਨਹੀਂ ਹਨ, ਇਸੇ ਕਰਕੇ ਉਹ ਸਰਕਾਰ ਨੂੰ ਉਸ ਦੇ ਹੀ ਕਾਨੂੰਨਾਂ ਨਾਲ ਮਾਤ ਦੇਣੀ ਚਾਹੁੰਦਾ ਸੀ। ਉਸ ਨੇ ਫਿਰ ਪੰਜਾਬ ਸਰਕਾਰ ਦੇ ਸਕੱਤਰ ਨੂੰ ਯਾਦ-ਚਿੱਠੀ ਲਿਖੀ ਤੇ ਪੁੱਛਿਆ:

"ਕੀ ਮੈਂ ਜਾਣ ਸਕਦਾ ਹਾਂ ਕਿ ਵਿਭਾਗ ਵਲੋਂ ਅਜਿਹੇ ਕੋਈ ਹੁਕਮ ਜਾਰੀ ਕੀਤੇ ਗਏ ਸਨ? ਜੇ ਹਾਂ ਤਾਂ ਕਦੋਂ ਅਤੇ ਕਿਉਂ? ਕੀ ਅਜਿਹੀਆਂ ਚਿੱਠੀਆਂ ਵੀ ਮੌਜੂਦ ਹਨ, ਜੋ ਰੋਕੀਆਂ ਗਈਆਂ ਅਤੇ ਕਦੇ ਵੀ ਮੇਰੇ ਤੱਕ ਨਹੀਂ ਪੁਚਾਈਆਂ ਗਈਆਂ?"

ਇਸ ਦੇ ਨਾਲ ਹੀ ਚਿੱਠੀ ਦੇ ਅੰਤ ਵਿਚ ਉਹ ਲਿਖਦਾ ਹੈ, "ਮੈਂ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਇਸ ਦਾ ਸਿੱਧਾ ਅਤੇ ਵਿਸਥਾਰ ਸਹਿਤ ਉਤਰ ਦਿਉ। ਕੀ ਤੁਸੀਂ ਮੈਨੂੰ ਇਹ ਦੱਸਣ ਦੀ ਖੇਚਲ ਕਰੋਗੇ ਕਿ ਕਿਸ ਗੱਲ ਕਰਕੇ ਤੁਹਾਨੂੰ ਅਜਿਹੇ ਹੁਕਮ ਜਾਰੀ ਕਰਨੇ ਪਏ?"

ਇਥੇ ਭਗਤ ਸਿੰਘ ਦਾ ਨਿਸ਼ਾਨਾ ਇਹ ਵੀ ਜਾਣਨਾ ਸੀ ਕਿ ਸਰਕਾਰ ਨੂੰ ਉਸ ਦੇ ਕਿਹੜੇ ਕਾਰਜਾਂ ਦੀ ਜਾਣਕਾਰੀ ਹੈ ਅਤੇ ਕਿਹੜਿਆਂ ਦੀ ਨਹੀਂ। ਦੂਜਾ ਇਹ ਸੀ ਕਿ ਜੋ ਚਿੱਠੀਆਂ ਸਰਕਾਰ ਨੇ ਉਸ ਤੱਕ ਪੁੱਜਣ ਨਹੀਂ ਦਿੱਤੀਆਂ, ਉਹ ਕਿੰਨੀਆਂ ਕੁ ਮਹੱਤਵਪੂਰਨ ਸਨ ਅਤੇ ਕੀ ਉਨ੍ਹਾਂ ਤੋਂ ਉਹ ਇਕ ਅਜਿਹਾ ਨਾਗਰਿਕ ਸਾਬਤ ਹੁੰਦਾ ਸੀ, ਜਿਸ ਦੀਆਂ ਕਾਰਵਾਈਆਂ ਜਨ-ਸੁਰਖਿਆ ਅਤੇ ਸ਼ਾਂਤੀ ਨੂੰ ਖਤਰਾ ਸਿੱਧ ਹੁੰਦੀਆਂ ਹੋਣ। ਤੀਜਾ ਉਹ ਨਾਗਰਿਕਾਂ ਦੇ ਅਧਿਕਾਰਾਂ ਬਾਰੇ ਸਰਕਾਰ ਨੂੰ ਆਗਾਹ ਕਰਨਾ ਚਾਹੁੰਦਾ ਸੀ। ਇਸੇ ਕਰਕੇ ਉਸ ਨੇ ਆਪਣੀ 28 ਨਵੰਬਰ 1926 ਦੀ ਯਾਦ-ਚਿੱਠੀ ਵਿਚ ਲਿਖਿਆ:

"ਮੈਂ ਸੋਚਦਾ ਹਾਂ ਕਿ ਇਕ ਇਮਾਨਦਾਰ ਨਾਗਰਿਕ ਹੋਣ ਦੇ ਨਾਤੇ ਮੈਨੂੰ ਖੁਦ ਨਾਲ ਸਬੰਧਤ ਅਜਿਹਾ ਪ੍ਰਸ਼ਨ ਪੁੱਛਣ ਦਾ ਅਧਿਕਾਰ ਹੈ।"

ਪੰਜਾਬ ਸਰਕਾਰ ਵਲੋਂ ਭਗਤ ਸਿੰਘ ਨੂੰ, ਉਸ ਦੇ ਉਕਤ ਸਵਾਲਾਂ ਦਾ ਜਵਾਬ, ਮੁਖ ਸਕੱਤਰ ਪੰਜਾਬ ਸ੍ਰੀ ਐਚ. ਡੀ. ਕਰਾਇਕ ਵਲੋਂ ਪਾਈ ਗਈ 27 ਨਵੰਬਰ 1926 ਦੀ ਚਿੱਠੀ ਦੇ ਰੂਪ ਵਿਚ ਅੱਜ ਇਕ ਦਸੰਬਰ ਨੂੰ ਪ੍ਰਾਪਤ ਹੋਇਆ ਹੈ, ਭਾਵੇਂ ਕਿ ਉਹ ਇਸ ਸਬੰਧੀ ਸਰਕਾਰ ਨੂੰ 28 ਨਵੰਬਰ 1926 ਨੂੰ ਯਾਦ-ਪੱਤਰ ਵੀ ਲਿਖ ਚੁਕਾ ਹੈ। ਸਰਕਾਰ ਦਾ ਜਵਾਬ ਇਉਂ ਹੈ:

"ਤੁਹਾਡੀ 17 ਨਵੰਬਰ 1926 ਦੀ ਚਿੱਠੀ ਦੇ ਜਵਾਬ ਵਿਚ ਮੇਰੇ ਵੱਲੋਂ ਤੁਹਾਨੂੰ ਇਹ ਸੂਚਨਾ ਦੇਣ ਦੇ ਨਿਰਦੇਸ਼ ਹਨ ਕਿ ਤੁਹਾਡੀ ਖਤੋ-ਖਿਤਾਬਤ ਰੋਕਣ ਅਤੇ ਇਸ ਦੀ ਪੁਣ-ਛਾਣ ਸਬੰਧੀ ਹੁਕਮ ਗਵਰਨਰ ਨੇ ਭਾਰਤੀ ਪੋਸਟ ਆਫਿਸ ਕਾਨੂੰਨ 1898 ਦੀ ਧਾਰਾ 26 (1) ਤਹਿਤ ਦਿੱਤੇ ਹਨ, ਜਿਸ ਵਿਚ 1912 ਦੇ ਭਾਰਤੀ ਪੋਸਟ ਆਫਿਸ (ਸੋਧ) ਕਾਨੂੰਨ ਦੀ ਧਾਰਾ 6 ਨਾਲ ਸੋਧ ਕੀਤੀ ਗਈ ਸੀ।"

ਮੁੱਖ ਸਕੱਤਰ ਦੀ ਚਿੱਠੀ ਪੜ੍ਹਨ ਤੋਂ ਬਾਅਦ ਉਹ ਸੰਤੁਸ਼ਟ ਨਹੀਂ ਹੁੰਦਾ, ਕਿਉਂਕਿ ਚਿੱਠੀ ਵਿਚ ਉਸ ਦੇ ਸਵਾਲਾਂ ਦੇ ਜਵਾਬ ਅਧੂਰੇ ਹਨ। ਉਸ ਨੂੰ ਸਰਕਾਰ ਇਹ ਜਵਾਬ ਨਹੀਂ ਦੇ ਸਕੀ ਕਿ ਪੰਜਾਬ ਵਿਚ ਸੰਕਟਕਾਲ ਦੇ ਹਾਲਾਤਾਂ ਦੀ ਅਣਹੋਂਦ ਵਿਚ ਸਰਕਾਰ ਉਸ ਦੀ ਡਾਕ ਕਿਉਂ ਰੋਕ ਰਹੀ ਹੈ, ਕਿਉਂਕਿ ਪੋਸਟਲ ਐਕਟ ਦੀ ਧਾਰਾ 26 ਹੇਠਾਂ ਡਾਕ ਉਦੋਂ ਹੀ ਰੋਕੀ ਜਾ ਸਕਦੀ ਹੈ, ਜਦੋਂ ਐਮਰਜੈਂਸੀ ਦੇ ਹਾਲਾਤ ਹੋਣ। ਸਰਕਾਰ ਉਸਦੇ ਇਸ ਸਵਾਲ ਦਾ ਵੀ ਕੋਈ ਜਵਾਬ ਨਹੀਂ ਦੇ ਸਕੀ ਕਿ ਸਰਕਾਰ ਨੇ ਉਸ ਦੀ ਡਾਕ ਸੈਂਸਰ ਕਰਨ ਦੇ ਹੁਕਮ ਕਦੋਂ ਦਿੱਤੇ? ਉਸ ਦੀਆਂ ਕਿਹੜੀਆਂ ਕਿਹੜੀਆਂ ਚਿੱਠੀਆਂ ਰੋਕੀਆਂ ਗਈਆਂ ਅਤੇ ਕਿਹੜੇ ਕਾਰਨਾਂ ਕਰਕੇ ਇਹ ਹੁਕਮ ਜਾਰੀ ਕੀਤੇ ਗਏ? ਉਸ ਨੂੰ ਇਸ ਗੱਲ ਦਾ ਵੀ ਜਵਾਬ ਨਹੀਂ ਮਿਲਿਆ ਕਿ ਕੀ ਇਕ ਨਾਗਰਿਕ ਨੂੰ ਸਰਕਾਰ ਦੀ ਕਾਰਵਾਈ ਨੂੰ ਜਾਣਨ ਦਾ ਹੱਕ ਹਾਸਲ ਹੈ ਜਾਂ ਨਹੀਂ? ਸਰਕਾਰ ਦੀ ਚੁੱਪੀ ਤੋਂ ਭਗਤ ਸਿੰਘ ਨੂੰ ਲਗਦਾ ਹੈ ਕਿ ਉਸ ਦੇ ਉਕਤ ਸਵਾਲਾਂ ਨਾਲ ਸਰਕਾਰ ਦੀਆਂ ਅੱਖਾਂ ਅੱਗੇ ਵੀ ਅੱਜ ਦੇ ਮੌਸਮ ਜਿਹਾ ਧੁੰਦਲਕਾ ਛਾ ਗਿਆ ਹੈ, ਜਿਸ ਕਰਕੇ ਉਸ ਨੂੰ ਸਫਾਈ ਦੇਣ ਵਿਚ ਮੁਸ਼ਕਿਲ ਆ ਰਹੀ ਹੈ।

ਉਕਤ ਚਿੱਠੀ-ਪੱਤਰ ਤੋਂ ਅਸੀਂ ਉਨ੍ਹੀਆਂ ਵਰ੍ਹਿਆਂ ਦੇ ਇਸ ਨੌਜਵਾਨ ਦੀ ਸ਼ਖਸੀਅਤ ਵਿਚ ਭਵਿੱਖ ਬਾਰੇ ਆਸਵੰਦ ਹੋਣ, ਹਰ ਕੰਮ ਨੂੰ ਲਗਨ ਨਾਲ ਕਰਨ, ਆਪਣੇ ਅਸੂਲਾਂ ਉਤੇ ਦ੍ਰਿੜਤਾ ਨਾਲ ਪਹਿਰਾ ਦੇਣ, ਆਪਣੇ ਹੱਕਾਂ ਲਈ ਜੂਝਣ ਅਤੇ ਮੁਸ਼ਕਿਲਾਂ ਦੀ ਪ੍ਰਵਾਹ ਨਾ ਕਰਨ ਜਿਹੇ ਗੁਣਾਂ ਨੂੰ ਰਲਿਆ ਤੱਕਦੇ ਹਾਂ। ਇਸ ਚਿੱਠੀ ਤੋਂ ਇਹ ਜਾਣਨ ਦਾ ਮੌਕਾ ਵੀ ਮਿਲਦਾ ਹੈ ਕਿ ਨਿੱਜੀ ਆਜ਼ਾਦੀਆਂ ਦੀ ਸੁਰੱਖਿਆ ਬਾਰੇ ਭਗਤ ਸਿੰਘ ਕਿੰਨਾ ਚੇਤੰਨ ਸੀ।

# ਪੰਜਾਬੀ ਕਵਿਤਾ ਦਾ ਮਾਣ ਬਾਵਾ ਬਲਵੰਤ

ਕਲਾ ਪਰਿਕਰਮਾ

ਡਾ. ਚਰਨਜੀਤ ਕੌਰ
ਫੋਨ: +91-98784-47758

ਬਾਵਾ ਬਲਵੰਤ ਆਧੁਨਿਕ ਪੰਜਾਬੀ ਕਵਿਤਾ ਵਿਚ ਕ੍ਰਾਂਤੀਕਾਰੀ ਕਵੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਬਾਵਾ ਬਲਵੰਤ ਅਦਭੁੱਤ ਸ਼ਖਸੀਅਤ ਦਾ ਮਾਲਕ ਸੀ ਜਿਸ ਵਿਚ ਕਈ ਪਰਸਪਰ ਵਿਰੋਧੀ ਗੁਣਾਂ ਦੇ ਬਾਵਜੂਦ ਇਕ ਮੂਲ ਏਕਤਾ ਸੀ। ਉਹ ਗੰਭੀਰ ਹੁੰਦਾ ਹੋਇਆ ਵੀ ਫੱਕਰ ਸੀ, ਸਾਮਵਾਦੀ ਹੁੰਦਿਆਂ ਵੀ ਭਾਰਤੀ ਸੰਸਕ੍ਰਿਤੀ ਦਾ ਉਪਾਸ਼ਕ ਸੀ, ਅਸਫਲ ਪ੍ਰੇਮੀ ਹੁੰਦਾ ਹੋਇਆ ਵੀ ਪੂਰਨ ਸਾਧੂ ਸੁਭਾਅ ਵਾਲਾ ਸੰਨਿਆਸੀ ਸੀ, ਤਿਆਗੀ ਹੁੰਦਾ ਹੋਇਆ ਵੀ ਸੰਸਾਰ ਨਾਲ ਮੋਹ ਰੱਖਦਾ ਸੀ, ਦਰਦ ਰੱਖਦਾ ਸੀ।

ਬਾਵਾ ਬਲਵੰਤ ਦਾ ਜਨਮ 21 ਅਗਸਤ 1906 ਨੂੰ ਨੇਸ਼ਟਾ (ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਪਿਤਾ ਹਕੀਮ ਠਾਕੁਰ ਦੀਨਾ ਨਾਥ ਅਤੇ ਮਾਤਾ ਗਿਆਨ ਦੇਵੀ ਦੇ ਘਰ ਹੋਇਆ। ਉਸ ਦੇ ਪਿਤਾ ਠਾਕੁਰ ਦੀਨਾ ਨਾਥ ਅਰਬੀ, ਫਾਰਸੀ, ਸੰਸਕ੍ਰਿਤ, ਹਿੰਦੀ ਤੇ ਉਰਦੂ ਦੇ ਵਿਦਵਾਨ ਸਨ। ਦਿਨ ਮੰਗਲਵਾਰ ਨੂੰ ਪੈਦਾ ਹੋਣ ਕਾਰਨ ਬਾਵਾ ਬਲਵੰਤ ਦਾ ਪਹਿਲਾ ਨਾਮ ਦੀਵਾਨ ਮੰਗਲ ਸੈਨ ਰੱਖਿਆ ਗਿਆ। ਇਕ ਰਸਮ ਮੁਤਾਬਿਕ ਬਾਵਾ ਨੂੰ ਪੈਦਾ ਹੁੰਦਿਆਂ ਹੀ ਰੂੜੀ ਦੇ ਢੇਰ ਉਤੇ ਰੱਖ ਦਿੱਤਾ ਜਿਥੋਂ ਪਿਤਾ ਜੀ ਨੇ ਚੁੱਕ ਲਿਆ। ਇਸ ਕਰ ਕੇ ਮਾਤਾ ਨੇ ਆਪ ਦਾ ਨਾਮ ਕੂੜਾ ਮੱਲ ਰੱਖ ਦਿੱਤਾ ਅਤੇ ਸਾਰੀ ਉਮਰ ਉਹ ਬਾਵਾ ਨੂੰ ਕੂੜਾ ਮੱਲ ਨਾਂ ਨਾਲ ਹੀ ਪੁਕਾਰਦੀ ਰਹੀ। ਇਸ ਰਸਮ ਦਾ ਅਸਲ ਕਾਰਨ ਪਰਿਵਾਰ ਵਿਚ ਮੁੰਡਿਆਂ ਦੀ ਸਾਲ ਡੇਢ ਸਾਲ ਬਾਅਦ ਮੌਤ ਹੋ ਜਾਣਾ ਸੀ।

ਬਚਪਨ ਵਿਚ ਬਾਵਾ ਦੇ ਸਿਰ 'ਤੇ ਲੰਮੀਆਂ-ਲੰਮੀਆਂ ਜਟਾਂ ਹੋ ਗਈਆਂ ਜਿਸ ਕਰ ਕੇ ਸਾਰੇ ਪਿੰਡ ਵਾਲੇ ਉਨ੍ਹਾਂ ਨੂੰ 'ਬਾਵਾ ਬਾਵਾ' ਕਹਿ ਕੇ ਬੁਲਾਉਂਦੇ ਸਨ। ਭਾਵੇਂ ਉਨ੍ਹਾਂ ਨੂੰ ਮਾਂ ਅਤੇ ਲੋਕਾਂ ਵਲੋਂ ਰੱਖੇ ਦੋਵੇਂ ਨਾਂ ਪਸੰਦ ਨਹੀਂ ਸਨ ਪਰ ਉਹ ਆਪ ਬਾਵਾ ਸ਼ਬਦ ਨਾਲੋਂ ਆਪਣੇ-ਆਪ ਨੂੰ ਅਲੱਗ ਨਹੀਂ ਕਰ ਸਕੇ। ਇਸੇ ਕਰ ਕੇ




ਖੁਦ ਰੱਖੇ ਆਪਣੇ ਪਸੰਦੀਦਾ ਨਾਮ ਬਲਵੰਤ ਰਾਏ ਸ਼ਰਮਾ ਦੇ ਬਾਵਜੂਦ ਸਾਹਿਤਕ ਜਗਤ ਵਿਚ ਬਾਵਾ ਬਲਵੰਤ ਦੇ ਨਾਂ ਨਾਲ ਜਾਣੇ ਗਏ। ਉਨ੍ਹਾਂ ਦੀ ਉਮਰ ਹਾਲੇ ਚਾਰ ਸਾਲਾਂ ਦੀ ਹੀ ਸੀ ਜਦੋਂ ਇਨ੍ਹਾਂ ਦੇ ਪਿਤਾ ਜੀ ਨੇ ਰੁਜ਼ਗਾਰ ਦੀ ਤਲਾਸ਼ ਵਿਚ ਪਿੰਡ ਨੂੰ ਛੱਡ ਕੇ ਅੰਮ੍ਰਿਤਸਰ ਦੇ ਬਾਜ਼ਾਰ ਕਟੜਾ ਮੋਹਰ ਸਿੰਘ ਵਿਚ ਵੈਦਗਿਰੀ ਦੀ ਦੁਕਾਨ ਖੋਲ੍ਹ ਲਈ। ਬਾਵਾ ਬਲਵੰਤ ਨੂੰ ਦੇਸ਼ ਪਿਆਰ ਦਾ ਜਜ਼ਬਾ ਇਥੋਂ ਹੀ ਮਿਲਿਆ।

ਬਾਵਾ ਬਲਵੰਤ ਦੀ ਮੁੱਢਲੀ ਸਿੱਖਿਆ ਘਰ ਵਿਚ ਹੀ ਹੋਈ। ਹਿੰਦੀ, ਫਾਰਸੀ ਤੇ ਉਰਦੂ ਜ਼ੁਬਾਨ ਦੀ ਮੁੱਢਲੀ ਸਿੱਖਿਆ ਤੋਂ ਬਾਅਦ ਮੁਨੀਮੀ ਸਿੱਖਣ ਲਈ ਉਸ ਨੂੰ ਪਾਂਧੇ ਕੋਲ ਪੜ੍ਹਾਇਆ ਜਿੱਥੇ ਉਸ ਨੇ ਲੰਡੇ ਲਿਖਣ ਪੜ੍ਹਣ ਦੀ ਮੁਹਾਰਤ ਹਾਸਲ ਕੀਤੀ। ਮੁਨੀਮੀ ਦੀ ਪੂਰੀ ਪੜ੍ਹਾਈ ਸਿੱਖਣ ਲਈ ਇਕ ਵੱਡੇ ਮੁਨੀਮ ਪਾਸ ਸ਼ਾਗਿਰਦ ਰਖਵਾ ਦਿੱਤਾ। ਦੁਕਾਨ 'ਤੇ ਕੰਮ ਕਰਦੇ ਹੋਇਆਂ ਵੀ ਬਾਵਾ ਸਾਹਿਤਕ ਪੁਸਤਕਾਂ ਪੜ੍ਹਦੇ ਰਹਿੰਦੇ ਅਤੇ ਸ਼ਾਗਿਰਦੀ ਦੇ ਮਿਲਦੇ ਪੈਸਿਆਂ ਤੋਂ ਉਹ ਕੋਈ ਨਾ ਕੋਈ ਕਿਤਾਬ ਜਾਂ ਰਸਾਲਾ ਲੈ ਲਿਆ ਕਰਦੇ। ਇਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਦੇ ਸੰਬੰਧ ਨੌਜਵਾਨ ਭਾਰਤ ਸਭਾ ਨਾਲ ਪੈਦਾ ਹੋਏ। ਉਹ ਇਸ ਸਭਾ ਦੇ ਹਮਦਰਦ ਹੋ ਗਏ। ਉਨ੍ਹਾਂ ਨੇ ਅੰਡਰ-ਗਰਾਊਂਡ ਰਹਿ ਕੇ ਕਾਂਗਰਸ ਵਿਚ ਸਰਗਰਮ ਭੂਮਿਕਾ ਨਿਭਾਈ।



ਉਨ੍ਹਾਂ ਨੇ ਆਪਣੀਆਂ ਉਰਦੂ ਦੀਆਂ ਇਨਕਲਾਬੀ ਨਜ਼ਮਾਂ ਦੀ ਪੁਸਤਕ 'ਸ਼ੇਰ-ਏ-ਹਿੰਦ' ਨਾਂ ਹੇਠ ਛਪਵਾਈ ਜੋ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈ। ਉਹ ਕਾਂਗਰਸ ਦੇ ਜਲਸਿਆਂ ਵਿਚ ਆਪਣੀਆਂ ਲਿਖੀਆਂ ਇਨਕਲਾਬੀ ਕਵਿਤਾਵਾਂ ਪੜ੍ਹਦੇ:

ਵਤਨ ਦੀ ਲਾਜ ਰੱਖੀ
ਲਾਲਾ ਲਾਜਪਤ ਨੇ,
ਸੋਇਆ ਵਤਨ ਜਗਾਇਆ
ਭਗਤ ਸਿੰਘ ਦੱਤ ਨੇ।

*ਬਚਪਨ ਵਿਚ ਬਾਵਾ ਬਲਵੰਤ ਦੇ ਸਿਰ 'ਤੇ ਲੰਮੀਆਂ-ਲੰਮੀਆਂ ਜਟਾਂ ਹੋ ਗਈਆਂ ਜਿਸ ਕਰ ਕੇ ਸਾਰੇ ਪਿੰਡ ਵਾਲੇ ਉਨ੍ਹਾਂ ਨੂੰ 'ਬਾਵਾ ਬਾਵਾ' ਕਹਿ ਕੇ ਬੁਲਾਉਂਦੇ ਸਨ। ਭਾਵੇਂ ਉਨ੍ਹਾਂ ਨੂੰ ਮਾਂ ਅਤੇ ਲੋਕਾਂ ਵਲੋਂ ਰੱਖੇ ਦੋਵੇਂ ਨਾਂ ਪਸੰਦ ਨਹੀਂ ਸਨ ਪਰ ਉਹ ਆਪ ਬਾਵਾ ਸ਼ਬਦ ਨਾਲੋਂ ਆਪਣੇ-ਆਪ ਨੂੰ ਅਲੱਗ ਨਹੀਂ ਕਰ ਸਕੇ। ਇਸੇ ਕਰ ਕੇ ਖੁਦ ਰੱਖੇ ਆਪਣੇ ਪਸੰਦੀਦਾ ਨਾਮ ਬਲਵੰਤ ਰਾਏ ਸ਼ਰਮਾ ਦੇ ਬਾਵਜੂਦ ਸਾਹਿਤਕ ਜਗਤ ਵਿਚ ਬਾਵਾ ਬਲਵੰਤ ਦੇ ਨਾਂ ਨਾਲ ਜਾਣੇ ਗਏ। ਉਨ੍ਹਾਂ ਦੀ ਉਮਰ ਹਾਲੇ ਚਾਰ ਸਾਲਾਂ ਦੀ ਹੀ ਸੀ ਜਦੋਂ ਇਨ੍ਹਾਂ ਦੇ ਪਿਤਾ ਜੀ ਨੇ ਰੁਜ਼ਗਾਰ ਦੀ ਤਲਾਸ਼ ਵਿਚ ਪਿੰਡ ਨੂੰ ਛੱਡ ਕੇ ਅੰਮ੍ਰਿਤਸਰ ਦੇ ਬਾਜ਼ਾਰ ਕਟੜਾ ਮੋਹਰ ਸਿੰਘ ਵਿਚ ਵੈਦਗਿਰੀ ਦੀ ਦੁਕਾਨ ਖੋਲ੍ਹ ਲਈ। ਬਾਵਾ ਬਲਵੰਤ ਨੂੰ ਦੇਸ਼ ਪਿਆਰ ਦਾ ਜਜ਼ਬਾ ਇਥੋਂ ਹੀ ਮਿਲਿਆ।*





ਬਾਵਾ ਬਲਵੰਤ ਇਨਕਲਾਬੀ ਸਾਹਿਤ ਦਾ ਅਧਿਐਨ ਕਰਦੇ ਅਤੇ 'ਕਿਰਤੀ' ਰਸਾਲੇ ਰਾਹੀਂ ਉਸ ਸਮੇਂ ਦੇ ਵੱਡੇ ਕ੍ਰਾਂਤੀਕਾਰੀਆਂ ਲਾਲਾ ਹਰਦਿਆਲ, ਹੀਰਾ ਸਿੰਘ ਦਰਦ, ਅਰਜਨ ਸਿੰਘ ਗੜਗੱਜ, ਰਾਸ ਬਿਹਾਰੀ ਬੋਸ, ਭਗਤ ਸਿੰਘ ਤੇ ਅਜੀਤ ਸਿੰਘ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। ਇਸੇ ਦੌਰਾਨ ਉਨ੍ਹਾਂ ਨੇ ਮਾਰਕਸ, ਏਂਗਲਜ਼, ਲੈਨਿਨ ਦੀਆਂ ਕਿਤਾਬਾਂ ਦਾ ਮੁਤਾਲਿਆ ਕੀਤਾ ਜਿਸ ਦਾ ਅਸਰ ਉਨ੍ਹਾਂ ਦੀ ਕ੍ਰਾਂਤੀਕਾਰੀ ਕਵਿਤਾ ਵਿਚੋਂ ਸਾਫ ਨਜ਼ਰ ਆਉਂਦਾ ਹੈ।

ਆਪਣੀਆਂ ਆਰਥਿਕ ਲੋੜਾਂ ਲਈ ਉਨ੍ਹਾਂ ਨੂੰ ਕਈ ਨਿੱਕੇ-ਨਿੱਕੇ ਕੰਮ ਕਰਨੇ ਪਏ। ਗੱਤੇ ਦੇ ਡੱਬੇ ਬਣਾਉਣ ਤੋਂ ਲੈ ਕੇ ਲਿਫਾਫੇ ਬਣਾਉਣ, ਸੂਤ ਦੀ ਰੰਗਾਈ ਦਾ ਕੰਮ, ਖੱਦਰ ਦੀਆਂ ਟੋਪੀਆਂ ਬਣਾਉਣ ਦਾ ਕੰਮ ਕੀਤਾ ਪਰ ਉਹ ਕਿਸੇ ਵੀ ਕੰਮ ਵਿਚ ਆਪਣਾ ਪੂਰਾ ਧਿਆਨ ਨਾ ਲਾ ਸਕੇ ਕਿਉਂਕਿ ਕਵਿਤਾ ਲਿਖਣ ਤੇ ਸਾਹਿਤ ਪੜ੍ਹਨ ਦੀ ਚੇਸ਼ਟਾ ਨੇ ਉਨ੍ਹਾਂ ਦੀਆਂ ਰੁਚੀਆਂ ਨੂੰ ਇਸ ਕੰਮ ਦਾ ਰਾਹਗੀਰ ਨਹੀਂ ਬਣਨ ਦਿੱਤਾ।

ਬਾਵਾ ਬਲਵੰਤ ਦੀ ਕਾਵਿ ਦ੍ਰਿਸ਼ਟੀ ਦਾ ਕੇਂਦਰੀ ਸਰੋਕਾਰ ਮਨੁੱਖੀ ਸਮਾਜ ਤੇ ਨਿਜ਼ਾਮ ਦੀ ਬਿਹਤਰੀ ਨਾਲ ਹੈ। ਉਹ ਸਮਾਜਵਾਦੀ ਚੇਤਨਾ ਦਾ ਧਾਰਨੀ ਹੋਣ ਕਾਰਨ ਉਹ ਮਿਹਨਤਕਸ਼ ਆਵਾਮ ਨੂੰ ਜਾਗ੍ਰਿਤ ਕਰਨ ਲਈ ਸਾਹਿਤ ਰਚਨਾ ਨੂੰ ਮਾਧਿਅਮ ਬਣਾਉਂਦਾ ਹੈ। ਉਹ ਜਿਥੇ ਸਾਮਰਾਜੀ ਤੇ ਸਰਮਾਏਦਾਰੀ ਨਿਜ਼ਾਮ ਦੀ ਜਾਬਰ ਅਤੇ ਹਿੰਸਕ ਪ੍ਰਵਿਰਤੀ ਦਾ ਪਰਦਾਫਾਸ਼ ਕਰਦਾ ਹੈ, ਉਥੇ ਜਾਗੀਰਦਾਰੀ ਪ੍ਰਬੰਧ ਦੀ ਫੋਕੀ ਨੈਤਿਕਤਾ ਵਿਰੁਧ ਵੀ ਆਪਣੇ ਵਿਚਾਰਾਂ ਦਾ ਸੰਚਾਰ ਕਰਦਾ ਹੈ।

ਬਾਵਾ ਬਲਵੰਤ ਇਸਤਰੀ ਦੀ ਸੁਤੰਤਰਤਾ ਦੇ ਪ੍ਰਸੰਗ ਵਿਚ ਮਾਰਕਸਵਾਦੀ ਦ੍ਰਿਸ਼ਟੀ ਤੋਂ ਸਮਾਜਕ ਚੇਤਨਤਾ ਅਧੀਨ ਪਿਆਰ ਦੇ ਅਨੁਭਵ




ਨੂੰ ਪੇਸ਼ ਕਰਨ ਵਾਲਾ ਕਵੀ ਹੈ, ਉਹ ਸਰਮਾਏਦਾਰੀ ਨਿਜ਼ਾਮ ਉਤੇ ਕਟਾਖਸ਼ ਕਰਦਾ ਹੈ ਜਿਸ ਨੇ ਇਸਤਰੀ ਨੂੰ ਸਿਰਫ ਭੋਗ ਦੀ ਵਸਤ ਤੱਕ ਸੀਮਤ ਕਰ ਦਿੱਤਾ। ਇਸ ਭੋਗ ਦੇ ਮੁਕਾਬਲੇ ਦੇ ਉਪਰ ਬਾਵਾ ਬਲਵੰਤ ਔਰਤ ਅਤੇ ਮੁਹੱਬਤ ਨੂੰ ਇਕ ਸਮਾਜਿਕ ਸਰੋਕਾਰ ਬਣਾ ਕੇ ਪੇਸ਼ ਕਰਦਾ ਹੈ।

ਚਕਵੀ ਚਕਵੇ ਦਾ ਮਿਲਣਾ ਹੈ,
ਰਾਤ ਜੁਦਾਈਆਂ ਵਾਲੀ,
ਅੰਮ੍ਰਿਤ ਬਣ ਜਾਂਦੀ ਹੈ,
ਆਖਰ ਬਿਰਹੋਂ ਜ਼ਹਿਰ ਪਿਆਲੀ।

---

ਕੀ ਦੁਨੀਆ ਖੋਹੇਗੀ ਤੈਨੂੰ,
ਕੀ ਇਹ ਦਰਦੀ ਤੇਰੇ?
ਤੂੰ ਹੈਂ ਭਾਗਭਰੀ ਦੇ ਵਾਂਗੂ,
ਹਰ ਇਕ ਗੀਤ 'ਚ ਮੇਰੇ।

ਬਾਵਾ ਬਲਵੰਤ ਦਾ ਦੇਹਾਂਤ ਪੰਜਾਬੀ ਸਾਹਿਤ ਦੀ ਭਿਆਨਕ ਤ੍ਰਾਸਦੀ ਆਖਿਆ ਜਾ ਸਕਦਾ ਹੈ। ਸਾਦਾ ਪਹਿਰਾਵਾ ਤੇ ਖਾਣ-ਪੀਣ ਦੀ ਸਾਦਗੀ ਵਾਲੇ ਬਾਵਾ ਬਲਵੰਤ 1972 ਵਿਚ ਲੂਅ ਲੱਗਣ ਕਾਰਨ ਚਲ ਵਸੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਅਕਤੂਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-450



*ਟਰੈਕਟਰ ਅਤੇ ਟਰਾਲੀ ਨੇ ਹੁਣ ਥਾਂ ਏਸ ਦੀ ਮੱਲੀ।
ਥੋੜ੍ਹੇ ਚਿਰ ਤੱਕ ਭੁੱਲ ਜਾਣੇ ਨੇ ਰੰਬਾ, ਦਾਤੀ, ਪੱਲੀ।
ਵੇਂਹਦੇ ਵੇਂਹਦੇ ਪੈ ਗਿਆ ਦੇਖੋ ਪਾੜਾ ਕਿੱਡਾ ਵੱਡਾ।
ਘਰ ਦੀ ਨੁੱਕਰੇ ਸ਼ੋਅਪੀਸ ਬਣ ਕੇ ਰਹਿ ਗਿਆ ਗੱਡਾ।*

## ਕੈਪਸ਼ਨ ਮੁਕਾਬਲਾ-448



ਬੈਠਾ ਬਾਪੂ ਸੋਚਾਂ ਦੇ ਵਿਚ
ਬੀਤ ਚੁਕੇ ਵੱਲ ਧਿਆਨ ਲਗਾ ਕੇ।
ਪਿਛਲਾ ਸਾਰਾ ਵਧੀਆ ਲੰਘਿਆ
ਹਾਣਦਿਆਂ ਨਾਲ ਢੋਲੇ ਗਾ ਕੇ।
ਆਉਣ ਵਾਲੇ ਦਾ ਫਿਕਰ ਸਤਾਉਂਦਾ
ਖੁਸ਼ੀ ਨਾ ਮਨ ਵਿਚ ਆਉਂਦੀ ਚਾਹ ਕੇ।
ਹਰ ਦਿਨ ਲੰਘਦਾ ਜੁਗੜਿਆਂ ਜੇਡਾ
ਰਾਤ ਵੀ ਲੰਘਦੀ ਸਦਾ ਡਰਾ ਕੇ।

**-ਕੇਵਲ ਸਿੰਘ ਪੰਧੇਰ**

---

ਧੁਰਾ ਹੁੰਦਾ ਸੀ ਘਰ-ਬਾਹਰ,
ਆਇਆ ਬੁਢਾਪਾ, ਖੁਸ ਗਈ ਸਰਦਾਰੀ।
ਸੰਗੀ, ਸਾਥੀ, ਹਾਣੀ ਤੁਰ ਗਏ,
ਧੀ-ਪੁੱਤਰ ਰੁੱਝੇ ਹਨ ਕਬੀਲਦਾਰੀ।
ਰਹਿ ਗਿਆ 'ਕੱਲਾ, 'ਕੱਲ ਖਾਣ ਨੂੰ ਆਵੇ,
ਪੱਲੇ ਰਹਿ ਗਈ ਪਹਿਰੇਦਾਰੀ।

**-ਦਵਿੰਦਰ ਕੌਰ**

---

ਬਾਪੂ ਬੈਠਾ ਦਰਵਾਜੇ 'ਤੇ
ਸੋਚਾਂ ਵਿਚ ਪਿਆ ਲੱਗੇ।
ਸਾਰੇ ਤੁਰ ਗਏ ਹਾਣੀ ਲੱਗਦਾ
ਹੁਣ ਕੋਈ ਲੱਭਿਆਂ ਵੀ ਨਾ ਲੱਭੇ।
ਪਿੰਡ ਦੀਆਂ ਸੱਥਾਂ ਸੁੰਨੀਆਂ ਹੋਈਆਂ
ਨਾਲੇ ਸੁੰਨੇ ਗਲੀ-ਮੁਹੱਲੇ।
ਕੁਝ ਤੁਰ ਗਏ ਪਰਦੇਸਾਂ ਨੂੰ
ਕੁਝ ਜਾ ਸ਼ਹਿਰੀ ਡੇਰੇ ਮੱਲੇ।

**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਬਿਖਰ ਗਿਆ ਪਰਿਵਾਰ ਹੈ ਸਾਰਾ,
ਹੋਏ ਆਪਣੇ, ਆਪਣੇ ਥਾਂਈਂ।
ਪੁੱਤ ਤੁਰ ਗਏ ਪਰਦੇਸ ਢਿੱਡ ਖਾਤਿਰ,
ਧੀਆਂ ਤੁਰ ਸਹੁਰੀਂ ਜਾਈਂ।
ਬਾਪੂ ਬਿਸ਼ਨ ਸਿਹੁੰ ਬਹਿ ਕੇ ਦਰ 'ਤੇ
ਹੋਕਾ ਦਿੰਦਾ ਸੁਣਾ ਲੁਕਾਈ।
'ਕੱਲੇ ਆਏ ਬਈ 'ਕੱਲਿਆਂ ਜਾਣਾ,
ਕਦੇ ਕਿਸੇ ਨਾ ਤੋੜ ਨਿਭਾਈ।

**-ਸੇਵਾ ਸਿੰਘ ਨੂਰਪੁਰੀ**

---

ਰੋਟੀ-ਪਾਣੀ, ਛਕ-ਛਕਾ ਕੇ
ਥੜ੍ਹੇ ਦੇ ਉਪਰ ਆ ਬੈਠੇ ਹਾਂ।
ਕੋਈ ਤਾਂ ਬੇਲੀ ਆਉਂਦਾ ਹੋਊ
ਰਾਹ 'ਤੇ ਅੱਖਾਂ ਲਾ ਬੈਠੇ ਹਾਂ।

**-ਜਗਮੀਤ ਸਿੰਘ ਪੰਧੇਰ**

---

ਅਜੇ ਵੀ ਤੇਰੀ ਉਡੀਕ ਹੈ ਬਾਕੀ,
ਥੋੜ੍ਹੀ ਉਮੀਦ, ਥੋੜ੍ਹੀ ਆਸ ਹੈ ਬਾਕੀ।
ਕਈ ਸਾਲ ਪਹਿਲਾਂ ਭੇਜੇ ਪੁੱਤ ਦੀ
ਵਿਦੇਸ਼ ਤੋਂ ਆਉਣ ਦੀ ਝਾਕ ਹੈ ਬਾਕੀ।

**-ਇੰਦਰਜੀਤ ਮੰਗਾ, ਪਿਟਸਬਰਗ**

---

ਸਾਦਾ ਰਹਿਣ ਸਹਿਣ,
ਉਚ ਕੋਟੀ ਹੁੰਦੇ ਵਿਚਾਰ ਬਜੁਰਗਾਂ ਦੇ।
ਵਿਚ ਬਿਪਤਾ, ਨਾ ਡੋਲਣ ਦਿੰਦੇ,
ਦਿੱਤੇ ਹੋਏ ਸੰਸਕਾਰ ਬਜੁਰਗਾਂ ਦੇ।
ਕਲਯੁੱਗੀ ਔਲਾਦ ਤੋਂ ਡਰਦੇ, ਹੁਣ
ਬਜੁਰਗ ਦੱਬੀ ਰੱਖਦੇ ਨੇ ਅਵਾਜ਼ ਨੂੰ।
ਘਰਾਂ ਵਿਚ ਬਜੁਰਗ ਬਚਾ ਲੋ ਲੋਕੋ,
ਜੇ ਬਚਾਉਣਾ ਏ ਸਮਾਜ ਨੂੰ।

**-ਵਿਨੋਦ ਗਰਗ, ਬਰਨਾਲਾ**

---

ਕਿਸੇ ਵੇਲੇ ਖੜਕਦਾ ਸੀ ਖੂੰਡਾ ਮੇਰਾ।
ਇਕੱਲ ਨੂੰ ਝੱਲ ਰਿਹਾਂ, ਕਰਕੇ ਜੇਰਾ।
ਬਹੁਤਿਆਂ ਨਾਲੋਂ ਫਿਰ ਵੀ ਚੰਗਾ ਹਾਂ,
ਆਸ਼ਰਮ ਨਹੀਂ ਬਣਿਆਂ ਰੈਣ-ਬਸੇਰਾ।

**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

---

ਝੂਰ ਰਿਹਾ ਲਾਣੇਦਾਰ
ਵਧੀਆ ਸੀ ਬੀਤਿਆ ਵੇਲਾ
ਝੱਲ ਨਹੀਂ ਹੁੰਦਾ ਹੁਣ ਇਕੱਲ ਦਾ ਸੱਲ੍ਹ।
ਬਾਣੀ ਦਾ ਲਈਏ ਓਟ ਆਸਰਾ
ਕਰੋਨੇ ਨੂੰ ਪੈ ਜਾਏ ਠੱਲ੍ਹ।
ਅਜੇ ਵੀ ਮੋਹ ਮਾਇਆ ਨਾ ਤਿਆਗੇ
ਕਿਉਂ ਬੇ-ਸਬਰਾ ਹੋਇਆ ਬੰਦਾ?
ਭੈੜੇ ਸੁਭਾਅ ਹੋ ਗਏ ਲੋਕਾਂ ਦੇ
ਵਿਹਲੜਾਂ ਨੂੰ ਕੋਈ ਕੰਮ ਨਾ ਧੰਦਾ।

**-ਅਮਰਜੀਤ ਸਿੰਘ ਤੂਰ**

---

ਸਮਾਜਕ ਵਖਰੇਵੇਂ ਦੂਣੇ-ਚੌਣੇ ਹੋਏ
ਪਰਿਵਾਰਕ ਇਕੱਠ ਖੇਰੂੰ ਖੇਰੂੰ।
ਚਾਵਾਂ ਮਲ੍ਹਾਰਾਂ ਨਾਲ ਪਾਲੀ ਔਲਾਦ
ਅੱਖਾਂ ਤੋਂ ਦੂਰ, ਅੱਜ ਭੁੱਲੀ ਬਾਪ ਨੂੰ।
ਚਹੁੰ ਬੰਦਿਆਂ 'ਚ ਬੈਠਾ ਸਿਰ ਸੀ ਉਚਾ
ਬੈਠਾ ਗਲਤਾਨ ਸੋਚਾਂ 'ਚ ਅੱਜ ਡੁੱਬਿਆ,
ਕਰ ਕਰ ਬੀਤਿਆ ਯਾਦ।
ਅੱਜ ਓਹੀ ਔਲਾਦ ਖੁਦਗਰਜ਼ ਹੋਈ।
ਸੋਚੇ, ਮਰੇ ਬੁੜ੍ਹਾ, ਘਰ-ਬਾਰ ਕਾਬੂ ਕਰੀਏ।

**-ਦਰਸ਼ਨਪਾਲ ਦੋਸਾਂਝ**

# ਕਬੱਡੀ ਦੇ ਅੰਗ-ਸੰਗ ਬਲਿਹਾਰ ਰੰਧਾਵਾ

ਪੰਜਾਬੀ ਖੇਡ ਸਾਹਿਤ 9



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਬਲਿਹਾਰ ਸਿੰਘ ਰੰਧਾਵਾ ਕਵੀ ਵੀ ਹੈ ਤੇ ਵਾਰਤਕਕਾਰ ਵੀ। ਉਹਨੇ ਕਾਵਿ-ਨਾਟਕ, ਗੀਤ-ਸੰਗ੍ਰਿਹ, ਕਾਵਿ-ਸੰਗ੍ਰਿਹ ਤੇ ਮਹਾਂ-ਕਾਵਿ ਲਿਖਣ ਦੇ ਨਾਲ 'ਕਬੱਡੀ ਦੇ ਅੰਗ-ਸੰਗ' ਅਤੇ 'ਖੇਡ ਮੇਲਿਆਂ ਦੇ ਅੰਗ-ਸੰਗ' ਦੋ ਪੁਸਤਕਾਂ ਖੇਡ ਸਾਹਿਤ ਦੀਆਂ ਵੀ ਲਿਖੀਆਂ। ਉਹਦਾ ਪਿੰਡ ਹਰੀਪੁਰ ਖਾਲਸਾ ਹੈ ਤੇ ਉਹ ਲੰਮੇ ਸਮੇਂ ਤੋਂ ਇੰਗਲੈਂਡ ਰਹਿੰਦਾ ਹੈ। ਉਹਦਾ ਵਿਸ਼ਵਾਸ ਹੈ ਕਿ ਕਿਸੇ ਵੀ ਕੌਮ ਦੀ ਆਨ ਤੇ ਸ਼ਾਨ ਉਸ ਦੇ ਬਲਵਾਨ ਜੁੱਸਿਆਂ ਨਾਲ ਹੀ ਹੁੰਦੀ ਹੈ। ਜਿਸ ਕੌਮ ਦੇ ਜੁੱਸੇ ਨਰੋਏ ਨਹੀਂ, ਉਸ ਕੌਮ ਦੀ ਅਣਖ ਵੀ ਨਰੋਈ ਨਹੀਂ ਰਹਿ ਸਕਦੀ। ਕਬੱਡੀ ਪੰਜਾਬੀਆਂ ਦੇ ਸ਼ਾਨਾਂਮੱਤੇ ਵਿਰਸੇ ਦੀ ਬਾਤ ਪਾਉਂਦੀ ਹੈ। ਕਬੱਡੀ ਖੇਡਦਿਆਂ, ਵੇਖਦਿਆਂ, ਹਰ ਪੰਜਾਬੀ ਦਾ ਲਹੂ ਉਬਾਲੇ ਖਾਣ ਲੱਗਦਾ ਹੈ। ਅਣਖ ਜਾਗਦੀ ਹੈ, ਵਿਰੋਧੀ ਨੂੰ ਵੰਗਾਰਦਾ, ਧਾਵਾ ਕਰਦਾ ਤੇ ਧਾਵਾ ਕਰਨ ਆਏ ਧਾਵੀ ਨੂੰ ਫੜਦਾ ਹੈ। ਕਬੱਡੀ ਦੀ ਖੇਡ ਵਿਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਮਹਿਸੂਸ ਹੁੰਦੀ ਹੈ। ਰੰਧਾਵੇ ਦੀ ਕਾਵਿ-ਮਈ ਵਾਰਤਕ ਅਤੇ ਨਿਵੇਕਲੀ ਖੇਡ ਸ਼ੈਲੀ ਪਾਠਕ ਨੂੰ ਕਬੱਡੀ ਦੇ ਜਾਫੀ ਵਾਂਗ ਜੱਫਾ ਪਾ ਬਹਿੰਦੀ ਹੈ। ਉਹ ਪੰਜਾਬੀ ਖੇਡ ਸਾਹਿਤ ਦਾ ਛੁਪਿਆ ਰੁਸਤਮ ਹੈ। ਉਸ ਨੇ ਕਬੱਡੀ ਦੀ ਖੇਡ ਤੇ ਖਿਡਾਰੀਆਂ ਦੀਆਂ ਬੇਸ਼ੁਮਾਰ ਬਾਤਾਂ ਪਾਈਆਂ ਹਨ। ਪੇਸ਼ ਹਨ, ਪੁਸਤਕ ਦੇ ਕੁਝ ਅੰਸ਼:

ਪੰਜਾਬ ਦਾ ਅਲਬੇਲਾ ਕਵੀ ਪੂਰਨ ਸਿੰਘ ਆਪਣੇ ਕਾਵਿ ਸੰਗ੍ਰਿਹ 'ਖੁੱਲ੍ਹੇ ਮੈਦਾਨ' ਵਿਚ ਲਿਖਦਾ ਹੈ,

ਉਹ ਨੇਜ਼ੇਬਾਜ਼ੀਆਂ ਵਿਆਹਾਂ 'ਤੇ
ਉਹ ਰੰਗ ਬਰੰਗ ਦੀਆਂ ਚੋਚਲਾਂ
ਉਹ ਖੇਡਾਂ ਉਹ ਕੌਡੀਆਂ,
ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖੁਸ਼ੀ ਦੀਆਂ।
ਉਹ ਦਰਿਆਵਾਂ ਦਾ ਨਹਾਉਣ ਜਾਣਾ ਢੋਲਕੀਆਂ ਵੱਜਦੇ
ਉਹ ਸੌਂਚੀਆਂ, ਉਹ ਕੁਸ਼ਤੀਆਂ, ਅਖਾੜੇ ਤੇ ਕਬੱਡੀਆਂ।
...ਸਭ ਜੀਣ ਦਾ ਚਾਅ, ਹੋਣ ਦਾ ਮਾਣ, ਥੀਣ ਦਾ ਨਸ਼ਾ ਕਿਥੇ!


ਕਵੀ ਵੱਲੋਂ ਅਤੀਤ ਦੀਆਂ ਯਾਦਾਂ ਨੂੰ ਸ਼ਬਦਾਂ ਦੇ ਪੰਘੂੜੇ ਵਿਚ ਪਾ ਕੇ ਦਿੱਤੀਆਂ ਲੋਰੀਆਂ ਤੋਂ ਸਿੱਧ ਹੁੰਦਾ ਹੈ ਕਿ ਕਬੱਡੀ ਪੰਜਾਬੀਆਂ ਦੀ ਮਨ ਦੇ ਚਾਵਾਂ ਵਿਚ ਭਿੱਜ ਕੇ ਖੇਡੀ ਜਾਣ ਵਾਲੀ ਖੇਡ ਹੈ। ਇਸ ਖੇਡ ਦਾ ਇਤਿਹਾਸ ਵੀ ਪੰਜਾਬੀ ਸਭਿਆਚਾਰ ਜਿੰਨਾ ਹੀ ਪੁਰਾਣਾ ਹੋਵੇਗਾ। ਵਾਰਤਕ ਲਿਖਦਿਆਂ ਨਵੇਲੇ-ਰੂਪ ਸ਼ਬਦ ਦਾ ਅੱਖੜਪਣ ਬੇਸ਼ਕ ਪੁੱਗ ਜਾਂਦਾ ਹੈ, ਪਰ ਕਵਿਤਾ?...ਉਹ ਵੀ ਪੂਰਨ ਸਿੰਘ ਵਰਗੇ ਰਾਗ-ਰੂਹ ਦੇ ਸੁਆਮੀ ਦੀ? ਲਾਜ਼ਮੀ ਤੌਰ 'ਤੇ ਦਹਾਕਿਆਂ ਤੋਂ ਕੀ, ਸਦੀਆਂ ਤੋਂ ਲੋਕਾਂ ਦੀ ਜ਼ਬਾਨ 'ਤੇ ਰੱਟ ਹੁੰਦਾ ਆ ਰਿਹਾ ਕਬੱਡੀ ਸ਼ਬਦ, ਲੋਕ ਕਵੀ ਪੂਰਨ ਸਿੰਘ ਦੀ ਨਿਵੇਕਲੀ ਕੈਫੀਅਤ ਦੇ ਹਾਣ ਦਾ ਬਣਿਆ ਹੋਣੈ ਤੇ ਉਹ ਵੀ ਅੱਜ ਤੋਂ ਅੱਸੀ ਨੱਬੇ ਵਰ੍ਹੇ ਪਹਿਲਾਂ। ਧਾਵੀ ਦਾ ਸ਼ਾਬਦਕ ਅਰਥ ਹੈ, ਧਾਵਾ ਕਰਨ ਵਾਲਾ, ਹਮਲਾ ਕਰਨ ਵਾਲਾ ਹਮਲਾਵਰ। ਹਿੰਦੋਸਤਾਨ ਹਜ਼ਾਰਾਂ ਵਰ੍ਹੇ ਵਿਦੇਸ਼ੀ ਹਮਲਾਵਰਾਂ ਦੀ ਲਤਾੜਗਾਹ ਰਿਹਾ ਹੈ। ਸੰਨ 1521 'ਚ ਬਾਬਰ ਦੇ ਦੂਜੇ ਹਮਲੇ ਤੋਂ ਲੈ ਕੇ 1799 'ਚ ਅਬਦਾਲੀ ਦੇ ਪੋਤਰੇ ਤਕ ਪੌਣੇ ਤਿੰਨ ਸੌ ਸਾਲ ਦਾ ਇਤਿਹਾਸ ਵੀ ਜੇ ਵੇਖੀਏ ਤਾਂ ਸਾਨੂੰ ਸਿਕੰਦਰ ਤੋਂ ਭਾਵ ਦੋ ਹਜ਼ਾਰ ਸਾਲ ਪਹਿਲਾਂ ਦੇ ਹਿੰਦੋਸਤਾਨ 'ਤੇ ਹੋਏ ਹਮਲਿਆਂ ਦੌਰਾਨ ਹਮਲਾਵਰਾਂ ਦੇ ਵਰਤਾਰੇ ਦਾ ਪਤਾ ਚੱਲ ਜਾਵੇਗਾ। ਸਭ ਜੋਰੀ ਦਾਨ ਮੰਗਦੇ ਰਹੇ।

ਇਤਿਹਾਸ ਦਾ ਵੇਗ ਤੇ ਭੂਗੋਲਿਕ ਸਥਿਤੀ ਦਾ ਇਤਫਾਕ ਆਖ ਲਓ ਕਿ ਪੰਜਾਬੀਆਂ ਦੀ ਮਾਨਸਿਕਤਾ ਹਮਲਾ ਕਰੂ ਦੀ ਥਾਂ ਹਮਲਾ ਰੋਕੂ ਵਧੇਰੇ ਹੋ ਗਈ। ਹਮਲਾ ਰੋਕੂ ਤਿਆਰੀ ਲਈ ਅਭਿਆਸ ਦੀ ਲੋੜ ਸੀ, ਜਿਹਦੇ ਤੋਂ ਹੋਲੇ-ਮਹੱਲੇ ਦੀ ਪ੍ਰਥਾ ਸ਼ੁਰੂ ਹੋਈ। ਹੱਲਾ ਤੇ ਮੁੜਵਾਂ ਹੱਲਾ ਯਾਨਿ ਹੋਲਾ-ਮਹੱਲਾ ਜੰਗ ਦਾ ਹੀ ਨਾਟਕੀ ਰੂਪ ਹੈ। ਕਬੱਡੀ ਵੀ ਹੋਲੇ-ਮਹੱਲੇ ਦਾ ਸਮ-ਵਰਗੀ ਨਾਟਕੀ ਅਭਿਆਸ ਹੀ ਹੈ।

ਮੈਂ ਕਬੱਡੀ ਨੂੰ ਨਿਰਸੰਦੇਹ ਯੁੱਧ ਦੇ ਨਾਟਕੀ ਅਭਿਆਸ ਵਜੋਂ ਹੋਂਦ ਵਿਚ ਆਈ ਖੇਡ ਸਮਝਦਾ ਹਾਂ। ਸਮੇਂ ਦੇ ਬਦਲ ਜਾਣ ਨਾਲ ਹੁਣ ਕਬੱਡੀ ਨਿਰੀ ਪੁਰੀ ਖੇਡ ਦ੍ਰਿਸ਼ਟੀ ਤੋਂ ਖੇਡੇ ਜਾਣ ਵਾਲੀ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਬਣ ਗਈ ਹੈ। ਇਸ ਖੇਡ ਦੇ ਜਾਫੀ ਰੂਪ ਬਾਰੇ ਤਾਂ ਮੈਂ ਇੰਨਾ ਹੀ ਆਖਣਾ ਚਾਹਾਂਗਾ ਕਿ ਖਿਡਾਰੀ ਆਪਣੇ ਵਿਰਸੇ ਦੀਆਂ ਮਾਨਤਾਵਾਂ ਨੂੰ ਯਾਦ ਰੱਖਣ। ਪਿੱਛਿਓਂ ਵਾਰ ਨਹੀਂ ਕਰਨਾ। ਜੋ ਜਾਫੀ ਦੌੜੇ ਜਾਂਦੇ ਧਾਵੀ ਦੇ ਪਿੱਛਿਓਂ ਉਡਵੀਂ ਕੈਂਚੀ ਲਾਉਂਦੇ ਹਨ, ਇਹ ਨਿਹਾਇਤ ਮਾੜੀ ਗੱਲ ਹੈ। ਲੱਤੀਂ ਡਿੱਗਣਾ ਹਿੰਮਤ ਹਾਰਿਆਂ ਦੀ ਅਵੱਸਥਾ ਹੈ। ਬੇਸ਼ੱਕ ਕਬੱਡੀ ਦੇ ਹੁਣ ਬਹੁਤੇ ਜਾਫੀ ਇਸ ਦਾਅ ਦਾ ਹੀ ਵਧੇਰੇ ਫਾਇਦਾ ਲੈਂਦੇ ਹਨ, ਉਪਰੋਂ ਫੜਨ ਵਾਲਿਆਂ ਦੇ ਮੁਕਾਬਲੇ ਲੱਤੀਂ ਪੈਣਿਆਂ ਦੇ ਨੰਬਰ ਵੀ ਜ਼ਿਆਦਾ ਜੁੜ ਜਾਂਦੇ ਨੇ, ਪਰ ਖੇਡ ਦੇ ਮਿਆਰ ਦਾ ਕੀ ਬਣੇਗਾ?

ਕਬੱਡੀ ਦੇ ਇਤਿਹਾਸ ਵਿਚ ਬਗਲਾਂ ਭਰ ਕੇ ਜਾਂ ਗੁੱਟ ਫੜ ਕੇ ਧਾਵੀ ਨੂੰ ਰੋਕਣ ਵਾਲੇ ਜਾਫੀਆਂ ਦਾ ਜੋ ਮੁਕਾਮ ਰਿਹਾ ਹੈ ਜਾਂ ਰਹੇਗਾ, ਚੋਰ ਜੱਫਿਆਂ ਵਾਲੇ ਕਦੇ ਵੀ ਉਸ ਦੇ ਨੇੜੇ ਨਹੀਂ ਫਟਕ ਸਕਦੇ।







*ਬਲਿਹਾਰ ਸਿੰਘ ਰੰਧਾਵਾ ਅਤੇ ਉਨ੍ਹਾਂ ਦੀ ਪੁਸਤਕ ਦਾ ਮੁਖੜਾ*

ਕਿਸੇ ਵੀ ਖੇਡ ਦੀ ਰੌਚਕਤਾ ਬਣਾਈ ਰੱਖਣ ਦੇ ਕੁਝ ਲੱਛਣ ਹੁੰਦੇ ਨੇ, ਹਰਕਤਾਂ ਹੁੰਦੀਆਂ ਨੇ, ਜੋ ਖੇਡ ਦਰਸ਼ਕਾਂ ਨੂੰ ਅਨੰਦ ਦੰਦੀਆਂ ਅਤੇ ਖੇਡ ਦਾ ਮੂਲ ਆਧਾਰ ਵੀ ਜਿਉਂਦਾ ਰੱਖਦੀਆਂ ਨੇ।

ਹਜ਼ਾਰਾਂ ਵਰ੍ਹਿਆਂ ਦੇ ਅਥਰੇ ਲਫੇੜਿਆਂ, ਸਿਆਲਾਂ-ਹੁਨਾਲਾਂ, ਮੀਹਾਂ-ਝੱਖੜਾਂ ਤੇ ਪਿਆਰ ਮਜਬੂਰੀਆਂ ਨੇ ਪੰਜਾਬੀਆਂ ਦਾ ਜੋ ਸੁਭਾਅ ਬਣਾਇਆ, ਦਾਇਰੇ ਵਾਲੀ ਕਬੱਡੀ ਉਹਦੇ ਅਨੁਕੂਲ ਹੈ। 'ਕੱਲੇ ਨੂੰ 'ਕੱਲੇ ਦਾ ਟੱਕਰਨਾ ਤੇ ਉਹ ਵੀ ਸਾਹਮਣਿਓਂ। ਹਿੱਕ ਨੂੰ ਹੱਥ ਲਾ ਕੇ ਵੰਗਾਰਨਾ। ਗੁੱਟ ਫੜ ਕੇ ਅਗਲੇ ਨੂੰ ਖੜ੍ਹਾ ਕਰ ਦੇਣਾ। ਥਾਪੀਆਂ ਮਾਰਦੇ ਵਿਰੋਧੀਆਂ ਦੀ ਭੀੜ 'ਚੋਂ ਗਲੀਆਂ ਘੱਤ ਕੇ ਬੁੱਕਦਿਆਂ ਲੰਘ ਜਾਣਾ। ਦਾਬ ਦਿੰਦਿਆਂ ਦਲਾਂ ਨੂੰ ਭਾਜੜਾਂ ਪਾਉਣੀਆਂ। ਡਾਜਾਂ ਮਾਰ ਮਾਰ ਅਫੜਾ ਤਫੜੀਆਂ ਮਚਾਉਣੀਆਂ। ਹਜ਼ਾਰਾਂ ਵਰ੍ਹਿਆਂ ਦੀ ਡਗਰ 'ਤੇ ਵੱਜਦੀ ਆ ਰਹੀ ਡਮਾ-ਡਮ, ਖਗਾ-ਖਗ, ਗਡਾ-ਗਡ ਤੋਂ ਬਣੀ ਹੈ ਕਬੱਡੀ। ਕੌਡੀ ਤੋਂ ਬਣੀ ਕਬੱਡੀ ਜਾਂ ਕੱਟਾ-ਵੱਛੀ ਤੋਂ, ਕੁਝ ਵੀ ਸਮਝੋ, ਕੋਈ ਫਰਕ ਨਹੀਂ ਪੈਂਦਾ। ਪਰ ਹੈ ਇਹ ਖੇਡ ਪੰਜਾਬੀਆਂ ਦਾ ਖਾਸ ਅਮੀਰ ਤੇ ਸ਼ਾਨਾਂ ਮੱਤਾ ਵਿਰਸਾ। ਮੇਰੀ ਮਨੋਕਾਮਨਾ ਹੈ ਕਿ ਚੜ੍ਹਦੇ ਤੋਂ ਲਹਿੰਦੇ ਤਕ ਜਿਥੇ ਵੀ ਪੰਜਾਬੀ ਵਸਦੇ ਹਨ, ਉਹ 'ਹੱਸਣ ਖੇਡਣ ਮਨ ਕਾ ਚਾਓ' ਦੇ ਗੁਰਵਾਕ ਸਦਕਾ ਆਪਣੇ ਵਿਰਸੇ ਨਾਲ ਓਤ-ਪੋਤ ਹੋਏ ਸਮੇਂ ਦੇ ਸੁਲਤਾਨ ਬਣੇ ਰਹਿਣ!

ਮੋੜਾ ਲਾਉਣ ਵਾਲੇ ਵਾਗੀ ਵਾਂਗ ਉਤੋਂ ਦੀ ਗੇੜੀ ਦੇਣ ਵਾਲਾ ਤੇ ਛਾਬੜੀ 'ਚੋਂ ਝਪਟੀ ਮਾਰ ਕੇ ਦੌੜ ਗਏ ਮੁੰਡੇ ਵਾਂਗ ਨੰਬਰ ਲੈ ਕੇ ਹੰਧਿਆਂ ਵੱਲ ਪੱਟਾਂ 'ਤੇ ਥਾਪੀਆਂ ਮਾਰਦਾ ਆਉਣ ਵਾਲਾ ਭਾਵੇਂ ਹੁਸ਼ਿਆਰਪੁਰੀਆ ਤੋਖੀ ਹੋਵੇ, ਭਾਵੇਂ ਬਠਿੰਡੇ ਵਾਲਾ ਕਰਨੈਲ, ਭਾਵੇਂ ਦੇਵੀ ਦਿਆਲ ਲੁਧਿਆਣੀਆ ਤੇ ਭਾਵੇਂ ਹੋਵੇ ਅੱਟੇ ਵਾਲਾ ਦੇਵ। ਪੰਜਾਬੀ ਲੋਕਾਂ ਨੇ ਐਸੇ ਖਿਡਾਰੀਆਂ ਨੂੰ ਸਦਾ ਸਿਰ-ਅੱਖਾਂ 'ਤੇ ਬਿਠਾਇਆ ਅਤੇ ਪੰਜਾਬ ਦੀ ਮਿੱਟੀ ਨੇ ਇਨ੍ਹਾਂ ਬਾਂਕਿਆਂ ਦਾ ਮਾਣ ਕਦੇ ਵੀ ਨਹੀਂ ਰੁਲਣ ਦਿੱਤਾ। ਖਿਡਾਰੀ ਸਿਰਫ ਜਿੱਤਾਂ ਦੇ ਸਿਰ 'ਤੇ ਨਹੀਂ, ਸਗੋਂ ਖੇਡ ਦੇ ਹੁਨਰ ਨਾਲ ਦਰਸ਼ਕਾਂ ਦਾ ਮਹਿਬੂਬ ਬਣਦਾ ਹੈ। ਝਕਾਨੀਆਂ ਦੇਣੀਆਂ, ਧੌਲਾਂ ਮਾਰਨੀਆਂ, ਮੋਢੇ ਛੰਡਣੇ ਤੇ ਜਾਫੀ ਦੀਆਂ ਬਾਹਾਂ ਝਾੜਨੀਆਂ ਆਦਿ ਹੁਨਰ ਵਿਖਾਉਣ ਲਈ ਧਾਵੀ ਨੂੰ ਜਿੰਨੇ ਕੁ ਖੁੱਲ੍ਹੇ ਮੈਦਾਨ ਦੀ ਲੋੜ ਹੁੰਦੀ ਹੈ, ਕਬੱਡੀ ਦਾ ਦਾਇਰਾ ਉਸ ਲੋੜ ਨੂੰ ਪੂਰਾ ਕਰਦਾ ਹੈ।

ਨਛੱਤਰ ਢਾਂਡੀ ਦੀ ਹੁਨਰੀ ਖੇਡ ਨੂੰ ਬਲਵਿੰਦਰ ਫਿੱਡਾ ਵੀ ਮੰਨਦਾ ਸੀ। ਢਾਂਡੀ ਨੇ 'ਕੇਰਾਂ ਫਿੱਡੂ ਨੂੰ ਗੁੱਟ ਤੋਂ ਫੜ ਕੇ ਰੋਕ ਦਿੱਤਾ ਸੀ। ਜਗਤਪੁਰੀਆ ਮੁਖਤਿਆਰ ਸਿੰਘ ਆਖਦਾ ਹੁੰਦਾ ਸੀ ਕਿ ਜੇ ਨਛੱਤਰ ਨਹੀਂ ਆਉਂਦਾ ਤਾਂ ਸਾਡੇ ਪਿੰਡ ਦੇ ਟੂਰਨਾਮੈਂਟ ਦਾ ਅੰਗ ਹੀ ਮਾਰਿਆ ਜਾਂਦਾ ਹੈ। ਰੇਡਰਾਂ ਨੂੰ ਲੱਕ ਤੋਂ ਉਪਰੋਂ ਰੋਕਣ ਵਾਲੇ ਜਾਫੀਆਂ ਦੀ ਗਿਣਤੀ ਭਾਵੇਂ ਸੀਮਤ ਜਿਹੀ ਹੈ ਜਿਵੇਂ ਦਰਸ਼ਨ, ਮਿੰਦੂਰ ਬੋਲਾ, ਸ਼ੰਕਰੀਆ ਘੁੱਗਾ, ਗੁਰਮੇਲ, ਸਵਰਨਾ ਤੇ ਕਵੈਂਟਰੀ ਵਾਲਾ ਕੇਵਲ, ਪਰ ਉਨ੍ਹਾਂ ਦੇ ਹੱਥਾਂ ਦੇ ਕਮਾਏ ਹੋਏ ਸੁੱਚੇ ਹੁਨਰ ਕਬੱਡੀ ਦੇ ਇਤਿਹਾਸ ਵਿਚ ਲੰਮੇ ਸਮੇਂ ਲਈ ਉਕਰੇ ਰਹਿਣਗੇ। ਕਬੱਡੀ ਜੋ ਪੰਜਾਬੀਆਂ ਲਈ ਬੀਰ ਰਸੀ ਖੇਡ ਹੈ, ਇਹ ਹੋਰਨਾਂ ਖੇਡਾਂ ਦੇ ਚੋਟੀ ਦੇ ਖਿਡਾਰੀ ਵੀ ਖੇਡਦੇ ਰਹੇ ਹਨ।

ਕਪੂਰਥਲੀਆ ਪ੍ਰੀਤਾ ਜੈਵਲਿਨ ਥਰੋਅ ਦਾ ਕਈ ਸਾਲ ਨੈਸ਼ਨਲ ਚੈਂਪੀਅਨ ਰਿਹਾ, ਪਰ ਉਹ 'ਆਇਆ ਪ੍ਰੀਤਾ-ਗਿਆ ਪ੍ਰੀਤਾ' ਕਬੱਡੀ ਦੇ ਮੈਦਾਨ ਵਿਚ ਬਣਿਆ। ਜਰਨੈਲ ਪਨਾਮੀਆ ਇੰਡੀਆ ਦੀ ਫੁੱਟਬਾਲ ਟੀਮ ਦਾ ਕਪਤਾਨ ਹੁੰਦਾ ਸੀ, ਪਰ ਕਬੱਡੀ ਵੀ ਉਹਨੇ ਬੜੇ ਸ਼ੌਕ ਨਾਲ ਖੇਡੀ। ਏਸ਼ਿਆਈ ਖੇਡਾਂ ਦਾ ਅਥਲੀਟ ਅਜਮੇਰ ਸਿੰਘ ਵੀ ਕਬੱਡੀ ਰਾਹੀਂ ਦੌੜਾਕ ਬਣਿਆ ਸੀ। ਰੁੜਕੀਆ ਮੋਹਣੀ ਕਾਲਜਾਂ 'ਚ ਕੁਸ਼ਤੀਆਂ ਲੜਿਆ ਕਰਦਾ ਸੀ, ਪਰ ਉਹਦੀ ਪਛਾਣ ਕਬੱਡੀ ਕਰਕੇ ਹੀ ਬਣੀ। ਕਵੈਂਟਰੀ ਵਾਲਾ ਕੇਵਲ ਫੁੱਟਬਾਲ ਛੱਡ ਕੇ ਕਬੱਡੀ ਵੱਲ ਆਇਆ ਸੀ ਤੇ ਉਸ ਨੇ ਸ਼ੰਕਰੀਏ ਘੁੱਗੇ ਵਾਂਗ ਆਪਣੇ ਪੈਰਾਂ 'ਤੇ ਖੜ੍ਹੇ ਰਹਿ ਕੇ ਹਿੱਕ ਦੇ ਜ਼ੋਰ ਨਾਲ ਕਹਿੰਦੇ-ਕਹਾਉਂਦੇ ਰੇਡਰ ਰੋਕ ਕੇ ਵਿਖਾ ਦਿੱਤੇ। ਪੰਜਾਬ ਦੀ ਧਰਤੀ 'ਤੇ ਕਬੱਡੀ ਦੀ ਕਾਰ ਵਿਚ ਕੀਲੇ ਲੋਕਾਂ ਦੀ ਭੀੜ ਵੇਖ ਕੇ ਬੜੇਪਿੰਡੀਏ ਗੁਰਦਿਆਲ ਅਤੇ ਪਾਸਲੀਏ ਗੇਜੇ ਦਾ ਵੀ ਕੱਪੜੇ ਲਾਹ ਕੇ ਕਬੱਡੀ ਖੇਡਣ ਨੂੰ ਦਿਲ ਕਰ ਆਇਆ ਸੀ। ਉਂਜ ਗੁਰਦਿਆਲ ਵੇਟਲਿਫਟਰ ਤੇ ਗੇਜਾ ਪਹਿਲਵਾਨ ਸੀ।

ਕਬੱਡੀ ਨਾਲ ਇਸ਼ਕ ਕਰਨ ਵਾਲਿਆਂ ਦੇ ਕਿੱਸੇ ਵੀ ਬੜੇ ਕਮਾਲ ਦੇ ਨੇ। ਖੇਡ ਮੈਦਾਨ ਵਿਚ ਝੱਲ ਖਿਲਾਰਦੇ ਮਹਿੰਦਰ ਸਿੰਘ ਮੌੜ ਨੂੰ ਜਦ ਲੋਕ ਵੇਖਦੇ ਹਨ ਤਾਂ ਕਿਸੇ ਤੋਂ ਇਹ ਕਹਿਣੋਂ ਹਟ ਨਹੀਂ ਹੁੰਦਾ, ਯਾਰ ਮੌੜ ਤਾਂ ਕਬੱਡੀ ਦਾ ਸ਼ੈਦਾਈ ਆ! ਉਸ ਨੇ ਦਰਜਨਾਂ ਖਿਡਾਰੀਆਂ ਨੂੰ ਇੰਗਲੈਂਡ ਸੱਦ ਕੇ ਵਲੈਤੀਏ ਬਣਾਇਆ। ਤਰਸੇਮ ਪੁਰੇਵਾਲ ਦਾ ਕਬੱਡੀ ਨਾਲ ਕੁਆਰਾ ਇਸ਼ਕ ਸੀ। ਮਹਿੰਦਰ ਬੋਲਾ ਕਬੱਡੀ ਦਾ ਥੰਮ੍ਹ ਰਹਿ ਚੁਕਾ। ਸੋਹਣ ਚੀਮਾ ਕਬੱਡੀ ਦੇ ਬਾਗ ਦਾ ਮਾਲੀ ਰਿਹਾ। ਸਾਊਥਾਲ ਦੇ ਕਬੱਡੀ ਟੂਰਨਾਮੈਂਟ ਉਤੇ ਕਬੱਡੀ ਦੇ ਪੁਰਾਣੇ ਆਸ਼ਕ 'ਕੱਠੇ ਹੋ ਜਾਂਦੇ ਰਹੇ ਹਨ। ਕਦੇ ਬਾਰਕਿੰਗ ਵਿਚ ਰੌਣਕਾਂ ਲੱਗਦੀਆਂ, ਕਦੇ ਈਰਥ ਵੂਲਿਚ, ਕਦੇ ਡਰਬੀ, ਕਦੇ ਕਵੈਂਟਰੀ, ਕਦੇ ਵੁਲਵਰਹੈਂਪਟਨ, ਕਦੇ ਸਲੋਹ ਤੇ ਕਦੇ ਬਰਮਿੰਘਮ। ਕਦੇ ਬੈਡਫੋਰਡ ਤੇ ਕਦੇ ਬ੍ਰੈਡਫੋਰਡ।

ਕਰਨੈਲ ਸਿੰਘ ਖਹਿਰਾ ਕਮਾਲ ਦਾ ਜਾਫੀ ਸੀ ਤੇ ਕੈਂਚੀ ਲਾਉਣ ਦਾ ਪੀਰ ਉਸਤਾਦ ਸੀ। ਉਸ ਨੂੰ ਅਫਸੋਸ ਹੈ ਕਿ ਕੈਂਚੀ ਲਾਉਣ ਨਾਲ ਕੁਝ ਖਿਡਾਰੀਆਂ ਦੀਆਂ ਲੱਤਾਂ ਟੁੱਟੀਆਂ। ਉਹ ਕਬੱਡੀ ਖੇਡਣ ਦੇ ਨਾਲ ਏਸ਼ੀਆ ਪੱਧਰ ਤਕ ਵਾਲੀਬਾਲ ਵੀ ਖੇਡਿਆ। ਉਸ ਦਾ ਜਨਮ ਪਿੰਡ ਖਹਿਰਾ ਮੱਝਾ ਵਿਚ 20 ਜੁਲਾਈ 1937 ਨੂੰ ਹੋਇਆ ਸੀ। ਉਹ ਪੰਜਾਬ ਪੁਲਿਸ ਦੀ ਠਾਣੇਦਾਰੀ ਛੱਡ ਕੇ ਇੰਗਲੈਂਡ ਚਲਾ ਗਿਆ ਤੇ ਕਬੱਡੀ ਦੀ ਸੇਵਾ ਕਰਨ ਲੱਗਾ। ਉਹਦਾ ਹੋਕਾ 'ਆਓ ਕਿਸੇ ਫਕੀਰ ਜੇ ਹੋਵਣਾ' ਦੇਣ ਵਾਲਾ ਹੈ। ਦੇਵ ਅੱਟੇ ਨੂੰ ਡਿੱਗੇ ਹੌਂਸਲੇ ਨਾਲ ਖੇਡਣ ਦੀ ਬਾਣ ਨਹੀਂ ਸੀ। ਕਿਸੇ ਕੇਸ ਦੀ ਲਪੇਟ 'ਚ ਆ ਕੇ ਉਹ ਉਮਰ ਕੈਦ ਦੀ ਸਜ਼ਾ ਖਾ ਬੈਠਾ। ਬੇਸ਼ਕ ਤਕੜਾ ਖਿਡਾਰੀ ਹੋਣ ਕਾਰਨ ਚਾਰ ਕੁ ਸਾਲ ਬਾਅਦ ਮੁਆਫੀ 'ਤੇ ਰਿਹਾਈ ਮਿਲ ਗਈ, ਪਰ ਇਕ ਵਾਰ ਸਿਖਰਾਂ ਤੋਂ ਹੇਠਾਂ ਆਈ ਉਹਦੀ ਖੇਡ ਮੁੜ ਪਹਿਲੀ ਤੱਗੀ ਨਾ ਪਹੁੰਚ ਪਾਈ।

ਪੱਜੋਦਿਓਤੀਆ ਮਿੰਦੂਰ ਬੋਲਾ ਧਰਤੀ ਧਕੇਲ ਧਾਵੀਆਂ ਦੇ ਗੁੱਟ ਝਾੜ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਚ ਸੁੱਟ ਲੈਂਦਾ ਸੀ। 'ਕੇਰਾਂ ਜਗਤਪੁਰੀਏ ਨਿਰੰਜਣ ਸਿੰਘ ਨੇ ਸਰਵਣ ਬੱਲ ਨੂੰ ਜਕੋ-ਤਕੀ ਵਿਚ ਪਿਆ ਵੇਖ ਕੇ ਕਿਹਾ ਸੀ, "ਕੌਡੀ ਪਾ ਬਈ ਸਰਵਣਾ, ਤੈਨੂੰ ਬੋਲਾ ਉਡੀਕਦੈ!" ਸਰਵਣ ਤੇ ਬੋਲੇ ਨੂੰ ਧੌਲੋ ਧੌਲ ਹੁੰਦੇ ਵੇਖਣ ਲਈ ਦੁਆਬੇ ਦੇ ਲੋਕ ਮਾਲ ਡੰਗਰ ਭੁੱਖਾ ਤਿਹਾਇਆ ਛੱਡ ਕੇ ਟੂਰਨਾਮੈਂਟ ਵੇਖਣ ਦੌੜ ਜਾਂਦੇ ਸਨ। ਸਰਵਣ ਦਾ ਜਨਮ 1938 ਵਿਚ ਰਮੀਦੀ, ਜਿਲਾ ਕਪੂਰਥਲਾ ਵਿਚ ਹੋਇਆ ਸੀ। 'ਆਇਆ ਪ੍ਰੀਤਾ ਗਿਆ ਪ੍ਰੀਤਾ' ਦੇ ਬੋਲ ਵੀਹ ਸਾਲ ਪੰਜਾਬ ਦੀ ਹਵਾ 'ਚ ਗੂੰਜਦੇ ਰਹੇ। ਉਹ ਜਿਲਾ ਕਪੂਰਥਲਾ ਦੀ ਕਬੱਡੀ ਟੀਮ ਦਾ ਥੰਮ੍ਹ ਸੀ। ਕਿਸੇ ਖੇਡ ਮੇਲੇ 'ਤੇ ਪ੍ਰੀਤੇ ਦੇ ਆਉਣ ਦਾ ਪਤਾ ਲੱਗ ਜਾਂਦਾ ਤਾਂ ਲੋਕੀਂ ਉਹਦੀ ਤੇਜ਼-ਤਰਾਰ ਖੇਡ ਵੇਖਣ ਲਈ ਵਹੀਰਾਂ ਘੱਤ ਤੁਰਦੇ। ਕਬੱਡੀ ਦੇ ਮਸ਼ਹੂਰ ਕੈਨੇਡੀਅਨ ਖਿਡਾਰੀ ਜਵਾਹਰੇ ਨਾਲ ਆਪਣੀ ਬੱਚੀ ਦਾ ਵਿਆਹ ਕਰ ਕੇ ਪ੍ਰੀਤਾ ਹੁਣ ਪੱਛਮੀ ਕਬੱਡੀ ਜਗਤ ਨਾਲ ਵੀ ਜੁੜਿਆ ਹੋਇਆ ਹੈ।

ਨਛੱਤਰ ਢਾਂਡੀ ਦਾ ਜਨਮ ਪਿੰਡ ਆਲਮਵਾਲਾ, ਜਿਲਾ ਮੋਗਾ ਵਿਚ ਹੋਇਆ ਸੀ। ਮਾਲ ਢਾਂਡਾ ਚਾਰਦਾ ਰਿਹਾ ਹੋਣ ਕਾਰਨ ਉਹਦਾ ਨਾਂ ਢਾਂਡੀ ਪਿਆ। ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ ਕਬੱਡੀ ਦਾ ਕੋਚ ਲਾਇਆ ਤੇ 1974 ਵਿਚ ਉਹ ਪੰਜਾਬ ਦੀ ਕਬੱਡੀ ਟੀਮ ਨਾਲ ਇੰਗਲੈਂਡ ਚਲਾ ਗਿਆ। ਲੱਤੀਂ ਪੈ ਕੇ ਧਾਵੀ ਨੂੰ ਰੋਕਣਾ ਉਹ ਮਰਦਾਂ ਦੀ ਖੇਡ ਨਹੀਂ ਸੀ ਮੰਨਦਾ ਤੇ ਨਾ ਹੀ ਉਸ ਨੇ ਇੰਜ ਕੀਤਾ। ਧੌਣ 'ਤੇ ਹੱਥ ਰੱਖ ਕੇ ਧਾਵੀ ਦੀ ਬਾਂਹ ਬੰਨ੍ਹਣੀ, ਗੁੱਟ ਫੜ ਕੇ ਰੋਕਣਾ ਤੇ ਵੱਧ ਤੋਂ ਵੱਧ ਹਲਕੀ ਜਿਹੀ ਕੈਂਚੀ ਲਾਉਣੀ ਉਸ ਦੀ ਖੇਡ ਦੇ ਦਾਅ ਹੁੰਦੇ ਸਨ।

ਅਵਤਾਰ ਸਿੰਘ ਤਾਰੇ ਦਾ ਜਨਮ 1948 ਵਿਚ ਪਿੰਡ ਘਣਗਸ, ਜਿਲਾ ਲੁਧਿਆਣਾ ਵਿਚ ਹੋਇਆ ਸੀ। ਉਹ ਤੂਫਾਨ ਮੇਲ ਧਾਵੀ ਸੀ ਤੇ ਛੋਤੀ ਕੀਤਿਆਂ ਕਿਸੇ ਤੋਂ ਡੱਕ ਨਹੀਂ ਸੀ ਹੁੰਦਾ। 1974 ਵਿਚ ਉਹ ਵੀ ਪੰਜਾਬ ਦੀ ਟੀਮ ਨਾਲ ਇੰਗਲੈਂਡ ਗਿਆ। ਉਸ ਟੀਮ ਵਿਚੋਂ ਰਸਾਲਾ, ਬੰਸਾ, ਬਿੰਦਰ ਘੱਲ ਕਲਾਂ, ਭੱਜੀ ਖੁਰਦਪੁਰੀਆ, ਸੁਰਜੀਤ ਸੈਦੋਵਾਲੀਆ ਆਦਿ ਇੰਗਲੈਂਡ ਵਿਚ ਪੱਕੇ ਤੌਰ 'ਤੇ ਟਿਕ ਗਏ, ਜੋ ਵੁਲਵਰਹੈਂਮਟਨ, ਕਵੈਂਟਰੀ ਤੇ ਗ੍ਰੇਵਜ਼ੈਂਡ ਦੀਆਂ ਟੀਮਾਂ ਵਿਚ ਖੇਡਦੇ ਰਹੇ। ਰਸਾਲ ਸਿੰਘ ਸੰਧੂ ਕਬੱਡੀ ਦਾ ਕਮਾਲ ਦਾ ਧਾਵੀ ਤੇ ਬਹੁਤ ਹੀ ਨਿਮਰ ਖਿਡਾਰੀ ਸੀ। 'ਦੇਸ-ਪਰਦੇਸ' ਦੇ ਐਡੀਟਰ ਤਰਸੇਮ ਪੁਰੇਵਾਲ ਨੇ ਉਹਦੇ ਤੇ ਬੰਸੇ ਬਾਰੇ ਸੁਰਖੀ ਲਾਈ ਸੀ-ਟਿਕ ਗਏ ਬੰਸੇ ਅਤੇ ਰਸਾਲੇ ਜੀ ਵਿਆਹ ਹੋਇਆ ਮੇਰੇ ਬਾਬਲੇ। ਉਹਦੇ ਵਰਗਾ ਕਮਾਇਆ ਹੋਇਆ ਸਰੀਰ ਪੂਰੇ ਕਬੱਡੀ ਜਗਤ ਵਿਚ ਮਸਾਂ ਉਂਗਲਾਂ 'ਤੇ ਗਿਣੇ ਜਾਣ ਵਾਲੇ ਖਿਡਾਰੀਆਂ ਦਾ ਹੀ ਹੋਵੇਗਾ।

ਕਬੱਡੀ ਨਾਲ ਰਤਾ ਵੀ ਮੱਸ ਰੱਖਣ ਵਾਲਿਆਂ ਲਈ ਸਾਊਥਾਲ ਦੇ ਹਿੰਮਤ ਸਿੰਘ ਸੋਹੀ ਦਾ ਨਾਂ ਕੋਈ ਓਪਰਾ ਨਹੀਂ। ਉਹ ਰਾਜਸਥਾਨ ਦੇ ਸਕੂਲਾਂ ਦਾ ਬੈਸਟ ਅਥਲੀਟ ਸੀ। 1968 'ਚ ਉਹ ਇੰਗਲੈਂਡ ਗਿਆ ਤੇ ਸਾਊਥਾਲ ਕਲੱਬ ਲਈ ਕਬੱਡੀ ਖੇਡਣ ਲੱਗਾ। 1973 'ਚ ਉਹ ਇੰਗਲੈਂਡ ਦੀ ਕਬੱਡੀ ਟੀਮ ਨਾਲ ਪੰਜਾਬ ਗਿਆ ਤੇ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਚ ਪੰਜਾਬ ਦੀ ਟੀਮ ਵਿਰੁੱਧ ਤਕੜਾ ਮੈਚ ਖੇਡਿਆ। ਉਹਦੀ ਧੌਲ ਨਾਲ ਹੀ ਦੇਵੀ ਦਿਆਲ ਡਿਗਿਆ ਸੀ ਤੇ ਅਗਲੇ ਮੈਚ ਖੇਡਣ ਦੇ ਕਾਬਲ ਨਹੀਂ ਸੀ ਰਿਹਾ। ਹਿੰਮਤ ਨੂੰ ਕਬੱਡੀ ਖੇਡਦਿਆਂ ਵੇਖ ਕੇ ਇੰਗਲੈਂਡ ਦੇ ਪੁਲਿਸ ਮਹਿਕਮੇ ਨੇ ਉਸ ਨੂੰ ਸਰਵਿਸ ਦੀ ਪੇਸ਼ਕਸ਼ ਕੀਤੀ ਸੀ, ਪਰ ਉਸ ਨੇ ਇਨਕਾਰ ਕਰ ਦਿੱਤਾ ਸੀ। ਹੁਣ ਉਹ ਸਾਊਥਾਲ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਦਾ ਪ੍ਰਧਾਨ ਹੈ।

ਪਿੰਡ ਜਵਾਹਰ ਸਿੰਘ ਵਾਲੇ ਦਾ ਹਰਪਾਲ ਸਿੰਘ ਬਰਾੜ ਵੀ ਬਹੁਤ ਤਕੜਾ ਕੌਡਿਆਲ ਸੀ। ਉਹ ਸਾਊਥਾਲ ਦੇ ਗੁਰਦੁਆਰੇ ਦਾ ਸਕੱਤਰ ਰਿਹਾ। ਦੋ ਮੱਝਾਂ ਭਿੜਦੀਆਂ ਨੂੰ ਸਿੰਗਾਂ ਤੋਂ ਫੜ ਕੇ ਪਰ੍ਹਾਂ ਕਰ ਸਕਣ ਜਿੰਨੀ ਤਾਕਤ ਰੱਖਣ ਵਾਲਾ ਜੀਤੀ ਖਹਿਰਾ ਜਦੋਂ ਹਿੰਮਤ ਸੋਹੀ ਵਰਗਿਆਂ ਨਾਲ ਫਸ ਕੇ ਮੁੜਦਾ ਤਾਂ ਕਬੱਡੀ ਵੇਖਦੇ ਲੋਕਾਂ ਦੇ ਮੂੰਹੋਂ ਸੁਤੇ ਸਿੱਧ ਨਿਕਲ ਜਾਂਦਾ-ਬੱਲੇ ਓਏ ਸੂਰਮਿਆ! ਉਸ ਨੇ ਸੰਗਰੂਰ 'ਚ ਇੰਗਲੈਂਡ ਦੀ ਟੀਮ ਵੱਲੋਂ ਅਠਾਈ ਕਬੱਡੀਆਂ ਪਾਈਆਂ ਸਨ ਤੇ ਇਕ ਵਾਰ ਵੀ ਨਹੀਂ ਸੀ ਰੁਕਿਆ। ਤੇਜ਼-ਤਰਾਰ ਤੇ ਧੱਕੜ ਧਾਵੀਆਂ ਨੂੰ ਬੰਨ੍ਹ ਲਾਉਣ ਵਾਲਾ ਸ਼ੰਕਰੀਆ ਘੁੱਗਾ ਸੀ, ਜੋ ਹੁਣ ਕੈਨੇਡਾ ਵਿਚ ਰਹਿੰਦੈ। ਸੱਤਾ ਮੁਠੱਡਿਆਂ ਵਾਲਾ ਤੇ ਸੰਧਵਾਂ ਦਾ ਟਹਿਲਾ ਵੀ ਤਕੜੇ ਖਿਡਾਰੀ ਹੋਏ। ਟਹਿਲੇ ਦੀਆਂ ਬਾਂਦਰ ਕਾਠੀਆਂ ਲੋਕਾਂ ਦਾ ਮਨੋਰੰਜਨ ਕਰਦੀਆਂ ਰਹੀਆਂ।

ਜਾਂਬਾਜ਼ ਧਾਵੀਆਂ ਨੂੰ ਗੁੱਟ ਤੋਂ ਫੜ ਕੇ ਡੱਕਣ ਵਾਲਾ ਹਰਬੰਸਪੁਰੇ ਦਾ ਸਵਰਨਾ ਬੜੀ ਦੇਰ ਕਬੱਡੀ ਖੇਡਿਆ। ਕਬੱਡੀ ਦੇ ਦੀਵਾਨਿਆਂ ਨੂੰ ਸਵਰਨੇ ਵਰਗੇ ਗੁੱਟ ਦੇ ਫੜਾਵੇ ਦੀਆਂ ਸਦਾ ਉਡੀਕਾਂ ਰਹਿਣਗੀਆਂ। ਸੁਰਖਪੁਰੀਆ ਦੁੱਲਾ ਪੜ੍ਹਿਆ ਤਾਂ ਪੰਜ ਜਮਾਤਾਂ ਹੀ, ਪਰ ਕੌਡੀ ਪਾਉਣ ਵਿਚ ਦੁੱਲੇ ਭੱਟੀ ਵਰਗਾ ਸੂਰਮਾ ਹੈ। ਕੁਰੜ ਦਾ ਜਗਜੀਤ ਫੌਜੀ ਫੌਜ 'ਚੋਂ ਨਾਵਾਂ ਨਾ ਕਟਾਉਂਦਾ ਤਾਂ ਲੋਕ ਉਦੇ ਜੱਫਿਆਂ ਨੂੰ ਵੇਖਣ ਲਈ ਤਰਸਦੇ ਰਹਿ ਜਾਂਦੇ। ਸੰਮੀਪੁਰੀਆਂ ਸ਼ੀਰਾ ਕਬੱਡੀ ਦਾ ਤਕੜਾ ਖਿਡਾਰੀ ਵੀ ਰਿਹਾ ਤੇ ਹੁਣ ਕਬੱਡੀ ਦਾ ਤਕੜਾ ਪ੍ਰੋਮੋਟਰ ਹੈ। ਉਹ ਹਰ ਸਾਲ ਅਨੰਦਪੁਰ ਸਾਹਿਬ ਕਬੱਡੀ ਟੂਰਨਾਮੈਂਟ ਕਰਵਾਉਂਦੈ। ਜੈਲਾ ਵੀ ਕਬੱਡੀ ਦਾ ਕਮਾਲ ਦਾ ਧਾਵੀ ਸੀ। ਗੁਰਮੀਤ ਗਾਗੋ ਦਾ ਜਨਮ ਜ਼ਫਰਨਾਮਾ ਲਿਖੇ ਜਾਣ ਵਾਲੇ ਪਿੰਡ ਦੀਨਾ ਸਾਹਿਬ ਵਿਚ ਹੋਇਆ ਸੀ ਤੇ ਉਹ ਹਰਜੀਤ ਬਰਾੜ ਨਾਲ ਕਬੱਡੀ ਖੇਡਦਾ ਸੀ।

ਲੱਖੇ ਗਾਜ਼ੀਪੁਰੀਏ ਦੀਆਂ ਕਿਆ ਬਾਤਾਂ! ਗੋਰਾ ਰੰਗ, ਗੁੰਦਵਾਂ ਜੁੱਸਾ, ਗਿੱਚੀ ਉਤੇ ਨਿੱਕੀ

(ਬਾਕੀ ਸਫਾ 21 'ਤੇ)



*(ਸੱਜਿਓਂ) ਬਲਿਹਾਰ ਸਿੰਘ ਰੰਧਾਵਾ, ਉਘੇ ਲੇਖਕ ਮਰਹੂਮ ਜਸਵੰਤ ਸਿੰਘ ਕੰਵਲ ਅਤੇ ਝੋਰੜਾਂ ਖੇਡ ਮੇਲੇ ਦੇ ਆਰਗੇਨਾਈਜ਼ਰ ਗੁਰਪਾਲ ਸਿੰਘ ਹੰਸਰਾ,*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਦਿਲ, ਦਿਮਾਗ ਤੇ ਦੇਹ ਦੀ ਦਮਦਾਰੀ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਿਆਰ ਦਾ ਪੈਗਾਮ ਦਿੰਦਿਆਂ ਕਿਹਾ ਸੀ, "ਪਿਆਰ ਵਿਚ ਹਿਸਾਬ-ਕਿਤਾਬ ਨਹੀਂ ਹੁੰਦਾ ਅਤੇ ਜਿਥੇ ਲੇਖਾ-ਜੋਖਾ ਹੁੰਦਾ ਹੈ, ਉਥੇ ਪਿਆਰ ਨਹੀਂ ਹੁੰਦਾ।...ਪਿਆਰ ਦੇਣਾ ਅਤੇ ਕਰਨਾ ਸਭ ਤੋਂ ਅਹਿਮ। ਇਹ ਕਈ ਗੁਣਾ ਹੋ ਕੇ ਤੁਹਾਨੂੰ ਮਿਲਦਾ ਅਤੇ ਅਚੰਭਿਤ ਕਰਦਾ। ਪਿਆਰ ਹੱਦਾਂ-ਸਰਹੱਦਾਂ ਤੋਂ ਨਾਬਰ। ਰੰਗ, ਨਸਲ, ਜਾਤ ਤੋਂ ਉਪਰ। ਧਰਮ, ਵੇਸ਼ਭੂਸ਼ਾ ਜਾਂ ਖਿੱਤਿਆਂ ਤੋਂ ਬੇਤੁਕੱਲਫ। ਉਮਰ, ਵਿਦਿਆ, ਰੁਤਬਿਆਂ ਦਾ ਨਹੀਂ ਮੁਥਾਜ਼।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਦਿਲ, ਦਿਮਾਗ ਤੇ ਦੇਹ ਦੀ ਤਿੱਕੜੀ ਵਿਚਲੇ ਸਾਂਝ-ਸੰਪਰਕ ਦੀਆਂ ਤੰਦਾਂ ਛੋਹੀਆਂ ਹਨ। ਉਹ ਕਹਿੰਦੇ ਹਨ, "ਦਿਲ, ਦਿਮਾਗ ਅਤੇ ਦੇਹ ਦਾ ਸੰਪੂਰਨ ਸੰਤੁਲਨ ਬਹੁਤ ਜਰੂਰੀ ਹੁੰਦਾ ਹੈ-ਸਰਬਪੱਖੀ ਵਿਕਾਸ ਅਤੇ ਉਨਤੀ ਲਈ। ਇਨ੍ਹਾਂ ਦਾ ਅਸਾਵਾਂਪਣ ਬਹੁਤ ਕੁਝ ਅਜਿਹਾ ਪੈਦਾ ਕਰ ਦਿੰਦਾ, ਜਿਸ ਨਾਲ ਪੈਦਾ ਹੋਏ ਕੋਹਝ, ਕਰੂਪਤਾ ਜਾਂ ਕੁਢੰਗਤਾ ਨੂੰ ਛੁਪਾਇਆ ਨਹੀਂ ਜਾ ਸਕਦਾ।...ਦਰਅਸਲ ਦਿਲ ਸਾਡੇ ਭਾਵਾਂ, ਅਹਿਸਾਸਾਂ, ਮਨੋਕਾਮਨਾਵਾਂ ਤੇ ਸੁਪਨਿਆਂ ਦੀ ਜਨਮ ਭੂਮੀ ਹੁੰਦਾ ਅਤੇ ਦਿਮਾਗ ਤੇ ਦੇਹ ਇਨ੍ਹਾਂ ਨੂੰ ਪੂਰਾ ਕਰਨ ਲਈ ਪੂਰਨ ਸਹਿਯੋਗ ਤੇ ਸਮਰਥਨ ਦੇਣ ਲਈ ਤਿਆਰ ਹੁੰਦੇ।" ਡਾ. ਭੰਡਾਲ ਦਾ ਵਿਚਾਰ ਹੈ ਕਿ ਦਿਲ, ਦਿਮਾਗ ਅਤੇ ਦੇਹ ਵਿਚਲੀ ਤਾਜ਼ਗੀ ਤੇ ਇਸ ਦੇ ਨਰੋਏਪਣ ਲਈ ਜਰੂਰੀ ਹੈ ਕਿ ਬੰਦੇ ਵਿਚ ਬੰਦਾ ਜਿਉਂਦਾ ਰਹੇ, ਕਿਉਂਕਿ ਪਾਕ ਰੂਹਾਂ ਦੀ ਰੂਹਾਨੀਅਤ ਅਪਨਾਉਣ ਵਾਲੇ ਕਦੇ ਵੀ ਦਿਲ ਤੇ ਦਿਮਾਗ ਦੀ ਖਹਿਬਾਜ਼ੀ ਨੂੰ ਆਪਣਾ ਤੰਗ ਨਜ਼ਰੀਆ ਨਹੀਂ ਬਣਾਉਂਦੇ। -ਸੰਪਾਦਕ***

ਦਿਲ, ਦਿਮਾਗ ਤੇ ਦੇਹ, ਮਨੁੱਖੀ ਕਾਇਆ ਦੇ ਪ੍ਰਮੁੱਖ ਅੰਗ। ਸਮੁੱਚੀਆਂ ਕਿਰਿਆਵਾਂ ਦਾ ਧੁਰਾ। ਵਿਅਕਤੀਤੱਵ ਦਾ ਮੁਹਾਂਦਰਾ। ਦਿੱਖ, ਦਿੱਬ-ਦ੍ਰਿਸ਼ਟੀ ਅਤੇ ਦੀਦਾਰ ਦੇ ਦੇਣਹਾਰ। ਇਹ ਹੀ ਨਿਰਧਾਰਤ ਕਰਦੇ ਕਿ ਮਨੁੱਖ ਕਿਹੋ ਜਿਹਾ, ਕੌਣ, ਕਿਸ ਸਰੋਕਾਰਾਂ ਅਤੇ ਸਮੁੱਚ ਨੂੰ ਪ੍ਰਣਾਇਆ।

ਦਿਲ, ਦਿਮਾਗ ਅਤੇ ਦੇਹ ਦਾ ਮਨੁੱਖੀ ਵਿਕਾਸ ਵਿਚ ਆਪੋ ਆਪਣਾ ਯੋਗਦਾਨ। ਆਪੋ-ਆਪਣੇ ਦਾਇਰੇ ਅਤੇ ਕਾਰਜ ਖੇਤਰ। ਇਨ੍ਹਾਂ ਰਾਹੀਂ ਵਿਗਸਦੇ ਨੇ ਮਨੁੱਖੀ ਗੁਣ ਜਾਂ ਗੁਨਾਹ। ਬੰਦਾ ਕਰਦਾ ਏ ਸੂਰਜਾਂ ਦੀ ਭਾਲ ਜਾਂ ਬਣਦਾ ਏ ਹਨੇਰੇ ਰਾਹਾਂ ਦਾ ਮਾਰਗੀ। ਚੜ੍ਹਦੇ ਵੰਨੀਂ ਮੂੰਹ ਕਰਨ ਦੀ ਤਮੰਨਾ ਜਾਂ ਡੁੱਬਦੇ ਨੂੰ ਨਿਹਾਰਨ ਦੀ ਮਜ਼ਬੂਰੀ। ਉਚੇ ਅੰਬਰਾਂ ਦੀ ਉਡਾਣ ਜਾਂ ਰਸਾਤਲ 'ਚ ਗਰਕਣ ਦੀ ਤਿਆਰੀ।

ਇਹ ਅੰਗ ਕੁਦਰਤ ਦੀ ਸਭ ਤੋਂ ਵੱਡੀ ਨਿਆਮਤ। ਭਾਗਸ਼ਾਲੀ ਹੁੰਦੇ ਨੇ ਉਹ ਲੋਕ, ਜੋ ਇਨ੍ਹਾਂ ਦੀ ਸਿਹਤਯਾਬੀ ਮਾਣਦੇ, ਇਨ੍ਹਾਂ ਦੀ ਸੁਚੱਜੀ ਸਾਰਥਕਤਾ ਵਿਚੋਂ ਮਾਨਵ-ਜਾਤੀ ਲਈ ਕੁਝ ਚੰਗੇਰਾ ਕਰਦੇ। ਆਪਣਾ ਵੀ ਭਲਾ ਕਰਦੇ ਅਤੇ ਦੂਜਿਆਂ ਨੂੰ ਪ੍ਰੇਰਤ ਕਰਦੇ, ਇਕ ਸ਼ੁਕਰਗੁਜ਼ਾਰੀ 'ਚ ਜੀਵਨ ਜਿਉਂਦੇ; ਪਰ ਇਨ੍ਹਾਂ ਦੀ ਕਿਰਿਆਸ਼ੀਲਤਾ ਲਈ ਹਰੇਕ ਦੀ ਆਪੋ-ਆਪਣੀ ਸਮਾਂ-ਸਾਰਣੀ। ਇਨ੍ਹਾਂ ਦੇ ਵਿਕਾਸ ਦਾ ਆਧਾਰ ਅਤੇ ਇਸ ਵਿਚੋਂ ਹੀ ਮਨੁੱਖ ਨੂੰ ਆਪਣੀਆਂ ਸੋਚਾਂ, ਸਮਝਾਂ, ਸਿਆਣਪਾਂ, ਸਮਝਦਾਰੀ ਅਤੇ ਸੁੱਚਮ ਦਾ ਅਹਿਸਾਸ ਹੁੰਦਾ।

ਮਨੁੱਖ ਦੇ ਜਨਮ ਵੇਲੇ ਇਹ ਅੰਗ ਆਪਣੇ ਮੁਢਲੇ ਰੂਪ ਵਿਚ ਹੁੰਦੇ, ਜਿਨ੍ਹਾਂ ਨੇ ਵਿਕਸਿਤ ਹੋਣਾ ਹੁੰਦਾ। ਇਨ੍ਹਾਂ ਦਾ ਵਿਕਾਸ, ਪਾਲਣ-ਪੋਸ਼ਣ, ਆਲਾ-ਦੁਆਲਾ ਅਤੇ ਮਾਂ-ਪਿਉ, ਸੰਗੀ-ਸਾਥੀ, ਸਮੇਤ ਬਹੁਤ ਸਾਰੇ ਹੋਰ ਤੱਥਾਂ 'ਤੇ ਨਿਰਭਰ। ਜਨਮਦੇ ਸਾਰ ਦਿਲ ਆਪਣਾ ਕਾਰਜ ਸ਼ੁਰੂ ਕਰਦਾ ਅਤੇ ਆਖਰੀ ਸਾਹ ਤੀਕ ਮਨੁੱਖ ਨੂੰ ਜੀਵਨ ਦਾਨ ਬਖਸ਼ਣ ਵਿਚ ਪੂਰਨ ਸਮਰੱਥਾ ਤੇ ਯੋਗਤਾ ਨਾਲ ਕਾਰਜ ਕਰਦਾ; ਪਰ ਦੇਹ ਅਤੇ ਦਿਮਾਗ ਨੇ ਹੌਲੀ ਹੌਲੀ ਵਧਣਾ ਤੇ ਵਿਕਸਿਤ ਹੋਣਾ ਹੁੰਦਾ। ਦੇਹ ਤਾਂ ਆਪਣੀ ਖੁਰਾਕ ਲਈ ਪਹਿਲੇ ਦਿਨ ਤੋਂ ਹੀ ਭੁੱਖ ਦੇ ਰੂਪ ਵਿਚ ਬੱਚੇ ਦੇ ਮਨ ਵਿਚ ਕੁਝ ਖਾਣ ਦੀ ਚਾਹਤ ਪੈਦਾ ਕਰਦੀ। ਬੱਚਾ ਰੋਂਦਾ ਅਤੇ ਉਸ ਦਾ ਰੋਣਾ ਹੀ ਦੇਹ ਦੇ ਨਰੋਏ ਹੋਣ ਦੀ ਪਹਿਲੀ ਨਿਸ਼ਾਨੀ ਹੁੰਦੀ। ਬੱਚੇ ਦੀ ਮਾਸੂਮੀਅਤ ਅਤੇ ਭੋਲੇਪਣ ਵਿਚ ਦਿਮਾਗ ਦਾ ਕੋਈ ਰੋਲ ਨਹੀਂ ਹੁੰਦਾ। ਬਚਪਨਾ ਦਿਲ ਦੇ ਆਖੇ ਲੱਗਦਾ। ਮਰਜੀ ਨਾਲ ਹੀ ਸਾਰੀਆਂ ਕਿਰਿਆਵਾਂ ਕਰਦਾ। ਉਹ ਹੱਸਦਾ ਵੀ ਅਤੇ ਰੋਂਦਾ ਵੀ। ਦਰਸਅਸਲ ਬੱਚੇ ਲਈ ਰੋਣਾ ਜਾਂ ਹੱਸਣ ਦੇ ਸਮਾਨੰਤਰ ਅਰਥ ਹੁੰਦੇ। ਉਹ ਹੱਸਦਾ ਹੱਸਦਾ ਰੋ ਪੈਂਦਾ ਅਤੇ ਰੋਂਦੇ ਰੋਂਦੇ ਹੱਸਣਾ, ਆਮ ਜਿਹੀ ਗੱਲ ਹੁੰਦੀ।

ਜਿਉਂ ਜਿਉਂ ਬੱਚਾ ਵੱਡਾ ਹੁੰਦਾ, ਉਸ ਦਾ ਸਰੀਰ ਅੰਗੜਾਈਆਂ ਭਰਦਾ, ਦਿਲ ਵੀ ਨਰੋਇਆ ਤੇ ਜਵਾਨ ਹੁੰਦਾ ਅਤੇ ਦਿਮਾਗ ਵੀ ਆਪਣੇ ਵਾਧੇ ਪਿਆ ਹੁੰਦਾ; ਪਰ ਜਵਾਨੀ ਵਿਚ ਪੈਰ ਧਰਦਿਆਂ ਹੀ ਉਹ ਆਪਣੀ ਦੇਹ ਤੇ ਦਿਲ ਦੀ ਜ਼ਿਆਦਾ ਵਰਤੋਂ ਕਰਦਾ ਅਤੇ ਬਹੁਤੀ ਵਾਰ ਦਿਮਾਗ ਨੂੰ ਆਪਣੀਆਂ ਅਵੇੜਾਂ, ਗੁਨਾਹਾਂ ਅਤੇ ਹਰਕਤਾਂ ਲਈ ਰੁਕਾਵਟ ਮੰਨਦਾ। ਆਪਣੀ ਦੇਹ 'ਤੇ ਮਾਣ ਕਰਦਾ, ਖੂਬ ਸਿੰਘਾਰਦਾ। ਇਸ ਦੀ ਦਿੱਖ, ਜੋਰ ਅਤੇ ਸਡੌਲਤਾ ਵਿਚੋਂ ਹੀ ਅੰਬਰਾਂ ਨੂੰ ਹੱਥ ਲਾਉਣ ਅਤੇ ਆਪਣੀਆਂ ਸਮਰੱਥਾਵਾਂ ਦੀ ਅਸੀਮਤਾ ਕਿਆਸਦਾ।


ਦਰਅਸਲ ਦਿਲ ਸਾਡੇ ਭਾਵਾਂ, ਅਹਿਸਾਸਾਂ, ਮਨੋਕਾਮਨਾਵਾਂ ਤੇ ਸੁਪਨਿਆਂ ਦੀ ਜਨਮ ਭੂਮੀ ਹੁੰਦਾ ਅਤੇ ਦਿਮਾਗ ਤੇ ਦੇਹ ਇਨ੍ਹਾਂ ਨੂੰ ਪੂਰਾ ਕਰਨ ਲਈ ਪੂਰਨ ਸਹਿਯੋਗ ਤੇ ਸਮਰਥਨ ਦੇਣ ਲਈ ਤਿਆਰ ਹੁੰਦੇ; ਪਰ ਬੰਦਾ ਇਨ੍ਹਾਂ ਦਾ ਸਹਿਯੋਗ ਕਿੰਨਾ ਕੁ ਲੈਂਦਾ, ਇਹ ਮਨੁੱਖ ਦੀ ਸੋਝੀ, ਸੁਪਨਿਆਂ ਦੀ ਸਕਾਰਾਤਮਕਤਾ ਅਤੇ ਸਾਧਨਾ 'ਤੇ ਨਿਰਭਰ। ਉਮਰ ਦੇ ਇਸ ਪੜਾਅ 'ਤੇ ਹੀ ਸਰੀਰਕ ਖਿੱਚ ਪੈਦਾ ਹੁੰਦੀ, ਜਿਸ ਨਾਲ ਦਿਲਾਂ ਦੇ ਸੌਦੇ ਹੁੰਦੇ। ਅਜਿਹੇ ਸੌਦਿਆਂ ਵਿਚ ਕਿਸੇ ਮੁਨਾਫੇ ਜਾਂ ਨਿੱਜੀ ਲਾਲਚ ਦੀ ਗੈਰ-ਹਾਜ਼ਰੀ ਇਸ ਨੂੰ ਜਿਉਣ ਦਾ ਹਾਸਲ ਬਣਾ ਸਕਦੀ, ਪਰ ਕਿਸੇ ਨੂੰ ਵਰਗਲਾਉਣ ਵਿਚ ਮਨੁੱਖ ਦੀ ਕੋਝੀਆਂ ਰੁਚੀਆਂ ਪ੍ਰਗਟ ਹੁੰਦੀਆਂ। ਦਿਮਾਗ ਦੇ ਰਿਸ਼ਤਿਆਂ ਵਿਚ ਲਾਭ-ਹਾਨੀ ਸਮੇਤ ਉਨ੍ਹਾਂ ਪੱਖਾਂ ਨੂੰ ਵੀ ਵਿਚਾਰਿਆ ਜਾਂਦਾ, ਜਿਸ ਵਿਚ ਸਰੀਰਕ ਕਮੀਆਂ, ਆਰਥਕਤਾ, ਸਮਾਜਕ ਰੁਤਬਾ ਅਤੇ ਹੈਸੀਅਤ ਸਮੇਤ ਬਹੁਤ ਸਾਰੇ ਪੱਖਾਂ ਨੂੰ ਵਿਚਾਰਿਆ ਜਾਂਦਾ। ਅਜਿਹੇ ਰਿਸ਼ਤੇ ਤਰਾਜੂ ਵਿਚ ਤੋਲੇ ਜਾਂਦੇ। ਸੱਚੇ-ਸੁੱਚੇ ਪ੍ਰੇਮੀਆਂ ਦੇ ਦਿਲ ਦੇ ਰਿਸ਼ਤਿਆਂ ਦੀ ਅਮੀਰਤਾ ਕਾਰਨ ਹੀ ਰੱਬੀ ਰੂਹਾਂ ਬਣਨ ਦਾ ਮਰਤਬਾ ਹਾਸਲ ਹੁੰਦਾ।

ਜਿਉਂ ਜਿਉਂ ਉਮਰ ਵਧਦੀ, ਦਿਲ ਅਤੇ ਦੇਹ ਉਪਰ ਦਿਮਾਗ ਹਾਵੀ ਹੋਣਾ ਸ਼ੁਰੂ ਹੁੰਦਾ। ਮਨੁੱਖ ਆਪਣੇ ਆਪ ਵੱਲ ਮੁੜਦਾ। ਖੁਦ ਨੂੰ ਸਾਰਿਆਂ ਤੋਂ ਉਤਮ ਅਤੇ ਉਚਾ ਸਮਝਦਾ। ਆਪਣੀਆਂ ਲੋੜਾਂ-ਥੋੜ੍ਹਾਂ ਦੀ ਪੂਰਤੀ ਅਤੇ ਸੁੱਖ ਸਹੂਲਤਾਂ ਵੱਲ ਉਲਾਰ ਹੁੰਦਾ। ਸਿਰਫ ਕੁਝ ਕੁ ਲੋਕ ਹੁੰਦੇ, ਜੋ ਦਿਲ ਦੀ ਹਾਮੀ ਭਰਦੇ ਅਤੇ ਲੋਕ ਭਲਾਈ ਦੇ ਕਾਰਜਾਂ ਵਿਚ ਰੁੱਝੇ ਹੁੰਦੇ। ਉਹ ਦੁਖੀ ਦੇ ਹੰਝੂ ਵੀ ਪੂੰਝਦੇ, ਜਖਮਾਂ 'ਤੇ ਮਰਹਮ ਵੀ ਲਾਉਂਦੇ ਅਤੇ ਕਿਸੇ ਦੀ ਚੀਸ ਨੂੰ ਆਪਣੀ ਰੂਹ ਤੇ ਹੰਢਾਉਂਦੇ, ਇਸ ਦੇ ਹਰਨ ਲਈ ਆਹਰ ਵੀ ਕਰਦੇ।

ਹੋਣ ਕਾਰਨ ਜ਼ਿਆਦਾ ਫੈਸਲੇ ਭਾਵੁਕਤਾ ਨਾਲ ਜੁੜੇ ਹੁੰਦੇ ਜਾਂ ਸਰੀਰਕ ਤੰਦਰੁਸਤੀ ਜਾਂ ਤਾਕਤ ਹੀ ਇਨ੍ਹਾਂ ਨੂੰ ਨਿਰਧਾਰਤ ਕਰਦੀ, ਪਰ ਉਮਰ ਦੇ ਵਿਚਕਾਰ ਪਲੇ ਪੜਾਅ ਵਿਚ ਦਿਲ ਦਿਮਾਗ ਅਤੇ ਦੇਹ ਆਪਣੀ ਪੂਰੀ ਤਾਕਤ ਅਤੇ ਭਾਈਵਾਲੀ ਨਾਲ ਜੀਵਨੀ ਉਪਲੱਬਧੀਆਂ ਲਈ ਨਿੱਠ ਕੇ ਕੰਮ ਕਰਦੇ। ਕਈ ਵਾਰ ਜਦ ਅਸੀਂ ਇਨ੍ਹਾਂ ਵਿਚੋਂ ਇਕ ਨੂੰ ਵੀ ਵਿਸਾਰ ਦਿੰਦੇ ਤਾਂ ਇਸ ਦਾ ਇਵਜ਼ਾਨਾ ਸਾਨੂੰ ਹੀ ਭੁਗਤਣਾ ਪੈਂਦਾ। ਮੇਰਾ ਜਾਣਕਾਰ ਕੈਮਿਸਟਰੀ ਪੜ੍ਹਾਉਂਦਾ ਸੀ ਅਤੇ ਸਵੇਰ ਤੋਂ ਦੇਰ ਰਾਤ ਤੀਕ ਉਹ ਟਿਊਸ਼ਨਜ਼ ਪੜ੍ਹਾਉਣ ਵਿਚ ਹੀ ਰੁੱਝਿਆ ਰਹਿੰਦਾ ਸੀ। ਉਸ ਉਪਰ ਦਿਲ ਤੇ ਦੇਹ ਦਾ ਕੋਈ ਕੰਟਰੋਲ ਨਹੀਂ ਸੀ, ਸਗੋਂ ਦਿਮਾਗ ਹੀ ਗਿਣਤੀਆਂ-ਮਿਣਤੀਆਂ ਵਿਚ ਉਲਝਿਆ, ਵੱਧ ਵੱਧ ਤੋਂ ਧਨ ਕਮਾਉਣ ਦੀ ਘਾੜਤਾਂ ਘੜਨ ਵਿਚ ਮਸ਼ਰੂਫ ਰਹਿੰਦਾ। ਕਈ ਵਾਰ ਕਹਿਣਾ ਕਿ ਸਰੀਰ ਲਈ

ਦਿਲ, ਦਿਮਾਗ ਅਤੇ ਦੇਹ ਦੀ ਤੰਦਰੁਸਤੀ ਲਈ ਜਰੂਰੀ ਹੈ ਕਿ ਕਿਸੇ ਇਕ 'ਤੇ ਬੇਲੋੜਾ ਬੋਝ ਨਾ ਪਾਇਆ ਜਾਵੇ। ਸਗੋਂ ਇਨ੍ਹਾਂ ਦੀ ਵਰਤੋਂ ਸੁਹਿਰਦਤਾ, ਸੰਜਮ, ਸਾਦਗੀ ਅਤੇ ਸੰਤੋਖਪੁਣੇ ਨਾਲ ਕੀਤੀ ਜਾਵੇ। ਇਸ ਨਾਲ ਇਹ ਇਕ ਦੂਜੇ ਦਾ ਸਹਾਰਾ ਵੀ ਬਣਦੇ ਹਨ ਅਤੇ ਇਕ ਦੂਜੇ ਦਾ ਹੰਭਲਾ ਤੇ ਹੌਂਸਲਾ ਵੀ; ਇਕ ਦੂਜੇ ਲਈ ਹਮਦਰਦੀ ਤੇ ਹਾਂ-ਪੱਖੀ ਹੁੰਗਾਰਾ ਬਣਦੇ ਅਤੇ ਇਕ ਦੂਜੇ ਦੀ ਸਦੀਵਤਾ ਦੀ ਹਾਮੀ ਭਰਦੇ।

ਉਮਰ ਦੇ ਹਰ ਪੜਾਅ ਵਿਚ ਸਰੀਰ ਦੇ ਹਰ ਅੰਗ ਦੀ ਸਮਰੱਥਾ ਅਤੇ ਯੋਗਤਾ ਬਦਲਦੀ ਰਹਿੰਦੀ। ਲੋੜ ਹੈ, ਮਨੁੱਖੀ ਵਿਚਾਰ ਅਤੇ ਜੀਵਨ-ਸ਼ੈਲੀ ਵਿਚ ਨਿਰੰਤਰ ਬਦਲਾਅ ਲਿਆਂਦਾ ਜਾਵੇ ਤਾਂ ਕਿ ਸਰੀਰ ਦੇ ਸਮੁੱਚੇ ਅੰਗਾਂ ਦੀ ਪ੍ਰਕਿਰਿਆ ਵਿਚ ਕਿਸੇ ਕਿਸਮ ਦਾ ਵਿਘਨ, ਰੁਕਾਵਟ ਜਾਂ ਕਾਰਗੁਜਾਰੀ ਵਿਚ ਕੋਈ ਕਮੀ ਜਾਂ ਕੁਤਾਹੀ ਨਾ ਪੈਦਾ ਹੋਵੇ।




***ਦਿਲ, ਦਿਮਾਗ ਅਤੇ ਦੇਹ ਦੀ ਤੰਦਰੁਸਤੀ ਲਈ ਜਰੂਰੀ ਹੈ ਕਿ ਕਿਸੇ ਇਕ 'ਤੇ ਬੇਲੋੜਾ ਬੋਝ ਨਾ ਪਾਇਆ ਜਾਵੇ। ਸਗੋਂ ਇਨ੍ਹਾਂ ਦੀ ਵਰਤੋਂ ਸੁਹਿਰਦਤਾ, ਸੰਜਮ, ਸਾਦਗੀ ਅਤੇ ਸੰਤੋਖਪੁਣੇ ਨਾਲ ਕੀਤੀ ਜਾਵੇ। ਇਸ ਨਾਲ ਇਹ ਇਕ ਦੂਜੇ ਦਾ ਸਹਾਰਾ ਵੀ ਬਣਦੇ ਹਨ ਅਤੇ ਇਕ ਦੂਜੇ ਦਾ ਹੰਭਲਾ ਤੇ ਹੌਂਸਲਾ ਵੀ; ਇਕ ਦੂਜੇ ਲਈ ਹਮਦਰਦੀ ਤੇ ਹਾਂ-ਪੱਖੀ ਹੁੰਗਾਰਾ ਬਣਦੇ ਅਤੇ ਇਕ ਦੂਜੇ ਦੀ ਸਦੀਵਤਾ ਦੀ ਹਾਮੀ ਭਰਦੇ।***

ਕਲਾਕਾਰ, ਕਵੀ, ਗਾਇਕ, ਪੇਂਟਰ, ਖੋਜੀ ਲੋਕ ਦਿਲ ਦੀਆਂ ਰਮਜ਼ਾਂ ਦਾ ਹੁੰਗਾਰਾ ਭਰਦੇ। ਉਹ ਦਿਮਾਗ ਨਹੀਂ ਵਰਤਦੇ। ਯਾਦ ਰਹੇ, ਦਿਲ ਨਾਲ ਹੀ ਕਵਿਤਾਵਾਂ, ਕਲਾਵਾਂ, ਪੇਂਟਿੰਗਜ਼ ਆਦਿ ਕਿਸੇ ਵੀ ਕਲਾ ਦੀ ਸਿਰਜਣਾ ਹੁੰਦੀ ਹੈ, ਜਦੋਂ ਕਿ ਦਿਮਾਗ ਨਾਲ ਫਾਰਮੂਲਾ ਆਧਾਰਤ ਕਿਰਤਾਂ ਤਿਆਰ ਹੁੰਦੀਆਂ। ਕੁਝ ਕਿਰਤਾਂ ਘੜੀਆਂ ਜਾ ਸਕਦੀਆਂ ਜਾਂ ਕੁਝ ਕਵਿਤਾਵਾ ਜਾਂ ਰਚਨਾਵਾਂ ਨੂੰ ਲਿਖਿਆ ਜਾ ਸਕਦਾ ਹੈ, ਪਰ ਸਿਰਜਣ ਅਤੇ ਘੜਨ ਵਿਚਲਾ ਅੰਤਰ ਹੀ ਦਿਲ ਤੇ ਦਿਮਾਗ ਦੇ ਅੰਤਰ ਨੂੰ ਸਮਝਾਉਂਦਾ ਹੈ। ਦਿਲ ਨਾਲ ਸਿਰਜੀ ਕਿਰਤ ਦਾ ਮੁੱਲ ਜਦ ਦਿਮਾਗ ਪਾਉਣ ਲੱਗਦਾ ਤਾਂ ਕਲਾ ਕੀਰਤੀ ਵਿਚ ਇਕ ਹਉਕਾ ਧਰਿਆ ਜਾਂਦਾ। ਅਕਸਰ ਅੱਜ ਕੱਲ ਕਲਾ-ਕਿਰਤੀਆਂ ਨੂੰ ਹਟਕੋਰੇ ਲੈਂਦਿਆਂ ਹੀ ਦੇਖਿਆ ਜਾ ਸਕਦਾ ਹੈ।

ਦਿਲ, ਦਿਮਾਗ ਅਤੇ ਦੇਹ ਦਾ ਸੰਪੂਰਨ ਸੰਤੁਲਨ ਬਹੁਤ ਜਰੂਰੀ ਹੁੰਦਾ ਹੈ-ਸਰਬਪੱਖੀ ਵਿਕਾਸ ਅਤੇ ਉਨਤੀ ਲਈ। ਇਨ੍ਹਾਂ ਦਾ ਅਸਾਵਾਂਪਣ ਬਹੁਤ ਕੁਝ ਅਜਿਹਾ ਪੈਦਾ ਕਰ ਦਿੰਦਾ, ਜਿਸ ਨਾਲ ਪੈਦਾ ਹੋਏ ਕੋਹਝ, ਕਰੂਪਤਾ ਜਾਂ ਕੁਢੰਗਤਾ ਨੂੰ ਛੁਪਾਇਆ ਨਹੀਂ ਜਾ ਸਕਦਾ। ਜੀਵਨ ਦੇ ਪਹਿਲੇ ਪੜਾਅ ਵਿਚ ਦੇਹ ਅਤੇ ਦਿਲ ਜ਼ਿਆਦਾ ਹਾਵੀ ਸੈਰ ਕਰਿਆ ਕਰ, ਤਾਂ ਉਸ ਦਾ ਉਤਰ ਮੈਨੂੰ ਵੀ ਲਾਜਵਾਬ ਕਰ ਗਿਆ। ਉਸ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਦਿਲ ਦਾ ਦੌਰਾ ਪੈਣਾ ਹੈ ਅਤੇ ਮੈਂ ਪੰਜ ਲੱਖ ਰੁਪਏ ਇਕ ਪਾਸੇ ਇਸ ਦੇ ਇਲਾਜ ਲਈ ਪਹਿਲਾਂ ਹੀ ਰੱਖਿਆ ਹੋਇਆ ਹੈ। ਸੱਚ ਇਹ ਹੈ ਕਿ ਉਸਨੂੰ ਹੁਣ ਤੀਕ ਦੋ-ਤਿੰਨ ਵਾਰ ਦਿਲ ਦੇ ਦੌਰੇ ਪੈ ਚੁਕੇ ਹਨ, ਪਰ ਉਹ ਆਪਣੀ ਫਿਤਰਤ ਬਦਲਣ ਲਈ ਤਿਆਰ ਨਹੀਂ। ਦਰਅਸਲ ਦਿਮਾਗ ਲਈ, ਦਿਲ ਤੇ ਦੇਹ ਦੇ ਕੋਈ ਮਹੱਤਵ ਨਹੀਂ ਹੁੰਦਾ।

ਦਿਲ ਦਾ ਸਬੰਧ ਭਾਵਨਾਤਮਕਤਾ ਨਾਲ, ਕੋਮਲਤਾ ਨਾਲ, ਰੰਗਾਂ ਨਾਲ, ਕੁਦਰਤ ਦੀਆਂ ਨਿਆਮਤਾਂ ਨਾਲ, ਕੁਦਰਤ ਨੂੰ ਮਾਣਨਾ ਅਤੇ ਇਸ ਦੀ ਸੁੰਦਰਤਾ ਤੇ ਵਿਸ਼ਾਲਤਾ ਵਿਚੋਂ ਜੀਵਨ ਦੇ ਅਨੰਦਤ ਪਲਾਂ ਨੂੰ ਜ਼ਿੰਦਗੀ ਦੇ ਨਾਮ ਕਰਨਾ ਹੁੰਦਾ। ਦਿਮਾਗ ਵਰਤਣ ਵਾਲਾ ਕਹੇਗਾ ਕਿ ਜਿੰਨੇ ਪੈਸੇ ਕਿਸੇ ਸੈਰਗਾਹ ਜਾਂ ਵਿਦੇਸ਼ ਦੀ ਸੈਰ 'ਤੇ ਖਰਚਣੇ, ਉਸ ਨਾਲ ਤਾਂ ਵਪਾਰ ਨੂੰ ਹੋਰ ਵੀ ਵਧਾਇਆ ਜਾ ਸਕਦਾ। ਬਾਹਰਲੇ ਦੇਸ਼ਾਂ ਦੇ ਲੋਕ ਕੰਮ ਵੇਲੇ ਦਿਮਾਗ ਵਰਤਦੇ ਨੇ ਅਤੇ ਕੰਮ ਤੋਂ ਬਾਅਦ ਉਹ ਆਪਣੇ ਦਿਲ ਤੇ ਦੇਹ ਦੀਆਂ ਮੁਹਾਰਾਂ ਖੁੱਲ੍ਹੀਆਂ ਛੱਡ ਦਿੰਦੇ ਨੇ ਅਤੇ ਜੀਵਨ ਨੂੰ ਰੱਜ ਕੇ ਜਿਉਂਦੇ ਨੇ।

ਉਮਰ ਦੇ ਆਖਰੀ ਪੜਾਅ ਵਿਚ ਸਰੀਰਕ ਸਮਰੱਥਾ ਘੱਟਦੀ ਹੈ। ਇਸ ਸਮੇਂ ਦੇਹ ਦੀ ਚੁਸਤੀ-ਫੁਰਤੀ ਲਈ ਛੋਟੀਆਂ ਮੋਟੀਆਂ ਸਰੀਰਕ ਕਿਰਿਆਵਾਂ ਵਿਚ ਖੁਦ ਨੂੰ ਰੁੱਝਿਆ ਰੱਖਣਾ ਬਹੁਤ ਜਰੂਰੀ ਹੁੰਦਾ, ਪਰ ਇਸ ਤੋਂ ਵੀ ਜਰੂਰੀ ਹੁੰਦਾ ਕਿ ਸਾਡਾ ਦਿਲ ਜਵਾਨ ਰਹੇ, ਕਿਉਂਕਿ ਜੇ ਜਵਾਨੀ, ਰਵਾਨੀ ਅਤੇ ਦੀਵਾਨਗੀ ਸੋਚ ਵਿਚ ਹੋਵੇ ਦਿਲ-ਦਰਵਾਜੇ ਮੋਕਲੇ ਰਹਿੰਦੇ। ਦਿਲ ਦੀ ਧੜਕਣ ਵਿਚ ਸੰਗੀਤ ਪੈਦਾ ਹੁੰਦਾ ਰਹੇ। ਦਿਲ ਦੀਆਂ ਰਮਜ਼ਾਂ ਨੂੰ ਜਾਣਨ ਅਤੇ ਇਨ੍ਹਾਂ ਨਾਲ ਜੀਵਨ ਦੀ ਉਤਮਤਾ ਨੂੰ ਪ੍ਰਾਪਤ ਕਰਨ ਦੀ ਚੇਸ਼ਟਾ ਬਣੀ ਰਹੇ ਤਾਂ ਬੰਦਾ ਹਰ ਉਮਰ ਵਿਚ ਵੀ ਊਰਜਾਵਾਨ ਰਹਿੰਦਾ। ਉਹ ਨਵੇਂ ਵਿਚਾਰਾਂ, ਖਿਆਲਾਂ ਅਤੇ ਸੁਪਨਿਆਂ ਸੰਗ ਉਡਾਣ ਭਰਨ ਲਈ ਤਤਪਰ ਰਹਿੰਦਾ।

ਬਜੁਰਗੀ ਵਿਚ ਸਰੀਰ ਭਾਵੇਂ ਸਿੱਥਲ ਹੋ ਜਾਵੇ, ਕੁਝ ਕੁ ਅੰਗ ਆਪਣੀ ਉਮਰ ਵੀ ਵਿਹਾਜ ਜਾਣ, ਪਰ ਜੇ ਉਹ ਦਿਮਾਗੀ ਤੌਰ 'ਤੇ ਚੇਤੰਨ ਹੋਵੇ। ਉਸ ਦੇ ਦਿਲ ਵਿਚ ਪਿਆਰ, ਮੋਹ, ਮੁਹੱਬਤ ਅਤੇ ਮਿਲਾਪ ਦੀਆਂ ਤਰੰਗਾਂ ਪੈਦਾ ਹੁੰਦੀਆਂ ਹੋਣ ਤਾਂ ਉਹ ਬੰਦਾ ਜ਼ਿੰਦਗੀ ਦੇ ਆਖਰੀ ਸਾਹ ਤੀਕ ਵੀ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਂਦਾ ਹੈ।

ਖੁਸ਼ਵੰਤ ਸਿੰਘ ਦੀ ਜ਼ਿੰਦਾਦਿਲੀ ਦਾ ਰਾਜ਼ ਸੀ ਕਿ ਉਸ ਦੇ ਦਿਲ, ਦਿਮਾਗ ਅਤੇ ਦੇਹ ਨੇ ਉਸ ਦੀਆਂ ਹਰ ਸੱਧਰਾਂ ਨੂੰ ਪੂਰਿਆਂ ਕਰਨ ਤੇ ਆਪਣੀ ਮਨਮਰਜੀ ਦੀ ਤਰਜ਼ੇ-ਜ਼ਿੰਦਗੀ ਜਿਉਣ ਦੀ ਖੁੱਲ੍ਹ ਪ੍ਰਦਾਨ ਕੀਤੀ। ਉਸ ਨੇ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਲਈ ਕਿਸੇ ਦੀਆਂ ਸ਼ਰਤਾਂ ਨੂੰ ਕਦੇ ਪ੍ਰਵਾਨ ਨਹੀਂ ਸੀ ਕੀਤਾ।

ਇਹ ਜਰੂਰੀ ਨਹੀਂ ਕਿ ਵਿਅਕਤੀ ਦੇ ਦਿਲ, ਦਿਮਾਗ ਅਤੇ ਦੇਹ ਦੀ ਤਿਕੋਣੀ ਵਿਚੋਂ ਹੀ ਨਵੀਆਂ ਪ੍ਰਾਪਤੀਆਂ ਦੀ ਤਲਾਸ਼ ਸੰਭਵ ਹੋਵੇ। ਕੁਝ ਅਜਿਹੇ ਲੋਕ ਵੀ ਹੁੰਦੇ, ਜੋ ਸਰੀਰਕ ਅਲਾਮਤਾਂ ਦੇ ਬਾਵਜੂਦ ਜ਼ਿੰਦਗੀ ਨੂੰ ਜਿਉਣ ਅਤੇ ਕੁਝ ਕਰ ਗੁਜਰਨ ਦੇ ਜਜ਼ਬੇ ਨਾਲ ਇੰਨੇ ਭਰੇ ਹੁੰਦੇ ਕਿ ਦੁਨੀਆਂ ਉਨ੍ਹਾਂ ਨੂੰ ਸਲਾਮ ਕਰਦੀ। ਮਹਾਨ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਤੁਰਨ-ਫਿਰਨ ਅਤੇ ਬੋਲਣ ਤੋਂ ਲਾਚਾਰ ਸੀ, ਪਰ ਉਸ ਦਾ ਦਿਲ ਜਵਾਨ ਸੀ ਅਤੇ ਉਸ ਨੇ ਪ੍ਰੇਮ ਵਿਆਹ ਕਰਵਾਇਆ ਸੀ। ਉਸ ਦੇ ਦਿਮਾਗ ਦੇ ਸਦਕੇ ਜਾਣ ਨੂੰ ਜੀਅ ਕਰਦਾ, ਜਿਸ ਨੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਅਜਿਹੀਆਂ ਨਵੀਆਂ ਖੋਜਾਂ ਅਤੇ ਪੈੜਾਂ ਸਿਰਜੀਆਂ ਕਿ ਲੋਕ ਵੀ ਹੈਰਾਨ ਸਨ ਕਿ ਕਿਵੇਂ ਇਕ ਮੁਥਾਜ ਵਿਅਕਤੀ ਵੀ ਜ਼ਿੰਦਗੀ ਦੀ ਦੀਵਾਨਗੀ ਮਾਣ ਰਿਹਾ ਏ।

ਅਖਬਾਰ 'ਪੰਜਾਬ ਟਾਈਮਜ਼' ਵਾਲੇ ਸ. ਅਮੋਲਕ ਸਿੰਘ ਜੰਮੂ ਵ੍ਹੀਲ ਚੇਅਰ ਦੇ ਮੁਥਾਜ ਹਨ। ਗੱਲ ਵੀ ਨਹੀਂ ਹੁੰਦੀ ਅਤੇ ਆਕਸੀਜਨ ਦਾ ਸਿਲੰਡਰ ਵ੍ਹੀਲ ਚੇਅਰ 'ਤੇ ਹੁੰਦਾ, ਪਰ ਉਨ੍ਹਾਂ ਦੀ ਪੰਜਾਬੀ ਅਦਬ ਅਤੇ ਅਖਬਾਰ ਪ੍ਰਤੀ ਇੰਨੀ ਪ੍ਰਤੀਬੱਧਤਾ ਹੈ ਕਿ ਉਹ ਇਨ੍ਹਾਂ ਹਾਲਾਤ ਵਿਚ 'ਪੰਜਾਬ ਟਾਈਮਜ਼' ਦਾ ਹਰ ਅੰਕ ਆਪਣੀ ਦੇਖ-ਰੇਖ ਤਿਆਰ ਕਰਵਾਉਂਦੇ ਨੇ। ਜ਼ਿੰਦਗੀ ਦੇ ਅਜਿਹੇ ਸਿਰੜੀ ਆਸ਼ਕਾਂ ਨੂੰ ਸਲਾਮ, ਜਿਨ੍ਹਾਂ ਨੂੰ ਦੇਖ ਕੇ ਸਰੀਰਕ ਅਲਾਮਤਾਂ ਵੀ ਹੈਰਾਨ-ਪ੍ਰੇਸ਼ਾਨ ਹੋ, ਨਮੋਸ਼ੀ ਵਿਚ ਝੂਰਨ ਜੋਗੀਆਂ ਹੀ ਰਹਿ ਜਾਂਦੀਆਂ ਨੇ।

ਮਨੁੱਖ ਦੀ ਸੰਪੂਰਨ, ਸਮੁੱਚੀ ਅਤੇ ਸੁੰਦਰ ਜ਼ਿੰਦਗੀ ਲਈ ਦਿਲ, ਦਿਮਾਗ ਅਤੇ ਦੇਹ ਵਿਚਲੀ ਇਕਸੁਰਤਾ, ਇਕਸਾਰਤਾ, ਇਕਮਿਕਤਾ, ਇਕਮੁੱਠਤਾ ਅਤੇ ਇਕ-ਰੰਗਤਾ ਬਹੁਤ ਜਰੂਰੀ। ਕਈ ਵਾਰ ਦਿਮਾਗ ਦੀ ਨਾਲੀ ਫਟਣ ਨਾਲ ਵਿਅਕਤੀ ਦਿਮਾਗੀ ਤੌਰ 'ਤੇ ਮਰ ਜਾਂਦਾ, ਪਰ ਉਸ ਦਾ ਦਿਲ ਧੜਕਦਾ ਹੁੰਦਾ। ਸਰੀਰਕ ਅੰਗਾਂ ਵਿਚ ਹਰਕਤ ਪੈਦਾ ਕਰਨ ਅਤੇ ਇਸ ਨੂੰ ਕੰਟਰੋਲ ਕਰਨ ਵਾਲਾ ਦਿਮਾਗ ਗੈਰਹਾਜ਼ਰ ਹੁੰਦਾ। ਬੰਦਾ ਇਕ ਜਿਉਂਦੀ ਲਾਸ਼ ਹੁੰਦਾ। ਬੜਾ ਔਖਾ ਹੁੰਦਾ ਏ, ਅਜਿਹੇ ਆਪਣੇ ਦੇ ਆਖਰੀ ਪਲਾਂ ਵਿਚ ਪਲ ਪਲ ਕਰ ਕੇ ਮਰਨਾ ਅਤੇ ਪਿਆਰੇ ਦੀ ਤੜਫ ਵਿਚ ਤੜਫ ਬਣ ਕੇ ਰਹਿ ਜਾਣਾ। ਅਜਿਹੇ ਵਿਅਕਤੀ ਲਈ ਮੌਤ ਹੀ ਆਖਰੀ ਠਾਹਰ ਹੁੰਦੀ।

ਯਾਦ ਰਹੇ, ਦਿਲ ਵਿਚ ਦਿਮਾਗ ਨਹੀਂ ਹੁੰਦਾ ਅਤੇ ਦਿਮਾਗ ਵਿਚ ਦਿਲ ਨਹੀਂ ਹੁੰਦਾ। ਇਸ ਲਈ ਜਦ ਦਿਲ ਕੁਝ ਕਹਿੰਦਾ ਤਾਂ ਦਿਮਾਗ ਗੈਰ-ਹਾਜ਼ਰ ਹੁੰਦਾ ਅਤੇ ਜਦ ਦਿਮਾਗ ਬੋਲਦਾ ਤਾਂ ਦਿਲ ਦੀ ਗੈਰ-ਹਾਜ਼ਰੀ ਖਟਕਦੀ ਆ। ਲੋੜ ਹੈ, ਦਿਲ ਕੁਝ ਕਹਿਣ ਲੱਗੇ ਤਾਂ ਦਿਮਾਗ ਕੋਲੋਂ ਮਾਰਗ ਦਰਸ਼ਨਾ ਲਵੇ ਅਤੇ ਦਿਮਾਗ ਕੁਝ ਕਰਨ ਤੋਂ ਪਹਿਲਾਂ ਦਿਲ ਵੰਨੀਂ ਜਰੂਰ ਨਜ਼ਰ ਫੇਰੇ।

ਦਿਲ ਅਤੇ ਦਿਮਾਗ ਦੀ ਆਪਸੀ ਤਕਰਾਰ ਵਿਚ ਕਿਸ ਨੇ ਜਿੱਤਣਾ ਅਤੇ ਕਿਸ ਨੇ ਹਾਰਨਾ ਹੈ, ਇਹ ਮਨੁੱਖ ਦੀ ਸੰਵੇਦਨਸ਼ੀਲਤਾ ਅਤੇ ਸੁਚੇਤਨਾ ਨੇ ਹੀ ਨਿਰਧਾਰਤ ਕਰਨਾ ਹੁੰਦਾ।

ਸਭ ਤੋਂ ਜਰੂਰੀ ਹੁੰਦਾ ਆਪਣੇ ਅੰਤਰੀਵ ਵਿਚ ਉਤਰਨਾ, ਆਪਣੇ ਆਪ ਦੇ ਰੂਬਰੂ ਹੋਣਾ, ਕਿਉਂਕਿ ਆਤਮਿਕ ਸੱਚ ਹੀ ਅੰਤਿਮ ਸੱਚ ਹੁੰਦਾ, ਜਿਸ ਤੋਂ ਦਿਮਾਗ ਕਦੇ ਵੀ ਨਾਬਰ ਨਹੀਂ ਹੋ ਸਕਦਾ। ਪਾਕ ਰੂਹਾਂ ਦੀ ਰੂਹਾਨੀਅਤ ਅਪਨਾਉਣ ਵਾਲੇ

***(ਬਾਕੀ ਅਗਲੇ ਸਫੇ 'ਤੇ)***

# ਖੋਜੀ ਮਸੀਹੇ





ਪੇਸ਼ਕਸ਼: ਹਰਜੀਤ ਦਿਓਲ
ਬਰੈਂਪਟਨ, ਕੈਨੇਡਾ
ਫੋਨ: 905-676-9242

ਦੱਖਣੀ ਧਰੁਵ (ਅੰਟਾਰਕਟਿਕ) ਦੇ ਗੁੱਝੇ ਭੇਦਾਂ ਦੀ ਥਾਹ ਪਾਉਣ ਲਈ ਆਸਟਰੇਲੀਆ ਸਰਕਾਰ ਵਲੋਂ ਤਿਆਰ ਕੀਤੀ ਗਈ 31 ਬੰਦਿਆਂ ਦੀ ਟੀਮ ਦਾ ਲੀਡਰ ਤੀਹ ਸਾਲਾ ਡਗਲਸ ਮਾਅਸਨ ਬਣਾਇਆ ਗਿਆ। ਉਹ ਖੋਜ ਕਾਰਜਾਂ ਦਾ ਚੰਗਾ ਅਭਿਅਸਤ ਸੀ। ਇਸ ਮਿਸ਼ਨ ਦਾ ਉਦੇਸ਼ 2000 ਮੀਲ 'ਚ ਫੈਲੇ ਅਣਜਾਣ ਤੇ ਅਭੇਦ ਦੱਖਣੀ ਧਰੁਵ ਦੇ ਨਕਸ਼ੇ ਅਤੇ ਹੋਰ ਭੂ ਵਿਗਿਆਨ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਇਸ ਦੁਰਗਮ ਤੇ ਜੋਖਮ ਭਰੇ ਬਰਫੀਲੇ ਮਹਾਦੀਪ ਦੀ ਯਾਤਰਾ ਕਰਨਾ ਸੀ। ਨਵੰਬਰ 1912 ਨੂੰ ਇਸ ਟੀਮ ਨੇ ਇੱਕ ਖਾੜੀ ਦੇ ਕਿਨਾਰੇ ਆਪਣੀ ਝੁੱਗੀ (ਹਟ) ਸਥਾਪਤ ਕੀਤੀ। ਇਹ ਸਥਾਨ ਅਤਿਅੰਤ ਤੇਜ ਹਵਾਵਾਂ (200 ਮੀਲ ਪ੍ਰਤੀ ਘੰਟਾ) ਤੇ ਭਿਆਨਕ ਠੰਡ ਵਾਲਾ ਖੇਤਰ ਜਾਣਿਆ ਜਾਂਦਾ ਸੀ।

ਤਿੰਨ ਤਿੰਨ ਬੰਦਿਆਂ ਦੀਆਂ ਅੱਠ ਟੀਮਾਂ ਬਣਾਈਆਂ ਗਈਆਂ ਤੇ ਵੱਖ ਵੱਖ ਰਸਤਿਆਂ ਰਾਹੀਂ ਉਨ੍ਹਾਂ ਮੰਜ਼ਿਲ ਵੱਲ ਕੂਚ ਕੀਤਾ। ਡਗਲਸ ਮਾਅਸਨ ਦੀ ਟੀਮ 'ਚ ਸਨ 29 ਸਾਲਾ ਜੇਵੀਅਰ ਮਰਟ ਤੇ 25 ਸਾਲਾ ਬਲਗ੍ਰੇਵ ਨਿਨੀ। ਦੋਵੇਂ ਖੋਜ ਕਾਰਜ ਦੇ ਮਾਹਰ ਸਨ। ਸਲੇਜਾਂ (ਬਰਫ 'ਤੇ ਕੁੱਤਿਆਂ ਜਾਂ ਘੋੜਿਆਂ ਨਾਲ ਖਿੱਚੀਆਂ ਜਾਣ ਵਲੀਆਂ ਗੱਡੀਆਂ), ਜੋ ਜਰੂਰੀ ਸਾਜ਼ੋ-ਸਾਮਾਨ ਜਿਵੇਂ ਤੰਬੂ, ਖਾਦ ਪਦਾਰਥ, ਰੱਸੇ ਤੇ ਸੱਬਲਾਂ ਆਦਿ ਨਾਲ ਲੱਦੀਆਂ ਸਨ, ਨੂੰ ਦਰਜਨ ਕੁ ਕੁੱਤਿਆਂ ਨੇ ਖਿਚਦਿਆਂ ਮੰਜ਼ਿਲ ਵੱਲ ਵਧਣਾ ਸ਼ੁਰੂ ਕੀਤਾ। 35 ਦਿਨ ਦਾ ਸਫਰ ਤੈਅ ਕਰਕੇ ਇਹ ਤਿੱਕੜੀ 14 ਦਸੰਬਰ ਨੂੰ ਕੋਈ 300 ਮੀਲ ਦਾ ਪੰਧ ਮੁਕਾ ਚੁਕੀ ਸੀ। ਦੋ ਵੱਡੇ ਗਲੇਸ਼ੀਅਰ ਅਤੇ ਕਿੰਨੀਆਂ ਹੀ ਬਰਫੀਲੀਆਂ ਡੂੰਘੀਆਂ ਦਰਾਰਾਂ ਪਾਰ ਕੀਤੀਆਂ ਗਈਆਂ ਸਨ।

ਇਕ ਦੁਪਹਿਰ ਵੇਲੇ ਜਦ ਮਾਅਸਨ ਇੱਕ ਡੂੰਘੀ ਦਰਾਰ ਲਾਗਿਓਂ ਬਚਦਿਆਂ ਆਪਣੀ ਸਲੇਜ ਸਹਿਤ ਦੂਜੇ ਪਾਸੇ ਪੁੱਜਾ, ਉਸ ਨੇ ਕੁੱਤੇ ਦੀ ਮੱਧਮ ਜਿਹੀ ਚੀਕ ਸੁਣੀ। ਉਸ ਨੇ ਪਲਟ ਕੇ ਦੇਖਿਆ ਤਾਂ ਠਠੰਬਰ ਗਿਆ। ਪਿੱਛੇ ਦੂਰ ਦੂਰ ਤੱਕ ਸਲੇਜ 'ਤੇ ਸਾਥੀ ਨਿਨੀ ਦਾ ਨਾਮੋ ਨਿਸ਼ਾਨ ਨਹੀਂ ਦਿਖਿਆ। ਅੱਗੇ ਜਾਂਦਾ ਮਰਟ ਵੀ ਪਿੱਛੇ ਮੁੜ ਆਇਆ ਸੀ। ਦੋਹਾਂ ਨੇ ਆਪਣੇ ਆਪ ਨੂੰ ਰੱਸਿਆਂ ਨਾਲ ਬੰਨ੍ਹ ਕੇ ਡੂੰਘੀ ਖੱਡ ਵਿਚ ਝਾਕਿਆ। ਜੋ ਦਿਖਿਆ, ਓਹ ਹੌਲਨਾਕ ਸੀ। ਕੋਈ 200 ਫੁਟ ਥੱਲੇ ਇੱਕ ਕੁੱਤਾ ਬੇਹਰਕਤ ਪਿਆ ਸੀ ਤੇ ਨੇੜੇ ਕੁਝ ਹੋਰ ਸਮਾਨ ਬਿਖਰਿਆ ਪਿਆ ਸੀ ਤੇ ਨਿਨੀ ਦੀ ਕੋਈ ਉੱਘ-ਸੁੱਘ ਨਹੀਂ। ਦੋਹਾਂ ਨੇ ਉੱਚੀ ਅਵਾਜ਼ 'ਚ ਪੁਕਾਰਿਆ, ਪਰ ਕੋਈ ਪ੍ਰਤੀਕਰਮ ਨਹੀਂ ਆਇਆ। ਜਾਹਰ ਸੀ, ਨਿਨੀ ਕੁਝ ਕੁੱਤਿਆਂ ਅਤੇ ਭਰੀ ਸਲੇਜ ਸਮੇਤ ਥੱਲੇ ਹੋਰ ਡੂੰਘੀ ਦਰਾਰ ਵਿਚ ਜਾ ਡਿੱਗਿਆ ਸੀ ਤੇ ਮੌਤ ਨਿਸ਼ਚਿਤ ਸੀ।

ਥੱਲੇ ਉਤਰਨ ਲਈ ਲੋੜ ਜੋਗਾ ਰੱਸਾ ਨਹੀਂ ਸੀ, ਕਿਉਂਕਿ ਬਹੁਤਾ ਸਾਜ਼ੋ-ਸਾਮਾਨ ਅਤੇ ਖਾਦ ਪਦਾਰਥ ਇਸ ਮੌਤ ਦੇ ਖੂਹ 'ਚ ਸਮਾ ਚੁਕਾ ਸੀ। ਆਖਰ ਉਨ੍ਹਾਂ ਹੋਣੀ ਨੂੰ ਮਨਜੂਰ ਕਰਦਿਆਂ ਵਾਪਸੀ ਦਾ ਸਫਰ ਸ਼ੁਰੂ ਕੀਤਾ। ਬਿਨਾ ਟੈਂਟ ਰਾਤ ਕੱਟਣੀ ਮੌਤ ਦਾ ਕਾਰਨ ਬਣਦੀ, ਇਸ ਲਈ ਉਨ੍ਹਾਂ ਬਚੇ-ਖੁਚੇ ਸਾਮਾਨ ਨਾਲ ਇੱਕ ਛੋਟਾ ਆਰਜੀ ਟੈਂਟ ਤਿਆਰ ਕੀਤਾ ਤੇ ਬਚੇ ਥੋੜ੍ਹੇ ਜਿਹੇ ਭੋਜਨ ਨੂੰ ਸੰਜਮ ਨਾਲ ਵਰਤਣਾ ਅਰੰਭ ਕੀਤਾ। ਕੁਝ ਦਿਨ ਤਾਂ ਵਾਪਸੀ ਸਫਰ ਠੀਕ ਹੋ ਨਿਬੜਿਆ, ਪਰ ਕਿਉਂਕਿ ਕੁੱਤਿਆਂ ਦੀ ਖੁਰਾਕ ਘਟ ਗਈ ਸੀ, ਇਕ ਇਕ ਕਰਕੇ ਕੁੱਤਿਆਂ ਨੇ ਜਵਾਬ ਦੇ ਦਿੱਤਾ। ਜਦ ਦੋਹਾਂ ਖੋਜੀਆਂ ਦਾ ਆਪਣਾ ਭੋਜਨ ਵੀ ਖਤਮ ਹੋ ਗਿਆ ਤਾਂ ਸਾਹਸੱਤ ਹੀਣ ਕੁੱਤਿਆਂ ਨੂੰ ਗੋਲੀ ਮਾਰ ਕੇ ਉਨ੍ਹਾਂ ਦਾ ਮੀਟ ਵਰਤਿਆ ਗਿਆ। ਬੜੀ ਘੱਟ ਰਫਤਾਰ ਨਾਲ ਕੁਝ ਹੋਰ ਦਿਨ ਯਾਤਰਾ ਜਾਰੀ ਰੱਖੀ ਜਾ ਸਕੀ, ਕਿਉਂਕਿ ਹੁਣ ਇੱਕ ਕੁੱਤੇ ਨਾਲ ਆਪ ਵੀ ਸਲੇਜ ਖਿੱਚ ਰਹੇ ਸਨ। ਵਜਨ ਘੱਟ ਕਰਨ ਲਈ ਕੁਝ ਹੋਰ ਸਮਾਨ ਸੁੱਟਣਾ ਪੈ ਗਿਆ।

ਬਰਫੀਲੇ ਝੱਖੜਾਂ ਨੇ ਉਨ੍ਹਾਂ ਦਾ ਸਫਰ ਦੁਸ਼ਵਾਰ ਕਰੀ ਰੱਖਿਆ, ਪਰ ਜੀਵਨ ਦੀ ਆਸ 'ਚ ਉਹ ਅੱਗੇ ਵਧਦੇ ਰਹੇ। ਅਚਾਨਕ ਜੇਵੀਅਰ ਮਰਟ ਬੀਮਾਰ ਪੈ ਗਿਆ ਤੇ ਉਸ ਤੁਰਨੋ ਨਾਂਹ ਕਰ ਦਿੱਤੀ। ਮਾਅਸਨ ਨੇ ਦੇਖਿਆ ਕਿ ਮਰਟ ਨੇ ਪੈਂਟ ਵਿਚ ਹੀ ਪਾਖਾਨਾ ਕਰ ਦਿੱਤਾ ਹੈ, ਤਾਂ ਉਸ ਇੱਕ ਨਰਸ ਵਾਂਗ ਉਸ ਨੂੰ ਸਾਫ ਕਰ ਸਲੀਪਿੰਗ ਬੈਗ ਵਿਚ ਲਿਟਾ ਦਿੱਤਾ। ਕੰਮ ਚਲਾਊ ਟੈਂਟ 'ਚ ਪਿਆ ਮਰਟ ਉਸ ਰਾਤ ਸਰਸਾਮ ਦਾ ਸ਼ਿਕਾਰ ਹੋ ਗਿਆ। ਉਹ ਜਰਮਨ 'ਚ ਅਵਾ-ਤਵਾ ਬੋਲਦਾ ਰਿਹਾ ਤੇ ਅੰਤ ਸਵੇਰ ਤੱਕ ਪ੍ਰਾਣ ਤਿਆਗ ਗਿਆ। ਮਾਅਸਨ ਨੇ ਉਸ ਦੀ ਦੇਹ ਨੂੰ ਬਰਫ 'ਚ ਦਬਾ ਕੇ ਸਲੇਜ ਦੇ ਵਾਧੂ ਰਨਰਾਂ ਨਾਲ ਉਸ ਉੱਪਰ ਇਕ ਕਰਾਸ ਖੜਾ ਕਰ ਦਿੱਤਾ।

ਤਾਰੀਕ 8 ਜਨਵਰੀ ਸੀ ਤੇ ਮੌਤ ਨੂੰ ਸ਼ਿਕਸਤ ਦੇਣ ਲਈ ਇਕੱਲੇ ਮਾਅਸਨ ਨੂੰ ਕੋਈ 100 ਮੀਲ ਦਾ ਪੰਧ ਤੈਅ ਕਰਕੇ ਬੇਸ ਕੈਂਪ ਦੇ ਹੱਟ ਤੱਕ ਪਹੁੰਚਣਾ ਜਰੂਰੀ ਸੀ। ਉਸ ਸਫਰ ਜਾਰੀ ਰੱਖਿਆ, ਪਰ ਕੁਦਰਤ ਨੇ ਉਸ ਦਾ ਹੋਰ ਇਮਤਿਹਾਨ ਲੈਣਾ ਸੀ। ਅਚਾਨਕ ਉਹ ਪੋਲੀ ਬਰਫ ਥੱਲੇ ਢਕੇ ਖੂਹ ਵਿਚ ਜਾ ਡਿੱਗਾ ਤੇ ਆਪਣੇ ਨਾਲ ਬੰਨ੍ਹੇ 14 ਫੁਟ ਰੱਸੇ ਸਹਾਰੇ ਲਟਕਣ ਲੱਗਾ। ਰੱਸੇ ਦਾ ਦੂਜਾ ਸਿਰਾ ਸਲੇਜ ਨਾਲ ਬੰਨ੍ਹਿਆ ਹੋਣ ਕਾਰਨ ਸਲੇਜ ਬਰਫ 'ਚ ਅਟਕ ਗਈ ਸੀ।

ਥੱਲੇ ਮੌਤ ਦੇ ਮੂੰਹ 'ਚ ਤਾਂ ਜਾਣੋ ਬਚ ਗਿਆ, ਪਰ ਇੱਥੋਂ ਨਿਕਲਣਾ ਕਠਿਨ ਸੀ। ਕੁਝ ਦੇਰ ਉਹ ਆਪਣੀ ਮੌਤ ਦੇ ਰੂਬਰੂ ਹੁੰਦਾ ਰਿਹਾ, ਕਿਉਂਕਿ ਇੱਥੇ ਲਟਕਦਾ ਉਹ ਹੌਲੀ ਹੌਲੀ ਫਰੀਜ਼ ਹੋ ਜਾਣਾ ਸੀ। ਉਸ ਨੇ ਬਚਣ ਲਈ ਆਖਰੀ ਸਾਹ ਤੱਕ ਕੋਸ਼ਿਸ਼ ਕਰਨ ਦੀ ਠਾਣ ਲਈ। ਰੱਸੇ ਉੱਪਰ ਕੁਝ ਕੁਝ ਫਾਸਲੇ 'ਤੇ ਗੰਢਾਂ ਸਨ, ਜਿਸ ਦਾ ਇਸਤੇਮਾਲ ਕਰ ਕੇ ਉਸ ਨੇ ਉੱਪਰ ਵਧਣਾ ਸ਼ੁਰੂ ਕੀਤਾ, ਪਰ ਅੱਧ 'ਚ ਜਾ ਕੇ ਉਹ ਤਿਲ੍ਹਕ ਕੇ ਫਿਰ ਥੱਲੇ ਆ ਡਿੱਗਾ। ਉਸ ਨੇ ਸੋਚਿਆ ਕਿ ਅੰਤ ਆ ਗਿਆ ਹੈ। ਅਚਾਨਕ ਉਸ ਨੂੰ ਆਪਣੇ ਚਹੇਤੇ ਕਵੀ ਰਾਬਰਟ ਸਰਵਸ ਦੇ ਬੋਲ ਯਾਦ ਆਏ, 'ਬਸ ਇੱਕ ਜੋਰਦਾਰ ਹੰਭਲਾ ਹੋਰ! ਮਰਨਾ ਸੌਖਾ ਹੈ, ਪਰ ਜੀਵਤ ਰਹਿਣ ਲਈ ਸੰਘਰਸ਼ ਕਰਨਾ ਹੀ ਬਹਾਦਰੀ ਹੈ।'

ਉਸ ਨੇ ਆਪਣੀ ਸਾਰੀ ਤਾਕਤ ਇਸ ਆਖਰੀ ਹੰਭਲੇ ਵਿਚ ਝੋਕ ਦਿੱਤੀ ਤੇ ਰੱਸੇ ਦੇ ਸਿਰੇ ਤੱਕ ਅੱਪੜ ਕੇ ਖੱਡ ਤੋਂ ਬਾਹਰ ਆ ਡਿੱਗਾ। ਹਾਲ ਦੀ ਘੜੀ ਉਹ ਬਚ ਗਿਆ ਸੀ, ਪਰ ਕੀ ਉਹ ਭੁੱਖੇ ਭਾਣੇ ਬਚਦਾ ਸਫਰ ਪੂਰਾ ਕਰ ਸਕੇਗਾ? ਸ਼ਾਇਦ ਨਹੀਂ। ਮਾਅਸਨ ਦਾ ਮਰਨਾ ਤਾਂ ਤੈਅ ਸੀ, ਪਰ ਉਹ ਚਾਹੁੰਦਾ ਸੀ ਕਿ ਆਪਣੀ ਡਾਇਰੀ ਉਹ ਕਿਸੇ ਤਰ੍ਹਾਂ ਬੇਸ ਕੈਂਪ ਪਹੁੰਚਾ ਸਕੇ, ਜਿਸ ਵਿਚ ਬਹੁਤ ਬਹੁਮੁੱਲੀਆਂ ਜਾਣਕਾਰੀਆਂ ਦਰਜ ਸਨ। ਭੋਜਨ ਖਤਮ ਸੀ। ਉਸ ਬੈਗ ਫਰੋਲਿਆ ਤੇ ਅਚਾਨਕ ਖੁਸ਼ੀ ਨਾਲ ਚੀਕ ਪਿਆ। 'ਹਿੰਮਤੇ ਮਰਦਾਂ, ਮਰਦੇ ਖੁਦਾ' ਸਹੀ ਜਾਪਿਆ, ਕਿਉਂਕਿ ਉਸ ਬੈਗ 'ਚ ਇੱਕ ਮੀਟ ਸੂਪ ਦਾ ਡੱਬਾ ਲੱਭ ਪਿਆ ਸੀ। ਉਸ ਉਹ ਪੀਤਾ ਤੇ ਸਫਰ ਜਾਰੀ ਰੱਖਿਆ, ਭਾਵੇਂ ਹੁਣ ਉਹ ਬੇਦਮ ਹੋ ਚੁਕਾ ਸੀ ਤੇ ਠੰਡ ਨਾਲ ਉਸ ਦੇ ਹੱਥ ਪੈਰ ਜਵਾਬ ਦੇਣ ਲੱਗੇ ਸਨ। ਅਰਧ ਬੇਹੋਸ਼ੀ ਦੇ ਆਲਮ 'ਚ ਡਿੱਕੋ-ਡੋਲੇ ਖਾਂਦਾ ਓਹ ਅਚਾਨਕ ਅੱਖਾਂ 'ਤੇ ਯਕੀਨ ਨਾ ਕਰ ਸਕਿਆ, ਜਦ ਉਸ ਨੇ ਸਾਹਮਣੇ ਕੁਝ ਦੂਰ ਬੇਸ ਕੈਂਪ ਹੱਟ ਦੇਖੀ। ਕੀ ਇਹ ਸੁਫਨਾ ਸੀ? ਨਹੀਂ। ਪਰ ਉਸ ਦੀ ਹੈਰਾਨੀ ਦਾ ਠਿਕਾਣਾ ਨਾ ਰਿਹਾ, ਜਦ ਉਸ ਨੇ ਉਥੇ ਕੁਝ ਬੰਦਿਆਂ ਦੇ ਪਰਛਾਵੇਂ ਵੀ ਦੇਖੇ। ਉਨ੍ਹਾਂ ਨੇ ਵੀ ਮਾਅਸਨ ਨੂੰ ਦੇਖ ਲਿਆ ਸੀ ਤੇ ਫੌਰਨ ਦੌੜ ਕੇ ਆਪਣੇ ਲੀਡਰ ਨੂੰ ਚੁੱਕ ਕੇ ਬੇਸ ਕੈਂਪ ਹੱਟ ਵਿਚ ਲੈ ਗਏ।

'ਅਰੌਰਾ' ਨਾਮੀ ਬਚਾਓ ਸ਼ਿਪ ਉੱਥੋਂ ਕੁਝ ਸਮਾਂ ਪਹਿਲਾਂ ਚਲਾ ਗਿਆ ਸੀ, ਪਰ ਛੇ ਬੰਦੇ ਇਸ ਕੈਂਪ 'ਚ ਛੱਡ ਦਿੱਤੇ ਗਏ ਸਨ ਤਾਂ ਕਿ ਕੋਈ ਭਟਕਿਆ ਖੋਜੀ ਵਾਪਸ ਆ ਸਕਿਆ ਤਾਂ ਬਚਾਇਆ ਜਾ ਸਕੇ। ਕੁਝ ਮਹੀਨਿਆਂ ਪਿਛੋਂ ਸ਼ਿਪ ਵਾਪਸ ਆਉਣਾ ਸੀ, ਪਰ ਬੇਸ ਕੈਂਪ 'ਚ ਜੀਵਤ ਰਹਿਣ ਦਾ ਪੂਰਾ ਸਾਜ਼ੋ-ਸਾਮਾਨ ਉਪਲਬਧ ਸੀ। ਫਰਵਰੀ 1914 'ਚ ਮਾਅਸਨ ਆਸਟਰੇਲੀਆ ਅੱਪੜਿਆ, ਜਿੱਥੇ ਉਸ ਦਾ ਜੌਰਜ ਪੰਜਵੇਂ ਨੇ ਸ਼ਾਹੀ ਸਨਮਾਨ ਕੀਤਾ। ਉਸ ਦੀਆਂ ਡਾਇਰੀ ਰਿਪੋਰਟਾਂ ਭੂ ਵਿਗਿਆਨ ਲਈ ਅਨਮੋਲ ਸਾਬਤ ਹੋਈਆਂ।

1958 ਵਿਚ ਉਸ ਮਹਾਨ ਖੋਜੀ ਦੀ ਮੌਤ 'ਤੇ ਆਸਟਰੇਲੀਆ 'ਚ ਰਾਸ਼ਟਰੀ ਸ਼ੋਕ ਮਨਾਇਆ ਗਿਆ। ਆਪਣੇ ਦੇਸ਼, ਕੌਮ ਤੇ ਧਰਮ ਲਈ ਜੂਝਦੇ ਅਨੇਕਾਂ ਦੇਖੇ ਜਾਂਦੇ ਹਨ, ਪਰ ਇਸ ਸਭ ਤੋਂ ਉੱਪਰ ਉੱਠ ਕੇ ਮਾਨਵਤਾ ਦੇ ਗਿਆਨ ਵਾਧੇ ਲਈ ਜੂਝਦੇ ਹੋਏ ਜਾਨਾਂ ਵਾਰਨ ਵਾਲੇ ਵਿਰਲੇ ਹੀ ਹੁੰਦੇ ਹਨ। ਇਨ੍ਹਾਂ ਖੋਜੀ ਜੁਝਾਰੂਆਂ ਨੂੰ ਸਲਾਮ!

***(ਜਨਵਰੀ 2013 ਦੇ 'ਨੈਸ਼ਨਲ ਜਿਓਗ੍ਰਾਫਿਕ' 'ਚ ਛਪੇ ਲੇਖ 'ਤੇ ਆਧਾਰਤ)***

# ਦਿਲ, ਦਿਮਾਗ ਤੇ ਦੇਹ ਦੀ ਦਮਦਾਰੀ

***(ਪਿਛਲੇ ਸਫੇ ਦੀ ਬਾਕੀ)***

ਕਦੇ ਵੀ ਦਿਲ ਤੇ ਦਿਮਾਗ ਦੀ ਖਹਿਬਾਜ਼ੀ ਨੂੰ ਆਪਣਾ ਤੰਗ ਨਜ਼ਰੀਆ ਨਹੀਂ ਬਣਾਉਂਦੇ।

ਦਿਲ, ਦਿਮਾਗ ਅਤੇ ਦੇਹ ਵਿਚਲੀ ਤਾਜ਼ਗੀ ਤੇ ਇਸ ਦੇ ਨਰੋਏਪਣ ਲਈ ਜਰੂਰੀ ਹੈ ਕਿ ਬੰਦੇ ਵਿਚ ਬੰਦਾ ਜਿਉਂਦਾ ਰਹੇ। ਉਸ ਦੇ ਵਿਚਾਰ ਜਿਉਂਦੇ ਰਹਿਣ। ਚਾਅ ਕਦੇ ਨਾ ਮਰਨ। ਸੁਪਨੇ ਲੈਣ ਦੀ ਆਦਤ ਕਾਇਮ ਰਹੇ। ਨਵੀਆਂ ਪੈੜਾਂ ਦੀ ਦੱਸ ਪੈਂਦੀ ਰਹੇ ਅਤੇ ਇਨ੍ਹਾਂ ਨੂੰ ਕਦਮਾਂ ਦਾ ਭਾਈਵਾਲ ਬਣਾਉਣ ਦੀ ਤੜਫ ਤੇ ਤਾਂਘ ਬਰਕਰਾਰ ਰਹੇ। ਇਹ ਤਾਂਘ ਹੀ ਹੁੰਦੀ ਕਿ ਕੁਝ ਲੋਕ ਜੀਵਨ ਦੇ ਆਖਰੀ ਪੜਾਅ ਵਿਚ ਬਸਤਾ ਚੁੱਕ ਸਕੂਲ ਨੂੰ ਤੁਰ ਪੈਂਦੇ। ਕੁਝ ਨਵੀਆਂ ਰੁਚੀਆਂ ਪੈਦਾ ਕਰਦੇ। ਕੁਝ ਕਲਾ ਨਾਲ ਜੁੜਦੇ ਅਤੇ ਕੁਝ ਲੋਕ ਸਮਾਜ ਸੇਵਾ ਨੂੰ ਆਪਣਾ ਕਰਮ-ਧਰਮ ਬਣਾਉਂਦੇ।

ਦਰਅਸਲ ਦਿਲ, ਦਿਮਾਗ ਅਤੇ ਦੇਹ ਦੇ ਸੁਹੱਪਣ ਅਤੇ ਸੁਹੰਢਣਾ ਲਈ ਜਰੂਰੀ ਹੈ ਜੀਵਨ ਵਿਚ ਨਿਰੰਤਰਤਾ ਬਣੀ ਰਹੇ। ਖੜੇ ਪਾਣੀ ਬੋਅ ਮਾਰਦੇ ਨੇ, ਜਦੋਂ ਕਿ ਵਗਦੇ ਪਾਣੀ ਹਮੇਸ਼ਾ ਤਾਜ਼ੇ ਹੁੰਦੇ। ਹਵਾ ਵਗਦੀ ਰਹੇ ਤਾਂ ਮਹਿਕਾਂ ਦਾ ਸੰਧਾਰਾ ਵੀ ਆਉਂਦਾ, ਜਦੋਂ ਕਿ ਬੰਦ ਹਵਾ ਹੁੰਮਸ ਪੈਦਾ ਕਰਦੀ ਏ। ਸੱਜਣਾਂ ਦੇ ਸੁੱਖ ਸੁਨੇਹੇ ਆਉਂਦੇ ਰਹਿਣ ਅਤੇ ਮਿਲਣ ਨੂੰ ਜੀਅ ਕਰਦਾ ਰਹੇ। ਬਹੁਤ ਜਰੂਰੀ ਹੈ ਕਿ ਮਿੱਤਰ ਪਿਆਰਿਆਂ ਨੂੰ ਮਿਲ ਕੇ ਦਿਲਾਂ ਨੂੰ ਫਰੋਲਦੇ ਰਹੀਏ। ਦਿਲ ਦੀਆਂ ਗੰਢਾਂ ਤੇ ਗੁੰਝਲਾਂ ਨੂੰ ਖੋਲ੍ਹਦੇ ਰਹੀਏ। ਦਿਮਾਗੀ ਪ੍ਰੇਸ਼ਾਨੀਆਂ ਨੂੰ ਆਪਣਿਆਂ ਨਾਲ ਸਾਂਝੀਆਂ ਕਰੋ, ਮਨ ਹਲਕਾ ਹੋ ਜਾਵੇਗਾ। ਦਿਮਾਗੀ ਗਿਣਤੀ-ਮਿਣਤੀਆਂ ਵਿਚ ਉਲਝਣ ਦੀ ਥਾਂ ਇਨ੍ਹਾਂ ਨੂੰ ਸਰਲ ਕਰੋ। ਯਾਦ ਰੱਖਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਹੈ ਦੇਹ। ਇਸ ਨੂੰ ਸਿਹਤਮੰਦ ਰੱਖਣ ਲਈ ਟਾਈਮ ਦੇਵੋ। ਸਰੀਰ ਰਹੇਗਾ ਤਾਂ ਧਨ ਕਮਾਇਆ ਜਾ ਸਕਦਾ। ਸਰੀਰ ਨਾ ਰਿਹਾ ਤਾਂ ਕਮਾਇਆ ਧਨ ਵੀ ਖਤਮ ਹੋ ਜਾਵੇਗਾ। ਸਰੀਰ ਤੰਦਰੁਸਤ ਹੋਵੇਗਾ ਤਾਂ ਦਿਲ ਜਿਉਂਦਾ ਰਹੇਗਾ। ਦਿਮਾਗ ਨਵੀਆਂ ਤਰਕੀਬਾਂ ਅਤੇ ਤਰਜ਼ੀਹਾਂ ਨੂੰ ਸਮਝਣ ਅਤੇ ਵਿਉਂਤਣ ਵਿਚ ਸਹਿਯੋਗ ਕਰੇਗਾ। ਨਵੇਂ ਫੁਰਨਿਆਂ, ਭਾਵਾਂ, ਚਾਵਾਂ, ਸੁਪਨਿਆਂ, ਸੇਧਾਂ, ਸਫਲਤਾਵਾਂ ਅਤੇ ਸਮਾਜਕ ਸਰੋਕਾਰਾਂ ਨੂੰ ਸਮਝੇਗਾ। ਚਿੰਤਾ ਤੋਂ ਚੇਤਨਾ ਤੀਕ ਦਾ ਸਫਰ ਕਰਨ ਦੇ ਸਮਰੱਥ ਹੋਵੇਗਾ।

ਮਨੁੱਖ ਨੂੰ ਯਾਦ ਰੱਖਣਾ ਚਾਹੀਦਾ ਕਿ ਮਨੁੱਖ ਉਹ ਹੀ ਜਿਉਂਦੇ ਨੇ, ਜਿਨ੍ਹਾਂ ਨੇ ਬੰਦਿਆਈ, ਭਲਿਆਈ ਅਤੇ ਚੰਗਿਆਈ ਨੂੰ ਜੀਵਨ ਦਾ ਸੂਰਤਧਾਰ ਮੰਨ ਕੇ ਜਿਊਣ ਦਾ ਰਿਆਜ਼ ਕੀਤਾ। ਉਹ ਦਿਲ, ਦਿਮਾਗ ਅਤੇ ਦੇਹ ਦੀ ਸੁਚੱਜੀ ਵਰਤੋਂ ਤੋਂ ਜਾਣੂ। ਆਖਰੀ ਸਾਹ ਤੀਕ ਉਹ ਇਨ੍ਹਾਂ ਦੀ ਸੰਗਤਾ ਵਿਚੋਂ ਦਮਦਾਰੀ ਨੂੰ ਆਪਣਾ ਹਾਸਲ ਬਣਾਉਂਦੇ ਰਹੇ ਅਤੇ ਪੂਰਨ ਸਮਰਪਣ ਨਾਲ ਜਿਉਂਦੇ ਰਹੇ।

ਦਿਲ, ਦਿਮਾਗ ਅਤੇ ਦੇਹ ਦੀ ਸੁੱਚਮਤਾ ਅਤੇ ਉਚਮਤਾ ਵਿਚੋਂ ਜੀਵਨ ਦੇ ਅਸੂਲਾਂ ਤੇ ਆਦਰਸ਼ਾਂ ਨੂੰ ਨਿਸ਼ਚਿਤ ਕਰਨ ਅਤੇ ਇਸ ਵਿਚੋਂ ਸੁਖਨ, ਸਕੂਨ, ਸਬਰ ਅਤੇ ਸੰਤੁਸ਼ਟੀ ਨੂੰ ਅਕੀਦਾ ਬਣਾਉਣ ਵਾਲਿਆਂ ਨੂੰ ਲੋਕ ਸਲਾਮਾਂ ਕਰਦੇ ਨੇ।

ਜ਼ਿੰਦਗੀ ਦੀਆਂ ਰਹਿਮਤਾਂ ਲਈ ਜਰੂਰੀ ਹੈ ਕਿ ਮਨੁੱਖ ਸਰੀਰਕ ਰੂਪ ਵਿਚ ਧਰਤੀ 'ਤੇ ਰਹੇ, ਉਸ ਦਾ ਦਿਮਾਗ ਅੰਬਰਾਂ ਵੰਨੀਂ ਉਡਾਣ ਭਰੇ, ਦਿਲ ਦੇ ਦਰਵਾਜੇ ਹਮੇਸ਼ਾ ਖੁੱਲ੍ਹੇ ਰਹਿਣ ਅਤੇ ਮਨ ਵਿਚ ਸ਼ਾਂਤੀ ਦਾ ਵਾਸਾ ਹੋਵੇ। ਇਹ ਹੀ ਗੁਰੂਆਂ ਦੀ ਵਿਚਾਰਧਾਰਾ ਏ। ਕਦੇ ਕਦਾਈਂ ਗੁਰ-ਸ਼ਬਦ ਵਿਚ ਉਤਰਨਾ ਜਰੂਰੀ ਹੁੰਦਾ। ਫਿਰ ਹੀ ਦਿਲ, ਦਿਮਾਗ ਅਤੇ ਦੇਹ ਦੀ ਸਰਬ-ਸੁਖਨਤਾ ਦਾ ਅਹਿਸਾਸ ਹੁੰਦਾ ਹੈ। ਅਜਿਹਾ ਅਹਿਸਾਸ ਪੈਦਾ ਕਰਨ ਦਾ ਵਿਚਾਰ ਮਨ ਵਿਚ ਜਰੂਰ ਲਿਆਣਾ।

# ਕਬੱਡੀ ਦੇ ਅੰਗ-ਸੰਗ ਬਲਿਹਾਰ ਰੰਧਾਵਾ

***(ਸਫਾ 19 ਦੀ ਬਾਕੀ)***

ਜਿਹੀ ਗੁੱਤ, ਜਦੋਂ ਕਬੱਡੀ ਪਾਉਣ ਜਾਂਦਾ ਤਾਂ ਮੈਦਾਨ ਨੂੰ ਅੱਗ ਲੱਗ ਉਠਦੀ। ਉਹ ਕਈ ਵਰ੍ਹੇ ਕਬੱਡੀ ਦਾ ਸਟਾਰ ਖਿਡਾਰੀ ਰਿਹਾ ਤੇ ਅਜੇ ਵੀ ਖੁੱਭੀਆਂ ਕੱਢੀ ਜਾਂਦੈ। ਲੱਖੇ ਦਾ ਨਾਂ ਸੁਣ ਕੇ ਹੀ ਸਟੇਡੀਅਮ ਭਰ ਜਾਂਦੇ ਹਨ। ਬੀਰ੍ਹਾ ਸਿੱਧਵਾਂ ਤਕੜਾ ਧਾਵੀ ਵੀ ਰਿਹਾ ਤੇ ਹੁਣ ਨਿੱਗਰ ਜਾਫੀ ਹੈ। ਉਹ ਵਰਲਡ ਕਬੱਡੀ ਕੱਪ ਦਾ ਸਰਵੋਤਮ ਜਾਫੀ ਐਲਾਨਿਆ ਜਾ ਚੁੱਕੈ। ਸੁਖਵਿੰਦਰ ਨੇਕੀ ਵੀ ਟੋਰਾਂਟੋ ਦੇ ਵਰਲਡ ਕਬੱਡੀ ਕੱਪ ਦਾ ਬੈੱਸਟ ਜਾਫੀ ਸੀ ਤੇ ਮੇਜਰ ਗਾਖਲ ਦੋ ਵਾਰ ਬੈਸਟ ਜਾਫੀ ਐਲਾਨਿਆ ਗਿਆ। ਤੀਰਥ ਗਾਖਲ ਵੀ ਉਪਰੋਕਤ ਜਾਫੀਆਂ ਦੀ ਕਤਾਰ ਵਿਚ ਸ਼ਾਮਲ ਹੈ ਤੇ ਅਮਰੀਕਾ ਦੀ ਟੀਮ ਵੱਲੋਂ ਖੇਡਦਾ ਹੈ। ਗਾਖਲਾਂ ਨੂੰ ਜਾਫੀ ਬਣੇ ਵੇਖ ਕੇ ਮਾਨੀ ਗਾਖਲ ਵੀ ਜਾਫੀ ਬਣ ਗਿਆ। ਕੁਲਵੰਤ ਅੰਕਾ ਧਾਵੀ ਤੇ ਜਗਦੀਪ ਵੰਝ ਤਕੜੇ ਜਾਫੀ ਵਜੋਂ ਚਮਕੇ। ਇੰਦਰਜੀਤ ਫੁੱਲਾਂਵਾਲੀਏ ਦੇ ਭਰਾ ਸ਼ਿੰਦਰੀ ਦਾ ਜੁੱਸਾ ਹਲਕਾ ਜਿਹਾ ਸੀ, ਪਰ ਫਿੱਡੂ ਦੇ ਲੱਤੀਂ ਪੈ ਜਾਂਦਾ ਤਾਂ ਝਾਫਾ ਬਣ ਜਾਂਦਾ। ਉਹ ਪੰਜਾਹ ਕਿਲੋ ਵਜ਼ਨ ਨਾਲ ਸਵਾ ਕੁਇੰਟਲ ਦੇ ਭੀਮੇ ਦੀ ਭੂਤਨੀ ਭੁਲਾ ਦਿੰਦਾ ਸੀ। ਬਲਜੀਤ ਦੁਗਰੀ ਵਾਲੇ ਨੇ ਵੀ ਇੰਗਲੈਂਡ ਵਿਚ ਚੰਗਾ ਨਾਂ ਕਮਾਇਆ।

ਤੂਫਾਨ ਸਿੰਘ ਦਾ ਅਸਲੀ ਨਾਂ ਡੇਨੀਅਲ ਇਗਾਲੀ ਹੈ। ਉਹ ਓਲੰਪਿਕ ਖੇਡਾਂ ਦਾ ਰੈਸਲਿੰਗ ਚੈਂਪੀਅਨ ਹੈ ਤੇ ਪੁਰੇਵਾਲ ਭਰਾਵਾਂ ਦੇ ਸਹਿਯੋਗ ਨਾਲ ਕਬੱਡੀ ਵੀ ਬਹੁਤ ਉੱਚ ਪਾਏ ਦੀ ਖੇਡਿਆ। ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਨੇ ਕੈਨੇਡਾ ਵਿਚ ਕਬੱਡੀ ਦਾ ਤੋਰਾ ਤੋਰਿਆ। ਮਹਿਮਾ ਸਿੰਘ, ਗੁਰਵਿੰਦਰ ਚੀਮਾ, ਗਿਆਨ ਚੀਮਾ, ਰੇਸ਼ਮ ਦੁਸਾਂਝ, ਕਰਨੈਲ ਚੀਮਾ, ਰਿਆਜ਼ ਜੱਟ, ਮੇਜਰ ਚੜਿੱਕ, ਮੱਖਣ ਚੜਿੱਕ, ਸ਼ੁਕਰੀ, ਮੁਹੰਮਦ ਦਿਲਬਰ, ਗੁਰਮੀਤ ਕੁੱਸਾ, ਗੋਗੀ ਜਰਗੜੀ ਵਾਲਾ, ਕੋਮਲ ਕੁੱਸਾ, ਸੱਤਾ ਖੈੜਾ ਦੋਨਾ, ਨਿੰਦੀ ਔਜਲਾ, ਗੁਲਜ਼ਾਰ ਸਿੱਧਵਾਂ, ਬਬਲੀ ਚੜਿੱਕ, ਪਲਵਿੰਦਰ ਪਿੰਦੂ, ਮੀਕਾ ਭਲਵਾਨ, ਚੈਨਾ, ਕਰਨੈਲ ਬਰਾੜ, ਹਰਪ੍ਰੀਤ ਰੂਬੀ, ਪਰਮਜੀਤ ਕਾਂਗੜੀ, ਸੁਖਦੇਵ ਬੁਧੂ, ਛੋਟਾ ਜੀਤੀ, ਮੀਤਾ ਢੇਸੀ, ਕਿਰਪਾਲ ਪਾਲੀ, ਦਰਬਾਰਾ ਬੋਲਾ, ਹਰਭਜਨ ਪੁਰੇਵਾਲ, ਮੱਘਰ ਬਰਾੜ, ਸੁਰਜੀਤ ਸੈਦੋਵਾਲੀਆ, ਵਿੰਦਰ ਘੱਲ ਕਲਾਂ, ਦਿਆਲਾ, ਤਿਰਲੋਚਨ ਜੌਹਲ, ਬਾਬਾ ਘੁਰਲੀ, ਸੋਹਣ, ਮੀਤ ਜੱਜਾ, ਰਛਪਾਲ ਢੇਸੀ, ਭਿੰਦਾ ਮੁਠੱਡਾ, ਲਹਿੰਬਰ ਲਿੱਤਰ, ਸੋਖਾ ਹਰੀਪੁਰੀਆ ਤੇ ਅਜੈਬ ਚੀਮਾ ਕਬੱਡੀ ਦੇ ਚਮਕਦੇ ਸਿਤਾਰੇ ਹਨ।

ਸੋਖਾ ਸਾਧਪੁਰੀਆ, ਜੈਬਾ ਪਹਿਲਵਾਨ, ਭਜੀ ਖੀਰਾਂਵਾਲੀਆ, ਸੁਰਜੀਤ ਕੰਗ, ਦੇਵ ਜੰਬੋ, ਕੇਵਲ ਕਵੈਂਟਰੀ, ਪਰਮਜੀਤ ਪੰਮਾ, ਬਲਜੀਤ ਗੋਲਾ, ਸੁੱਚਾ ਦੁਸਾਂਝ, ਪ੍ਰਭਾ, ਗੇਲਾ ਘੋਲੀਆ, ਮੋਲ੍ਹਾ ਮੱਦੋਕੇ, ਮੱਲ ਮੱਦੋਕੇ, ਬਿੰਦੀ, ਗੁੱਗੂ, ਪੀਟਰ, ਜੱਸਾ, ਲਵਜੀਤ ਅੱਟਾ, ਲਾਲੀ ਚੂਹੜ ਚੱਕ, ਬੰਤ ਗੋਲੂ, ਗੁਰਮੇਲ, ਪੱਪੂ, ਬਲਬੀਰ ਬੀਰਾ, ਦਲਜੀਤ ਮੋਹਣਾ, ਵਿੰਦਰ ਫਿਰੋਜ਼ਪੁਰੀਆ, ਹਰਦੀਪ ਬਾਈ, ਅਰਜਨ ਕੌਂਕੇ, ਭੁਪਿੰਦਰ ਕਲੱਚ, ਪਵਿੱਤਰ ਪਿੱਤਾ, ਕੇਵਲ ਜੰਮੂ, ਅਮਰੀਕ ਜਵੰਦਾ, ਬਲਵਿੰਦਰ ਭੀਮਾ, ਅਖਤਰ, ਰਾਮਗੜ੍ਹੀਆ ਪੰਮਾ, ਛਿੰਦਾ ਢਪੱਈ, ਰਾਜਨ, ਬੰਸਾ ਢੰਡੋਵਾਲੀਆ, ਤਾਰੀ ਲਾਲੋ ਮਜਾਰੀਆ, ਜਤਿੰਦਰ ਚੱਠਾ, ਬਿੰਦਰ ਕੈਂਚੀਆਂ ਵਾਲਾ, ਸ਼ਿੰਦਾ ਅਮਲੀ, ਜਗਦੇਵ ਸੰਘਾ, ਅਲਬਾਦ ਹਰਿਆਣਵੀ, ਸਵਰਨਾ ਵੈੱਲੀ, ਜਸਵੀਰ ਘੁੱਗੀ, ਇਕਬਾਲ ਮਲਕ, ਸੁਰਖਪੁਰੀਆ ਪੰਡਤ, ਗਾਂਧੀ ਸੁਰਖਪੁਰੀਆ, ਮਿੰਦਰ ਸੁਰਖਪੁਰੀਆ, ਮੱਖਣ ਪੁਆਦੜਾ, ਜੀਤਾ ਮੌੜ, ਧੀਰਾ, ਕਾਲਾ ਗਾਜ਼ੀਆਣੀਆਂ, ਰਾਜਾ, ਜਤਿੰਦਰ ਜਾਫੀ, ਲੱਖੀ ਕੁਰਾਲੀ, ਸ਼ਿੰਦਰੀ, ਬਲਰਾਜ ਬਾਜੀ, ਪੱਪੂ ਗੁਰਦਾਸਪੁਰੀਆ, ਹਰਪ੍ਰੀਤ ਬਾਬਾ, ਬਿੱਟੂ ਬਾਂਗਰ, ਭਿੰਦਰ ਰਾਮਗੜੀਆ, ਅੰਗਰੇਜ਼, ਜਗਤਾਰ ਧਨੌਲਾ, ਸੁਖਜੀਤ ਲਾਲੀ, ਦਲਜੀਤ ਕੂਨਰ, ਕੁਲਦੀਪ ਮੱਲ੍ਹਾ, ਸ਼ੱਬਾ ਗੁਰਦਾਸਪੁਰੀਆ, ਬਲਤੇਜ ਬਰਾੜ, ਗੁਰਮੇਲ ਪਹਿਲਵਾਨ, ਜਰਨੈਲ ਬੜਿੰਗ, ਨਾਣੂੰ ਤੇ ਵੀਰੂ ਕਬੱਡੀ ਅੰਬਰ ਦੇ ਤਾਰੇ ਹਨ।

ਜਿੰਦਰ ਖਾਨੋਵਾਲੀਆ, ਬੋਲਾ ਪੱਤੜ, ਮੋਹਣਾ ਸੰਧਵਾਂ, ਮਨਜੀਤ, ਮੰਗੀ ਸੁਰਖਪੁਰੀਆ, ਮੇਜਰ, ਜਸਪਾਲ ਢਿੱਲੋਂ, ਕੁਲਦੀਪ ਸੋਢੀ, ਵਿੰਦਰ ਜ਼ਿਲੀਗਾਮ, ਕਰਮਜੀਤ ਕੰਮਾ, ਕਾਕਾ ਚਕਰੀਆ, ਸੁਰਿੰਦਰ ਸ਼ਿੰਦਾ, ਦਰਸ਼ਨ ਗਿੱਲ, ਗੁਰਮੇਲ ਸੰਧੂ, ਛੋਟਾ ਚਰਨ, ਜਰਨੈਲ ਹੇਅਰ, ਇਕਬਾਲ ਬਾਲਾ, ਲਛਮਣ ਸਿੰਘ, ਨਿਰਮਲ ਮੱਲ੍ਹੀ, ਮੱਖਣ ਜੌਹਲ, ਨਿਰਮਲ ਸੰਧੂ, ਸਤਨਾਮ ਗਿੱਲ, ਸ਼ਿੰਗਾਰਾ ਜੌਹਲ, ਪਾਲੀ ਪਹਿਲਵਾਨ, ਅਜੀਤ ਭਿੰਦੀ, ਅਮਰੀਕ ਘੁੱਦਾ, ਸੁਰਿੰਦਰ ਖਹਿਰਾ, ਅਵਤਾਰ ਜਵੰਦਾ, ਮੋਹਣ ਜੌਹਲ, ਮਿੱਠੂ ਗੁਰਦਾਸਪੁਰੀਆ, ਜਰਨੈਲ ਤੇ ਕੇਹਰ ਹੇਅਰ, ਅਮਰਜੀਤ ਸਾਬੀ, ਜਸਪਾਲ ਰੰਧਾਵਾ, ਜਗਤਾਰ ਜੈਕੀ, ਗਿਆਨਾ, ਬੂਟਾ ਬਾਹੀਆ, ਹਰਭਜਨ ਭਜੀ, ਅਮਰੀਕ ਬੁੱਢਾ, ਸਤਿੰਦਰ ਸੰਧੂ, ਜਸਵਿੰਦਰ ਸਹੋਤਾ, ਸੁਰਿੰਦਰ ਕਾਲਾ, ਪ੍ਰੋਫੈਸਰ ਸਹੋਤਾ, ਬਲਦੇਵ ਸਿਮਰੂ, ਸੁਰਜਨ ਚੱਠਾ, ਬਲਵਿੰਦਰ ਫਿੱਡੂ ਤੇ ਹਰਜੀਤ ਬਰਾੜ ਤਕ ਕਬੱਡੀ ਦੇ ਸੈਂਕੜੇ ਖਿਡਾਰੀ ਹਨ, ਜਿਨ੍ਹਾਂ ਨੇ ਦਾਇਰੇ ਵਾਲੀ ਕਬੱਡੀ ਨੂੰ ਜੀਂਦੀ ਜਾਗਦੀ ਰੱਖਿਆ ਹੈ। ਪ੍ਰਿੰਸੀਪਲ ਸਰਵਣ ਸਿੰਘ ਇਕ ਵੱਖਰਾ ਹਸਤਾਖਰ ਹੈ, ਜਿਸ ਦੀ ਅਥਾਹ ਜ਼ੋਰ-ਏ-ਕਲਮ ਅਤੇ ਬੇਬਾਕ ਟਿੱਪਣੀਆਂ ਬਾਰੇ ਕੁਝ ਨਾ ਆਖਾਂ ਤਾਂ ਵੀ ਉਹਨੂੰ ਕੁਲ ਖੇਡ ਆਲਮ ਜਾਣਦਾ ਹੈ।

# ਰਾਤੀ ਰੁਤੀ ਥਿਤੀ ਵਾਰ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਗੁਰੂ ਨਾਨਕ ਜਿੱਥੇ ਸ਼ਬਦਾਵਲੀ ਅਤੇ ਸ਼ਬਦਾਂ ਦੀ ਵਰਤੋਂ ਦੇ ਧਨੀ ਸਨ, ਉੱਥੇ ਸ਼ੈਲੀ ਤੇ ਕਾਵਿ-ਵਿਧੀ ਦੇ ਵੀ ਰੱਜ ਕੇ ਮਾਹਿਰ ਸਨ। ਉਨ੍ਹਾਂ ਨੇ ਆਪਣੀ ਰਚਨਾ ਅਨੇਕਾਂ ਰਾਗਾਂ ਤੇ ਬਣਤਰਾਂ ਜਿਵੇਂ ਛੰਦਾਂ, ਸਲੋਕਾਂ, ਪਉੜੀਆਂ ਆਦਿ ਵਿਚ ਲਿਖੀ ਅਤੇ ਇਨ੍ਹਾਂ ਵਿਚ ਮੌਕੇ ਮੁਤਾਬਿਕ ਹਾਵ-ਭਾਵੀ ਰੰਗ ਵਰਤੇ। ਕਿਤੇ ਵਿਅੰਗ, ਕਿਤੇ ਨਾਟਕੀਅਤਾ, ਕਿਤੇ ਨਿਹੋਰਾ, ਕਿਤੇ ਅਸਚਰਜ, ਕਿਤੇ ਤ੍ਰਿਸਕਾਰ ਤੇ ਕਿਤੇ ਝਾੜ-ਝੰਬ, ਗੱਲ ਕੀ ਜਿਸ ਤਰ੍ਹਾਂ ਦਾ ਵਿਸ਼ਾ ਉਸੇ ਤਰ੍ਹਾਂ ਦਾ ਢੰਗ ਵਰਤ ਕੇ ਉਨ੍ਹਾਂ ਨੇ ਆਪਣੀ ਸਿੱਖਿਆ ਨੂੰ ਲੋਕਾਂ ਦੀ ਮੱਤ ਵਿਚ ਉਤਾਰਨ ਦੀ ਕੋਸ਼ਿਸ਼ ਕੀਤੀ। ਪਹਿਲਾਂ ੴ ਦਾ ਨਵੀਨ ਸੂਤਰ ਦੇ ਕੇ ਅਚੰਭਾ ਕੀਤਾ ਤੇ ਫਿਰ ਇਸ ਨਾਲ 12 ਕ੍ਰਿਆ-ਰਹਿਤ ਵਿਸ਼ੇਸ਼ਣ ਜੋੜ ਕੇ ਮੂਲਮੰਤਰ ਬਣਾਇਆ, ਜਿਸ ਦੀ ਵਿਆਖਿਆ ਲਈ ਸਿੱਖ ਵਿਦਵਾਨ ਹੁਣ ਤੀਕ ਤਿਲਮਿਲਾ ਰਹੇ ਹਨ। ਕਦੇ ਬੇ-ਤਰਕਾਂ ਨੂੰ ਮੂਰਖਾਂ ਦੇ ਸਰਦਾਰਾਂ ਦਾ ਸਰਦਾਰ ਕਿਹਾ ਤੇ ਕਿਤੇ ਮੂੰਹ 'ਤੇ ਚਪੇੜਾਂ ਖਾਣ ਦੇ ਆਦੀਆਂ ਨੂੰ ਪੈਣ ਵਾਲੀਆਂ ਚਪੇੜਾਂ ਆਪ ਗਿਣਨ ਦਾ ਚੇਤਾ ਕਰਵਾਇਆ। ਕਿਤੇ ਹੱਸ ਕੇ ਉਨ੍ਹਾਂ ਦੀ ਤੁਲਨਾ ਮੂਰਖ ਕੀਟ-ਪਤੰਗਿਆਂ ਨਾਲ ਕੀਤੀ ਤੇ ਕਦੇ 'ਆਖਣਿ ਜੋਰੁ' ਕਹਿ ਕੇ ਉਨ੍ਹਾਂ ਨੂੰ ਉਨ੍ਹਾਂ ਦੀ ਬੌਧਿਕ ਔਕਾਤ ਦਿਖਾਈ। ਜੋਗੀਆਂ ਤੇ ਸਿੱਧ ਪੁਰਖਾਂ ਦੀ ਤਾਂ ਉਹ ਇੱਕਲੇ ਇੱਕਲੇ ਕਰਮ-ਕਾਂਡ ਨੂੰ ਲੈ ਕੇ ਕਲਾਸ ਲਾਉਂਦੇ। ਤਰਕ ਤੇ ਆਮ ਸਮਝ ਤੋਂ ਭਟਕੇ ਲੋਕਾਂ ਨਾਲ ਭੋਰਾ ਲਿਹਾਜ ਨਾ ਕਰਦੇ। ਪਹਿਲਾਂ ਚੁੱਪ ਚੁਪੀਤੇ ਉਨ੍ਹਾਂ ਦਾ ਪੱਖ ਰੱਖਦੇ, ਫਿਰ ਪਾਜ ਉਘਾੜਦੇ ਤੇ ਫਿਰ ਲੋੜ ਪੈਣ 'ਤੇ ਭਿਉਂ ਭਿਉਂ ਕੇ ਮਾਰਦੇ। ਜਿਨ੍ਹਾਂ ਵਿਦਵਾਨਾਂ ਨੇ ਉਨ੍ਹਾਂ ਦੀ ਬਾਣੀ ਵਿਚ ਉਨ੍ਹਾਂ ਦਾ ਢੰਗ ਤੇ ਲਹਿਜਾ (Mood) ਨਾ ਸਮਝਿਆ, ਉਹ ਉਨ੍ਹਾਂ ਦੀ ਬਾਣੀ ਦੀ ਥਾਹ ਨਾ ਪਾ ਸਕੇ।

ਉਹ ਤਾਂ ਇਹ ਵੀ ਨਾ ਸਮਝ ਸਕੇ ਕਿ ਕਿਹੜੀ ਗੱਲ ਗੁਰੂ ਸਾਹਿਬ ਨੇ ਦੂਜਿਆਂ ਦੀ ਕਹੀ ਹੋਈ ਲਿਖੀ ਹੈ ਤੇ ਕਿਹੜੀ ਗੱਲ ਆਪਣੇ ਵਲੋਂ ਕਹੀ ਹੈ। ਉਹ ਸਭ ਕੁਝ ਗੁਰੂ ਸਾਹਿਬ ਦਾ ਹੀ ਲਿਖਿਆ ਸਮਝ ਕੇ ਰੱਟੇ ਲਾਉਂਦੇ ਰਹੇ। ਜੇ ਗੁਰੂ ਸਾਹਿਬ ਨੇ 'ਸੁਣਿਐ' ਦੀ ਗੱਲ ਕੀਤੀ, ਤਾਂ ਵਿਦਵਾਨਾਂ ਨੇ ਉਸ ਨੂੰ ਉਨ੍ਹਾਂ ਦੀ ਲਿਖੀ ਸਮਝ ਕੇ ਉਸੇ ਤਰ੍ਹਾਂ ਪ੍ਰਵਾਨ ਕਰ ਲਿਆ ਤੇ ਸੁਣਨ ਨੂੰ ਅਹਿਮ ਦੱਸਣ ਲੱਗੇ। ਜੇ ਗੁਰੂ ਸਾਹਿਬ ਨੇ ਸਿੱਧਾਂ, ਪੀਰਾਂ, ਸੁਰਾਂ, ਨਾਥਾਂ, ਅਠਸਠ ਤੀਰਥਾਂ ਤੇ ਬ੍ਰਾਹਮਣੀ ਦੇਵਤਿਆਂ-ਈਸਰ, ਬਰਮਾ, ਇੰਦਰ ਆਦਿ ਦਾ ਜ਼ਿਕਰ ਕੀਤਾ ਤਾਂ ਵਿਦਵਾਨ ਉਨ੍ਹਾਂ ਨੂੰ ਸਿੱਖ ਮੱਤ ਦਾ ਅੰਗ ਸਮਝਣ ਲੱਗੇ। ਜੇ ਉਨ੍ਹਾਂ ਨੇ ਮੰਨੇ (Intellectual Analysis) ਦੀ ਪ੍ਰਸ਼ੰਸਾ ਕੀਤੀ ਤਾਂ ਵਿਦਵਾਨਾਂ ਨੇ ਇਸ ਦੇ ਅਰਥ ਮੰਨਣਾ ਭਾਵ ਵਿਸ਼ਵਾਸ (Faith) ਕਰਨਾ ਦੱਸ ਕੇ ਸੁਣੀਆਂ-ਸੁਣਾਈਆਂ ਗੱਲਾਂ ਨੂੰ ਮੰਨਣਾ ਤੇ ਪਰਮਾਤਮਾ 'ਤੇ ਯਕੀਨ ਕਰਨਾ ਸਮਝ ਲਿਆ।

ਜੇ ਗੁਰੂ ਸਾਹਿਬ ਨੇ ਕੁਝ ਤੁਕਾਂ ਲਿਖ ਕੇ ਬ੍ਰਾਹਮਣਾਂ ਵਲੋਂ ਲੋਕਾਂ ਵਿਚ ਫੈਲਾਈ ਪੰਜ ਦੀ ਅਹਿਮੀਅਤ ਦੇ ਭਰਮ ਦਾ ਭਾਂਡਾ ਫੋੜਿਆ ਤਾਂ ਵਿਦਵਾਨਾਂ ਨੇ ਸਮਝਿਆ ਕਿ ਗੁਰੂ ਸਾਹਿਬ ਆਪ ਪੰਜ ਦੇ ਅੰਕ ਨੂੰ ਪਵਿੱਤਰ ਦੱਸ ਰਹੇ ਹਨ। ਇਸ ਲਈ ਉਨ੍ਹਾਂ ਨੇ ਸਭ ਚੀਜ਼ਾਂ ਪੰਜ ਦੀ ਗਿਣਤੀ ਦੀਆਂ ਬਣਾ ਕੇ ਸਿੱਖੀ ਵਿਚ ਨਵਾਂ ਭਰਮ ਪਾਲ ਲਿਆ। ਉਨ੍ਹਾਂ ਨੇ ਭੁਲੇਖਾ ਦੂਰ ਕਰਦੀ ਗੁਰੂ ਸਾਹਿਬ ਦੀ ਇਹ ਅਗਲੀ ਤੁਕ 'ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥' ਪੜ੍ਹਨੀ ਉਚਿਤ ਹੀ ਨਾ ਸਮਝੀ ਜਾਂ ਪੜ੍ਹ ਕੇ ਵਿਸਾਰ ਦਿੱਤੀ। ਇਹੀ ਗਲਤੀ ਉਨ੍ਹਾਂ ਨੇ 19ਵੀਂ, 20ਵੀਂ, 27ਵੀਂ, 30ਵੀਂ ਤੇ 33ਵੀਂ ਪਉੜੀ ਵਿਚ ਵੀ ਦੁਹਰਾਈ, ਜਿੱਥੇ ਦੂਜਿਆਂ ਦੇ ਵਿਚਾਰਾਂ ਨੂੰ ਗੁਰੂ ਸਾਹਿਬ ਦੀ ਸਿੱਖਿਆ ਦੱਸ ਕੇ ਸ਼ਰਧਾਲੂਆਂ ਨੂੰ ਕੁਰਾਹੇ ਪਾਇਆ। ਤਰ੍ਹਾਂ ਤਰ੍ਹਾਂ ਦੀਆਂ ਹੋਰ ਗਲਤੀਆਂ ਵਿਦਵਾਨਾਂ ਨੇ ਦੂਜੀਆਂ ਪਉੜੀਆਂ ਵਿਚ ਵੀ ਕੀਤੀਆਂ, ਜਿਨ੍ਹਾਂ ਦਾ ਜ਼ਿਕਰ ਕਈ ਵਾਰ ਹੋਇਆ ਹੈ। ਉਨ੍ਹਾਂ ਦੀਆਂ ਜਾਣੇ-ਅਣਜਾਣੇ ਕੀਤੀਆਂ ਇਨ੍ਹਾਂ ਕੁਤਾਹੀਆਂ ਕਾਰਨ ਜਪੁਜੀ ਦੀ ਅਸਲੀਅਤ ਉੱਤੇ ਮਨਮੱਤ ਦਾ ਪਰਦਾ ਪਿਆ ਰਿਹਾ। ਫਲਸਰੂਪ, ਸਿੱਖ ਸ਼ਰਧਾਲੂ ਇਸ ਸਿਰਮੌਰ ਬਾਣੀ ਦਾ ਅਸਲ ਮਨੋਰਥ ਸਮਝਣ ਤੋਂ ਅਸਮਰਥ ਰਹੇ।

ਜਪੁਜੀ ਵਿਚ ਚੌਤੀਵੀਂ ਪਉੜੀ ਅਤਿਅੰਤ ਅਹਿਮ ਹੈ। ਇਸ ਨਾਲ ਜਪੁਜੀ ਦਾ ਇਕ ਅੰਦਰੂਨੀ (Core) ਭਾਗ ਸ਼ੁਰੂ ਹੁੰਦਾ ਹੈ, ਜੋ ਇਸ ਦੇ ਪੂਰਵਲੇ ਭਾਗ ਤੋਂ ਕਈ ਕਾਰਨਾਂ ਕਰ ਕੇ ਵੱਖਰਾ ਹੈ। ਇਹ ਭਾਗ ਇਸ ਪਉੜੀ ਤੋਂ ਅਰੰਭ ਹੋ ਕੇ ਬਾਕੀ ਦੀਆਂ ਚਾਰ ਪਉੜੀਆਂ ਤੇ ਜਪੁਜੀ ਦੇ ਅੰਤਿਮ ਸ਼ਲੋਕ ਤੀਕ ਚਲਦਾ ਹੈ। ਇਸ ਭਾਗ ਵਿਚ ਗੁਰੂ ਸਾਹਿਬ ਨੇ ਪ੍ਰਚਲਿਤ ਵਿਚਾਰਧਾਰਾਵਾਂ ਦੇ ਇੱਕਲੇ ਇੱਕਲੇ ਵਿਚਾਰ ਨੂੰ ਨਹੀਂ ਲਿਆ, ਸਗੋਂ ਖੇਤਰ ਅਨੁਸਾਰ ਉਨ੍ਹਾਂ ਦੀ ਪ੍ਰਾਪਤੀ ਦਾ ਜਾਇਜ਼ਾ ਲਿਆ ਹੈ। ਇਸ ਵਿਚ ਉਨ੍ਹਾਂ ਨੇ ਦੂਜਿਆਂ ਦੇ ਵਿਚਾਰਾਂ ਤੇ ਟਿੱਪਣੀਆਂ ਕਰਨ ਦੀ ਥਾਂ ਪ੍ਰਗਤੀ ਦਾ ਮੁਲੰਕਣ ਕਰਕੇ ਆਪਣੇ ਵਿਚਾਰ ਦਿੱਤੇ ਹਨ, ਭਾਵ ਆਪਣੀ ਵਿਚਾਰਧਾਰਾ ਪੇਸ਼ ਕੀਤੀ ਹੈ। ਇਹ ਪੇਸ਼ਕਾਰੀ ਇੰਨੀ ਗੁੰਦਵੀਂ, ਰੌਚਕ ਤੇ ਨਿਰਾਲੀ ਹੈ ਕਿ ਇਹ ਪੰਜ ਪਉੜੀਆਂ ਤੇ ਸਲੋਕ ਜਪੁਜੀ ਦੇ ਅੰਦਰ ਇਕ ਹੋਰ ਛੋਟਾ ਜਪੁਜੀ ਹੋਣ ਦਾ ਆਭਾਸ ਹੁੰਦਾ ਹੈ। ਬਾਕੀ ਦੇ ਜਪੁਜੀ ਵਿਚ ਗੁਰੂ ਸਾਹਿਬ ਨੇ ਮੱਨੁਖੀ ਸਰੋਕਾਰਾਂ ਤੇ ਵਿਧੀ ਵਿਧਾਨ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ ਪਰ ਇਸ ਵਿਚ ਦੱਸਿਆ ਹੈ ਕਿ ਉਸ ਸਭ ਕੁਝ ਦੇ ਬਾਵਜੂਦ ਸੰਸਾਰ ਕਿੱਥੇ ਖੜ੍ਹਾ ਹੈ ਤੇ ਇਸ ਜਾਣਾ ਕਿੱਥੇ ਹੈ! ਜਪੁਜੀ ਦੇ ਵਿਧੀ ਵਿਧਾਨ ਤੇ ਗਿਆਨ ਅਨੁਸਾਰ ਮੌਜੂਦਾ ਸਥਿਤੀ ਤੋਂ ਅੰਤਿਮ ਮੰਜ਼ਿਲ ਦੀ ਸੇਧ ਉਨ੍ਹਾਂ ਨੇ ਇਸੇ ਭਾਗ ਵਿਚ ਸਮਝਾਈ ਹੈ। ਇਸ ਭਾਗ ਵਿਚ ਗੁਰੂ ਸਾਹਿਬ ਨੇ ਗਿਆਨ, ਵਿਗਿਆਨ ਤੇ ਅਨੁਭਵ ਦੀ ਉਹ ਗੱਲ ਕੀਤੀ ਹੈ, ਜੋ ਨਾ ਅੱਜ ਤੀਕ ਕਿਸੇ ਨੇ ਕੀਤੀ ਤੇ ਨਾ ਕੋਈ ਇਸ ਅਗਿਆਨ, ਅਭਿਮਾਨ ਤੇ ਸੰਕੀਰਨਤਾ ਦੀ ਝੰਬੀ ਦੁਨੀਆਂ ਵਿਚ ਕਦੇ ਦਿਲ ਖੋਲ੍ਹ ਕੇ ਕਰ ਸਕੇਗਾ!

ਇਸ ਸੰਸਾਰ ਵਿਚ ਕਈ ਧਾਰਮਿਕ ਫਿਲਾਸਫਰ ਤੇ ਪੀਰ ਪੈਗੰਬਰ ਆਏ, ਪਰ ਉਹ ਆਮ-ਸਮਝ (Common Sense) ਭਾਵ ਵਿਗਿਆਨਕ ਸੋਚ ਤੋਂ ਦੂਰ ਰਹਿੰਦੇ ਰਹੇ। ਇਥੇ ਬਹੁਤ ਸਾਰੇ ਵਿਗਿਆਨੀ ਵੀ ਆਏ, ਪਰ ਉਹ ਵਿਗਿਆਨ ਦੇ ਖੂਹ 'ਚੋਂ ਬਾਹਰ ਨਿਕਲ ਕੇ ਧਰਮ, ਫਿਲਾਸਫੀ ਤੇ ਵਿਗਿਆਨ ਦਾ ਨਾਤਾ ਨਹੀਂ ਜਾਣ ਸਕੇ। ਵੱਡੀ ਗੱਲ, ਸਭ ਆਪੋ-ਆਪਣੇ ਲਘੂ ਗਿਆਨ ਦੇ ਪਿੰਜਰੇ ਵਿਚ ਬੈਠ ਕੇ ਪਰ ਫੜਫੜਾਉਂਦੇ ਰਹੇ ਤੇ ਸਤਹੀ ਜਾਣਕਾਰੀ ਨਾਲ ਮਾਸੂਮ ਲੋਕਾਂ ਨੂੰ ਸਹਿਮਾਂ ਵਿਚ ਪਾਈ ਗਏ। ਕੋਈ ਅਜਿਹਾ ਬੁੱਧੀਜੀਵੀ, ਜੋ ਸਰਬ-ਪੱਖੀ ਜਾਣਕਾਰੀ ਦਾ ਦਲੀਲਪੂਰਨ ਮੰਥਨ ਕਰ ਕੇ ਲੀਹੋਂ ਲੱਥੇ ਸੋਚ ਪਰਵਾਹ ਨੂੰ ਸਹੀ ਸੇਧੇ ਪਾ ਸਕੇ, ਯਥਾਰਥ ਦੇ ਮੈਦਾਨ ਵਿਚ ਨਾ ਉੱਤਰਿਆ। ਇਹ ਕਿਸੇ ਆਮ ਚਿੰਤਕ ਜਾਂ ਆਮ ਵਿਗਿਆਨੀ ਦਾ ਨਹੀਂ, ਸਗੋਂ ਇਕ ਯੁਗ ਪੁਰਖ ਦਾ ਕੰਮ ਸੀ, ਜੋ ਸਮਸਤ ਪੂਰਵ-ਜਾਣਕਾਰੀ ਦਾ ਵਿਵੇਕੀ ਵਿਸ਼ਲੇਸ਼ਣ ਤੇ ਸੰਕਲਨ ਕਰ ਕੇ ਅੱਗੋਂ ਦਾ ਰਾਹ ਭਾਂਪ ਸਕਦਾ। ਇਹ ਕਾਰਜ 15ਵੀਂ ਸਦੀ ਵਿਚ ਪ੍ਰਤਿਭਾਸ਼ਾਲੀ ਗੁਰੂ ਨਾਨਕ ਨੇ ਨਿਭਾਇਆ।

ਜੇ ਕਿਸੇ ਨੂੰ ਅਜੇ ਤੀਕ ਵੀ ਪੂਰੀ ਤਰ੍ਹਾਂ ਸਮਝ ਵਿਚ ਨਾ ਆਇਆ ਹੋਵੇ ਕਿ ਗੁਰੂ ਸਾਹਿਬ ਕਿਉਂ ਮਹਾਨ ਸਨ, ਤਾਂ ਉਹ ਜਪੁਜੀ ਦਾ ਪਿਛਲਾ ਭਾਗ, ਖਾਸ ਤੌਰ 'ਤੇ ਇਹ ਪਉੜੀ ਪੜ੍ਹੇ, ਤਾਂ ਜਰੂਰ ਸਮਝ ਆ ਜਾਵੇਗਾ। ਇਹ ਤਾਂ ਹੀ ਸੰਭਵ ਹੋ ਸਕੇਗਾ, ਜੇ ਉਹ ਇਸ ਨੂੰ ਨਿਰਪੱਖਤਾ ਨਾਲ ਵਿਚਾਰੇਗਾ। ਅਜਿਹਾ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੇ ਦ੍ਰਿਸ਼ਟੀਕੋਣ ਤੋਂ ਸੰਭਵ ਨਹੀਂ ਹੋਵੇਗਾ, ਕਿਉਂਕਿ ਉਨ੍ਹਾਂ ਨੇ ਇਸ ਨੂੰ ਹਉਮੈ ਤੇ ਅਧਿਆਤਮਵਾਦ ਦੀ ਪੁੱਠ ਦੇ ਕੇ ਕੁਝ ਦਾ ਕੁਝ ਹੋਰ ਪੇਸ਼ ਕੀਤਾ ਹੋਇਆ ਹੈ। ਇਸ ਪਉੜੀ ਦੀਆਂ ਸਾਰੀਆਂ ਤੁਕਾਂ ਤੇ ਅਜੋਕੇ ਟੀਕਾਕਾਰਾਂ ਦੀ ਵਿਆਖਿਆ ਦੀ ਇਕ ਵੰਨਗੀ ਹੇਠ ਦਿੱਤੀ ਗਈ ਹੈ।

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ
ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥੩੪॥

ਇਸ ਪਉੜੀ ਨੂੰ ਪੜ੍ਹਨ ਤੋਂ ਇੰਜ ਲਗਦਾ ਹੈ, ਜਿਵੇਂ ਗੁਰੂ ਸਾਹਿਬ ਨੇ ਇਹ ਆਪਣੇ ਪੱਖੋਂ (Suo Moto) ਦੂਜਿਆਂ ਨੂੰ ਸਮਝਾਉਣ ਲਈ ਲਿਖੀ ਹੈ। ਇਸ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਬਦਲਦੇ ਦਿਨਾਂ-ਰਾਤਾਂ, ਤਿੱਥਾਂ-ਵਾਰਾਂ, ਮੌਸਮਾਂ, ਪੌਣ-ਪਾਣੀਆਂ ਅਤੇ ਅਗਨੀ ਭਾਵ ਤਪਸ਼ ਦੇ ਚੌਗਿਰਦੇ ਨਾਲ, ਉੱਤੇ ਆਕਾਸ਼ ਤੇ ਹੇਠਾਂ ਪਾਤਾਲ ਦੇ ਵਾਤਾਵਰਣ ਵਿਚ ਇਹ ਧਰਤੀ ਇਕ ਧਰਮਸਾਲ ਦੇ ਤੌਰ 'ਤੇ ਲਟਕ ਰਹੀ ਹੈ। ਧਰਮਸਾਲ ਇਸ ਲਈ ਹੈ ਕਿ ਇੱਥੇ ਕੁਦਰਤ ਦਾ ਸਮਾਨਤਾ ਦਾ ਧਰਮ ਭਾਵ ਨਿਯਮ ਲਾਗੂ ਹੈ, ਅਰਥਾਤ ਹਰ ਚੀਜ਼ ਕਰਮਾਂ ਤੇ ਪ੍ਰਤੀ-ਕਰਮਾਂ ਦੇ ਸਮੀਕਰਣ ਵਿਚ ਕਸੀ ਹੋਈ ਹੈ।

ਗੁਰੂ ਸਾਹਿਬ ਅੱਗੇ ਕਹਿੰਦੇ ਹਨ ਕਿ ਇਸ ਧਰਤੀ ਉੱਤੇ ਭਿੰਨ ਭਿੰਨ ਰੰਗਾਂ, ਰੂਪਾਂ ਤੇ ਜੁਗਤਾਂ ਦੇ ਜੀਵਾਂ ਦਾ ਵਾਸ ਹੈ। ਇਨ੍ਹਾਂ ਦੇ ਅਨੇਕਾਂ ਨਾਮ ਹਨ, ਜਿਨ੍ਹਾਂ ਨੂੰ ਗਿਣੋ ਤਾਂ ਖਤਮ ਨਹੀਂ ਹੁੰਦੇ। ਇਨ੍ਹਾਂ ਸਭਨਾਂ ਦੇ ਇਕ ਇਕ ਕਰਮ (Action) ਦਾ ਹਿਸਾਬ ਹੁੰਦਾ ਹੈ। ਜਿਸ ਤਰ੍ਹਾਂ ਦਾ ਸੱਚਾ-ਸੁੱਚਾ ਭਾਵ ਹਿਸਾਬ ਦਾ ਪੱਕਾ, ਪਰਮ-ਸਤਿ ਆਪ ਹੈ ਉਸੇ ਤਰ੍ਹਾਂ ਦਾ ਸਹੀ ਭਾਵ ਦੋਸ਼-ਰਹਿਤ ਤੇ ਸਖਤ ਉਸ ਦਾ ਪ੍ਰਬੰਧ ਹੈ। ਇਸ ਪ੍ਰਬੰਧ ਵਿਚ ਇੰਨੇ ਪੱਕੇ ਪੰਚ ਜਾਂ ਨਿਆਇਧੀਸ਼ ਨਿਯੁਕਤ ਹਨ ਕਿ ਉਹ ਹਰ ਕਰਮ ਦਾ ਨਿਸ਼ਾਨ ਸਹਿਜੇ ਹੀ ਪਛਾਣ ਜਾਂਦੇ ਹਨ। ਹਰ ਟੇਢ-ਉਲਾਰ ਦਾ ਉਨ੍ਹਾਂ ਨੂੰ ਸਹੀ-ਸਹੀ ਪਤਾ ਚਲ ਜਾਂਦਾ ਹੈ। ਹਰ ਕਰਮ ਜਾਂ ਕਥਨ ਦੀ ਕਚਿਆਈ ਤੇ ਪਕਿਆਈ ਅਰਥਾਤ ਸੱਚ-ਝੂਠ ਦਾ ਪਤਾ ਇਸ ਧਰਮਸਾਲ ਵਿਚ ਲਗਦਾ ਹੈ। ਗੁਰੂ ਸਾਹਿਬ ਅਸਚਰਜ ਨਾਲ ਕਹਿੰਦੇ ਹਨ ਕਿ ਇਹ ਨਿਜ਼ਾਮ ਇੰਨਾ ਨਿਯਮਬੱਧ ਹੈ ਕਿ ਇਸ ਦਾ ਪਤਾ ਉੱਥੇ ਜਾਇਆਂ ਹੀ ਲਗਦਾ ਹੈ ਭਾਵ ਇਸ ਧਰਤੀ 'ਤੇ ਰਹਿ ਕੇ ਹੀ ਅਨੁਭਵ ਹੁੰਦਾ ਹੈ।



ਉਰਜਾ ਦੀ ਸੁਰਕਸ਼ਿਸਤਾ ਦਾ ਸਿਧਾਂਤ ਦਰਸਾਉਂਦਾ ਇਕ ਚਿੱਤਰ

ਇਸ ਪਉੜੀ ਦੀ ਵਿਆਖਿਆ ਕਰਨ ਲੱਗੇ ਅਜੋਕੇ ਸਿੱਖ ਵਿਦਵਾਨ ਬੜਾ ਭੁਲੇਖਾ ਖਾ ਜਾਂਦੇ ਹਨ ਤੇ ਇਸ ਦੇ ਕਈ ਸ਼ਬਦਾਂ ਦੇ ਬੜੇ ਰਹੱਸਵਾਦੀ ਅਰਥ ਕੱਢਦੇ ਹਨ। ਇਨ੍ਹਾਂ ਵਿਚੋਂ ਪਹਿਲਾ ਸ਼ਬਦ ਧਰਮਸਾਲ ਹੈ। ਵਿਦਵਾਨ ਧਰਮਸਾਲ ਦੇ ਅਰਥ ਕੁਦਰਤੀ ਨਿਯਮਾਂ ਦੇ ਕ੍ਰੀੜਾ-ਸਥਲ ਦੀ ਥਾਂ ਨਾਮ ਸਿਮਰਨ ਤੇ ਪੂਜਾ ਪਾਠ ਰਾਹੀਂ ਪੁੰਨ ਕਮਾਉਣ ਦਾ ਸਥਾਨ ਕਰਦੇ ਹਨ। ਉਨ੍ਹਾਂ ਅਨੁਸਾਰ ਇੱਥੇ ਨਾਮ ਕਮਾਈ ਕਰਕੇ ਹੀ ਮਨੁੱਖ ਪ੍ਰਲੋਕ ਵਿਚ ਪਰਮ-ਸੁਖ ਪ੍ਰਾਪਤ ਕਰ ਸਕਦਾ ਹੈ। ਪਉੜੀ ਵਿਚ ਧਰਮ ਦਾ ਅਰਥ ਸਮੀਕਰਣ ਹੈ। ਅਰਥਾਤ ਧਰਮਸਾਲ ਉਹ ਸਥਾਨ ਹੈ, ਜਿੱਥੇ ਕੁਦਰਤ ਦੇ ਸਖਤ ਨਿਯਮਾਂ ਅਨੁਸਾਰ ਕਾਰਜਾਂ ਦੇ ਹਿਸਾਬ ਸਾਵੇ ਰਹਿੰਦੇ ਹਨ ਤੇ ਸ਼ਕਤੀਆਂ ਦੇ ਸਮੀਕਰਣ ਬਣੇ ਰਹਿੰਦੇ ਹਨ। ਧਰਮਸਾਲ ਰੂਪੀ ਇਹ ਧਰਤੀ ਭੌਤਿਕ ਚੌਗਿਰਦੇ ਵਿਚ ਘਿਰੀ ਹੋਈ ਹੈ, ਜਿਨ੍ਹਾਂ ਵਿਚੋਂ ਇਕ ਵੀ ਦੈਵੀ (Divine) ਨਹੀਂ ਹੈ। ਇਸ ਵਿਚ ਕੁਦਰਤ ਦੇ ਨਿਯਮਾਂ ਦਾ ਪੱਕਾ ਪਹਿਰਾ ਹੈ, ਜਿਸ ਕਾਰਨ ਪੱਕੇ ਸਮਾਨਤਾ ਦੇ ਸਮੀਕਰਣ ਰਾਹੀਂ ਹਰ ਇਕ ਚੀਜ਼ ਦਾ ਪੂਰਾ ਪੂਰਾ ਹਿਸਾਬ-ਕਿਤਾਬ ਰਹਿੰਦਾ ਹੈ।

ਇਸ ਨਿਯਮਿਤ ਪ੍ਰਬੰਧ ਨੂੰ ਗੁਰੂ ਸਾਹਿਬ ਕਈ ਥਾਂਈਂ 'ਨਾਈ' ਜਾਂ 'ਨਾਇ' ਭਾਵ ਇਨਸਾਫ ਵੀ ਕਹਿੰਦੇ ਹਨ। ਇਹ ਕਚਹਿਰੀਆਂ ਵਾਲਾ ਇਨਸਾਫ ਨਹੀਂ, ਸਗੋਂ ਹਿਸਾਬ ਪੂਰਾ ਰੱਖਣ ਵਾਲਾ ਕੁਦਰਤੀ ਨੇਮ ਹੈ। ਨਿਊਟਨ ਦੇ ਸਿਧਾਂਤ ਵਾਂਗ ਇੱਥੇ ਜੋ ਕਰਮ ਹੁੰਦਾ ਹੈ, ਉਸ ਦਾ ਓਨਾ ਹੀ ਵੱਡਾ ਤੇ ਉਲਟਾ ਪ੍ਰਤੀਕਰਮ ਹੁੰਦਾ ਹੈ। ਪਾਣੀ ਦੇ ਵਾਸ਼ਪ ਚੌਗਿਰਦੇ ਵਿਚੋਂ ਜਿੰਨੀ ਉਰਜਾ ਚੂਸ ਕੇ ਆਕਾਸ਼ ਵਿਚ ਉਡਦੇ ਹਨ, ਉਨੀ ਹੀ ਉਹ ਮੀਂਹ ਦੀ ਕਣੀ ਬਣ ਕੇ ਧਰਤੀ ਨਾਲ ਟਕਰਾਉਣ ਵੇਲੇ ਵਾਪਸ ਕਰਦੇ ਹਨ। ਬਕਾਇਆ ਸ਼ਕਤੀ ਉਹ ਦਰਿਆ ਬਣ ਕੇ ਰੁੜ੍ਹਨ ਵੇਲੇ ਅਦਾ ਕਰਦੇ ਹਨ। ਰਸਤੇ ਵਿਚ ਜੇ ਸਿਆਣਾ ਮਨੁੱਖ ਬੈਠਾ ਹੋਵੇ ਤਾਂ ਉਹ ਬੰਨ੍ਹ ਬਣਾ ਕੇ ਉਸ ਨੂੰ ਬਿਜਲੀ ਰੂਪ ਵਿਚ ਆਪਣੇ ਲਈ ਕੱਢ ਲੈਂਦਾ ਹੈ। ਪੂਰੇ ਘਟਨਾਕ੍ਰਮ ਵਿਚ ਕੋਈ ਸ਼ਕਤੀ ਬਰਬਾਦ ਨਹੀਂ ਹੁੰਦੀ ਤੇ ਇਸ ਦਾ ਸਹੀ ਹਿਸਾਬ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਇੱਥੇ ਕੋਈ ਵੀ ਕਾਰਜ ਹਿਸਾਬ-ਕਿਤਾਬ ਤੋਂ ਬਾਹਰ ਨਹੀਂ ਹੁੰਦਾ। ਇਹ ਨਿਊਟਨ ਦਾ ਤੀਜਾ ਸਿਧਾਂਤ ਹੈ ਤੇ ਵਿਗਿਆਨ ਇਸ ਨੂੰ ਉਰਜਾ ਦੀ ਸੁਰਕਸ਼ਿਸਤਾ ਦਾ ਸਿਧਾਂਤ (The Law of Conservation of Energy) ਕਹਿੰਦਾ ਹੈ। ਸੋ, ਤਕਨੀਕੀ ਤੌਰ 'ਤੇ ਧਰਮਸਾਲ ਉਹ ਥਾਂ ਹੈ, ਜਿੱਥੇ ਇਹ ਦੋਵੇਂ ਤੇ ਹੋਰ ਸਾਰੇ ਨਿਯਮ ਲਾਗੂ ਹੁੰਦੇ ਹਨ।

ਦੂਜਾ ਭੁਲੇਖਾ ਪਾਊ ਸ਼ਬਦ 'ਪੰਚ' ਹੈ। ਅਜੋਕੇ ਸਿੱਖ ਵਿਦਵਾਨ ਗੁਰੂ ਸਾਹਿਬ ਦੇ ਲਿਖੇ 'ਤਿਥੈ ਸੋਹਨਿ ਪੰਚ ਪਰਵਾਣੁ' ਪੜ੍ਹ ਕੇ ਤਾਂ ਪਰਮਾਤਮਾ ਦੀ ਕਿਸੇ ਅਜਿਹੀ ਕਚਹਿਰੀ ਦਾ ਖਿਆਲ ਚਿਤਵਦੇ ਹਨ, ਜਿੱਥੇ ਬੜੇ ਇਮਾਨਦਾਰ ਤੇ ਸੱਚਾਈਮਾਨ ਕਿਸਮ ਦੇ ਪੰਚ-ਸਰਪੰਚ ਸਜੇ ਬੈਠੇ ਰਹਿੰਦੇ ਹੋਣ ਤੇ ਬੜਾ ਸੱਚਾ ਫੈਸਲਾ ਸੁਣਾਉਂਦੇ ਹੋਣ। ਉਹ ਭੁੱਲ ਜਾਂਦੇ ਹਨ ਕਿ ਗੁਰੂ ਸਾਹਿਬ 'ਇਸ' ਧਰਤੀ ਦੀ ਗੱਲ ਕਰਦੇ ਹਨ ਕਿਸੇ ਹੋਰ ਦੀ ਨਹੀਂ, ਭਾਵ ਉਹ ਪੰਚ ਜਾਂ ਪੱਕੇ ਨਿਗਰਾਨ ਇੱਥੇ ਹੀ ਸੁਸ਼ੋਭਿਤ ਹਨ। ਇਹ ਪੰਚ ਕੋਈ ਮਨੁੱਖ ਰੂਪੀ ਬੰਦੇ ਨਹੀਂ ਹਨ, ਭਾਵੇਂ ਬੰਦੇ ਵੀ ਕਈ ਵਾਰ ਪੰਚ ਵਰਗਾ ਇਮਾਨਦਾਰੀ ਵਾਲਾ ਕਿਰਦਾਰ ਨਿਭਾ ਸਕਦੇ ਹਨ। ਇਹ ਪੰਚ ਅਰਥਾਤ ਸਹੀ-ਨਿਯਤ ਵਾਲੇ ਨਿਗਰਾਨ ਕੁਦਰਤ ਦੇ ਨਿਯਮਾਂ ਨੂੰ ਪੱਕੇ ਹਿਸਾਬੀ ਢੰਗ ਨਾਲ ਚਲਾਉਣ ਵਾਲੇ ਭਾਵ ਘਾਟਾ ਵਾਧਾ ਸੂਤ ਰੱਖਣ ਵਾਲੇ, ਪ੍ਰਾਕ੍ਰਿਤਿਕ ਸੂਚਕ (Sensors) ਹਨ, ਜੋ ਇਸ ਦੁਨੀਆਂ ਦੀ ਯਥਾਰਥਕ ਹੋਂਦ ਦੇ ਵਿਚ ਹੀ ਜੜੇ ਹੁੰਦੇ ਹਨ। ਜਦੋਂ ਕੋਈ ਗੇਂਦ ਹਵਾ ਵਿਚ ਉਛਾਲੀ ਜਾਂਦੀ ਹੈ ਤਾਂ ਇਹ ਉਨਾ ਹੀ ਉੱਚੇ ਜਾਂਦੀ ਹੈ, ਜਿੰਨਾ ਇਸ ਨੂੰ ਉੱਤੇ ਸੁੱਟਣ ਉਤੇ ਜੋਰ ਲੱਗਿਆ ਹੋਵੇ। ਇੱਥੇ ਇਹ ਪੰਚ ਹੀ ਹਿਸਾਬ ਲਾਉਂਦੇ ਹਨ ਕਿ ਕਿੰਨਾ ਜੋਰ ਲੱਗਿਆ ਹੈ ਤੇ ਕਿੰਨੀ ਉਚਾਈ ਤੀਕ ਗੇਂਦ ਨੂੰ ਜਾਣ ਦੇਣਾ ਪ੍ਰਵਾਨ ਕਰਨਾ ਹੈ। ਗੈਸ ਸਟੇਸ਼ਨ 'ਤੇ ਗੈਸ ਪੁਆਉਣ ਵੇਲੇ ਜਿੰਨੀ ਗੈਸ ਪਾਈਦੀ ਹੈ, ਪੰਪ ਦਾ 'ਪੰਚ' ਭਾਵ ਕੈਲਕੁਲੇਟਰ ਉਨਾ ਹੀ ਬਿਲ ਬਣਾਉਂਦਾ ਹੈ; ਪਰ ਪਵਾਈ ਗੈਸ ਵਿਚ ਕੋਈ ਕੈਲਕੁਲੇਟਰ ਨਹੀਂ ਹੁੰਦਾ। ਫਿਰ ਵੀ ਜਿੰਨੀ ਗੈਸ ਪਾਈ ਗਈ ਹੈ, ਉਸ ਮੁਤਾਬਿਕ ਚੱਲ ਕੇ ਹੀ ਗੱਡੀ ਰੁਕ ਜਾਵੇਗੀ। ਕਿੰਨੀ ਗੈਸ ਪਵਾਈ ਗਈ ਹੈ ਤੇ ਕਿੰਨੀ ਦੂਰ ਗੱਡੀ ਚਲਣੀ ਹੈ, ਇਹ ਹਿਸਾਬ ਜਾਂ ਨਿਗਰਾਨੀ ਵੀ ਗੈਸ ਤੇ ਗੱਡੀ ਵਿਚ ਲੱਗੇ ਕੁਦਰਤ ਦੇ ਇਮਾਨਦਾਰ ਖੁਫੀਆ 'ਪੰਚ' ਹੀ ਰੱਖਦੇ ਹਨ। ਇਸੇ ਤਰ੍ਹਾਂ ਭੁੱਖ ਅਨੁਸਾਰ ਭੋਜਨ, ਪਿਆਸ ਅਨੁਸਾਰ ਪਾਣੀ, ਥਕਾਵਟ ਅਨੁਸਾਰ ਆਰਾਮ, ਦੁਖ ਅਨੁਸਾਰ ਦਵਾ-ਦਾਰੂ, ਉਚਾਈ ਅਨੁਸਾਰ ਤਾਪਮਾਨ, ਮਿਹਨਤ ਅਨੁਸਾਰ ਫਲ ਆਦਿ ਦਾ ਹਿਸਾਬ ਵੀ ਇੰਦਾਂ ਦੇ 'ਪੰਚ' ਹੀ ਰੱਖਦੇ ਹਨ। ਕੁਦਰਤ ਦੀ ਹੋਂਦ ਦਾ ਕੋਈ ਪੱਖ ਐਸਾ ਨਹੀਂ, ਜੋ ਇਨ੍ਹਾਂ ਪੰਚਾਂ ਦੀ ਨਿਗਾਹ ਵਿਚ ਨਾ ਹੋਵੇ।

ਗੁਰੂ ਸਾਹਿਬ ਨੇ ਇਸ ਪਉੜੀ ਵਿਚ ਆਪਣੀ ਗੱਲ ਕਹਿਣ ਲਈ ਇਕ ਵਿਚਿੱਤਰ ਢੰਗ ਵਰਤਿਆ ਹੈ। ਉਨ੍ਹਾਂ ਨੇ ਦੂਰਦਰਸ਼ੀ ਵਿਧੀ (Telescopic Method) ਦਾ ਪ੍ਰਯੋਗ ਕਰਕੇ ਇਸ ਸੰਸਾਰ ਦਾ ਬ੍ਰਹਿਮੰਡੀ ਪਿਛੋਕੜ ਦਿਖਾਇਆ ਹੈ। ਉਨ੍ਹਾਂ ਅਨੁਸਾਰ ਇਹ ਜਗਤ ਐਵੇਂ ਸੁੱਕੇ ਤੇ ਰੜ੍ਹੇ ਮੈਦਾਨ ਵਿਚ ਨਹੀਂ ਪਿਆ ਹੋਇਆ, ਸਗੋਂ ਇਸ ਦਾ ਇਕ ਨਿਸ਼ਚਿਤ ਚੌਗਿਰਦਾ ਤੇ ਵਾਤਾਵਰਣ ਹੈ। ਉਨ੍ਹਾਂ ਨੇ ਇਸ ਨੂੰ ਉਵੇਂ ਪੇਸ਼ ਕੀਤਾ ਹੈ, ਜਿਵੇਂ ਬਾਹਰੋਂ ਉਪਰੋਂ ਹੌਲੀ ਹੌਲੀ ਆ ਕੇ ਕਿਸੇ ਨੂੰ ਕੋਈ ਅਧਭੁਤ ਚੀਜ਼ ਦਿਖਾਉਣੀ ਹੋਵੇ। ਇਸ ਤਰ੍ਹਾਂ ਕਰਕੇ ਉਹ ਜਾਣਨ ਵਾਲਿਆਂ ਅੱਗੇ ਇਸ ਦੀ ਸਰਸਰੀ ਤੇ ਸਹੀ ਭੂਮਿਕਾ ਪੇਸ਼ ਕਰਦੇ ਹਨ। ਅਜਿਹਾ ਢੰਗ ਅੱਜ ਦੇ ਵਿਗਿਆਨਕ ਯੁਗ ਵਿਚ ਬਹੁਤ ਪ੍ਰਚਲਿਤ ਤੇ ਕਾਰਆਮਦ ਹੈ। ਮੀਡੀਆ ਵਿਚ ਦਰਜਨਾਂ ਅਜਿਹੀਆਂ ਦਸਤਾਵੇਜ਼ੀ ਫਿਲਮਾਂ (Documentaries) ਪਈਆਂ ਹਨ, ਜੋ ਦਰਸ਼ਕਾਂ ਨੂੰ ਕਿਸੇ ਪ੍ਰਾਜੈਕਟ ਦੀ ਸ਼ੁਰੂਆਤੀ ਜਾਣਕਾਰੀ ਦੇਣ ਲਈ ਪਹਿਲਾਂ ਉਸ ਨੂੰ ਇਕ ਧੁੰਦਲੀ ਜਾਂ ਹਨੇਰੀ ਪਿੱਠਭੂਮੀ ਵਿਚੋਂ ਉੱਭਰਦਾ ਦਿਖਾਉਂਦੀਆਂ ਹਨ ਤੇ ਫਿਰ ਉਸ ਦਾ ਨੇੜੇ ਹੋ ਕੇ ਅੰਦਰੋਂ ਮੁਲੰਕਣ ਕਰਦੀਆਂ ਹਨ।

ਇਸ ਦੀ ਇਕ ਪ੍ਰਤੱਖ ਮਿਸਾਲ ਇੰਟਰਨੈਟ

## ਗੁਰਬਾਣੀ ਵਿਆਖਿਆ

ਦੇ ਸਾਈਟ https://www.europa.uk.com/cosmic-earth-louise 'ਤੇ ਵੀ ਉਪਲੱਬਧ ਹੈ, ਜੋ ਸ੍ਰਿਸ਼ਟੀ ਦਾ ਆਕਾਸ਼ ਤੋਂ ਪਾਤਾਲ ਤੀਕ ਦਾ ਨਜ਼ਾਰਾ ਇਕੋ ਝਲਕ ਵਿਚ ਪੇਸ਼ ਕਰਦੀ ਹੈ। ਗੁਰੂ ਸਾਹਿਬ ਨੇ ਲਗਭਗ ਇਹੀ ਕੰਮ ਸ਼ਬਦਾਂ ਦੀ ਚਿੱਤਰ-ਕਲਾ ਰਾਹੀਂ ਪੰਜ ਸੌ ਸਾਲ ਪਹਿਲਾਂ ਕਰ ਦਿਖਾਇਆ ਹੈ। ਸਿੱਖ ਸ਼ਰਧਾਲੂਆਂ ਲਈ ਇਹ ਫਖਰ ਦੀ ਗੱਲ ਹੈ ਕਿ ਗੁਰੂ ਸਾਹਿਬ ਦੀ ਅਦੁੱਤੀ ਪ੍ਰਤਿਭਾ ਕਾਰਨ ਉਨ੍ਹਾਂ ਨੂੰ ਸਦੀਆਂ ਪਹਿਲਾਂ ਹੀ ਅੱਜ ਦੇ ਵਿਗਿਆਨਿਕ ਯੁਗ ਵਾਂਗ ਮਿਆਰੀ ਸਿਖਿਆ ਮਿਆਰੀ ਢੰਗਾਂ ਰਾਹੀਂ ਪ੍ਰਾਪਤ ਹੋਣ ਲੱਗੀ ਸੀ।

ਇਸ ਪਉੜੀ ਦੀ ਇਕ ਵੱਡੀ ਸਿਖਿਆ ਇਹ ਹੈ ਕਿ ਗੁਰੂ ਸਾਹਿਬ ਨੇ ਇਸ ਵਿਚ ਇੰਨਾ ਹੀ ਲਿਖਿਆ ਹੈ ਕਿ ਇਕ ਅਨੋਖੇ ਭੌਤਿਕ ਵਾਤਾਵਰਣ ਵਿਚ ਇਹ ਧਰਤੀ ਥਾਪ ਕੇ ਰੱਖੀ ਹੋਈ ਹੈ। ਉਨ੍ਹਾਂ ਇਹ ਨਹੀਂ ਲਿਖਿਆ ਕਿ ਇਹ ਥਾਪੀ ਕਿਸ ਨੇ ਹੈ? ਜਿਸ ਨੇ ਵੀ ਥਾਪੀ ਹੈ ਤੇ ਜਿਵੇਂ ਵੀ ਥਾਪੀ ਗਈ ਹੈ, ਉਨ੍ਹਾਂ ਨੇ ਉਸ ਦੇ ਨਾਮ ਤੇ ਹਾਲਾਤ ਦਾ ਜ਼ਿਕਰ ਨਹੀਂ ਕੀਤਾ। ਇਵੇਂ ਹੀ ਉਨ੍ਹਾਂ ਨੇ ਅੰਤ ਵਿਚ ਆਉਣ ਵਾਲੇ ਸ਼ਲੋਕ ਵਿਚ ਕੀਤਾ ਹੈ। ਕਾਰਨ ਇਹ ਕਿ ਜੋ ਤੱਥ ਹਾਲੇ ਖੋਜ ਅਧੀਨ ਹੈ, ਉਸ ਬਾਰੇ ਨਿਰਣਾਇਕ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਪਉੜੀ ਸੰਖਿਆ 21 ਵਿਚ ਉਨ੍ਹਾਂ ਨੇ ਪਹਿਲਾਂ ਵੀ ਕਿਹਾ ਹੈ ਕਿ ਜੋ ਕਰਤਾ ਸ੍ਰਿਸ਼ਟੀ ਨੂੰ ਸਾਜ ਰਿਹਾ ਹੈ, ਉਹੀ ਅਜਿਹੇ ਵਿਸ਼ੇਸ਼ ਪ੍ਰਸ਼ਨਾਂ ਦੇ ਉੱਤਰ ਜਾਣਦਾ ਹੋ ਸਕਦਾ ਹੈ, ਅਰਥਾਤ ਉਨ੍ਹਾਂ ਦਾ ਦੂਜਿਆਂ ਨੂੰ ਤਾਂ ਖੋਜ ਪੜਤਾਲ ਉਪਰੰਤ ਹੀ ਪਤਾ ਚਲੇਗਾ। ਯਾਦ ਰਹੇ, ਵਿਗਿਆਨਿਕ ਸੂਤਰ ੴ ਰਾਹੀਂ ਉਸ ਕਰਤੇ ਦਾ ਗੁਣਾਤਮਿਕ ਸੱਚਾ ਨਾਮ ਲੱਭਣਾ ਹੀ ਜਪੁਜੀ ਦਾ ਮੁੱਖ ਮਨੋਰਥ ਹੈ। ਇਸੇ ਲਈ ਇਹ ਮਨੋਰਥ ਉਨ੍ਹਾਂ ਨੂੰ ਇਸ ਬਾਣੀ ਦੇ ਆਦਿ ਤੋਂ ਅੰਤ ਤੀਕ ਯਾਦ ਹੈ।

ਇਸ ਪਉੜੀ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਜਪੁਜੀ ਦੇ ਇਸ ਅਹਿਮ ਹਿੱਸੇ ਵਿਚ ਗੁਰੂ ਸਾਹਿਬ ਸਿਰਫ ਧਰਤੀ, ਇਸ ਦੇ ਵਾਤਾਵਰਣ ਤੇ ਇਸ ਦੇ ਜੀਵਾਂ ਦੀ ਗੱਲ ਕਰਦੇ ਹਨ। ਉਹ ਉਸ ਚੀਜ਼ ਜਾਂ ਵਰਤਾਰੇ ਦਾ ਜ਼ਿਕਰ ਕਰਦੇ ਹਨ, ਜੋ ਸਾਹਮਣੇ ਹੈ ਤੇ ਦਿੱਸਦਾ ਹੈ। ਇਸ ਦੇ ਅਣਦਿਸਦੇ ਭਾਵ ਅਧਿਆਤਮ ਪੱਖ ਬਾਰੇ, ਜਿਸ ਨੂੰ ਆਦਰਸ਼ਵਾਦੀਆਂ ਨੇ ਆਪਣੇ ਖਿਆਲਾਂ ਵਿਚੋਂ ਖੜ੍ਹਾ ਕੀਤਾ ਹੈ ਤੇ ਅਧਿਆਤਮਵਾਦੀਆਂ ਨੇ ਭਗਤੀ ਭਾਵਨਾ ਨਾਲ ਬਿਖਿਆਨਿਆ ਹੈ, ਬਾਰੇ ਉਹ ਉਹ ਕੁਝ ਨਹੀਂ ਕਹਿੰਦੇ; ਪਰ ਜੋ ਸਾਹਮਣੇ ਹੈ ਤੇ ਜੋ ਦਿਖਦਾ ਹੈ, ਉਹ ਭਾਂਤ-ਭਾਂਤ ਦੀ ਜਿਨਸੀ (Material) ਮਾਯਾ ਹੈ। ਇਸ ਲਈ ਉਨ੍ਹਾਂ ਨੇ ਇਸ ਜਿਨਸੀ ਮਾਯਾ ਭਾਵ ਪਦਾਰਥ ਦੀਆਂ ਬਣਤਰਾਂ ਦੀ ਖੋਜ ਹੀ ਜਰੂਰੀ ਸਮਝੀ ਹੈ। ਇਹ ਉਹੀ ਮਾਯਾ ਤੇ ਇਹ ਇਸ ਦੀਆਂ ਓਹੀ ਠੋਸ ਘਾੜ੍ਹਤਾਂ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ 'ਹੈ ਭੀ ਸਚੁ ਹੋਸੀ ਭੀ ਸਚੁ' ਕਿਹਾ ਹੈ। ਅਰਥਾਤ ਉੱਤੋਂ ਭਾਵੇਂ ਇਹ ਪਰਿਵਰਤਨਸ਼ੀਲ ਲਗਦੀਆਂ ਹਨ, ਪਰ ਅੰਦਰੋਂ ਠੋਸ, ਪੱਕੀਆਂ ਤੇ ਸਦੀਵੀ ਹਨ। ਇਸ ਦਾ ਭਾਵ ਇਹ ਹੋਇਆ ਕਿ ਗੁਰੂ ਸਾਹਿਬ ਧਰਤੀ, ਧਰਤੀ ਦੇ ਭੌਤਿਕ ਪ੍ਰਿਆਵਰਣ ਤੇ ਧਰਤੀ 'ਤੇ ਪੈਦਾ ਹੋਏ ਮਨੁੱਖ ਆਦਿ ਜੀਵਾਂ ਨੂੰ ਹੀ ਖੋਜ ਦਾ ਵਿਸ਼ਾ ਤੇ ਉਸ ਦੇ ਗਿਆਨ ਦਾ ਸ੍ਰੋਤ ਮੰਨਦੇ ਸਨ। ਇਹੀ ਤਾਂ ਵਿਗਿਆਨ ਦਾ ਅਧਿਐਨ ਖੇਤਰ ਹੈ।


ਉਨ੍ਹਾਂ ਤੋਂ ਬਾਅਦ ਆਉਣ ਵਾਲੇ ਫਿਲਾਸਫਰ ਤੇ ਵਿਗਿਆਨੀ ਇਸੇ ਵਿਚਾਰ 'ਤੇ ਆ ਕੇ ਟਿਕੇ ਹੋਏ ਹਨ। ਕਾਰਲ ਮਾਰਕਸ ਨੇ ਕਿਹਾ ਹੈ ਕਿ ਮਨੁੱਖ ਤੇ ਉਸ ਦੇ ਚੌਗਿਰਦੇ ਦਾ ਅਧਿਐਨ ਹੀ ਵਿਗਿਆਨ ਹੈ। ਮੌਰਿਸ ਕਾਰਨਫੋਰਥ ਅਨੁਸਾਰ ਵਿਗਿਆਨ ਜਿਉਂਦੇ ਅਤੇ ਸੁਚੇਤ ਜੀਵਾਂ ਦੇ ਆਪਣੇ ਚੌਗਿਰਦੇ ਨਾਲ ਜੁੜੇ ਸਕ੍ਰਿਆ ਸਬੰਧਾਂ ਦੇ ਅਧਿਐਨ ਦਾ ਨਾਂ ਹੈ। ਜੇ ਆਧੁਨਿਕ ਵਿਗਿਆਨੀ ਤੇ ਫਿਲਾਸਫਰ ਉਹੀ ਨਪੀ-ਤੁਲੀ ਗੱਲ ਕਰਦੇ ਹਨ, ਗੁਰੂ ਸਾਹਿਬ ਨੇ ਪੰਜ ਸਦੀਆਂ ਪਹਿਲਾਂ ਕੀਤੀ ਤਾਂ ਗੁਰੂ ਸਾਹਿਬ ਇਕ ਤਰ੍ਹਾਂ ਨਾਲ ਅਜੋਕੇ ਵਿਗਿਆਨ ਦੇ ਪਿਤਾਮਾ ਹੋਏ। ਇਹ ਗੱਲ ਸਭ ਅਧਿਆਤਮਵਾਦੀ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ, ਜੋ ਪਦਾਰਥਵਾਦ ਤੇ ਵਿਗਿਆਨ ਦਾ ਨਾਂ ਸੁਣਦੇ ਹੀ ਮੂੰਹ ਦੂਜੇ ਪਾਸੇ ਫੇਰ ਲੈਂਦੇ ਹਨ।

ਭਾਵੇਂ ਗੁਰੂ ਸਾਹਿਬ ਦੀ ਸਿੱਖਿਆ ਪੂਰੀ ਤਰ੍ਹਾਂ ਵਿਗਿਆਨਿਕ ਹੈ, ਪਰ ਅਜੋਕੇ ਸਿੱਖ ਵਿਦਵਾਨ ਫਿਰ ਵੀ ਇਸ ਪਉੜੀ ਦੇ ਅਰਥ ਅਧਿਆਤਮਵਾਦੀ

(ਬਾਕੀ ਅਗਲੇ ਸਫੇ 'ਤੇ)

# ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

ਗੁਰੂ ਅਮਰਦਾਸ ਸਾਹਿਬ ਨੇ ਫਰਮਾਇਆ ਹੈ ਕਿ ਜੋ ਚੰਗੀ ਔਲਾਦ ਹੁੰਦੀ ਹੈ, ਉਹ ਆਪਣੇ ਵਡੇਰਿਆਂ ਦੀਆਂ ਰਵਾਇਤਾਂ, ਆਪਣੇ ਬਜ਼ੁਰਗਾਂ ਦੀਆਂ ਸਾਖੀਆਂ, ਜੋ ਗੁਰੂ ਆਸ਼ੇ ਦੀਆਂ ਅਨੁਸਾਰੀ ਹੁੰਦੀਆਂ ਹਨ, ਨੂੰ ਦੁਹਰਾਉਂਦੇ ਰਹਿੰਦੇ ਹਨ। ਬਜ਼ੁਰਗਾਂ ਦੀਆਂ ਇਨ੍ਹਾਂ ਸਾਖੀਆਂ ਨੂੰ ਸੁਣਨ ਤੇ ਦੁਹਰਾਉਣ ਨਾਲ ਉਹ ਗੁਰਮੁਖ ਬਣ ਜਾਂਦੇ ਹਨ, ਉਨ੍ਹਾਂ ਗੱਲਾਂ ਵਿਚ ਯਕੀਨ ਲਿਆਉਂਦੇ ਹਨ ਅਤੇ ਉਨ੍ਹਾਂ ਉਤੇ ਅਮਲ ਕਰਦੇ ਹਨ; ਚੰਗੀਆਂ ਰਵਾਇਤਾਂ ਨੂੰ ਅੱਗੇ ਲੈ ਕੇ ਜਾਂਦੇ ਹਨ ਤੇ ਹੋਰਨਾਂ ਨੂੰ ਵੀ ਚੰਗੇ



ਰਸਤੇ 'ਤੇ ਤੋਰਦੇ ਹਨ। ਸੱਚੇ ਪਰਮਾਤਮਾ ਨੇ ਉਨ੍ਹਾਂ ਨੂੰ ਸੱਚ ਵਾਲੇ ਪਾਸੇ ਲਾਇਆ, ਉਹ ਸੱਚ ਵਾਲੇ ਪਾਸੇ ਲੱਗੇ, ਉਹ ਪਰਮਸਤਿ ਨੂੰ ਚੇਤੇ

ਡਾ. ਗੁਰਨਾਮ ਕੌਰ, ਕੈਨੇਡਾ

ਰੱਖਦੇ ਹਨ, ਆਪਣਾ ਇਸ ਸੰਸਾਰ 'ਤੇ ਆਉਣਾ ਸਫਲ ਬਣਾਉਂਦੇ ਹਨ ਅਤੇ ਆਪਣੀਆਂ ਕੁਲਾਂ ਵੀ ਤਾਰਦੇ ਹਨ,

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥

ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ॥ (ਪੰਨਾ 951)

ਇਸ ਲੇਖ-ਲੜੀ ਦੇ ਪਹਿਲੇ ਲੇਖ 'ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ' ਵਿਚ ਹੀ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਗੁਰੂ ਨਾਨਕ ਜੋਤਿ ਦੇ ਅਸਲੀ ਵਾਰਿਸ ਭਾਈ ਲਹਿਣਾ ਜੀ 'ਗੁਰੂ ਅੰਗਦ' ਰੂਪ ਵਿਚ ਬਣੇ ਅਤੇ ਵਿਰਾਸਤ ਨੂੰ ਅੱਗੇ ਲੈ ਕੇ ਗਏ, ਜੋ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਗੋਬਿੰਦ, ਗੁਰੂ ਹਰਿਰਾਇ, ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ ਬਹਾਦਰ ਰਾਹੀਂ ਹੁੰਦੀ ਹੋਈ ਗੁਰੂ ਗੋਬਿੰਦ ਸਿੰਘ ਤੱਕ ਪਹੁੰਚੀ ਅਤੇ ਉਨ੍ਹਾਂ ਨੇ ਫਿਰ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਕੇ ਸਰਬ ਸਮਿਆਂ ਲਈ ਖਾਲਸਾ ਪੰਥ ਨੂੰ ਸ਼ਬਦ ਗੁਰੂ ਦੀ ਅਗਵਾਈ ਵਿਚ ਚੱਲਣ ਦਾ ਹੁਕਮ ਕਰ ਦਿੱਤਾ ਤੇ 'ਇੱਕ ਗ੍ਰੰਥ, ਇੱਕ ਪੰਥ' ਦੀ ਪਰੰਪਰਾ ਕਾਇਮ ਕਰ ਦਿੱਤੀ। ਗੁਰਮਤਿ ਦਰਸ਼ਨ ਅਨੁਸਾਰ ਗੁਰੂ ਦਾ ਸ਼ਬਦ, ਗੁਰੂ ਦੀ ਬਾਣੀ ਹੀ ਗੁਰੂ ਹੈ, ਕਿਉਂਕਿ ਸ਼ਬਦ ਅਵਿਨਾਸ਼ੀ ਹੈ, ਸਦੀਵੀ ਹੈ। ਗੁਰੂ ਨਾਨਕ ਦੇਵ ਤੋਂ, ਸਮੇਤ ਭਗਤ ਬਾਣੀ ਦੇ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਰਾਹੀਂ ਹੁੰਦਾ ਹੋਇਆ ਸ਼ਬਦ ਦਾ ਖਜ਼ਾਨਾ ਗੁਰੂ ਅਰਜਨ ਦੇਵ ਤੱਕ ਪਹੁੰਚਦਾ ਹੈ। ਗੁਰੂ ਅਰਜਨ ਦੇਵ ਬਚਨ ਕਰਦੇ ਹਨ ਕਿ ਜਦੋਂ ਮੈਂ ਆਪਣੇ ਪੁਰਵਜ ਗੁਰੂ ਸਾਹਿਬਾਨ ਦਾ ਬਾਣੀ ਦਾ ਖਜ਼ਾਨਾ ਖੋਲ੍ਹ ਕੇ ਦੇਖਿਆ ਤਾਂ ਮੇਰੇ ਅੰਦਰ ਆਤਮਕ ਅਨੰਦ ਦਾ ਭੰਡਾਰ ਭਰ ਗਿਆ। ਇਸ ਖਜ਼ਾਨੇ ਵਿਚ ਪਰਮਾਤਮਾ ਦੀ ਸਿਫਤਿ-ਸਾਲਾਹ ਦੇ ਅਮੋਲਕ ਰਤਨਾਂ, ਲਾਲਾਂ ਦੇ ਭੰਡਾਰ ਭਰੇ ਹੋਏ ਹਨ, ਜੋ ਕਦੀ ਮੁੱਕ ਨਹੀਂ ਸਕਦੇ, ਜਿਨ੍ਹਾਂ ਨੂੰ ਤੋਲਿਆ ਨਹੀਂ ਜਾ ਸਕਦਾ। ਜੋ ਮਨੁੱਖ ਸਤਿਸੰਗਤਿ ਵਿਚ ਮਿਲ ਬੈਠ ਕੇ ਇਸ ਅਮੋਲਕ ਖਜ਼ਾਨੇ ਨੂੰ ਆਪ ਵਰਤਦੇ ਹਨ ਅਤੇ ਹੋਰਨਾਂ ਨੂੰ ਵੰਡਦੇ ਹਨ, ਉਨ੍ਹਾਂ ਪਾਸ ਇਸ ਖਜ਼ਾਨੇ ਦੀ ਕੋਈ ਘਾਟ ਨਹੀਂ ਆਉਂਦੀ, ਸਗੋਂ ਹੋਰ ਭਰਪੂਰ ਹੁੰਦਾ ਜਾਂਦਾ ਹੈ,

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥1॥...
ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥ (ਪੰਨਾ 186)

ਇਸੇ ਖਜ਼ਾਨੇ ਦਾ ਗੁਰੂ ਅਰਜਨ ਦੇਵ ਨੇ 'ਗ੍ਰੰਥ ਸਾਹਿਬ' ਦੇ ਰੂਪ ਵਿਚ ਸੰਕਲਨ ਕੀਤਾ, ਜਿਸ ਨੂੰ ਉਦੋਂ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਗੁਰੂ ਨਾਨਕ ਦੇ ਸਮੇਂ ਦੇ ਸਮਾਜ 'ਤੇ, ਉਸ ਵੇਲੇ ਦੀ ਗਰੀਬ ਲੋਕਾਈ 'ਤੇ ਤਿੰਨ ਤਰਫਾਂ ਤੋਂ ਜ਼ੁਲਮ ਹੋ ਰਿਹਾ ਸੀ। ਇੱਕ ਪਾਸੇ ਰਾਜ-ਕਰਤਾ ਅਤੇ ਉਨ੍ਹਾਂ ਦੇ ਅਹਿਲਕਾਰਾਂ ਵੱਲੋਂ ਜਨਤਾ ਦੀ ਲੁੱਟ-ਖਸੁੱਟ ਕੀਤੀ ਜਾ ਰਹੀ ਸੀ, ਉਨ੍ਹਾਂ 'ਤੇ ਹਰ ਤਰ੍ਹਾਂ ਦੇ ਜ਼ੁਲਮ ਹੋ ਰਹੇ ਸੀ। ਦੂਜੇ ਪਾਸੇ ਧਰਮ ਦੇ ਨਾਂ 'ਤੇ ਪੁਜਾਰੀ ਜਮਾਤ ਅਤੇ ਧਰਮ ਦੇ ਠੇਕੇਦਾਰਾਂ ਨੇ ਆਮ ਜਨਤਾ ਦੀ ਲੁੱਟ-ਖਸੁੱਟ ਲਈ ਧਰਮ ਵਿਚ ਬਹੁਤ ਤਰ੍ਹਾਂ ਦੇ ਪਖੰਡ, ਕਰਮਕਾਂਡ, ਵਹਿਮ-ਭਰਮ, ਜਾਤ-ਪਾਤਕ ਵੰਡ ਆਦਿ ਨੂੰ ਸ਼ਾਮਲ ਕਰਕੇ ਅਤੇ ਧਾਰਮਿਕ ਪ੍ਰਵਾਨਗੀ ਦੇ ਕੇ ਅਨੇਕ ਤਰ੍ਹਾਂ ਨਾਲ ਆਮ ਲੋਕਾਈ ਦੇ ਸ਼ੋਸ਼ਣ ਦਾ ਸਾਧਨ ਬਣਾ ਲਿਆ ਸੀ। ਭਾਰਤੀ ਸਮਾਜ ਵਰਣ-ਆਸ਼ਰਮ ਧਰਮ ਤਹਿਤ ਉਚੇ ਤੇ ਨੀਵੇਂ ਵਰਗਾਂ ਵਿਚ ਵੰਡਿਆ ਹੋਇਆ ਸੀ ਅਤੇ ਹੇਠਲੇ ਵਰਗਾਂ ਨਾਲ ਉੱਚ-ਜਾਤੀਆਂ ਵੱਲੋਂ ਪਸ਼ੂਆਂ ਤੋਂ ਵੀ ਮਾੜਾ ਵਰਤਾਓ ਕੀਤਾ ਜਾਂਦਾ ਸੀ। ਔਰਤ ਨੂੰ ਅਧਿਆਤਮਕਤਾ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਸੀ ਅਤੇ ਉਸ ਨੂੰ 'ਬਾਘਣੀ', 'ਪੈਰ ਦੀ ਜੁੱਤੀ' ਆਦਿ ਲਕਬਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਇਸ ਦੇ ਨਾਲ ਹੀ ਬਾਹਰੀ ਹਮਲਾਵਰਾਂ ਵੱਲੋਂ ਹਿੰਦੁਸਤਾਨੀ ਪਰਜਾ ਦੀ ਲੁੱਟ-ਖਸੁੱਟ ਜਾਰੀ ਸੀ।

ਗੁਰੂ ਨਾਨਕ ਦੇ ਸਮੇਂ ਵਿਚ ਹੀ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਅਤੇ ਭਾਰਤੀ ਜਨਤਾ 'ਤੇ ਬੇਹੱਦ ਜ਼ੁਲਮ ਢਾਹੇ, ਆਮ ਲੋਕਾਈ ਦਾ ਘਾਣ ਕਰਨ ਦੇ ਨਾਲ ਨਾਲ ਔਰਤਾਂ ਦੀ ਬੇਹੁਰਮਤੀ ਕੀਤੀ। ਗੁਰੂ ਨਾਨਕ ਨੇ ਆਪਣੀ ਬਾਣੀ ਰਾਹੀਂ ਇਨ੍ਹਾਂ ਹਰ ਤਰ੍ਹਾਂ ਦੇ ਜ਼ੁਲਮਾਂ, ਲੁੱਟ-ਖਸੁੱਟ ਦੇ ਖਿਲਾਫ ਅਵਾਜ਼ ਬੁਲੰਦ ਕੀਤੀ ਤੇ ਲੋਕਾਂ ਨੂੰ ਚੇਤੰਨ ਕੀਤਾ। ਲੋਕਾਈ ਦੇ ਹੱਕ ਵਿਚ ਅਤੇ ਹਕੂਮਤ ਦੀਆਂ ਜ਼ਿਆਦਤੀਆਂ, ਜ਼ੁਲਮ ਦੇ ਖਿਲਾਫ ਸਖਤ ਸ਼ਬਦਾਂ ਵਿਚ ਅਵਾਜ਼ ਉਠਾਉਂਦਿਆਂ ਉਨ੍ਹਾਂ ਨੇ ਰਾਜਿਆਂ ਤੇ ਅਹਿਲਕਾਰਾਂ ਨੂੰ 'ਰਾਜੇ ਸੀਹ ਮੁਕਦਮ ਕੁਤੇ' ਕਿਹਾ। ਉਨ੍ਹਾਂ ਨੇ ਦੱਸਿਆ ਕਿ ਰਾਜੇ ਆਪਣੇ ਅਹਿਲਕਾਰਾਂ ਰਾਹੀਂ ਲੋਕਾਂ ਦੀ ਹਰ ਤਰ੍ਹਾਂ ਨਾਲ ਲੁੱਟ-ਖਸੁੱਟ ਕਰ ਰਹੇ ਹਨ।

ਇੱਕ ਗੱਲ ਚੇਤੇ ਰੱਖਣ ਵਾਲੀ ਹੈ, ਜੋ ਬਾਣੀ ਤੋਂ ਵੀ ਉਜਾਗਰ ਹੁੰਦੀ ਹੈ ਕਿ ਉਸ ਵੇਲੇ ਹਕੂਮਤ ਭਾਵੇਂ ਤੁਰਕ ਮੁਸਲਮਾਨ ਹਾਕਮਾਂ ਦੇ ਹੱਥ ਵਿਚ ਸੀ, ਪਰ ਉਨ੍ਹਾਂ ਦੇ ਅਹਿਲਕਾਰ ਆਮ ਤੌਰ ਤੇ ਹਿੰਦੂ ਧਰਮ ਨੂੰ ਮੰਨਣ ਵਾਲੇ ਸਨ, ਜੋ ਬਹੁਤਾ ਕਰਕੇ ਖੱਤਰੀ ਸਨ। ਪਰਜਾ 'ਤੇ ਜ਼ੁਲਮ ਕਰਨ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਲਈ ਹਾਕਮ ਅਤੇ ਉਨ੍ਹਾਂ ਦੇ ਅਹਿਲਕਾਰ ਮਿਲੇ ਹੋਏ ਸਨ, ਕਿਉਂਕਿ ਹਾਕਮਾਂ ਵੱਲੋਂ ਇਹ ਲੁੱਟ ਇਨ੍ਹਾਂ ਅਹਿਲਕਾਰਾਂ ਰਾਹੀਂ ਹੀ ਕੀਤੀ ਜਾਂਦੀ ਸੀ। ਗੁਰੂ ਨਾਨਕ ਮਿਸਾਲ ਦਿੰਦੇ ਹਨ ਕਿ ਹਿਰਨ ਦੇ ਬੱਚੇ ਨੂੰ ਸਿਖਲਾਈ ਦੇ ਕੇ ਛੱਡ ਦਿੱਤਾ ਜਾਂਦਾ ਹੈ ਅਤੇ ਉਹ ਆਪਣੇ ਹੋਰ ਸਾਥੀਆਂ ਨੂੰ ਲਿਆ ਫਸਾਉਂਦਾ ਹੈ, ਤਿਵੇਂ ਗਿੱਝੇ ਹੋਏ ਬਾਜ ਅਤੇ ਪੜ੍ਹੇ ਅਹਿਲਕਾਰ ਆਪਣੇ ਹੀ ਭਰਾਵਾਂ ਦਾ ਲਹੂ ਪੀਂਦੇ ਹਨ। ਭਾਵ ਧਰਮ ਮਹਿਜ਼ ਦਿਖਾਵਾ ਬਣ ਕੇ ਰਹਿ ਗਿਆ ਸੀ।

ਦੂਸਰਿਆਂ ਦਾ ਹੱਕ ਖੋਹ ਕੇ ਖਾਣ ਨੂੰ ਗੁਰੂ ਨਾਨਕ ਸਾਹਿਬ ਨੇ ਇੱਕ ਬਹੁਤ ਵੱਡੀ ਕੁਰਹਿਤ ਮੰਨਿਆ ਹੈ। ਹਿੰਦੂਆਂ ਵਿਚ ਗਊ ਦੇ ਮਾਸ ਦੀ ਮਨਾਹੀ ਹੈ ਅਤੇ ਮੁਸਲਮਾਨਾਂ ਵਿਚ ਸੂਰ ਦੇ ਮਾਸ ਦੀ। ਗੁਰੂ ਨਾਨਕ ਨੇ ਸਪੱਸ਼ਟ ਕਿਹਾ ਹੈ ਕਿ ਕਿਸੇ ਦਾ ਹੱਕ ਖੋਹਣਾ ਉਵੇਂ ਹੀ ਕੁਰਹਿਤ ਹੈ, ਜਿਵੇਂ ਹਿੰਦੂ ਲਈ ਗਊ ਦਾ ਮਾਸ ਅਤੇ ਮੁਸਲਮਾਨ ਲਈ ਸੂਰ ਦਾ। ਹਰਾਮ ਦੀ ਕਮਾਈ ਨੂੰ ਉਨ੍ਹਾਂ ਨੇ 'ਮੁਰਦਾਰ' ਖਾਣ ਦੇ ਬਰਾਬਰ ਮੰਨਿਆ ਹੈ। ਗੁਰੂ ਜਾਂ ਪੀਰ ਵੀ ਹਾਮੀ ਤਾਂ ਭਰਦਾ ਹੈ, ਸਿਫਾਰਸ਼ ਕਰਦਾ ਹੈ ਜੇ ਮਨੁੱਖ ਬੇਈਮਾਨੀ ਦੀ ਕਮਾਈ ਨਹੀਂ ਖਾਂਦਾ। ਗੱਲਾਂ ਨਾਲ ਸਵਰਗ ਨਹੀਂ ਜਾ ਸਕੀਦਾ, ਛੁਟਕਾਰਾ ਜਾਂ ਮੁਕਤੀ ਸੱਚ ਨੂੰ ਅਮਲੀ ਤੌਰ 'ਤੇ ਕਮਾਉਣ ਨਾਲ ਮਿਲਣੀ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"

ਉਨ੍ਹਾਂ ਨੇ ਧਰਮ ਵਿਚ ਸ਼ਾਮਲ ਹੋ ਚੁਕੇ ਇਸ ਪਖੰਡ ਅਤੇ ਕਰਮਕਾਂਡ ਨੂੰ ਨੰਗਿਆਂ ਕੀਤਾ, ਜੋ ਉਪਰੋਂ ਦਿਖਾਵੇ ਲਈ ਤਾਂ ਧਾਰਮਿਕ ਬਣਦੇ ਹਨ, ਪਰ ਅੰਦਰੋਂ ਸੱਚ ਤੋਂ ਕੋਹਾਂ ਦੂਰ ਹਨ, "ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥" ਅਤੇ "ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥ ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥" ਬਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਧਾਰਮਿਕ ਨੇਤਾ ਉਪਰੋਂ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਨ, ਪਰ ਅੰਦਰੋਂ ਧਾਰਮਿਕ ਨਹੀਂ ਅਤੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਗੁਰੂ ਨਾਨਕ ਸਾਹਿਬ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ, ਆਮ ਲੋਕਾਂ ਨੂੰ ਸਮਝਾਉਣ ਤੇ ਉਨ੍ਹਾਂ ਨਾਲ ਵਿਚਾਰਾਂ ਦੀ ਸਾਂਝ ਪਾਉਣ ਲਈ ਅਤੇ ਵੱਖ ਵੱਖ ਧਰਮਾਂ ਦੇ ਮੁਖੀਆਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਚਾਰੇ ਦਿਸ਼ਾਵਾਂ ਵਿਚ ਚਾਰ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦਾ ਪੈਂਡਾ ਬਹੁਤ ਲੰਬਾ ਸੀ। ਹਿੰਦੂਆਂ ਦੇ ਵੱਖ ਵੱਖ ਤੀਰਥਾਂ ਤੋਂ ਲੈ ਕੇ ਬੋਧੀ ਸਥਾਨਾਂ, ਇਸਲਾਮ ਦੇ ਮੁਕੱਦਸ ਸਥਾਨ ਮੱਕੇ ਤੱਕ ਗਏ। ਉਹ ਇਨ੍ਹਾਂ ਤੀਰਥ ਸਥਾਨਾਂ 'ਤੇ ਆਮ ਕਰ ਕੇ ਉਦੋਂ ਗਏ, ਜਦੋਂ ਕਿਸੇ ਖਾਸ ਦਿਨ ਤੇ ਭਾਰੀ ਇਕੱਠ ਹੋਣਾ ਹੁੰਦਾ ਸੀ ਤਾਂ ਕਿ ਵੱਧ ਤੋਂ ਵੱਧ ਲੋਕਾਂ ਨਾਲ ਵਿਚਾਰ-ਚਰਚਾ ਕਰਕੇ ਚੇਤੰਨ ਕੀਤਾ ਜਾ ਸਕੇ। ਮਸਲਨ ਕੁਰੁਕਸ਼ੇਤਰ ਸੂਰਜ ਗ੍ਰਹਿਣ ਵੇਲੇ ਬਹੁਤ ਲੋਕੀ ਇਸ਼ਨਾਨ ਕਰਨ ਆਉਂਦੇ ਹਨ ਅਤੇ ਸੂਰਜ ਨੂੰ ਪਾਣੀ ਦਿੰਦੇ ਹਨ। ਗੁਰੂ ਨਾਨਕ ਸੂਰਜ ਗ੍ਰਹਿਣ ਦੇ ਮੇਲੇ 'ਤੇ ਆਏ ਅਤੇ ਸੂਰਜ ਦੀ ਉਲਟ ਦਿਸ਼ਾ ਵੱਲ ਪਾਣੀ ਦੇ ਕੇ ਇਹ ਸਮਝਾਇਆ ਕਿ ਇਹ ਨਿਰਾਰਥਕ ਕਿਸਮ ਦੇ ਕਰਮ-ਕਾਂਡ ਧਰਮ ਦੀ ਅਸਲੀਅਤ ਤੋਂ ਕੋਹਾਂ ਦੂਰ ਹਨ। ਉਨ੍ਹਾਂ ਨੇ ਪੁਜਾਰੀਆਂ ਵੱਲੋਂ ਪਾਏ ਭੁਲੇਖਿਆਂ, ਪਖੰਡਾਂ, ਕਰਮਕਾਂਡ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਜਗਨਨਾਥ ਪੁਰੀ 'ਚ ਜਾ ਕੇ ਦੱਸਿਆ ਕਿ ਪਰਮਾਤਮਾ ਦੀ ਅਸਲੀ ਆਰਤੀ ਤਾਂ ਕੁਦਰਤਿ 'ਚ ਹਰ ਵਕਤ ਹੋ ਰਹੀ ਹੈ। ਵਰਤ, ਤੀਰਥ ਇਸ਼ਨਾਨ, ਦੇਵ-ਪੂਜਾ, ਮਾਲਾ ਧੋਤੀ, ਚੌਕਾ, ਤਿਲਕ ਆਦਿ ਬਾਹਰਲੇ ਕਰਮਾਂ ਦੀ ਥਾਂ ਤੇ ਸਦਾਚਾਰਕ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ। ਥਿਤਾਂ ਵਾਰਾਂ ਦੀ ਪੂਜਾ ਅਤੇ ਵਰਤ ਦੀ ਥਾਂ ਨੇਕੀ ਕਰਨੀ ਚਾਹੀਦੀ ਹੈ, "ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥"

ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ, ਉਸ ਵੇਲੇ ਗੁਰੂ ਨਾਨਕ ਐਮਨਾਬਾਦ ਵਿਚ ਸਨ ਅਤੇ ਉਨ੍ਹਾਂ ਨੇ ਸਾਰੀ ਕਤਲੋਗਾਰਤ ਨੂੰ ਅੱਖੀਂ ਦੇਖਿਆ। ਉਨ੍ਹਾਂ ਨੇ ਬਾਬਰ ਦੇ ਹਮਲੇ ਨੂੰ 'ਪਾਪ ਕੀ ਜੰਞ' ਕਹਿ ਕੇ ਲਲਕਾਰਿਆ। ਗੁਰੂ ਨਾਨਕ ਇਕੱਲੇ ਸਨ, ਜਿਨ੍ਹਾਂ ਨੇ ਬਾਬਰ ਦੇ ਹਿੰਦੁਸਤਾਨ ਦੀ ਜਨਤਾ 'ਤੇ ਕੀਤੇ ਜ਼ੁਲਮ ਦੀ ਮੁਖਾਲਫਤ ਕੀਤੀ ਅਤੇ ਇਹ ਵੀ ਸਪੱਸ਼ਟ ਕੀਤਾ ਕਿ ਜਾਬਰ ਦਾ ਕੋਈ ਧਰਮ ਨਹੀਂ ਹੁੰਦਾ, ਕਿਉਂਕਿ ਜ਼ੁਲਮ ਕਰਨ ਵੇਲੇ ਉਹ ਦੂਜਿਆਂ ਦਾ ਧਰਮ ਨਹੀਂ ਦੇਖਦਾ। ਉਦੋਂ ਵੀ ਰਾਜ ਤਾਂ ਤੁਰਕ ਮੁਸਲਮਾਨਾਂ ਦਾ ਸੀ ਅਤੇ ਬਾਬਰ ਵੀ ਇਸਲਾਮ ਧਰਮ ਨੂੰ ਮੰਨਦਾ ਸੀ। ਉਸ ਨੇ ਹਾਕਮ ਜਾਂ ਪਰਜਾ ਦਾ ਧਰਮ ਨਹੀਂ ਦੇਖਿਆ, ਹਿੰਦੂ ਅਤੇ ਮੁਸਲਮਾਨ ਦੋਹਾਂ 'ਤੇ ਹੀ ਜ਼ੁਲਮ ਕੀਤਾ, "ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭਿ ਲੇਖੈ ਲਾਇ ਵੇ ਲਾਲੋ॥" ਅਤੇ ਇਹ ਵੀ ਕਿ ਜਦੋਂ ਕੋਈ ਜਰਵਾਣਾ ਚੜ੍ਹ ਕੇ ਆਉਂਦਾ ਹੈ ਤਾਂ ਸਭ ਤੋਂ ਵੱਧ ਜ਼ੁਲਮ ਔਰਤਾਂ ਨੂੰ ਹੀ ਕਿਉਂ ਭੁਗਤਣਾ ਪੈਂਦਾ ਹੈ, "ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥"

ਜਿੱਥੇ ਗੁਰੂ ਨਾਨਕ ਬਾਬਰ ਨੂੰ ਵੰਗਾਰਦੇ ਹਨ, ਉਥੇ ਨਾਲ ਹੀ ਲੋਕਾਂ ਨੂੰ ਵੀ ਚੇਤੰਨ ਕਰਦੇ ਹਨ ਕਿ ਮੁਸੀਬਤ ਵੇਲੇ ਆਪਣੀ ਮਦਦ ਆਪ ਕਰਨੀ ਪੈਂਦੀ ਹੈ, ਕੋਈ ਪੀਰ, ਦੇਵਤਾ ਆਦਿ ਮਦਦ ਨਹੀਂ ਕਰਦਾ, "ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥"

ਗੁਰੂ ਨਾਨਕ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੇ ਸਿਧਾਂਤ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਨੂੰ ਅਮਲੀ ਰੂਪ ਵਿਚ ਕਰਕੇ ਦਿਖਾਇਆ ਤੇ ਜੀਵਨ ਦੇ ਕੋਈ 17-18 ਸਾਲ ਕਰਤਾਰਪੁਰ (ਪਾਕਿਸਤਾਨ) 'ਚ ਆਪਣੇ ਹੱਥੀਂ ਖੇਤੀ ਕਰਦਿਆਂ, ਨਾਮ-ਬਾਣੀ ਦਾ ਪਰਵਾਹ ਚਲਾਇਆ ਅਤੇ ਸੰਗਤੀ ਰੂਪ ਵਿਚ ਇਕੱਠੇ ਹੋ ਕੇ ਨਾਮ-ਬਾਣੀ ਦਾ ਜਾਪ ਕਰਦਿਆਂ ਮਿਲ-ਜੁਲ ਕੇ, ਬਿਨਾ ਕਿਸੇ ਊਚ-ਨੀਚ ਦੇ ਵਖਰੇਵੇਂ ਦੇ ਰਹਿਣਾ ਅਤੇ ਵੰਡ ਕੇ ਛਕਣਾ ਸਿਖਾਇਆ। ਉਨ੍ਹਾਂ ਨੇ ਮਨੁੱਖ ਮਾਤਰ ਨੂੰ ਕਿਰਤ ਕਰਦਿਆਂ, ਵੰਡ ਛਕਦਿਆਂ ਤੇ ਨਾਮ ਜਪਦਿਆਂ ਅੰਦਰ ਵੱਸ ਰਹੀ ਜੋਤਿ ਨਾਲ ਇੱਕਸੁਰ ਹੋ ਕੇ ਸਵੈਮਾਣ ਨਾਲ ਜਿਉਣ ਦਾ ਰਾਹ ਦੱਸਿਆ, ਕਿਉਂਕਿ ਇਹ ਹੀ ਪਤਿ ਸੇਤੀ ਜਿਉਣਾ ਹੈ, ਇਸ ਤੋਂ ਬਿਨਾ ਜੀਵਨ ਬੇਕਾਰ ਹੈ, "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਅਜਿਹੀ ਜੀਵਨ ਜਾਚ ਲਈ ਪੂਰਨ ਸਮਰਪਣ ਦੀ ਲੋੜ ਹੁੰਦੀ ਹੈ ਅਤੇ ਇਸ ਰਸਤੇ ਦੀ ਚੋਣ ਮਨੁੱਖ ਨੇ ਆਪ ਕਰਨੀ ਹੈ। ਜਦੋਂ ਇੱਕ ਵਾਰ ਚੋਣ ਕਰ ਲਈ ਤਾਂ ਫਿਰ ਇਸ ਰਸਤੇ ਤੋਂ ਵਿਚਲਿਤ ਨਹੀਂ ਹੋਣਾ, "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥"

ਇਹ ਪੂਰਨ ਸਮਰਪਣ ਦਾ ਰਸਤਾ ਹੈ, ਜੋ ਬਹੁਤ ਮੁਸ਼ਕਿਲ ਹੈ, ਕਿਉਂਕਿ ਇਸ ਵਿਚ 'ਸਿਰੁ ਦੀਜੈ' ਦੀ ਮੰਗ ਕੀਤੀ ਗਈ ਹੈ, ਜਿਸ ਦੀ ਚੋਣ ਮਨੁੱਖ ਨੇ ਸੋਚ ਸਮਝ ਕੇ ਕਰਨੀ ਹੈ। ਜਦੋਂ ਇੱਕ ਵਾਰ ਇਸ ਮਾਰਗ 'ਤੇ ਪੈਰ ਧਰ ਲਿਆ, ਫਿਰ ਪਿੱਛੇ ਨਹੀਂ ਹਟਣਾ। ਇੱਥੇ ਆਪਾ-ਭਾਵ ਦਾ, ਹਉਮੈ ਦਾ, ਮੈਂ ਦਾ ਪੂਰਨ ਤਿਆਗ ਕਰਨਾ ਹੁੰਦਾ ਹੈ। 'ਸਿਰ' ਹਉਮੈ ਦਾ ਪ੍ਰਤੀਕ ਹੈ। 'ਸਿਰੁ ਦੀਜੈ' ਪਰਮਾਤਮਾ ਦੇ ਸਨਮੁਖ, ਗੁਰੂ ਦੇ ਸਨਮੁਖ ਹੋ ਕੇ ਆਪਾ ਸੌਂਪਣਾ ਹੈ, ਜਿਸ ਵਿਚ 'ਮੈਂ', 'ਮੇਰਾ' ਖਤਮ ਹੋ ਕੇ 'ਤੇਰਾ' 'ਤੇਰਾ' ਹੋ ਜਾਂਦਾ ਹੈ। ਇਸੇ ਨੂੰ ਗੁਰੂ ਅਮਰਦਾਸ ਨੇ 'ਭਗਤਾ ਕੀ ਚਾਲ ਨਿਰਾਲੀ' ਅਤੇ 'ਬਿਖਮ ਮਾਰਗਿ ਚਲਣਾ' ਕਿਹਾ ਹੈ, ਕਿਉਂਕਿ ਭਗਤੀ ਦੇ ਇਸ ਮਾਰਗ 'ਤੇ "ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ" ਕਿਹਾ ਹੈ। ਇਸ ਮਾਰਗ 'ਸਿਰੁ ਦੀਜੈ ਕਾਣਿ ਨ ਕੀਜੈ' ਉਤੇ ਚੱਲਦਿਆਂ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹਾਦਤ ਦਿੱਤੀ। ਗੁਰੂ ਅਰਜਨ ਦੇਵ ਦੀ ਸ਼ਹਾਦਤ ਪਹਿਲੀ ਸ਼ਹਾਦਤ ਸੀ। ਹਿੰਦੁਸਤਾਨੀ ਧਰਮਾਂ ਵਿਚ ਬਲੀ ਦੀ ਪਰੰਪਰਾ ਸੀ, ਜੋ ਕਿਸੇ ਦੇਵਤੇ ਨੂੰ ਖੁਸ਼ ਕਰਨ ਲਈ ਦਿੱਤੀ ਜਾਂਦੀ ਹੈ; ਜਿਸ ਵਿਚ 'ਬਲੀ' ਦਿੱਤੀ ਜਾਣ ਵਾਲੀ ਵਸਤੂ ਦੀ ਕੋਈ ਮਰਜ਼ੀ ਸ਼ਾਮਲ ਨਹੀਂ ਹੁੰਦੀ। ਸ਼ਹਾਦਤ ਦਾ ਸੰਕਲਪ ਹਿੰਦੁਸਤਾਨੀ ਧਰਮਾਂ ਲਈ ਬਿਲਕੁਲ ਨਵਾਂ ਸੀ, ਜੋ ਇਸਲਾਮ ਨਾਲ ਭਾਰਤ ਵਿਚ ਆਇਆ। ਸ਼ਹਾਦਤ ਦਾ ਅਰਥ 'ਸੱਚ ਦੀ ਗਵਾਹੀ' ਹੈ, ਜੋ ਆਪਣੀ ਮਰਜ਼ੀ ਨਾਲ ਆਪਣੇ ਅਕੀਦੇ 'ਤੇ ਪਹਿਰਾ ਦਿੰਦਿਆਂ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਮਨੁੱਖੀ ਬਰਾਬਰੀ, ਸਮਾਜਕ ਨਿਆਂ, ਲੁੱਟ-ਖਸੁੱਟ ਤੋਂ ਰਹਿਤ ਇੱਕ ਅਜਿਹਾ ਸਮਾਜ ਸਿਰਜਣ ਦੀ ਨੀਂਹ ਰੱਖੀ, ਜਿਸ ਸਮਾਜ ਵਿਚ ਸਾਰੇ ਬਿਨਾ ਕਿਸੇ ਵਿਤਕਰੇ, ਜ਼ੁਲਮ ਤੋਂ ਰਹਿਤ ਸਵੈਮਾਣ ਵਾਲਾ ਜੀਵਨ ਬਸਰ ਕਰ ਸਕਣ। ਇਹ ਸੀ ਵਿਰਾਸਤ, ਜੋ ਗੁਰੂ ਨਾਨਕ ਸਾਹਿਬ ਨੇ ਸਥਾਪਤ ਕੀਤੀ ਅਤੇ ਦੂਜੇ ਗੁਰੂ ਸਾਹਿਬਾਨ ਨੇ ਇਸ ਜੀਵਨ ਦਰਸ਼ਨ ਵਿਚ ਆਪਣਾ ਆਪਣਾ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਰਾਸਤ ਨੂੰ ਸੰਭਾਲਿਆ ਅਤੇ ਗੁਰੂ ਨਾਨਕ ਦੇ ਸਥਾਪਤ ਕੀਤੇ ਇਸ ਮਿਸ਼ਨ ਨੂੰ ਖਾਲਸਾ ਸਾਜ ਕੇ ਸੰਪੂਰਨ ਕੀਤਾ।

ਇਨ੍ਹਾਂ ਲੇਖਾਂ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੇ ਸਿਧਾਂਤਾਂ ਦੇ ਕੁੱਝ ਪੱਖਾਂ ਤੇ ਸੰਖੇਪ ਜਿਹੀ ਝਾਤ ਇਸ ਕੋਸ਼ਿਸ਼ ਵਿਚ ਪਾਈ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਜੋ ਵਿਰਾਸਤ ਹਾਸਲ ਕੀਤੀ, ਉਹ ਗੁਰੂ ਨਾਨਕ ਪਾਸੋਂ ਉਨ੍ਹਾਂ ਨੂੰ ਗੁਰੂ ਦਰ ਗੁਰੂ ਪ੍ਰਾਪਤ ਹੋਈ, ਜਿਸ ਦੇ ਪੂਰਵਜ ਗੁਰੂ ਨਾਨਕ ਸਨ। ਗੁਰੂ ਨਾਨਕ ਦੇ ਮਿਸ਼ਨ ਨੂੰ ਉਨ੍ਹਾਂ ਨੇ ਸੰਪੂਰਨਤਾ ਬਖਸ਼ੀ। ਗੁਰੂ ਨਾਨਕ ਸਾਹਿਬ ਨੇ ਕਿਸੇ ਵੀ ਮਿਸ਼ਨ ਦੀ ਪੂਰਤੀ ਲਈ ਬਹੁਤ ਵਧੀਆ ਤਰਕ ਸਿਰਜਿਆ ਹੈ। ਉਨ੍ਹਾਂ ਦਾ ਬਚਨ ਹੈ ਕਿ ਕਿਸੇ ਵੀ ਬੀਜ ਦੇ ਉੱਗ ਕੇ ਭਰਪੂਰ ਫਲਣ ਲਈ ਕੁਝ ਹਾਲਤਾਂ, ਕੁਝ ਸ਼ਰਤਾਂ ਜ਼ਰੂਰੀ ਹੁੰਦੀਆ ਹਨ: ਪਹਿਲੀ ਇਹ ਕਿ ਬੀਜ ਸਾਬਤ, ਬਿਨਾ ਟੁੱਟੇ ਸਹੀ ਹਾਲਤ ਵਿਚ ਹੋਣਾ ਚਾਹੀਦਾ ਹੈ, ਕਿਉਂਕਿ ਦੋਫਾੜ ਹੋਇਆ ਜਾਂ ਟੁੱਟਿਆ ਹੋਇਆ ਬੀਜ ਉੱਗਦਾ ਨਹੀਂ ਹੁੰਦਾ; ਦੂਜੇ ਬੀਜ ਦੇ ਉੱਗਣ ਲਈ ਮੌਸਮ ਜਾਂ ਰੁੱਤ ਅਨੁਕੂਲ ਹੋਣੀ ਚਾਹੀਦੀ ਹੈ, ਧਰਤੀ ਬੀਜ ਦੇ ਅਨੁਕੂਲ ਅਤੇ ਵੱਤਰ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਕੋਰੇ ਕੱਪੜੇ ਨੂੰ ਕਦੇ ਰੰਗ ਨਹੀਂ ਚੜ੍ਹਦਾ। ਕੱਪੜੇ ਨੂੰ ਰੰਗਣ ਲਈ ਉਸ ਨੂੰ ਪਾਹ ਲਾਉਣਾ ਪੈਂਦਾ ਹੈ, ਖੁੰਭ ਚੜ੍ਹਾਉਣੀ ਜ਼ਰੂਰੀ ਹੈ। ਬਿਨਾ ਪਾਹ ਤੋਂ, ਬਿਨਾ ਖੁੰਭ ਚੜ੍ਹਾਇਆਂ ਕੱਪੜੇ ਨੂੰ ਸੂਹਣਾ ਰੰਗ ਨਹੀਂ ਹੁੰਦਾ, "ਸਚਿ ਕਾਲੁ ਕੂੜੁ ਵਰਤਿਆ॥ ਕਲਿ ਕਾਲਖ ਬੇਤਾਲ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥" ਇਸ ਵਿਰਾਸਤ ਨੂੰ ਅੱਗੇ ਲੈ ਜਾਣ ਵਿਚ, ਇਸ ਨੂੰ ਸੰਭਾਲ ਕੇ ਮਿਸ਼ਨ ਪੂਰਾ ਕਰਨ ਵਿਚ ਕਿਸੇ ਜਾਤ-ਗੋਤ ਦਾ ਕੋਈ ਤੁਅੱਲਕ ਨਹੀਂ, ਇਸ ਦਾ ਆਧਾਰ ਯੋਗਤਾ-ਮੂਲਕ ਹੈ।

(ਚਲਦਾ)

# ਰਾਤੀ ਰੁਤੀ ਥਿਤੀ ਵਾਰ

*(ਪਿਛਲੇ ਸਫੇ ਦੀ ਬਾਕੀ)*

ਦ੍ਰਿਸ਼ਟੀਕੋਣ ਤੋਂ ਹੀ ਕਰਦੇ ਹਨ। ਪ੍ਰੋ. ਸਾਹਿਬ ਸਿੰਘ ਇਸ ਦੇ ਅਰਥ ਕਰਦਿਆਂ ਲਿਖਦੇ ਹਨ, "ਰਾਤਾਂ, ਰੁੱਤਾਂ, ਥਿੱਤਾਂ ਅਤੇ ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ-ਇਨ੍ਹਾਂ ਸਾਰਿਆਂ ਦੇ ਇਕੱਠ ਵਿਚ (ਅਕਾਲ ਪੁਰਖ ਨੇ) ਧਰਤੀ ਨੂੰ ਧਰਮ ਕਮਾਉਣ ਦਾ ਅਸਥਾਨ ਬਣਾ ਕੇ ਟਿਕਾ ਦਿੱਤਾ ਹੈ। ਇਸ ਧਰਤੀ ਉੱਤੇ ਕਈ ਜੁਗਤੀਆਂ ਤੇ ਰੰਗਾਂ ਦੇ ਜੀਵ (ਵੱਸਦੇ) ਹਨ, ਜਿਨ੍ਹਾਂ ਦੇ ਅਨੇਕਾਂ ਅਤੇ ਅਨਗਿਣਤ ਹੀ ਨਾਮ ਹਨ। (ਇਨ੍ਹਾਂ ਅਨੇਕਾਂ ਨਾਂਵਾਂ ਤੇ ਰੰਗਾਂ ਵਾਲੇ ਜੀਵਾਂ ਦੇ) ਆਪੋ-ਆਪਣੇ ਕੀਤੇ ਹੋਏ ਕਰਮਾਂ ਦੇ ਅਨੁਸਾਰ (ਅਕਾਲ ਪੁਰਖ ਦੇ ਦਰ 'ਤੇ) ਨਿਬੇੜਾ ਹੁੰਦਾ ਹੈ (ਜਿਸ ਵਿਚ ਕੋਈ ਉਕਾਈ ਨਹੀਂ ਹੁੰਦੀ, ਕਿਉਂਕਿ ਨਿਆਂ ਕਰਨ ਵਾਲਾ) ਅਕਾਲ ਪੁਰਖ ਆਪ ਸੱਚਾ ਹੈ, ਉਸ ਦਾ ਦਰਬਾਰ ਭੀ ਸੱਚਾ ਹੈ। ਉਸ ਦਰਬਾਰ ਵਿਚ ਸੰਤ ਜਨ ਪ੍ਰਤੱਖ ਤੌਰ 'ਤੇ ਸ਼ੋਭਦੇ ਹਨ ਅਤੇ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖ ਦੀ ਬਖਸ਼ਿਸ਼ ਨਾਲ (ਉਨ੍ਹਾਂ ਸੰਤ ਜਨਾਂ ਦੇ ਮੱਥੇ ਉੱਤੇ) ਵਡਿਆਈ ਦਾ ਨਿਸ਼ਾਨ ਚਮਕ ਪੈਂਦਾ ਹੈ। (ਇੱਥੇ ਸੰਸਾਰ ਵਿਚ ਕਿਸੇ ਦਾ ਵੱਡਾ-ਛੋਟਾ ਅਖਵਾਉਣਾ ਕਿਸੇ ਅਰਥ ਨਹੀਂ) ਇਨ੍ਹਾਂ ਦੀ ਕਚਿਆਈ-ਪਕਿਆਈ ਅਕਾਲ ਪੁਰਖ ਦੇ ਦਰ 'ਤੇ ਜਾ ਕੇ ਮਾਲੂਮ ਹੁੰਦੀ ਹੈ। ਹੇ ਨਾਨਕ! ਅਕਾਲ ਪੁਰਖ ਦੇ ਦਰ 'ਤੇ ਗਇਆਂ ਹੀ ਸਮਝ ਆਉਂਦੀ ਹੈ (ਕਿ ਅਸਲ ਵਿਚ ਕੌਣ ਪੱਕਾ ਤੇ ਕੌਣ ਕੱਚਾ ਹੈ)।"

ਪ੍ਰੋ. ਸਾਹਿਬ ਸਿੰਘ ਗੁਰੂ ਸਾਹਿਬ ਦੀ ਇਸ ਯਥਾਰਥਕ ਅਤੇ ਆਮ ਆਦਮੀ ਦੀ ਸਮਝ-ਪਹੁੰਚ ਵਾਲੀ ਲਿਖਤ ਨੂੰ ਅਧਿਆਤਮਕ ਰੰਗਣ ਦੇ ਕੇ ਉਨ੍ਹਾਂ ਲਈ ਅਪਹੁੰਚ ਕਰ ਦਿੰਦੇ ਹਨ। ਅਕਾਲ ਪੁਰਖ ਤੋਂ ਬਿਨਾ ਤਾਂ ਉਸ ਦੀ ਵਿਆਖਿਆ ਸ਼ੁਰੂ ਹੀ ਨਹੀਂ ਹੁੰਦੀ, ਭਾਵੇਂ ਗੁਰੂ ਸਾਹਿਬ ਨੇ ਇਸ ਦਾ ਜ਼ਿਕਰ ਵੀ ਨਾ ਕੀਤਾ ਹੋਵੇ। ਉਸ ਅਨੁਸਾਰ ਇਕ ਪਾਸੇ ਅਕਾਲ ਪੁਰਖ ਹੈ ਅਤੇ ਦੂਜੇ ਪਾਸੇ ਧਰਤੀ ਤੇ ਇਸ ਦੇ ਜੀਵ ਹਨ। ਅਕਾਲ ਪੁਰਖ ਨੇ ਰਾਤਾਂ, ਰੁੱਤਾਂ, ਥਿੱਤੀਆਂ ਆਦਿ ਦੇ ਝੁਰਮਟ ਵਿਚ ਧਰਤੀ ਰਚ ਕੇ ਧਰੀ ਹੋਈ ਹੈ ਤੇ ਧਰਮ ਕਮਾਉਣ ਲਈ ਇਸ ਵਿਚ ਤਰ੍ਹਾਂ ਤਰ੍ਹਾਂ ਦੇ ਜੀਵ ਭੇਜ ਦਿੱਤੇ ਹਨ। ਅਕਾਲ ਪੁਰਖ ਦਾ ਇਕ ਸੱਚਾ ਦਰਬਾਰ ਹੈ, ਜਿੱਥੇ ਮੱਥਿਆਂ ਤੇ ਚਮਕਦੇ ਨਿਸ਼ਾਨ ਲਵਾਈ ਕਈ 'ਸੰਤ ਜਨ' ਸਜੇ ਬੈਠੇ ਹਨ। ਇਸ ਦਰਬਾਰ ਵਿਚ ਜੀਵਾਂ ਦੇ ਚੰਗੇ-ਮਾੜੇ ਕਰਮਾਂ ਦਾ ਨਿਬੇੜਾ ਕੀਤਾ ਜਾਂਦਾ ਹੈ। ਕਰਮਾਂ ਦੀ ਕਚਿਆਈ ਤੇ ਪਕਿਆਈ ਉੱਥੇ ਜਾ ਕੇ ਹੀ ਪਤਾ ਲੱਗਦੀ ਹੈ।

ਉਲਟ ਪਾਸੇ ਦੀ ਹੀ ਸਹੀ, ਇਸ ਵਿਦਵਾਨ ਦੀ ਇਹ ਵਿਆਖਿਆ ਬਿਨਾ ਉੱਤਰ ਦਿੱਤਿਆਂ ਬਹੁਤ ਸਾਰੇ ਸਵਾਲ ਖੜ੍ਹੇ ਕਰਦੀ ਹੈ। ਅਕਾਲ ਪੁਰਖ ਕਿੱਥੇ ਰਹਿੰਦਾ ਹੈ, ਉਹ ਧਰਤੀ ਨੂੰ ਸਥਾਪਤ ਕਰਨ ਲਈ ਕਦੋਂ ਆਇਆ, ਉਸ ਨੇ ਧਰਤੀ ਨੂੰ ਕਿਉਂ ਰਚਿਆ, ਉਸ ਨੇ ਇਸ ਨੂੰ ਰਾਤੀ, ਰੁਤੀ, ਥਿਤੀ, ਵਾਰ ਵਿਚ ਹੀ ਕਿਉਂ ਰੱਖਿਆ, ਉਸ ਨੇ ਇਸ ਨੂੰ ਕਿਸੇ ਡੋਰ ਨਾਲ ਕਿਉਂ ਨਹੀਂ ਲਟਕਾਇਆ, ਅਕਾਲ ਪੁਰਖ ਜੀਵਾਂ ਦੇ ਕਰਮਾਂ ਦੀ ਕਚਿਆਈ ਤੇ ਪਕਿਆਈ ਕਿਉਂ ਮਾਪਦਾ ਹੈ, ਉਸ ਦਾ ਸੱਚਾ ਦਰਬਾਰ ਕਿੱਥੇ ਸਥਿਤ ਹੈ, ਉੱਥੇ ਉਹ ਸੰਤ ਜਨ ਕਿਉਂ ਬੈਠੇ ਹੋਏ ਹਨ, ਉਨ੍ਹਾਂ ਦੇ ਮੱਥਿਆਂ 'ਤੇ ਨਿਸ਼ਾਨ ਕਿਉਂ ਚਮਕਦੇ ਹਨ, ਇਸ ਦਰਬਾਰ ਨੂੰ ਦੇਖਣ ਕਿਵੇਂ ਜਾਇਆ ਜਾਵੇ, ਜੇ ਉੱਥੇ ਮਰ ਕੇ ਹੀ ਜਾਇਆ ਜਾਂਦਾ ਹੈ ਤਾਂ ਸੰਸਾਰ ਵਾਸੀਆਂ ਨੂੰ ਇਸ ਬਾਰੇ ਕਿਵੇਂ ਪਤਾ ਚਲਿਆ, ਆਦਿ ਜਿਹੇ ਅਨੇਕਾਂ ਸਵਾਲ ਹਨ, ਜਿਨ੍ਹਾਂ ਦਾ ਉਹ ਕੋਈ ਜਵਾਬ ਹੀ ਨਹੀਂ ਦਿੰਦਾ। ਇਸ ਸਬੰਧ ਵਿਚ ਉਹ ਪਹਿਲੀਆਂ ਪਉੜੀਆਂ ਵੀ ਨਹੀਂ ਵਿਚਾਰਦਾ, ਜਿੱਥੇ ਗੁਰੂ ਸਾਹਿਬ ਨੇ ਦੱਸਿਆ ਹੈ ਕਿ ਧਰਤੀ ਦੇ ਅਰੰਭ ਦਾ ਕੋਈ ਪਤਾ ਨਹੀਂ। ਇਹ ਵਿਦਵਾਨ ਤਾਂ ਇਸ ਪਉੜੀ ਦੇ ਗਿਆਨ ਨੂੰ ਮਨੁੱਖੀ ਆਤਮਾ ਦੀਆਂ ਉਨ੍ਹਾਂ ਪੰਜਾਂ ਵਿਚੋਂ ਪਹਿਲੀ ਅਵਸਥਾ ਕਹਿੰਦਾ ਹੈ, ਜਿਨ੍ਹਾਂ ਵਿਚੋਂ ਬਾਕੀ ਚਾਰਾਂ ਦਾ ਜ਼ਿਕਰ ਇਸ ਤੋਂ ਅਗਲੀਆਂ ਚਾਰ ਪਉੜੀਆਂ ਵਿਚ ਆਉਂਦਾ ਦੱਸਦਾ ਹੈ।

ਇਸ ਮਸਲੇ ਵਿਚ ਪ੍ਰੋ. ਸਾਹਿਬ ਸਿੰਘ ਇੱਕਲਾ ਨਹੀਂ, ਸਗੋਂ ਸਾਰੇ ਅਧਿਆਤਮਵਾਦੀ ਟੀਕਾਕਾਰ ਅਜਿਹੀ ਵਿਆਖਿਆ ਹੀ ਕਰਦੇ ਹਨ। ਉਹ ਸਭ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਵੱਲ ਧਿਆਨ ਨਹੀਂ ਦਿੰਦੇ, ਕਿਉਂਕਿ ਇਹ ਸਵਾਲ ਉਨ੍ਹਾਂ ਦੀਆਂ ਮਨਘੜਤ ਵਿਆਖਿਆਵਾਂ ਦੇ ਪੁਲੰਦਿਆਂ ਨੂੰ ਉਧੇੜਦੇ ਹਨ। ਉਨ੍ਹਾਂ ਦਾ ਗੁਰੂ ਸਾਹਿਬ ਦੀ ਵਿਗਿਆਨਕ ਸਿਖਿਆ ਤੇ ਗਿਆਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦਾ ਮਨੋਰਥ ਤਾਂ ਸਿਰਫ ਸ਼ਰਧਾਲੂਆਂ ਨੂੰ ਪੂਜਾ ਪਾਠ ਵਲ ਪ੍ਰੇਰ ਕੇ ਗਿਆਨ ਪੱਖੋਂ ਬੌਣੇ ਬਣਾਈ ਰੱਖਣਾ ਹੈ ਤਾਂ ਜੋ ਗੁਰੂਆਂ ਦੇ ਨਾਂ 'ਤੇ ਪੁਜਾਰੀਵਾਦ ਪਨਪਦਾ ਰਹੇ।

# ਡਾ. ਹਰਿਭਜਨ ਸਿੰਘ: ਜੀਵਨ, ਰਚਨਾ ਅਤੇ ਸ਼ਖਸੀਅਤ-2

***ਪੰਜਾਬੀ ਕਾਵਿ-ਜਗਤ, ਆਲੋਚਨਾ, ਅਨੁਵਾਦ ਅਤੇ ਅਧਿਆਪਨ ਦੇ ਖੇਤਰਾਂ ਵਿਚ ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਦਾ ਮੁਕਾਮ ਬਹੁਤ ਉਚਾ ਹੈ। ਇਨ੍ਹਾਂ ਚਾਰੇ ਖੇਤਰਾਂ ਵਿਚ ਨਵੀਂ ਪੈੜਾਂ ਪਾਈਆਂ। ਪੰਜਾਬੀ ਭਾਸ਼ਾ ਤੋਂ ਇਲਾਵਾ ਉਹ ਹਿੰਦੀ, ਸੰਸਕ੍ਰਿਤੀ, ਅੰਗਰੇਜ਼ੀ, ਉਰਦੂ ਆਦਿ ਭਾਸ਼ਾਵਾਂ ਦੇ ਚੰਗੇ ਗਿਆਤਾ ਸਨ। ਉਨ੍ਹਾਂ ਨੇ ਸਾਰੀ ਉਮਰ ਇਕ ਸੁਹਿਰਦ ਸਿਖਿਆਰਥੀ ਵਾਂਗ ਨਿੱਠ ਕੇ ਪੂਰਬੀ ਤੇ ਪੱਛਮੀ ਚਿੰਤਨ ਦਾ ਮੁਤਾਲਿਆ ਕੀਤਾ ਅਤੇ ਵਿਸ਼ੇਸ਼ਗ ਬਣ ਕੇ ਅਗਿਆਨ ਵਿਚ ਭਟਕ ਰਹੇ ਪੰਜਾਬੀ ਮੱਥਿਆਂ ਨੂੰ ਗਿਆਨ ਦੇ ਭਾਗੀ ਬਣਾਇਆ। ਸਾਲ 2020 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਪਿਛਲੇ ਅੰਕਾਂ ਵਿਚ ਪ੍ਰੋ. ਸੁਹਿੰਦਰ ਬੀਰ ਨੇ ਡਾ. ਹਰਿਭਜਨ ਸਿੰਘ ਦੇ ਸੰਗ-ਸਾਥ ਦੀਆਂ ਬਾਤਾਂ ਪਾਈਆਂ ਸਨ। ਹਥਲੇ ਲੰਮੇ ਲੇਖ ਵਿਚ ਉਨ੍ਹਾਂ ਡਾ. ਹਰਿਭਜਨ ਸਿੰਘ ਦੇ ਜੀਵਨ, ਉਨ੍ਹਾਂ ਦੀਆਂ ਰਚਨਾਵਾਂ ਅਤੇ ਸ਼ਖਸੀਅਤ ਦਾ ਜ਼ਿਕਰ ਛੇੜਦਿਆਂ ਉਨ੍ਹਾਂ ਨੂੰ ਸੱਚੀ ਸੁੱਚੀ ਲਗਨ ਵਾਲੇ ਸਿਰੜੀ ਮਨੁੱਖ ਵਜੋਂ ਪੇਸ਼ ਕੀਤਾ ਹੈ। ਪੇਸ਼ ਹੈ, ਲੇਖ ਦੀ ਦੂਜੀ ਤੇ ਆਖਰੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

'ਪੜ੍ਹ ਪੜ੍ਹ ਪੁਸਤਕ ਢੇਰ ਕੁੜੇ, ਮੇਰਾ ਵਧਦਾ ਜਾਏ ਹਨੇਰ ਕੁੜੇ' ਪ੍ਰੋ. ਮੋਹਨ ਸਿੰਘ ਦੇ ਕਾਵਿ-ਬੋਲਾਂ ਅਨੁਸਾਰ ਬਹੁਤ ਸਾਰੀਆਂ ਗਿਆਨਾਤਮਕ ਪੁਸਤਕਾਂ ਪੜ੍ਹਨ ਉਪਰੰਤ ਖੋਜੀ ਦੇ ਕਿਸੇ ਕਿਨਾਰੇ ਨਾ ਲੱਗੇ ਹੋਣ ਕਾਰਨ ਦਲਦਲ ਵਿਚ ਫਸੇ ਹੋਣ ਦਾ ਸੰਕੇਤ ਪ੍ਰਾਪਤ ਹੁੰਦਾ ਹੈ। ਤਾਲੀਮ ਦੀ ਦੁਨੀਆਂ ਵਿਚ ਸਿੱਖਿਆਰਥੀ ਜਿਉਂ ਜਿਉਂ ਕਦਮ-ਦਰ-ਕਦਮ ਅਗੇ ਤੁਰਿਆ ਜਾਂਦਾ ਹੈ, ਤਿਉਂ ਤਿਉਂ ਉਸ ਦੇ ਮਸਤਕ ਵਿਚ ਅਸਪਸ਼ਟਤਾ ਅਤੇ ਧੁੰਦਲੇਪਨ ਦੇ ਬੱਦਲ ਗੂੜ੍ਹੇ ਹੁੰਦੇ ਜਾਂਦੇ ਹਨ। ਸੰਕਪਲਾਂ ਦੀ ਦੁਨੀਆਂ ਵਿਚ ਅੰਤਰ ਅਤੇ ਸਮਾਨਤਾਵਾਂ ਅਤਿ ਸੂਖਮ ਪਰਿਭਾਸ਼ਾਵਾਂ ਵਿਚ ਬੰਨ੍ਹੀਆਂ ਹੋਈਆਂ ਹੁੰਦੀਆਂ ਹਨ। ਹਰ ਮਨੁੱਖ ਪਾਸ ਬੁੱਧੀ ਤਾਂ ਹੈ, ਪਰ ਬੁੱਧੀ ਦੀ ਯੋਗਤਾ ਦਾ ਤੀਖਣ ਨਿਭਾਅ ਪ੍ਰਚੰਡ ਬੁੱਧੀ ਦੀਆਂ ਮਸ਼ਾਲਾਂ ਰੱਖਣ ਵਾਲੇ ਵਿਰਲੇ ਗਿਆਨਵਾਨਾਂ ਦੇ ਹਿੱਸੇ ਹੀ ਆਉਂਦਾ ਹੈ। ਪੁਸਤਕਾਂ ਦੀ



**ਪ੍ਰੋ. ਸੁਹਿੰਦਰ ਬੀਰ**


ਪੜ੍ਹਤ ਵਿਚੋਂ ਨਾ ਸਿਰਫ ਹਰਿਭਜਨ ਸਿੰਘ ਨੇ ਖੁਦ ਹੀ ਗਿਆਨ ਪ੍ਰਾਪਤ ਕੀਤਾ, ਸਗੋਂ ਇਸ ਗਿਆਨ ਰਾਹੀਂ ਗਿਆਨ-ਵਿਹੂਣੇ ਪੰਧਾਣੂਆਂ ਦਾ ਰਾਹ ਵੀ ਰੌਸ਼ਨ ਕੀਤਾ। ਹਰਿਭਜਨ ਸਿੰਘ ਨਾਰਥਰੋ ਫਰਾਈ ਦੀ ਇਸ ਧਾਰਨਾ ਨੂੰ ਵਿਸ਼ਾਲ ਹਿਰਦੇ ਨਾਲ ਸਵੀਕਾਰ ਕਰਦੇ ਹਨ ਕਿ ਪੁਸਤਕਾਂ ਵਿਚੋਂ ਪੁਸਤਕਾਂ ਜਨਮ ਲੈਂਦੀਆਂ ਹਨ ਭਾਵ ਗਿਆਨ ਅਹਿਮ ਆਦਾਨ-ਪ੍ਰਦਾਨ ਦੀ ਇਕ ਪ੍ਰਕਿਰਿਆ ਹੈ। ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਵਿਚ ਹਰਿਭਜਨ ਸਿੰਘ ਇਸ ਤਰ੍ਹਾਂ ਆਪਣੀ ਭੂਮਿਕਾ ਨਿਭਾਉਂਦਾ ਰਿਹਾ ਕਿ ਉਸ ਗਿਆਨ ਨੂੰ ਆਪਣੀ ਧਰਤੀ ਦੀ ਛੋਹ ਪ੍ਰਾਪਤ ਹੋ ਜਾਂਦੀ ਰਹੀ। ਦੂਸਰੇ ਸਭਿਆਚਾਰ ਦੇ ਗਿਆਨ ਨੂੰ ਆਪਣੀ ਧਰਤੀ ਮੁਤਾਬਿਕ ਰਚਾਉਣਾ-ਮਚਾਉਣਾ ਹੀ ਪੈਂਦਾ ਹੈ, ਨਹੀਂ ਤਾਂ ਉਸ ਗਿਆਨ ਦੀ ਅਵਸਥਾ ਹਰਿਭਜਨ ਸਿੰਘ ਦੀਆਂ ਹੇਠ ਲਿਖੀਆਂ ਸਤਰਾਂ ਮੁਤਾਬਿਕ ਹੋ ਜਾਂਦੀ ਹੈ,

ਜਿਹੜਾ ਬਿਰਛ ਪੁੱਟ ਕੇ ਛਤਰੀ ਵਾਂਗ ਚੁੱਕਿਆ<br>
ਚਾਰ ਕਦਮ ਚੱਲ ਕੇ ਹੀ ਸੁੱਕ ਸੜ ਜਾਂਦਾ ਹੈ<br>
ਪੱਤਾ ਪੱਤਾ ਝੜ ਜਾਂਦਾ ਹੈ<br>
ਮੋਏ ਬਿਰਛ ਦੀ ਛਾਂ ਬਹੁਤ ਚਿਰ ਜੀ ਨਹੀਂ ਸਕਦੀ<br>
ਓੜਕ ਆਪਣੀ ਮਿੱਟੀ 'ਚੋਂ ਹੀ ਬਿਰਛ ਉਗਾਇਆ<br>
ਮੇਰੇ ਵਾਂਗ ਇਕਹਿਰਾ ਇਕੱਲਵਾਂ।

ਪਰਦੇਸੀ ਮਾਡਲਾਂ ਨੂੰ ਵੀ ਆਪਣੀ ਜ਼ੁਬਾਨ, ਸਾਹਿਤ, ਸਭਿਆਚਾਰ ਆਦਿ ਦੀ ਜਾਗ ਲਾਉਣੀ ਹੀ ਪੈਂਦੀ ਹੈ, ਨਹੀਂ ਤਾਂ ਉਹ ਮਾਡਲ ਮਕਾਨਕੀ ਭਾਂਤ ਦੇ ਬਣ ਜਾਂਦੇ ਹਨ। ਭਾਵੇਂ ਪੁਸਤਕਾਂ ਵਿਚੋਂ ਪੁਸਤਕਾਂ ਦੇ ਜਨਮ ਲੈਣ ਦਾ ਮਾਡਲ ਅਪ੍ਰਮਾਣਿਕ ਨਹੀਂ, ਪਰ ਫਿਰ ਵੀ ਹਰ ਭਾਸ਼ਾ ਦਾ ਵੱਖਰਾ ਸ਼ਾਬਦਿਕ-ਸਭਿਆਚਾਰ ਹੋਣ ਕਾਰਨ ਸਿੱਖਿਆਰਥੀਆਂ ਨੂੰ ਕਈ ਵਾਰ ਪੁਸਤਕਾਂ ਦੇ ਕਰਤਿਆਂ ਅਤੇ ਭਾਸ਼ਾ ਦੇ ਮਾਹਿਰਾਂ ਕੋਲ ਵੀ ਪਹੁੰਚ ਕਰਨੀ ਪਈ ਹੈ। ਡਾ. ਹਰਿਭਜਨ ਸਿੰਘ ਨੇ ਇਸ ਗੱਲ ਨੂੰ ਫਰਾਖ ਦਿਲੀ ਨਾਲ ਪ੍ਰਵਾਨ ਕੀਤਾ ਕਿ ਅਨੁਵਾਦ ਅਤੇ ਦੂਜੀਆਂ ਭਾਸ਼ਾਵਾਂ ਦੀ ਸਮੀਖਿਆ ਪ੍ਰਣਾਲੀ ਨੂੰ ਸਮਝਣ ਲਈ ਉਨ੍ਹਾਂ ਨੇ ਡਾ. ਸਤਿਦੇਵ ਚੌਧਰੀ, ਡਾ. ਸ਼ਿਵ ਨਾਰਾਇਣ ਸ਼ਾਸਤਰੀ, ਡਾ. ਮਧੂ ਮਿਸ਼ਰ, ਡਾ. ਦੇਵ ਚਾਨਣਾ, ਡਾ. ਨਗੇਂਦਰ, ਲਾਲਾ ਸੂਰਜ ਭਾਨ ਆਦਿ ਵਿਦਵਾਨਾਂ ਦਾ ਸਹਿਯੋਗ ਪ੍ਰਾਪਤ ਕੀਤਾ। ਉਹ ਖੁਦ ਲਿਖਦੇ ਹਨ ਕਿ ਆਪਣੇ ਧਰਮ ਵਾਲਿਆਂ ਨਾਲ ਕਦਮ ਮਿਲਾ ਕੇ ਤੁਰਦਾ ਮੈਂ ਵੀ ਕਹਿ ਦਿੰਦਾ ਰਿਹਾ ਹਾਂ ਤੇ ਹੁਣ ਵੀ ਕਹਿ ਦਿੰਦਾ ਹਾਂ ਕਿ ਮੇਰਾ ਗੁਰੂ, ਗ੍ਰੰਥ ਸਾਹਿਬ ਹੈ, ਮੈਨੂੰ ਦੇਹਧਾਰੀ ਗੁਰੂ ਨਹੀਂ ਚਾਹੀਦਾ। ਪਰ ਕੀ ਕਰਾਂ, ਮੈਨੂੰ ਹਮੇਸ਼ਾ ਹੀ ਕਿਸੇ ਦੇਹਧਾਰੀ ਉਸਤਾਦ ਦੀ ਲੋੜ ਰਹੀ ਹੈ। ਕੋਸ਼ ਤੇ ਮਹਾਂਕੋਸ਼, ਪੋਥੀਆਂ ਅਤੇ ਗ੍ਰੰਥ ਜਦੋਂ ਕੰਮ ਨਹੀਂ ਦਿੰਦੇ ਤਾਂ ਕਿਸੇ ਦੇਹਧਾਰੀ ਪਿੱਛੇ ਦੌੜਨਾ ਪੈਂਦਾ ਹੈ। ਉਦੋਂ ਮੈਨੂੰ ਕਿਸੇ ਦਾ ਪਿਛਲੱਗ ਅਖਵਾਉਂਦਿਆਂ ਵੀ ਲਾਜ ਨਹੀਂ ਆਉਂਦੀ। ਕੋਈ ਦੇਹਧਾਰੀ ਹੀ ਮੇਰੀਆਂ ਗੁੰਝਲਾਂ ਖੋਲ੍ਹਣ ਵਿਚ ਸਹਾਈ ਬਣਦਾ ਹੈ। ਕੋਈ ਵੀ ਪੁਸਤਕ ਕਿਸੇ ਅਨੁਭਵੀ-ਵਿਦਿਆ ਗੁਰੂ ਦੀ ਥਾਂ ਪੂਰ ਨਹੀਂ ਸਕਦੀ।

ਡਾ. ਹਰਿਭਜਨ ਸਿੰਘ ਨੇ ਡਾਕਟਰੇਟ ਦੀ ਉਪਾਧੀ ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਨਗੇਂਦਰ ਦੀ ਅਗਵਾਈ ਵਿਚ ਪ੍ਰਾਪਤ ਕੀਤੀ ਹੈ। ਦਿੱਲੀ ਯੂਨੀਵਰਸਿਟੀ ਨੇ ਵੱਖ ਵੱਖ ਸਮੇਂ ਦੋਹਾਂ ਨੂੰ ਹੀ 'ਪ੍ਰੋਫੈਸਰ ਆਫ ਅਮੈਰੀਟਸ' ਦੇ ਸਨਮਾਨ ਨਾਲ ਨਿਵਾਜਿਆ ਹੈ। ਜਿਵੇਂ ਪਲੈਟੋ ਨੇ ਅਰਸਤੂ ਨੂੰ ਸ਼ਾਗਿਰਦ ਬਣਾ ਕੇ ਇਕ ਨਵਾਂ ਉਸਤਾਦ ਪੈਦਾ ਕੀਤਾ, ਇਵੇਂ ਹੀ ਡਾ. ਹਰਿਭਜਨ ਸਿੰਘ ਨੇ ਇਕ ਉਸਤਾਦ ਦੀ ਹੈਸੀਅਤ ਵਿਚ ਅਨੇਕਾਂ ਵਿਦਿਆਰਥੀਆਂ ਨੂੰ ਪ੍ਰਮਾਣਕ ਅਧਿਆਪਕ ਬਣਾਇਆ।

ਹਰਿਭਜਨ ਸਿੰਘ ਪੰਜਾਬੀ ਜਗਤ ਦਾ ਇਕੋ ਇੱਕ ਸਾਹਿਤਕਾਰ ਹੈ, ਜੋ ਇਕੋ ਵੇਲੇ ਕਾਵਿ-ਰਚਨਾ ਅਤੇ ਕਾਵਿ-ਸ਼ਾਸਤਰ ਦੇ ਪਰਸਪਰ ਵਿਰੋਧੀ ਖੇਤਰਾਂ ਵਿਚ ਨਿਪੁੰਨਤਾ ਸਾਹਿਤ ਪੂਰਾ ਉਤਰਦਾ ਹੈ। ਮੈਨੂੰ ਡਾ. ਹਰਿਭਜਨ ਸਿੰਘ ਦਾ ਵਿਦਿਆਰਥੀ ਹੋਣ ਦੀ ਹਉਮੈ ਹੈ। ਉਨ੍ਹਾਂ ਦਾ ਜੀਵਨ ਪੰਜਾਬੀ ਵਿਦਵਤਾ ਨੂੰ ਸਮਰਪਿਤ ਹੈ। ਡਾ. ਹਰਿਭਜਨ ਸਿੰਘ ਨੇ ਪੰਜਾਬੀ ਅਧਿਆਪਨ ਨਵੇਂ ਗਿਆਨ, ਨਵੀਆਂ ਅਧਿਐਨ ਪ੍ਰਣਾਲੀਆਂ ਨਾਲ ਸਬੰਧਿਤ ਕਰਕੇ ਜਿਸ ਤਰ੍ਹਾਂ ਇਕ ਵਿਸ਼ਾਲਤਾ ਲਿਆਂਦੀ, ਉਸ ਦੀ ਪ੍ਰਾਪਤੀ ਸਦਕਾ ਪੰਜਾਬੀ ਆਲੋਚਨਾ ਦਾ ਦਿੱਲੀ ਸਕੂਲ, ਜਿਹੇ ਸ਼ਬਦ ਪ੍ਰਵਾਨਗੀ ਵਜੋਂ ਵਰਤੇ ਜਾਣ ਲੱਗ ਪਏ।



*ਬਿਰਧ ਅਵਸਥਾ ਵਿਚ ਡਾ. ਹਰਿਭਜਨ ਸਿੰਘ*

ਵਿਸ਼ਵ ਸਾਹਿਤ ਸਮੀਖਿਆ ਦੇ ਗਹਿਰ-ਗੰਭੀਰ ਅਧਿਐਤਾ ਅਤੇ ਬਹੁ-ਭਾਸ਼ਾਵਾਂ ਦੇ ਗਿਆਤਾ ਹੋਣ ਸਦਕਾ ਡਾ. ਹਰਿਭਜਨ ਸਿੰਘ ਨੂੰ ਤੁਲਨਾਤਮਕ ਸਾਹਿਤ ਦਾ ਵਿਸ਼ੇਸ਼ਗ ਵੀ ਮੰਨਿਆ ਜਾਂਦਾ ਹੈ। ਨਾ ਸਿਰਫ ਪੰਜਾਬੀ ਸਾਹਿਤ ਦੇ ਅੰਤਰਗਤ, ਸਗੋਂ ਸਮੁੱਚੇ ਭਾਰਤੀ ਸਾਹਿਤ ਦੇ ਸੰਦਰਭ ਵਿਚ ਹਰਿਭਜਨ ਸਿੰਘ ਵਰਗੇ ਵਿਦਵਾਨ ਵਿਰਲੇ ਅਤੇ ਟਾਵੇਂ ਹੀ ਹਨ। ਡਾ. ਨਗੇਂਦਰ ਨੇ ਡਾ. ਹਰਿਭਜਨ ਸਿੰਘ ਬਾਰੇ ਕਿਹਾ ਸੀ, "ਸ਼ੁਰੂ ਵਿਚ ਹਿੰਦੀ ਦੇ ਦਰਵਾਜੇ ਰਾਹੀਂ ਪ੍ਰਵੇਸ਼ ਕਰਨ ਵਾਲੇ ਓਬੜ ਜਿਹੇ ਬੰਦੇ ਦਾ ਪਰੰਪਰਾਵਾਦੀ ਪੰਡਿਤਾਂ ਨੇ ਵਿਸ਼ੇਸ਼ ਸੁਆਗਤ ਨਾ ਕੀਤਾ, ਕਿਉਂਕਿ ਉਸ ਪਾਸ ਪੰਜਾਬੀ ਦੀ ਇਕ ਵੀ ਡਿਗਰੀ ਨਹੀਂ ਸੀ, ਪਰ ਛੇਤੀ ਹੀ ਵਿਦਵਤਾ ਅਤੇ ਬੌਧਿਕਤਾ ਦੇ ਬਲ ਸਦਕਾ ਹਰਿਭਜਨ ਸਿੰਘ ਨੇ ਆਪਣੀ ਸ੍ਰੇਸ਼ਠਤਾ ਦਾ ਸਿੱਕਾ ਜਮਾ ਲਿਆ।"

ਪੰਜਾਬੀ ਤੋਂ ਇਲਾਵਾ ਗੈਰ-ਪੰਜਾਬੀ ਜ਼ੁਬਾਨਾਂ ਵਿਚ ਹਰਿਭਜਨ ਸਿੰਘ ਦੇ ਮਕਬੂਲ ਹੋਣ ਦਾ ਕਾਰਨ ਸਿਰਜਨਾਤਮਕ ਯੋਗਤਾ ਦੀ ਪ੍ਰਤਿਭਾ ਦੇ ਨਾਲ ਨਾਲ ਭਾਰਤੀ ਕਾਵਿ-ਸ਼ਾਸਤਰ ਦੀ ਡੂੰਘੀ ਸਮਝ ਅਤੇ ਵਿਸ਼ੇਸ਼ ਕਰਕੇ ਹਿੰਦੀ ਜ਼ੁਬਾਨ ਦੇ ਚਿੰਤਨ ਵਿਚ ਉਸ ਦੀਆਂ ਮਜ਼ਬੂਤ ਜੜ੍ਹਾਂ ਦਾ ਹੋਣਾ ਸੀ।

ਕਵਿਤਾ ਅਤੇ ਸਮੀਖਿਆ ਹਰਿਭਜਨ ਸਿੰਘ ਦੀ ਸਾਹਿਤ-ਸਾਧਨਾ ਦੇ ਦੋ ਮੁੱਖ ਪਹਿਲੂ ਬਣੇ ਰਹੇ ਹਨ। ਅਨੁਵਾਦ ਅਤੇ ਸੰਪਾਦਨ ਨੂੰ ਵੀ ਉਨ੍ਹਾਂ ਨੇ ਅਕਾਦਮਿਕ ਕਾਰਜ ਦੇ ਤੌਰ 'ਤੇ ਨਿਭਾਇਆ ਹੈ। ਕਵਿਤਾ ਜੀਵਨ ਦੇ ਵਿਭਿੰਨ ਅਨੁਭਵਾਂ ਦੇ ਹੰਢਾਏ ਹੋਏ ਵੇਰਵਿਆਂ ਦਾ ਨਿਚੋੜ ਪੇਸ਼ ਕਰਦੀ ਹੈ, ਜਦ ਕਿ ਵਾਰਤਕ ਵਾਸਤਵਿਕਤਾ ਦਾ ਤਾਰਕਿਕ ਪ੍ਰਗਟਾ ਕਰਦੀ ਹੈ। ਕਵਿਤਾ ਜੀਵਨ ਦੇ ਤੱਥਾਂ ਦਾ ਰੂਪਕ ਸਿਰਜਣ ਹੈ ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕਵਿਤਾ ਜੀਵਨ ਦੇ ਅਨੁਭਵਾਂ ਨੂੰ ਇਸ਼ਾਰਿਆਂ ਅਤੇ ਰਮਜ਼ਾਂ ਰਾਹੀਂ ਪ੍ਰਗਟ ਕਰਦੀ ਹੈ, ਜਦ ਕਿ ਵਾਰਤਕ ਜੀਵਨ ਦੀ ਵਾਸਤਵਿਕਤਾ ਤੋਂ ਨਿਝੱਕ ਹੋ ਕੇ ਪਰਦੇ ਉਤਾਰਦੀ ਜਾਂਦੀ ਹੈ। ਜੀਵਨ ਦੀਆਂ ਘਟਨਾਵਾਂ ਅਤੇ ਵੇਰਵਿਆਂ ਨੂੰ ਪ੍ਰਗਟ ਕਰਨ ਲਈ ਕਈ ਵਾਰ ਕਵਿਤਾ ਕਵੀ ਦਾ ਸਾਥ ਨਹੀਂ ਦਿੰਦੀ ਤਾਂ ਉਹ ਇਨ੍ਹਾਂ ਨੂੰ ਅਭਿਵਿਅਕਤ ਕਰਨ ਲਈ ਵਾਰਤਕ ਦੇ ਰੂਪਾਕਾਰ ਦੀ ਚੋਣ ਕਰਦਾ ਹੈ।

ਹਰਿਭਜਨ ਸਿੰਘ ਨੇ ਹੁਣ ਤੱਕ ਨਿਰਭਉ ਨਿਰਵੈਰ (1985), ਧੁੱਪੇ ਬਲਦਾ ਦੀਵਾ (1985), ਚੋਲਾ ਟਾਕੀਆਂ ਵਾਲਾ (1994), ਆਦਿ ਵਾਰਤਕ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਹਨ। ਇਨ੍ਹਾਂ ਵਾਰਤਕ-ਰਚਨਾਵਾਂ ਵਿਚ ਹਰਿਭਜਨ ਸਿੰਘ ਦੀ ਕਾਵਿਕ-ਸ਼ੈਲੀ ਦਾ ਭਾਵੇਂ ਵਧੇਰੇ ਦਖਲ ਕਾਰਜਸ਼ੀਲ ਰਹਿੰਦਾ ਹੈ, ਪਰ ਫਿਰ ਵੀ ਇਹ ਰਚਨਾਵਾਂ ਹਰਿਭਜਨ ਸਿੰਘ ਦੇ ਜੀਵਨ ਅਤੇ ਸਾਹਿਤਕ-ਸਫਰ ਨੂੰ ਗਹਿਰਾਈ ਵਿਚ ਸਮਝਣ ਲਈ ਆਪਣੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਹ ਵਾਰਤਕ ਰਚਨਾਵਾਂ ਹਰਿਭਜਨ ਸਿੰਘ ਦੀ ਮਾਨਸਿਕਤਾ 'ਤੇ ਪਏ ਹੋਏ ਪ੍ਰਭਾਵਾਂ ਨੂੰ ਰੂਪਮਾਨ ਕਰਦੀਆਂ ਹਨ। ਵਾਰਤਕ-ਰਚਨਾ ਦਾ ਇਹ ਸਰਮਾਇਆ ਹਰਿਭਜਨ ਸਿੰਘ ਦੀ ਕਵਿਤਾ ਦਾ ਅਵਚੇਤਨ ਹੈ। ਇਥੇ ਇਕਾਗਰਤਾ ਸਹਿਤ ਬੈਠ ਕੇ ਹਰਿਭਜਨ ਸਿੰਘ ਦੀ ਕਵਿਤਾ ਦੇ ਪ੍ਰੇਰਕ ਅਤੇ ਸਰੋਤ ਭਾਲੇ ਜਾ ਸਕਦੇ ਹਨ।

ਹਰਿਭਜਨ ਸਿੰਘ ਬਹੁ-ਪੱਖੀ ਸਖਸ਼ੀਅਤ ਦਾ ਸੁਆਮੀ ਸੀ। ਜਿਉਂ ਜਿਉਂ ਉਸ ਦੀ ਸ਼ਖਸੀਅਤ ਦੀਆਂ ਪਰਤਾਂ ਨੂੰ ਖੋਲ੍ਹਿਆ ਜਾਂਦਾ ਹੈ ਤਿਉਂ ਤਿਉਂ ਉਸ ਦੀਆਂ ਹੱਦਾਂ ਫੈਲਦੀਆਂ ਜਾਂਦੀਆਂ ਹਨ। ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਆਦਿ ਦਾਇਰਿਆਂ ਵਿਚ ਉਸ ਦੀ ਪ੍ਰਤਿਭਾ ਦਾ ਕਮਾਲ ਸਾਕਾਰ ਹੋ ਚੁੱਕਾ ਹੈ। ਆਪਣੀਆਂ ਲਿਖਤਾਂ ਦੇ ਸਨਾਤਨੀ ਅੰਦਾਜ਼ ਸਦਕਾ ਪੰਜਾਬੀ ਜ਼ੁਬਾਨ ਦਾ ਇਹ ਅਨਮੋਲ ਵਿਅਕਤਿਤਵ ਸਮੁੱਚੇ ਭਾਰਤੀ ਸਾਹਿਤ ਦੀਆਂ ਨਾਮਵਰ ਹਸਤੀਆਂ ਵਿਚ ਸਤਿਕਾਰਿਆ ਜਾ ਚੁੱਕਾ ਹੈ। ਸਹੀ ਸ਼ਬਦਾਂ ਵਿਚ ਹਰਿਭਜਨ ਸਿੰਘ ਭਾਰਤੀ ਕਵਿਤਾ, ਸਮੀਖਿਆ ਅਤੇ ਅਕਾਦਮਿਕ ਖੇਤਰ ਦਾ ਮਾਣ ਸੀ। ਸਾਹਿਤ ਦੀਆਂ ਵੱਖ ਵੱਖ ਸਿਨਫਾਂ ਵਿਚ ਹਰਿਭਜਨ ਸਿੰਘ ਨੇ ਅਜਿਹਾ ਮੁੱਲਵਾਨ ਵਾਧਾ ਕੀਤਾ, ਜਿਸ ਦਾ ਤਖਮੀਨਾ ਕਰਨ ਉਪਰੰਤ ਇਹ ਸਾਹਿਤਕ ਕਾਰਜ ਕਿਸੇ ਵੱਡੀ ਸੰਸਥਾ ਦਾ ਪ੍ਰਤੀਤ ਹੁੰਦਾ ਹੈ। ਹਰਿਭਜਨ ਸਿੰਘ ਖੁਦ ਇੱਕ ਵੱਡ-ਆਕਾਰੀ ਸੰਸਥਾ ਹੈ। ਉਸ ਦੀਆਂ ਰਚਨਾਵਾਂ ਦਾ ਸੁਭਾਅ ਪਾਰਗਾਮੀ ਹੈ, ਇਹ ਸਾਹਿਤ-ਰਚਨਾਵਾਂ ਹਰਿਭਜਨ ਸਿੰਘ ਲਈ ਇਕ ਅਜਿਹਾ ਵਾਹਨ ਹਨ, ਜਿਨ੍ਹਾਂ ਦਾ ਸ਼ਾਹ-ਸਵਾਰ ਹੋ ਕੇ ਉਸ ਨੇ ਅਣਗਿਣਤ ਪਾਠਕਾਂ ਦੀ ਵੇਦਨਾ-ਸੰਵੇਦਨਾ ਨੂੰ ਟੁੰਬਿਆ ਹੈ। ਸਾਹਿਤ ਨਾਲ ਅਨਿੱਖੜ ਰੂਪ ਵਿਚ ਜੁੜੇ ਹੋਏ ਅਦਾਰਿਆਂ ਅਤੇ ਅਕਾਦਮਿਕ ਸੰਸਥਾਵਾਂ ਵਲੋਂ ਸਮੇਂ ਸਮੇਂ ਵਿਸ਼ੇਸ਼ ਮਾਣ-ਸਨਮਾਨ ਦੇ ਕੇ ਹਰਿਭਜਨ ਸਿੰਘ ਦੀ ਸਾਹਿਤ ਸਾਧਨਾ ਨੂੰ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਮਾਣ-ਸਨਮਾਨ ਦੇ ਖੇਤਰ ਵਿਚ ਵੀ ਹਰਿਭਜਨ ਸਿੰਘ ਦੂਰ-ਦਰਾਜ਼ ਤੱਕ ਪਰਵਾਜ਼ ਭਰਨ ਵਾਲਾ ਸਾਹਿਤਕਾਰ ਹੈ।

ਡਾ. ਕੇਸਰ ਸਿੰਘ ਦੇ ਸ਼ਬਦਾਂ ਵਿਚ, "ਹਰਿਭਜਨ ਸਿੰਘ ਆਪਣੇ ਯੁੱਗ ਦੀ ਅਵਾਜ਼ ਨੂੰ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਸਮਰਥਾ ਸਦਕਾ ਹੀ ਉਸ ਨੇ ਨਾਮ ਅਤੇ ਸ਼ੁਹਰਤ ਨੂੰ ਹਾਸਿਲ ਕੀਤਾ ਹੈ। ਆਮ ਵਿਚਾਰਾਂ ਦੇ ਉਲਟ ਉਸ ਕੋਲ ਸਰਸਵਤੀ ਅਤੇ ਲਕਸ਼ਮੀ ਇਕੱਠੀਆਂ ਹੀ ਆਈਆਂ ਹਨ।"

ਉਮਰ ਦੇ ਪਹਿਲੇ ਵਰ੍ਹਿਆਂ ਵਿਚ ਹੰਢਾਇਆ ਹੋਇਆ ਆਰਥਕ ਮੰਦਹਾਲੀ ਦਾ ਅਨੁਭਵ ਅਤੇ ਲਗਭਗ ਪੰਜਾਹ ਸਾਲ ਦੀ ਉਮਰ ਤੱਕ ਕੀਤਾ ਹੋਇਆ ਅਕਾਦਮਿਕ ਸੰਘਰਸ਼ ਹਰਿਭਜਨ ਸਿੰਘ ਦੀਆਂ ਪ੍ਰਾਪਤੀਆਂ ਲਈ ਸਾਰਥਕ ਆਧਾਰ ਬਣਦਾ ਹੈ। ਸਰਸਵਤੀ ਅਤੇ ਲਕਸ਼ਮੀ ਦੇ ਸੰਦਰਭ ਵਿਚ ਸੰਸਕ੍ਰਿਤ ਭਾਸ਼ਾ ਦੇ ਮਹਾਨ ਕਵੀ ਕਾਲੀਦਾਸ ਦਾ ਜੀਵਨ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਦਾ ਸਾਹਿਤਕ ਕਾਰਜ ਸ਼ਕਤੀ ਅਤੇ ਲਕਸ਼ਮੀ ਦੀ ਆਮਦ ਤੋਂ ਪਹਿਲਾਂ ਹੀ ਕੀਤਾ ਸੀ। ਹਰਿਭਜਨ ਸਿੰਘ ਪਾਸ ਸਰਸਵਤੀ ਅਤੇ ਲਕਸ਼ਮੀ ਜੀਵਨ ਦੀ ਕ੍ਰਮਕਤਾ ਵਿਚ ਪਹਿਲੀ, ਦੂਜੀ ਪਉੜੀ ਵਾਂਗ ਆਈਆਂ ਹਨ।

ਡਾ. ਹਰਿਭਜਨ ਸਿੰਘ ਨੂੰ ਹੁਣ ਤੱਕ ਪੰਜਾਬ ਸਟੇਟ ਇਨਾਮ (ਰਿਗਬਾਣੀ 1963), ਸਾਹਿਤ ਅਕਾਦਮੀ ਪੁਰਸਕਾਰ (ਨਾ ਧੁੱਪੇ ਨਾ ਛਾਂਵੇਂ, 1996), ਸਾਹਿਤ ਕਲਾ ਪਰਿਸ਼ਦ ਪੁਰਸਕਾਰ (1975), ਪੰਜਾਬ ਸਰਕਾਰ ਸ਼੍ਰੋਮਣੀ ਪੁਰਸਕਾਰ (1975), ਪੰਜਾਬ ਸਟੇਟ ਭਾਈ ਵੀਰ ਸਿੰਘ ਪੁਰਸਕਾਰ (ਅਲਫ ਦੁਪਹਿਰ 1975), ਹਰਿਆਣਾ ਸਟੇਟ ਭਾਈ ਸੰਤੋਖ ਸਿੰਘ ਪੁਰਸਕਾਰ (ਸਾਹਿਤ ਸ਼ਾਸਤਰ 1975), ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਬੁੱਕ ਅਵਾਰਡ (ਵੰਨ-ਸੁਵੰਨੀ 1975), ਪੰਜਾਬ ਸਟੇਟ ਇਨਾਮ (ਰੂਪਕੀ 1978), ਸੋਵੀਅਤ ਲੈਂਡ ਨਹਿਰੂ ਪੁਰਸਕਾਰ (ਲੈਨਿਨ: ਨੈਣ ਨਕਸ਼ 1980), ਪੰਜਾਬੀ ਸਾਹਿਤ ਸਭਿਆਚਾਰ ਕੇਂਦਰ ਲੁਧਿਆਣਾ (1982), ਪੰਜਾਬ ਸਟੇਟ ਪੁਰਸਕਾਰ (ਪਤਰਾਂਜਲੀ 1982), ਗਿਆਨੀ ਗੁਰਮੁਖ ਸਿੰਘ ਪੁਰਸਕਾਰ (1982), ਸੇਵਾ ਸਿਫਤੀ ਪੁਰਸਕਾਰ (1982), ਮਹਾਮਤੀ ਪ੍ਰਾਣ ਨਾਥ ਮਿਸ਼ਨ (1983), ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ਪੁਰਸਕਾਰ (1983), ਕਲਾਕਾਰ ਲੇਖਕ ਮੰਡਲ ਪੁਰਸਕਾਰ ਕਰਨਾਲ (1983), ਗਿਆਨੀ ਗੁਰਮੁਖ ਸਿੰਘ ਪੁਰਸਕਾਰ (ਅਲਵਿਦਾ ਤੋਂ ਪਹਿਲਾਂ 1984), ਪ੍ਰੋਫੈਸਰ ਆਫ ਅਮੈਰੀਟਸ (ਦਿੱਲੀ ਯੂਨੀਵਰਸਿਟੀ, ਦਿੱਲੀ 1985), ਕਰਤਾਰ ਸਿੰਘ ਧਾਲੀਵਾਲ ਪੁਰਸਕਾਰ (1986), ਸ਼੍ਰੋਮਣੀ ਕੌਮਾਂਤਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਇਆਮਾ 1987), ਯੂ. ਪੀ. ਹਿੰਦੀ ਸੰਸਥਾਨ ਪੁਰਸਕਾਰ (ਲਖਨਊ 1987), ਭਾਰਤ ਸਰਕਾਰ ਫੈਲੋ ਮੈਰੀਟਸ ਸਨਮਾਨ (1987), ਵਾਰਿਸ ਸ਼ਾਹ ਪੁਰਸਕਾਰ (ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ 1992), ਫੈਲੋਸ਼ਿਪ ਦਾ ਸਰਵੋਤਮ ਅਕਾਦਮੀ ਪੁਰਸਕਾਰ (ਸਾਹਿਤ ਅਕਾਦਮੀ 1994), ਸਖਨਵਰ ਮੰਚ ਪੰਜਾਬ ਪੁਰਸਕਾਰ (1994), ਸਰਸਵਤੀ ਪੁਰਸਕਾਰ (ਭਾਰਤ ਦਾ ਸਰਵੋਤਮ ਸਾਹਿਤਕ ਪੁਰਸਕਾਰ: ਕੇ. ਕੇ. ਬਿਰਲਾ ਫਾਊਂਡੇਸ਼ਨ ਦਿੱਲੀ 1994), ਲਾਈਫ ਫੈਲੋਸ਼ਿਪ (ਪੰਜਾਬੀ ਯੂਨੀਵਰਸਿਟੀ ਪਟਿਆਲਾ 1994), ਸਰਵ-ਸ੍ਰੇਸ਼ਟ ਧਾਲੀਵਾਲ ਪੁਰਸਕਾਰ (2001) ਆਦਿ ਪੁਰਸਕਾਰ ਪ੍ਰਾਪਤ ਕੀਤੇ।


ਡਾ. ਹਰਿਭਜਨ ਸਿੰਘ ਤੋਂ ਇਲਾਵਾ ਪੰਜਾਬੀ ਸਾਹਿਤ ਵਿਚ ਨਾ ਤਾਂ ਕਿਸੇ ਸ਼ਖਸੀਅਤ ਨੂੰ ਏਨੀ ਬਹੁ-ਵਿਵਿਧਤਾ ਵਾਲੀ ਰਚਨਾਤਕ ਸ਼ਕਤੀ ਹੀ ਪ੍ਰਾਪਤ ਹੋਈ ਅਤੇ ਨਾ ਹੀ ਏਨੀ ਵੱਡੀ ਤਦਾਦ ਵਿਚ ਕਿਸੇ ਨੂੰ ਮਾਣ-ਸਨਮਾਨ ਮਿਲੇ। ਸਰਵੋਤਮ ਪੁਰਸਕਾਰਾਂ ਨੂੰ ਹਾਸਿਲ ਕਰਨ ਵਿਚ ਹਰਿਭਜਨ ਸਿੰਘ ਦਾ ਕੋਈ ਸਾਨੀ ਨਹੀਂ ਸੀ। ਅਸਲ ਵਿਚ ਡਾ. ਹਰਿਭਜਨ ਸਿੰਘ ਨਾ ਸਿਰਫ ਪੰਜਾਬੀ ਦੀ, ਸਗੋਂ ਭਾਰਤੀ ਸਾਹਿਤ ਦੀ ਦੁਰਲੱਭ ਅਤੇ ਵਿਰਾਟ ਸ਼ਖਸੀਅਤ ਸਨ। ਜਦੋਂ ਹਰਿਭਜਨ ਸਿੰਘ ਨੂੰ ਕਬੀਰ ਪੁਰਸਕਾਰ ਪ੍ਰਾਪਤ ਹੋਇਆ ਸੀ ਤਾਂ ਸਮੁੱਚੇ ਪੰਜਾਬੀ ਸਾਹਿਤ ਦਾ ਮਾਣ ਵਧਿਆ ਸੀ। ਹਰਿਭਜਨ ਸਿੰਘ ਦੀ ਸਾਹਿਤ-ਸਾਧਨਾ ਵਿਚ ਜਦੋਂ ਵੀ ਮਾਣ-ਸਨਮਾਨ ਪ੍ਰਾਪਤ ਹੋਏ ਹਨ ਤਾਂ ਇਹ ਉਸ ਦੀ ਰਚਨਾਤਮਕ ਪ੍ਰਕਿਰਿਆ ਵਿਚ ਕੋਈ ਰੁਕਾਵਟ ਨਹੀਂ ਬਣੇ, ਸਗੋਂ ਉਸ ਦੀ ਸਿਰਜਣਾਤਮਕਤਾ ਨੂੰ ਅਗਲੇਰੀ ਪੁਲਾਂਘ ਪੁੱਟਣ ਲਈ ਪ੍ਰੇਰਕ ਦੀ ਸ਼ਕਤੀ ਹੀ ਨਿਭਾਉਂਦੇ ਰਹੇ ਹਨ। ਰੁੱਖ ਤੇ ਰਿਸ਼ੀ (1992) ਕਾਵਿ-ਕਿਰਤ ਨੂੰ ਕਬੀਰ ਪੁਰਸਕਾਰ ਦਾ ਉੱਤਮ ਨਤੀਜਾ ਕਿਹਾ ਜਾ ਸਕਦਾ ਹੈ।

ਕਬੀਰ ਪੁਰਸਕਾਰ ਤੋਂ ਅੱਧੇ ਦਹਾਕੇ ਬਾਅਦ 1994 ਈਸਵੀ ਵਿਚ ਸਾਹਿਤ ਅਕਾਦਮੀ ਵੱਲੋਂ ਡਾ. ਹਰਿਭਜਨ ਸਿੰਘ ਨੂੰ 'ਫੈਲੋਸ਼ਿਪ ਦਾ ਸਰਵੋਤਮ ਮਾਣ' ਦਿੱਤਾ ਗਿਆ। ਕਿਸੇ ਵੀ ਸਾਹਿਤਕਾਰ ਲਈ ਇਸ ਮਾਣ ਦਾ ਮਿਲਣਾ ਪ੍ਰਸ਼ੰਸਾਯੋਗ ਹੈ, ਕਿਉਂਕਿ ਇਹ ਸਿਰਫ ਮਾਣ ਹੀ ਹੈ, ਇਸ ਵਿਚ ਲਕਸ਼ਮੀ ਸ਼ਾਮਿਲ ਨਹੀਂ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਇਹ ਮਾਣ 37 ਸਾਲ ਬਾਅਦ ਪ੍ਰਾਪਤ ਹੋਇਆ। ਪਹਿਲੀ ਵਾਰ ਇਹ ਤਾਜ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸਾਹਿਤ-ਸਾਧਨਾ ਰਾਹੀਂ ਪੰਜਾਬੀ ਸਾਹਿਤ ਦੇ ਮੱਥੇ ਸਜਿਆ ਸੀ ਤੇ 1994 ਵਿਚ ਇਸ ਮੁਕਟ ਨੂੰ ਪੰਜਾਬੀ ਸਾਹਿਤ ਦੇ ਮੱਥੇ 'ਤੇ ਸਜਾਉਣ ਲਈ ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਦਾ ਵਾਹਨ ਬਣਿਆ। ਸਾਹਿਤ ਅਕਾਦਮੀ ਦੀ ਫੈਲੋਸ਼ਿਪ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਈਫ ਫੈਲੋਸ਼ਿਪ ਅਤੇ ਬਿਰਲਾ ਫਾਊਂਡੇਸ਼ਨ ਦੇ ਸਰਸਵਤੀ ਪੁਰਸਕਾਰ ਨੂੰ ਪ੍ਰਾਪਤ ਕਰਨ ਨਾਲ ਤਿੰਨ ਵੱਖੋ-ਵੱਖਰੀਆਂ ਸੰਸਥਾਵਾਂ ਵਲੋਂ ਹਰਿਭਜਨ ਸਿੰਘ ਦੀ ਸਾਹਿਤਕ-ਸੇਵਾ ਨੂੰ ਪ੍ਰਵਾਨਗੀ ਪ੍ਰਾਪਤ ਹੋਈ। ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਸਰਸਵਤੀ ਪੁਰਸਕਾਰ ਸਰਵੋਤਮ ਇਨਾਮ ਹੈ ਅਤੇ ਇਸ ਦੀ ਰਾਸ਼ੀ ਵੀ ਸਾਰੇ ਭਾਰਤੀ ਇਨਾਮਾਂ ਵਿਚ ਵਧੇਰੇ ਹੈ। ਇਹ ਪੁਰਸਕਾਰ ਪ੍ਰਾਪਤ ਕਰਕੇ ਲੇਖਕ ਦੇਸ ਦੇ ਪ੍ਰਤੀਨਿਧ/ਨਾਮਵਰ ਸਾਹਿਤਕਾਰਾਂ ਦੀ ਕਤਾਰ ਵਿਚ ਜਾ ਖਲੋਂਦਾ ਹੈ ਅਤੇ ਕੌਮਾਂਤਰੀ ਸਾਹਿਤਕਾਰਾਂ ਦੇ ਸੰਦਰਭ ਵਿਚ ਲੇਖਕ ਦਾ ਸ਼ੁਮਾਰ ਹੁੰਦਾ ਹੈ।

ਇਹ ਪੁਰਸਕਾਰ ਮਿਲਣ ਉਪਰੰਤ ਹਰਿਭਜਨ ਸਿੰਘ ਨਾਲ ਮੁਲਾਕਾਤ ਕੀਤੀ ਗਈ ਤਾਂ ਇਨਾਮ ਬਾਰੇ ਉਨ੍ਹਾਂ ਕਿਹਾ, "ਪੁਰਸਕਾਰ ਮੈਂ ਜ਼ਰੂਰ ਪ੍ਰਾਪਤ ਕੀਤਾ ਹੈ, ਪੁਰਸਕਾਰ ਨੇ ਮੈਨੂੰ

**(ਬਾਕੀ ਅਗਲੇ ਸਫੇ 'ਤੇ)**

# ਡਾ. ਹਰਿਭਜਨ ਸਿੰਘ: ਜੀਵਨ, ਰਚਨਾ ਅਤੇ ਸ਼ਖਸੀਅਤ-2



ਮੈਂ ਦਿਵਸ ਨਹੀਂ ਜੋ ਅੱਜ ਵੀ ਆਇਆ ਕੱਲ ਵੀ ਆਵਾਂਗਾ
ਇਕਰਾਰ ਨਹੀਂ ਇਕ ਵਾਰ ਨਿਭਾਂ ਸੌ ਵਾਰ ਨਿਭਾਵਾਂਗਾ

ਇਹ ਸੂਰਜ ਆਪਣਾ ਗੋਰਾ ਮੁਖੜਾ ਰੋਜ਼ ਵਿਖਾਂਦਾ ਹੈ
ਇਹ ਰੋਜ਼ ਸਮੇਂ ਸਿਰ ਆਉਂਦਾ ਬਹਿੰਦਾ ਤੇ ਤੁਰ ਜਾਂਦਾ ਹੈ
ਇਸ ਨੇਮ ਦੀਆਂ ਗਲਬਾਹੀਆਂ ਵਿਚ ਮੈਂ ਕਿਵੇਂ ਸਮਾਵਾਂਗਾ

ਇਹ ਵੇਲ ਬਹਾਰਾਂ ਅੰਦਰ ਇਕੋ ਫੁੱਲ ਖਿੜਾਂਦੀ ਹੈ
ਤੇ ਪਤਝੜ ਦੇ ਵਿਚ ਸਿਰਨੰਗੀ ਹੋ ਰੋਂਦੀ ਜਾਂਦੀ ਹੈ
ਮੈਂ ਵੇਲ ਨਹੀਂ ਜੀ ਚਾਹੇ ਜੀਵਾਂ ਯਾ ਮਰ ਜਾਵਾਂਗਾ

ਤੂੰ ਹੁਸਨ ਤੈਨੂੰ ਤਾਂ ਇੱਕੋ ਰੁਤ ਦੀ ਸਦਾ ਗਵਾਹੀ ਹੈ
ਪਰ ਇਸ਼ਕ ਮੇਰੇ ਨੂੰ ਕਿਸੇ ਉਮਰ ਦੀ ਕਦੋਂ ਮਨਾਹੀ ਹੈ
ਮੈਂ ਇਕ ਦੀਵੇ ਵਿਚ ਚੌਰਾਸੀ ਲੱਖ ਜੋਤ ਜਗਾਵਾਂਗਾ

ਮੈਂ ਤਨ ਦੀ ਰਾਹੋਂ ਮੁੜ ਮੁੜ ਲੰਘਾਂ ਇਹ ਤਾਂ ਆਸ ਨਹੀਂ
ਤੇ ਵਾਰ ਵਾਰ ਚੁੰਮਣ ਹੀ ਡੀਕਾਂ ਏਨੀ ਪਿਆਸ ਨਹੀਂ
ਮੈਂ ਕਦੇ ਅਜੀਵਨ ਜੀਵਾਂ ਅਣਚਾਹਿਆ ਵੀ ਚਾਹਾਂਗਾ।

*-ਡਾ. ਹਰਿਭਜਨ ਸਿੰਘ*

*(ਪਿਛਲੇ ਸਫੇ ਦੀ ਬਾਕੀ)*

ਪ੍ਰਾਪਤ ਨਹੀਂ ਕੀਤਾ; ਪੁਰਸਕਾਰ ਮੇਰੇ ਜੀਵਨ ਦਾ ਵੇਰਵਾ ਹੈ, ਇਹ ਮੇਰੇ ਧੁਰ ਮਨ ਦੀ ਵਸਤ ਨਹੀਂ।"

ਸਾਹਿਤਕਾਰ ਦੀ ਮੂਲ ਵਫਾ ਆਪਣੀ ਸਾਹਿਤ-ਕਿਰਤ ਪ੍ਰਤੀ ਹੁੰਦੀ ਹੈ। ਉਹ ਆਪਣੀ ਧੁਨ ਵਿਚ ਜੀਵਨ ਦੀ ਸਿਆਣਪ ਨੂੰ ਭਾਲਣ ਲਈ ਹਮੇਸ਼ਾ ਕਾਰਜਸ਼ੀਲ ਰਹਿੰਦਾ ਹੈ। ਹਰਿਭਜਨ ਸਿੰਘ ਦੀ ਲਗਭਗ ਹਰ ਕਿਰਤ ਇਨਾਮ-ਯਾਫਤਾ ਹੋ ਚੁਕੀ ਹੈ, ਪਰ ਸਾਹਿਤ-ਰਚਨਾ ਪ੍ਰਕਿਰਿਆ ਇਨਾਮ-ਯਾਫਤਾ ਤੋਂ ਮੁਕਤ ਹੈ। ਸਰਸਵਤੀ ਪੁਰਸਕਾਰ ਦੀ ਪ੍ਰਾਪਤੀ ਉਪਰੰਤ ਡਾ. ਸਤਿੰਦਰ ਸਿੰਘ ਨੂਰ ਨੇ ਡਾ. ਹਰਿਭਜਨ ਸਿੰਘ ਬਾਰੇ ਲਿਖਿਆ ਸੀ, "ਡਾ. ਹਰਿਭਜਨ ਸਿੰਘ ਇਕ ਪ੍ਰਤਿਭਾ ਦਾ ਨਾਮ ਹੈ, ਇਸ ਲਈ ਸਰਸਵਤੀ ਪੁਰਸਕਾਰ ਨਾਲ ਸਨਮਾਨਿਆ ਜਾਣਾ ਸਿਰਫ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਸਨਮਾਨ ਹੀ ਨਹੀਂ, ਸਗੋਂ ਸਮੁੱਚੇ ਭਾਰਤੀ ਸਾਹਿਤ ਦਾ ਸਨਮਾਨ ਹੈ। ਡਾ. ਹਰਿਭਜਨ ਸਿੰਘ ਨੇ ਭਾਰਤੀ ਸਾਹਿਤ ਵਿਚ ਕੁਝ ਨਵੇਂ ਪ੍ਰਤਿਮਾਨ ਪੈਦਾ ਕੀਤੇ, ਜਿਨ੍ਹਾਂ ਨੂੰ ਸਿਰਫ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੀ ਨਹੀਂ ਜਾਣਿਆ ਜਾਣਾ ਚਾਹੀਦਾ, ਸਗੋਂ ਭਾਰਤੀ ਸਾਹਿਤ ਦੇ ਇਤਿਹਾਸ ਵਿਚ ਵਾਚਿਆ ਜਾਣਾ ਚਾਹੀਦਾ ਹੈ।

ਬਿਰਲਾ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਿਰਲਾ ਨੇ ਸਰਸਵਤੀ ਸਨਮਾਨ ਮੌਕੇ ਕਿਹਾ ਸੀ ਕਿ ਡਾ. ਹਰਿਭਜਨ ਸਿੰਘ ਬਹੁਪੱਖੀ ਸ਼ਖਸੀਅਤ ਦਾ ਸੁਆਮੀ ਹੈ। ਉਨ੍ਹਾਂ ਦੀ ਲੇਖਣੀ ਦੀਆਂ ਜੜ੍ਹਾਂ ਸਭਿਆਚਾਰਕ ਵਿਰਸੇ ਵਿਚ ਡੂੰਘੀ ਤਰ੍ਹਾਂ ਸਮਾਈਆਂ ਹੋਈਆਂ ਹਨ। ਇਸ ਗੱਲ ਦੀ ਵੀ ਸੰਤੁਸ਼ਟੀ ਜਾਹਰ ਕੀਤੀ ਕਿ ਇਸ ਸਾਲ ਦਾ ਸਰਸਵਤੀ ਪੁਰਸਕਾਰ ਦੇਣ ਉਪਰੰਤ ਸਾਹਿਤਕ ਅਤੇ ਅਕਾਦਮਿਕ ਹਲਕਿਆਂ ਵੱਲੋਂ ਵੀ ਭਰਪੂਰ ਪ੍ਰਸ਼ੰਸਾ ਪ੍ਰਾਪਤ ਹੋਈ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਪੀ. ਵੀ. ਨਰਸਿਮ੍ਹਾ ਰਾਉ ਨੇ ਉਨ੍ਹਾਂ ਦੀ ਕਾਵਿ-ਕਿਰਤ ਦੀ ਸ਼ਲਾਘਾ ਕਰਦਿਆਂ ਕਿਹਾ ਸੀ, "ਡਾ. ਹਰਿਭਜਨ ਸਿੰਘ ਭਾਰਤ ਦਾ ਇੱਕ ਅਜਿਹਾ ਮਹਾਨ ਸਪੂਤ ਹੈ, ਜੋ ਜੀਵਨ ਨੂੰ ਸੂਖਮ ਦ੍ਰਿਸ਼ਟੀ ਨਾਲ ਵੇਖਦਾ ਹੈ ਅਤੇ ਉਸ ਨੂੰ ਆਪਣੀ ਲਿਖਤ ਰਾਹੀਂ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦਾ ਵਰਦਾਨ ਪ੍ਰਾਪਤ ਹੈ। ਹਰਿਭਜਨ ਸਿੰਘ ਦੀ ਕਾਵਿ-ਕਿਰਤ ਪਾਠਕ ਨੂੰ ਕੇਵਲ ਸਤਹ ਉੱਪਰ ਹੀ ਨਹੀਂ ਰੱਖਦੀ, ਸਗੋਂ ਪਾਠਕ ਨੂੰ ਵੀ ਆਪਣੇ ਨਾਲ ਅਸੀਮ ਗਹਿਰਾਈ ਤੱਕ ਲੈ ਜਾਂਦਾ ਹੈ।"

ਹਰਿਭਜਨ ਸਿੰਘ ਦੇ ਜੀਵਨ, ਰਚਨਾ ਅਤੇ ਸ਼ਖਸੀਅਤ ਦੇ ਬੁਨਿਆਦੀ ਆਧਾਰਾਂ ਦੀ ਘੋਖ ਕਰੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਸਮੁੱਚਾ ਜੀਵਨ ਸੰਘਰਸ਼ ਭਰਪੂਰ ਰਿਹਾ ਹੈ। ਇਸ ਸੰਘਰਸ਼ ਵਿਚ ਫਰਾਂਸ ਦੇ ਪ੍ਰਸਿੱਧ ਫਿਲਾਸਫਰ ਜੀਨ ਪਾਲ ਸਾਰਤਰ ਵਾਂਗ ਉਨ੍ਹਾਂ ਨੇ ਸਾਰੀ ਉਮਰ ਪੁਸਤਕਾਂ ਨਾਲ ਗਹਿਰਾ ਲਗਾਉ ਬਣਾਈ ਰੱਖਿਆ ਹੈ, ਏਨਾ ਲਗਾਉ ਕਿ ਹਰਿਭਜਨ ਸਿੰਘ ਖੁਦ-ਬ-ਖੁਦ ਹੀ ਸੰਸਥਾ ਬਣ ਗਿਆ। ਸੰਸਥਾ ਬਣਨ ਤੱਕ ਉਹ ਕਿਤਾਬ-ਕਲਮ-ਕਿਰਤ ਦੇ ਸੰਗਲੀ ਨੁਮਾ ਰਿਸ਼ਤੇ ਵਿਚ ਪੱਕੀ ਪੀਡੀ ਤਰ੍ਹਾਂ ਬੱਝਿਆ ਹੋਇਆ ਪ੍ਰਤੀਤ ਹੁੰਦਾ ਹੈ। ਸਹਿਜਤਾ ਹਰਿਭਜਨ ਸਿੰਘ ਦਾ ਅਨਿਵਾਰੀ ਗੁਣ ਬਣ ਗਿਆ। ਜੀਵਨ ਅਤੇ ਸਾਹਿਤ-ਸਾਧਨਾ ਵਿਚ ਬਹੁਤ ਸਾਰੀਆਂ ਜੋਖਮ ਅਤੇ ਕੁੜੱਤਣ ਭਰਪੂਰ ਘਟਨਾਵਾਂ ਵਾਪਰੀਆਂ, ਪਰ ਉਨ੍ਹਾਂ ਨੇ ਜੀਵਨ ਦੇ ਵਿਸ਼ਾਦ ਅਤੇ ਉਪਰਾਮਤਾ ਨੂੰ ਕਲਾਤਮਕਤਾ ਦਾ ਰੂਪ ਪ੍ਰਦਾਨ ਕੀਤਾ। ਜਰਮਨ ਦਾ ਦਾਰਸ਼ਨਿਕ ਨੀਤਸ਼ੇ ਕਹਿੰਦਾ ਹੈ ਕਿ ਜਦੋਂ ਉਹ ਘੋਰ ਨਿਰਾਸ਼ਾ ਅਤੇ ਇਕੱਲ ਦੀ ਸਥਿਤੀ ਵਿਚ ਸੀ, ਉਹ ਨਾ ਜੀਅ ਸਕਦਾ ਸੀ ਤੇ ਨਾ ਹੀ ਮਰ ਸਕਦਾ ਸੀ, ਉਸ ਦੀ ਹਾਲਤ ਐਬਸਰਡ ਵਿਅਕਤੀਆਂ ਜਿਹੀ ਹੋ ਸਕਦੀ ਸੀ, ਪਰ ਇਕ ਕਲਾਕਾਰ ਹੋਣ ਦੇ ਨਾਤੇ ਉਹ ਆਪਣੀ ਇਕੱਲ ਦੀ ਪੀੜ ਨੂੰ ਪ੍ਰਸੰਨਤਾ ਦੇ ਜ਼ਰੀਏ ਪ੍ਰਗਟ ਕਰਦਾ ਰਿਹਾ ਹੈ।

ਇਕੱਲ ਕਲਾਕਾਰ ਵਿਅਕਤੀਆਂ ਲਈ ਉਸਾਰੂ ਅਤੇ ਰਚਨਾਤਮਕ ਰੋਲ ਨਿਭਾਉਂਦੀ ਹੈ। ਹਰਿਭਜਨ ਸਿੰਘ ਆਪਣੀ ਰਚਨਾਤਮਕ ਪ੍ਰਕਿਰਿਆ ਦੇ ਅੰਤਰਗਤ ਬਹੁ-ਦਿਸ਼ਾਵਾਂ ਵਿਚ ਫੈਲਣ ਵਾਲੀ ਸ਼ਖਸੀਅਤ ਹੈ, ਪਰ ਆਪਣੇ ਜ਼ਿਹਨ ਦੀ ਧੁਰ ਗਹਿਰਾਈ ਵਿਚ ਉਹ ਸਿਰਫ ਸ਼ਾਇਰ ਹੈ। ਇਕੱਲ ਨਾ ਸਿਰਫ ਕਵੀ ਲਈ ਹੀ ਅਨਿਵਾਰੀ ਹੈ, ਸਗੋਂ ਪਾਠਕ ਲਈ ਵੀ ਇਸ ਦਾ ਹੋਣਾ ਲਾਜ਼ਮੀ ਬਣ ਜਾਂਦਾ ਹੈ। ਹਰਿਭਜਨ ਸਿੰਘ ਨੇ ਇਨ੍ਹਾਂ ਤੱਤਾਂ ਨੂੰ ਆਪਣੇ ਜੁੱਸੇ ਵਿਚ ਵਸਾ ਕੇ ਇਸ ਤਰ੍ਹਾਂ ਆਤਮਸਾਤ ਕਰ ਲਿਆ ਕਿ ਉਹ ਨਿਮਰਤਾ ਅਤੇ ਮਿਠਾਸ ਦਾ ਮੁਜੱਸਮਾ ਬਣ ਗਿਆ। ਆਪਣੀ ਵਿਦਵਤਾ ਅਤੇ ਲਿਖਿਤ ਬਾਰੇ ਉਹ ਖੁਦ ਕਹਿੰਦੇ ਹਨ, "ਅੰਗਰੇਜ਼ੀ ਪੜ੍ਹਦਾ ਹਾਂ, ਹਿੰਦੀ ਪੜ੍ਹਾਉਂਦਾ ਹਾਂ ਅਤੇ ਪੰਜਾਬੀ ਵਿਚ ਲਿਖਦਾ ਹਾਂ; ਇਸ ਤਰ੍ਹਾਂ ਦੀ ਰਲੀ ਮਿਲੀ ਖਿਚੜੀ ਹਾਂ ਮੈਂ।...ਪਹਿਲੀ ਜਮਾਤ ਵਿਚ ਪੜ੍ਹਦਾ ਸਾਂ ਤਾਂ ਮਾਸਟਰ ਤਖਤੀ ਉਤੇ ਪੈਨਸਿਲ ਨਾਲ ਕੱਚਾ ਲਿਖ ਦਿੰਦਾ ਸੀ ਤੇ ਅਸੀਂ ਉਸ ਉਤੇ ਕਲਮ ਦਵਾਤ ਨਾਲ ਲਿਖਦੇ ਸਾਂ। ਮੈਨੂੰ ਸਾਫ ਨਜ਼ਰ ਆਉਂਦਾ ਹੈ ਕਿ ਮੈਂ ਜੋ ਕੁਝ ਵੀ ਲਿਖਿਆ ਹੈ, ਆਪਣੀ ਸੰਸਕ੍ਰਿਤੀ ਦੇ ਕੱਚੇ ਲਿਖੇ ਮੁਤਾਬਿਕ ਲਿਖਿਆ ਹੈ।"

ਸਾਹਿਤ ਦੀ ਪ੍ਰਮਾਣਕ ਰਚਨਾ ਲਈ ਰਚਨਾਕਾਰ ਦੇ ਪੈਰ ਆਪਣੇ ਸਭਿਆਚਾਰ ਵਿਚ ਟਿਕੇ ਹੋਣੇ ਲਾਜ਼ਮੀ ਹਨ। ਇਸੇ ਕਰਕੇ ਹੀ ਦੂਸਰੇ ਸਭਿਆਚਾਰ ਦੀ ਕਵਿਤਾ ਨੂੰ ਅਨੁਵਾਦ ਕਰਨਾ ਅਤੇ ਕਈ ਵਾਰ ਸਮਝਣਾ ਵੀ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਸਾਹਿਤ ਵਿਚ ਲਿਖਿਆ ਜਾਣ ਵਾਲਾ ਹਰ ਸ਼ਬਦ ਆਪਣਾ ਸਭਿਆਚਾਰਕ ਪਿਛੋਕੜ ਰੱਖਦਾ ਹੈ। ਡਾ. ਹਰਿਭਜਨ ਸਿੰਘ ਦਾ ਇਹ ਕਹਿਣਾ ਕਿ ਉਨ੍ਹਾਂ ਦੀ ਸਾਰੀ ਲਿਖਤ ਸੰਸਕ੍ਰਿਤੀ ਦੇ ਪਾਏ ਪੂਰਨਿਆਂ 'ਤੇ ਲਿਖਣ ਵਾਂਗ ਹੈ, ਇਕ ਤਰ੍ਹਾਂ ਨਾਲ ਹਉਮੈ ਦਾ ਤਿਆਗ ਅਤੇ ਨਿਮਰਤਾ ਦਾ ਪ੍ਰਗਟਾਵਾ ਹੈ।

ਡਾ. ਹਰਿਭਜਨ ਸਿੰਘ ਦਾ ਜੀਵਨ-ਕਾਲ 20ਵੀਂ ਸਦੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸ ਸਦੀ ਦੇ ਅੰਤਰਗਤ ਸੁਤੰਤਰਤਾ ਸੰਗਰਾਮ, ਰਹੱਸਵਾਦੀ ਲਹਿਰ, ਪ੍ਰਗਤੀਵਾਦੀ



ਡਾ. ਹਰਿਭਜਨ ਸਿੰਘ

ਲਹਿਰ, ਪ੍ਰਯੋਗਵਾਦੀ ਲਹਿਰ, ਨਵ ਪ੍ਰਗਤੀਵਾਦੀ, ਆਧੁਨਿਕਤਾਵਾਦੀ ਚਿੰਤਨ, ਪੰਜਾਬ ਸੰਤਾਪ ਆਦਿ ਲਹਿਰਾਂ ਸਦਕਾ ਇਥੋਂ ਦੇ ਜੀਵਨ ਵਿਚ ਅਨੇਕਾਂ ਉਤਾਰ-ਚੜਾਅ ਆਏ ਹਨ। ਇਹ ਹਰਿਭਜਨ ਸਿੰਘ ਦੇ ਅੱਖੀ ਡਿੱਠੇ ਵੇਰਵੇ ਜ਼ਰੂਰ ਹਨ, ਪਰ ਉਨ੍ਹਾਂ ਨੇ ਇਨ੍ਹਾਂ ਸਾਰੇ ਵਕਤੀ ਵੇਰਵਿਆਂ ਦੇ ਵਹਾ ਵਿਚ ਵਹਿਣ ਤੋਂ ਗੁਰੇਜ਼ ਕੀਤਾ। ਅਸਲ ਵਿਚ ਹਰਿਭਜਨ ਸਿੰਘ ਦਾ ਵਿਅਕਤਿਤਵ ਨਿਰਲੇਪਤਾ ਅਤੇ ਫਾਸਿਲਾਸਾਜ਼ੀ ਵਾਲਾ ਹੈ। ਉਹ ਸੰਸਾਰ ਦੀ ਸੰਸਾਰਕਤਾ ਦਾ ਨਿਰਖ-ਪਰਖ ਕਰਕੇ ਉਸ ਨੂੰ ਫਲਸਫੇ ਦੀ ਰੰਗਣ ਦਿੰਦਾ ਹੈ। ਫਲਸਫੇ ਨਾਲ ਸੰਵਾਦ ਰਚਾਉਣ ਲਈ ਉਹ ਦੇਸ ਕਾਲ ਦੀਆਂ ਹੱਦਾਂ ਤੋਂ ਪਾਰ ਵੀ ਵਿਚਰ ਜਾਂਦਾ ਹੈ। ਫਲਸਫੇ ਦੀ ਪ੍ਰਾਪਤੀ ਲਈ ਉਹ ਕਿਸੇ ਦੇਸ਼ ਦੀ ਸੀਮਾ ਦੀ ਮੁਥਾਜੀ ਨਹੀਂ ਭੋਗਦਾ। ਫਲਸਫਾ ਉਸ ਦੇ ਸੁਆਸ-ਸੁਆਸ ਵਿਚ ਰਮਿਆ ਹੋਇਆ ਹੈ। ਰੂਸੋ ਨੇ ਇਕ ਵਾਰੀ ਠੀਕ ਹੀ ਕਿਹਾ ਸੀ ਕਿ ਮਾਨਵੀ-ਜੀਵਨ ਦੀਆਂ ਡੂੰਘੀਆਂ ਤਹਿਆਂ ਅਤੇ ਸੱਚਾਈਆਂ ਨੂੰ ਕੋਈ ਜੀਵਨ ਵਿਗਿਆਨੀ ਨਹੀਂ, ਸਗੋਂ ਕੋਈ ਫਿਲਾਸਫਰ ਹੀ ਜਾਣ ਸਕਦਾ ਹੈ। ਸਾਰਤਰ ਦੇ ਮਿੱਤਰਾਂ ਦਾ ਕਹਿਣਾ ਹੈ ਕਿ ਉਹ ਆਪਣੇ ਸੁਭਾ ਵਿਚ ਇਕ ਠਰ੍ਹੰਮੇ ਵਾਲਾ ਵਿਅਕਤੀ ਸੀ, ਜੋ ਸਦਾ ਡੂੰਘੇ ਵਿਚਾਰਾਂ ਵਿਚ ਖੁੱਭਿਆ ਰਹਿੰਦਾ ਸੀ। ਹਰਿਭਜਨ ਸਿੰਘ ਦਾ ਕਹਿਣਾ ਹੈ ਕਿ ਜਿਨ੍ਹਾਂ ਦਿਨਾਂ ਵਿਚ ਉਹ ਬੀਮਾਰ ਵੀ ਸੀ, ਘਰਦਿਆਂ ਤੋਂ ਚੋਰੀ ਆਪਣੀ ਬੁੱਕਲ ਵਿਚ ਕਵਿਤਾ ਲਿਖਦਾ ਰਹਿੰਦਾ ਸੀ। ਅਸਲ ਵਿਚ ਹਰਿਭਜਨ ਸਿੰਘ ਦੀ ਸ਼ਖਸੀਅਤ ਅਜਿਹੀ ਹੈ, ਜੋ ਸਦਾ ਸਾਹਿਤ ਦੇ ਡੂੰਘੇ ਪਾਣੀਆਂ ਵਿਚ ਗੜੁੱਚ ਰਹੀ ਹੋਵੇ। ਉਹ ਆਪਣੀ ਇਕ ਮੁਲਾਕਾਤ ਵਿਚ ਕਹਿੰਦੇ ਹਨ, "ਸਾਹਿਤ ਮੇਰੇ ਚੁਫੇਰੇ ਸੁਖਦਾਈ ਹਵਾ ਵਾਂਗ ਫੈਲਿਆ ਰਿਹਾ ਹੈ। ਇਸ ਵਿਚ ਮੈਂ ਸਾਹ ਲੈਂਦਾ ਰਿਹਾ ਹਾਂ। ਇਹ ਮੇਰਾ ਜੀਵਨ ਹੈ।"

ਰੁਜ਼ਗਾਰ ਦੀ ਭਾਲ ਵਿਚ ਹਰਿਭਜਨ ਸਿੰਘ ਨੇ ਇੱਕ ਵਾਰ ਦਿੱਲੀ ਪ੍ਰਵੇਸ਼ ਕੀਤਾ ਅਤੇ ਸਾਰੀ ਉਮਰ ਦਿੱਲੀ ਸ਼ਹਿਰ ਦੇ ਲੇਖੇ ਹੀ ਲਾ ਦਿੱਤੀ। ਦਿੱਲੀ ਵਿਚ ਐਰਾ-ਗੈਰਾ ਬੰਦਾ ਆਪਣੇ ਪੈਰ ਨਹੀਂ ਟਿਕਾ ਸਕਦਾ। ਪੱਕੇ ਪੈਰੀਂ ਖਲੋਣ ਲਈ ਹਰਿਭਜਨ ਸਿੰਘ ਨੇ ਪੂਰੀ ਤਨ-ਦੇਹੀ ਨਾਲ ਤਪੱਸਿਆ ਕੀਤੀ ਹੈ। ਕਰੋਲ ਬਾਗ ਦੀ ਭੀੜ-ਭੜੱਕੇ ਵਾਲੀ ਗਲੀ ਵਿਚ ਸੈਂਆਂ ਪੁਸਤਕਾਂ ਦੇ ਪੱਤਰੇ ਪਰਤਾਏ ਹਨ। ਅਤਿ ਦੀ ਸਾਧਾਰਨਤਾ ਵਿਚ ਅਸਾਧਾਰਨ ਬਣ ਕੇ ਵਿਚਰਨ ਵਾਲਾ ਉਹ ਆਧੁਨਿਕ ਯੁੱਗ ਦਾ ਰਿਸ਼ੀ ਸੀ। ਤੇਜ਼-ਤਰਾਰ ਰਫਤਾਰ ਭਰੇ ਦਿੱਲੀ ਦੇ ਆਸ-ਪਾਸ ਦੇ ਮਾਹੌਲ ਨੇ ਹਰਿਭਜਨ ਸਿੰਘ ਨੂੰ ਅਤਿ ਦਰਜੇ ਦਾ ਕਰਮਸ਼ੀਲ ਬਣਾਇਆ। ਜਦੋਂ ਕਦੇ ਉਹ ਕਵਿਤਾ ਪੜ੍ਹਦਾ ਜਾਂ ਲੈਕਚਰ ਦੇ ਰਿਹਾ ਹੁੰਦਾ ਤਾਂ ਉਸ ਦੇ ਸਰੀਰ ਦੀ ਕਾਵਿਕ-ਲੈਅ ਨਾਲ ਸਰੋਤਿਆਂ ਦੇ ਮਨਾਂ 'ਤੇ ਜਾਦੂ ਧੂੜਿਆ ਜਾਂਦਾ। ਆਪਣੇ ਸੱਜੇ ਪੈਰ ਦੇ ਅੰਗੂਠੇ 'ਤੇ ਭਾਰ ਪਾ ਕੇ ਉਹ ਸੱਜੇ ਹੱਥ ਦੀ ਉਂਗਲ ਉੱਪਰ ਉਛਾਲਦਾ ਤਾਂ ਉਹ ਧਰਤੀ ਤੇ ਆਸਮਾਨ ਵਿਚ ਖਲੋਤਾ ਹੋਇਆ ਇੱਕ ਦੇਵ-ਕੱਦ ਪ੍ਰਤੀਤ ਹੁੰਦਾ। ਆਪਣੇ ਮਨ-ਮਸਤਕ ਵਿਚ ਏਨਾ ਗਹਿਰਾ ਉਤਰ ਜਾਂਦਾ ਕਿ ਉਸ ਦਾ ਇਕ ਇਕ ਬੋਲ ਪੰਜਾਬੀ ਪਾਠਕਾਂ ਤੱਕ ਇਵੇਂ ਪੁੱਜ ਜਾਂਦਾ, ਜਿਵੇਂ ਗਗਨ ਵਿਚ ਟੰਗੇ ਹੋਏ ਟੱਲ ਦੀ ਧੁਨ ਸਾਰੇ ਆਕਾਸ਼ ਵਿਚ ਪਸਰ ਜਾਂਦੀ ਹੈ।

ਉਹ ਜਿਥੇ ਹਾਜ਼ਰ ਹੁੰਦਾ, ਉਥੇ ਉਸ ਦਾ ਬੋਲ ਪੁੱਗਦਾ। ਗੈਰ-ਹਾਜ਼ਰ ਹੋ ਕੇ ਹਾਜ਼ਰ ਹੋਣਾ ਮੁਨਾਸਿਬ ਨਾ ਸਮਝਿਆ। ਕਿਸੇ ਨੂੰ ਰੀਡਰੀ, ਕਿਸੇ ਨੂੰ ਪ੍ਰੋਫੈਸਰੀ, ਕਿਸੇ ਨੂੰ ਪੀਐੱਚ.ਡੀ., ਕਿਸੇ ਨੂੰ ਇਨਾਮ, ਕਿਸੇ ਦਾ ਥਾਪਨਾ ਤੇ ਕਿਸੇ ਨੂੰ ਵਾਹ-ਵਾਹ! ਅੱਖ ਦੇ ਫੋਰ ਵਿਚ ਔਹ ਜਾਂਦਾ...ਔਹ ਜਾਂਦਾ ਵਸਦੇ ਰਹੋ ਤੇ ਉਜੜ ਜਾਉ ਦੇ ਨੇਮ ਅਨੁਸਾਰ ਦਿੱਲੀ ਦੇ ਵਿਦਵਾਨਾਂ ਦੀ ਥਾਂ-ਪਰ-ਥਾਂ ਸਦਾ ਜਾਗ ਲਾਈ।

ਉਮਰ ਦੇ ਅੰਤਲੇ ਵਰ੍ਹਿਆਂ ਵਿਚ ਦੇਹੀ ਦੇ ਚਾਣ ਚੱਕ ਲੱਗੇ ਰੋਗ ਨੇ ਹਰਿਭਜਨ ਸਿੰਘ ਨੂੰ ਆਖਰੀ ਉਮਰੇ ਗਤੀਹੀਣ ਬਣਾ ਦਿੱਤਾ ਸੀ। ਸਾਰੀ ਉਮਰ ਹਰਿਭਜਨ ਸਿੰਘ ਨੇ ਆਪਣੇ ਦਿਮਾਗ ਨੂੰ ਸੋਚਣ ਨਦੀ ਦੇ ਤੇਜ਼ ਵਹਿਣ ਵਿਚ ਠੇਲੀ ਰੱਖਿਆ। ਪੰਜਾਬੀ ਪਾਠਕਾਂ ਦੇ ਮੋਹ ਵਿਚ ਬੱਧਾ ਹੋਇਆ ਇਹ ਸਾਹਿਤਕਾਰ ਆਪਣੇ ਮਿੱਤਰਾਂ ਨਾਲ ਵਫਾ ਪਾਲਦਿਆਂ ਕਦੇ ਕਦੇ ਆਪਣੀ ਸਮਰਥਾ ਤੋਂ ਵੀ ਵੱਡੀਆਂ ਪੁਲਾਘਾਂ ਪੁੱਟ ਜਾਂਦਾ ਰਿਹਾ ਹੈ। ਭਾਰਤੀ ਇਤਿਹਾਸ ਦੇ ਮਹਾਨ ਤਿਆਗ ਅਤੇ ਤਪੱਸਵੀ ਗੌਤਮ ਬੁੱਧ ਆਪਣੀ ਸਾਧਨਾ ਵਿਚ ਏਨਾ ਲੀਨ ਹੋ ਗਿਆ ਕਿ ਸਰੀਰ ਦੀ ਕਿਰਿਆ ਤੋਂ ਵੀ ਅਸਮਰਥ ਹੋ ਕੇ ਬੇਹੋਸ਼ੀ ਦੀ ਹਾਲਤ ਤੱਕ ਪੁੱਜ ਗਿਆ ਸੀ। ਗੌਤਮ ਬੁੱਧ ਦੀ ਅਵਸਥਾ ਨੂੰ ਲਾਗਲੀ ਪਹਾੜੀ ਤੇ ਦੇਵੀ ਦੀ ਪੂਜਾ 'ਤੇ ਜਾ ਰਹੇ ਕੁਝ ਨ੍ਰਿਤਕਾਰਾਂ ਨੇ ਦੇਖਿਆ। ਇਨ੍ਹਾਂ ਨ੍ਰਿਤਕਾਰਾਂ ਵਿਚ ਇੱਕ ਜੋਬਨਵੰਤੀ ਸੀ। ਇਸ ਗੀਤ ਦੇ ਬੋਲ ਸੁਣ ਕੇ ਗੌਤਮ ਬੁੱਧ ਮੁੜ ਹੋਸ਼ ਵਿਚ ਪਰਤ ਆਇਆ ਸੀ; ਉਸ ਗੀਤ ਦੇ ਬੋਲ ਇਸ ਤਰ੍ਹਾਂ ਹਨ,

ਮਧੁਰ ਮਧੁਰ ਧੁਨ, ਮਧੁਰ ਮਧੁਰ ਸੁਰ,
ਬਾਜਤ ਹੈ ਦੋਤਾਰਾ, ਸਾਜਨ।
ਬਾਜਤ ਹੈ ਦੋਤਾਰਾ, ਸਾਜਨ।
ਸੁਰ ਖੰਡਤ ਹੋ, ਟੂਟ ਜਾਤ ਹੈ
ਕਸ਼ਟ ਹੋਤ ਹੈ, ਭਾਰਾ,
ਮਧੁਰ ਮਧੁਰ ਧੁਨ, ਮਧੁਰ ਮਧੁਰ ਸੁਰ
ਬਾਜਤ ਹੈ ਦੋਤਾਰਾ।
ਢੀਲੁ ਨਾ ਦੋ, ਤਾਰੋਂ ਕੋ ਸਾਜਨ,
ਢੀਲੁ ਦੀਏ ਸੁਰ ਭੰਗ ਹੋਤ ਹੈ,
ਬਹੇ ਨਾ ਗੀਤਕ ਧਾਰਾ।
ਮਧੁਰ ਮਧੁਰ ਧੁਨ, ਮਧੁਰ ਮਧੁਰ ਸੁਰ।
ਬਾਜਤ ਹੈ ਦੋਤਾਰਾ।

ਇਸ ਨਾਚੀ ਕੁੜੀ ਦੇ ਗਾਏ ਗੀਤ ਨੇ ਜੀਵਨ ਦੇ ਸੱਚ ਦਾ ਵੀ ਸਹਿਜੇ ਹੀ ਨਿਚੋੜ ਪੇਸ਼ ਕਰ ਦਿੱਤਾ ਸੀ। ਸਿਤਾਰ ਦੀਆਂ ਤਾਰਾਂ ਨੂੰ ਬਹੁਤ ਖਿੱਚੀਏ ਤਾਂ ਇਹ ਟੁੱਟ ਜਾਂਦੀਆਂ ਹਨ ਤੇ ਸੰਗੀਤ ਕੱਢਣ ਤੋਂ ਅਸਮਰਥ ਹੋ ਜਾਂਦੀਆਂ ਹਨ। ਜੇ ਤਾਰਾਂ ਢਿੱਲੀਆਂ ਛੱਡ ਦਈਏ ਤਾਂ ਸਥਿਲ ਹੋ ਕੇ ਸੰਗੀਤ ਕੱਢਣੋਂ ਅਸਮਰਥ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਸੂਤ ਸਿਰ ਰੱਖਿਆ ਹੀ ਲੈਆਤਮਕ ਧਾਰਾ ਨਿਕਲਦੀਆਂ ਹਨ; ਇਹੋ ਰੂਪਕ ਮਨੁੱਖੀ ਸਰੀਰ ਲਈ ਸਿੱਧ ਹੁੰਦਾ ਹੈ।

ਹਰਿਭਜਨ ਸਿੰਘ ਦੀ ਜੀਵਨ ਅਤੇ ਸਾਹਿਤਕ-ਸ਼ਖਸੀਅਤ ਸਰਲ, ਇਕ ਪਾਸੜ ਅਤੇ ਇਕਹਿਰੀ ਪਰਤ ਵਾਲੀ ਨਹੀਂ, ਸਗੋਂ ਜਟਿਲ, ਵਿਰਾਟ ਅਤੇ ਬਹੁ-ਪਸਾਰੀ ਹੈ। ਜਿਵੇਂ ਅਸਮਾਨ ਵਿਚ ਵੰਨ-ਸੁਵੰਨੇ ਤਾਰਿਆਂ ਦੇ ਜਲੌ ਨਾਲ ਆਕਾਸ਼ ਦਾ ਪ੍ਰਕਾਸ਼ ਜਗਮਗ ਜਗਮਗ ਕਰਦਾ ਹੈ, ਇਵੇਂ ਹਰਿਭਜਨ ਸਿੰਘ ਦੀ ਪ੍ਰਤਿਭਾ ਦੀਆਂ ਰੰਗ-ਬਰੰਗੀਆਂ ਮਸ਼ਾਲਾਂ ਜਿਥੇ ਪਾਠਕ ਨੂੰ ਜੀਵਨ ਦੇ ਗਿਆਨ ਦੀ ਸੋਝੀ ਦਿੰਦੀਆਂ ਹਨ, ਉਥੇ ਉਸ ਦੀ ਸ਼ਖਸੀਅਤ ਨੂੰ ਵੀ ਚਮਤਕਾਰੀ ਬਣਾ ਦਿੰਦੀਆਂ ਹਨ। ਇਸ ਮਹਾਨ ਸ਼ਖਸੀਅਤ ਦੇ ਮਹਾਨ ਬੋਲਾਂ ਦੀ ਪੰਜਾਬੀ ਅਤੇ ਭਾਰਤੀ ਪਾਠਕਾਂ ਵਿਚ ਸਦਾ ਦਿਲਚਸਪੀ ਰਹੇਗੀ। ਪੰਜਾਬੀ ਕਾਵਿ ਅਤੇ ਚਿੰਤਨ ਦਾ ਇਹ ਦਰਿਆ ਪੰਜਾਬੀ ਸਮਾਜ ਦਾ ਨਿਰਦੇਸ਼ ਕਰਦਿਆਂ ਆਪਣੀਆਂ ਹੱਦਾਂ ਨੂੰ ਲਗਾਤਾਰ ਵਿਸਤਾਰਦਾ ਰਿਹਾ ਹੈ। ਸਹੀ ਮਾਇਨਿਆਂ ਵਿਚ ਉਹ ਪੰਜਾਬੀ ਦਾ ਯੁੱਗ-ਪੁਰਸ਼ ਸੀ, ਜਿਸ ਨੇ ਆਪਣਾ ਸਾਰਾ ਜੀਵਨ ਸਾਹਿਤ ਨੂੰ ਸਮਰਪਿਤ ਕੀਤਾ।

ਸਰੀਰਕ ਤੌਰ 'ਤੇ ਭਾਵੇਂ ਡਾ. ਹਰਿਭਜਨ ਸਿੰਘ ਅਕਤੂਬਰ 2002 ਵਿਚ ਪੰਜਾਬੀ ਸਾਹਿਤ ਅਤੇ ਫਾਨੀ ਸੰਸਾਰ ਨੂੰ ਵਿਛੋੜਾ ਦੇ ਗਏ ਹਨ, ਪਰ ਉਨ੍ਹਾਂ ਦੀ ਜਗਾਈ ਹੋਈ ਗਿਆਨ ਦੀ ਜੋਤ ਸਦਕਾ ਪੰਜਾਬੀ ਪਾਠਕਾਂ ਨੂੰ ਪ੍ਰੇਰਨਾ ਅਤੇ ਉਤਸ਼ਾਹ ਸਦਾ ਮਿਲਦਾ ਰਹੇਗਾ।

ਮੈਂ ਇਸ ਮਹਾਨ ਸ਼ਖਸੀਅਤ ਨੂੰ ਕਾਵਿਕ ਸ਼ਰਧਾਂਜਲੀ ਵਜੋਂ ਕਾਵਿ-ਸਤਰਾਂ ਲਿਖੀਆਂ ਸਨ,

ਰੱਖਦਾ ਰਿਹਾ ਜੋ ਉਮਰ ਭਰ
ਹਰ ਬਾਤ ਦੀ ਖਬਰ,
ਉਹ ਆਦਮੀ ਮੈਂ ਵੇਖਿਆ
ਆਪਣੇ ਤੋਂ ਬੇਖਬਰ।

ਦੁਨੀਆਂ ਦੇ ਸਾਰੇ ਦਰਦ ਨੂੰ
ਸੀਨੇ 'ਚ ਪਾ ਲਿਆ
ਆਪਣੇ ਜਿਗਰ ਦੀ ਪੀੜ ਨੂੰ
ਰੱਖਿਆ ਲੁਕਾ ਕੇ ਪਰ।
ਸਾਰੇ ਜਗਤ ਦੇ ਬੋਧ ਨੂੰ ਮੱਥੇ 'ਚ ਸਾਂਭਿਆ,
ਕੀਤਾ ਮਨੁੱਖ ਦੇ ਰੂਪ ਵਿਚ ਦਰਵੇਸ਼ ਨੇ ਸਫਰ।

ਮੱਥਿਆਂ 'ਚ ਬਾਲੇ ਓਸ ਨੇ ਦੀਵੇ ਗਿਆਨ ਦੇ,
ਬਣ ਕੇ ਰਿਹਾ ਉਹ ਰਹਿਨੁਮਾ
ਚਾਨਣ ਦਾ ਹਮਸਫਰ।
ਜਿਸ ਥਾਂ ਕਦਮ ਉਸ ਨੇ ਧਰੇ,
ਛਾਪ ਆਪਣੀ ਲਾ ਗਿਆ,
ਰਾਹਾਂ 'ਤੇ ਉਸ ਨੂੰ ਦੂਰ ਤੱਕ ਵੇਖੇ ਨਜ਼ਰ ਨਜ਼ਰ।

ਕਵਿਤਾ ਦੇ ਉੱਚੇ ਅੰਬਰੀਂ ਪਰਵਾਜ਼ ਭਰ ਗਿਆ,
ਧਰਤੀ ਦੇ ਬਿਖੜੇ ਪੰਧ 'ਤੇ ਕਰਦਾ ਰਿਹਾ ਸਫਰ।
ਸ਼ਬਦਾਂ 'ਚ ਬੰਨ੍ਹਾਂ ਕਿਸ ਤਰ੍ਹਾਂ ਪ੍ਰਕਾਸ਼ ਦੋਸਤੇ,
ਅੰਬਰ ਦੇ ਤੀਕਰ ਫੈਲਿਆ
ਧਰਤੀ ਦੇ ਹਰ ਨਗਰ।

*(ਸਮਾਪਤ)*

## ਗੀਤ ਲੋਕਾਂ ਦੇ ਨਾਂ

ਲੱਡੂ ਮੋਤੀਚੂਰ ਦਾ ਕੌੜਾ ਦੋਸਤਾ,
ਸਾਰਾ ਕੁਝ ਹੁੰਦਾ ਵੇ ਫਰਜ਼ੀ।
ਚਾਅ ਮੁੱਕ ਜਾਣ ਸੱਭੇ,
ਜਿਉਣਾ ਪੈ ਜੇ ਮਾਰ ਕੇ,
ਦੋਸਤਾ ਵੇ ਮਰਜ਼ੀ।

ਚਾਂਦੀ ਰੰਗੇ ਉਹ ਦਿਨ ਦੋਸਤਾ,
ਜਦ ਸੀ ਦੋਵੇਂ ਵੇ ਆਸ਼ਕ।
ਚੰਦ ਪਰਨਾਇਆ ਸੂਰਜਾ,
ਬਣ ਬੈਠਾ ਹੁਣ ਤੂੰ,
ਚੰਦਰਿਆ ਵੇ ਸ਼ਾਸ਼ਕ।

ਵਿਆਹ ਕਰਾ ਕੇ ਦੋ ਜਣੇ ਦੋਸਤਾ,
ਕਰ ਤਿਆਗ ਤਾਰਦੇ ਵੇ ਮੁੱਲ।
ਸੱਭੇ ਕੁਝ ਸੁੰਗੜਦਾ,
ਬਣ ਜਾਂਦਾ ਗਮਲੇ ਦਾ,
ਦੋਸਤਾ ਵੇ ਫੁੱਲ।

ਵਿਆਹ ਆਜ਼ਾਦੀ ਖੋਹ ਲੈਂਦਾ ਦੋਸਤਾ,
ਜੱਗ ਦੀ ਇਹੀ ਵੇ ਰੀਤ।
ਤਨ, ਮਨ ਆਪਣਾ ਹਾਰ ਕੇ,
ਰਹਿ ਗਾਉਂਦਾ ਜਿੱਤ ਦੇ,
ਦੋਸਤਾ ਵੇ ਗੀਤ।

ਲੱਖਾਂ ਮਣ ਮੋਹ ਤੇਰੇ ਲਈ ਦੋਸਤਾ,
ਕਾਇਮ ਰਹੇ ਸਦਾ ਵੇ ਸਤਿਕਾਰ।
ਗੱਲਾਂ ਕਰੀਏ ਰੱਜ ਕੇ,
ਰਾਜ਼ ਕਦੇ ਨਾ ਨਿਕਲੇ, ਦੋਸਤਾ ਵੇ ਬਾਹਰ।

*-ਗੁਰਮੇਲ ਬੀਰੋਕੇ*
*ਫੋਨ: 1-604-825-8053*

## ਰਾਜਸਥਾਨੀ ਲੋਕ ਕਹਾਣੀਆਂ-14




ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਵੱਡੀ ਕੌਣ?

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਵੱਡੀ ਕੌਣ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਇੱਕ ਸੀ ਕਿਸਾਨ, ਕਿਸਾਨ ਦੇ ਦੋ ਪੁੱਤਰ। ਵੱਡੇ ਦਾ ਨਾਮ ਰੱਖਿਆ ਦੌਲਤ ਅਤੇ ਛੋਟੇ ਦਾ ਨਾਮ ਦੀਨ। ਉਮਰ ਵਿਚ ਤਿੰਨ ਸਾਲ ਦਾ ਫਰਕ ਪਰ ਸੁਭਾਅ ਵਿਚ ਫਰਕ ਵੱਡਾ। ਗਿੱਦੜ ਅਤੇ ਕਾਂ ਵਾਂਗ ਦੌਲਤ ਘਾਗ, ਦੀਨ ਘੁੱਗੀ ਕਬੂਤਰ ਵਾਂਗ ਭੋਲਾ ਭਾਲਾ, ਸਿੱਧਾ ਸਾਦਾ। ਦੌਲਤ ਠਿਗਣਾ, ਪੇਟੂ, ਕਣਕਵੰਨਾ ਰੰਗ, ਗਹਿਰੀਆਂ ਅੱਖਾਂ, ਨੱਕ ਫੀਨਾ, ਰੋਮ ਰੋਮ 'ਚੋਂ ਝਰਦੀ ਚਤੁਰਾਈ। ਦੀਨ ਪਤਲਾ ਤੇ ਲੰਮਾ, ਤਾਂਬੇ ਰੰਗਾ, ਤਿੱਖਾ ਨੱਕ, ਪਾਰਦਰਸ਼ੀ ਸ਼ਕਲ, ਨਿਰਮਲ ਅੱਖਾਂ, ਖਰਾ ਉਜਲਾ ਮਨ। ਵੱਡੇ ਭਰਾ ਦਾ ਪੂਰਾ ਆਦਰ ਕਰਦਾ। ਅੱਡੋ ਅੱਡ ਸੁਭਾਵਾਂ ਨੂੰ ਅੱਡੋ ਅੱਡ ਫਲ ਲੱਗੇ।

ਸੁਰਗਵਾਸ ਹੋਣ ਤੋਂ ਪਹਿਲਾਂ ਆਪਣੇ ਹੱਥੀਂ ਕਿਸਾਨ ਪਿਤਾ ਨੇ ਜ਼ਮੀਨ ਜਾਇਦਾਦ, ਪੈਸਾ ਟਕਾ, ਦੇਣਦਾਰੀ ਲੈਣਦਾਰੀ ਬਰਾਬਰ ਵੰਡ ਦਿੱਤੀ। ਦੋ ਸਾਲ ਵਿਚ ਹੌਲੀ ਹੌਲੀ ਬੇਈਮਾਨੀ ਸਦਕਾ ਦੌਲਤ ਨੇ ਦੀਨ ਦੀ ਜਾਇਦਾਦ ਹੜੱਪ ਕਰ ਲਈ। ਮਾਂ ਜਾਇਆ ਸਕਾ ਭਾਈ ਹੁੰਦੇ ਸੁੰਦੇ ਦੀਨ ਵੱਡੇ ਭਰਾ ਕੋਲ ਮਜ਼ਦੂਰੀ ਕਰਨ ਲੱਗਾ। ਉਸ ਦੀ ਟੁੱਟੀ ਫੁੱਟੀ ਝੌਂਪੜੀ ਦੇ ਕੰਮ ਕਾਜ ਠੱਪ ਹੁੰਦੇ ਗਏ, ਉਸ ਨੂੰ ਪਤਾ ਤੱਕ ਨਾ ਲੱਗਾ। ਲੋਕਾਂ ਤੋਂ ਕਿਹੜਾ ਕੋਈ ਗੱਲ ਲੁਕੀ ਛਿਪੀ ਰਹਿੰਦੀ ਹੈ, ਇਸ ਵਾਸਤੇ ਦੀਨ ਨੂੰ ਕੌਣ ਆਪਣੀ ਧੀ ਦਾ ਹੱਥ ਫੜਾਏ? ਨਾ ਸ਼ਗਨ ਨਾ ਸ਼ਾਦੀ। ਦੌਲਤ ਦੌਲਤ ਸੀ, ਧੂਮ ਧਾਮ ਨਾਲ ਵਿਆਹ ਹੋਇਆ।

ਸੰਜੋਗਾਂ ਦੀ ਗੱਲ, ਭਰਜਾਈ ਭਰਾ ਤੋਂ ਵੀ ਵੱਧ ਤੇਜ਼ ਤਰਾਰ, ਹੰਕਾਰੀ। ਦਿਉਰ ਦੇ ਚੰਗੇ ਭਲੇ ਕੰਮ ਵਿਚ ਮੀਨ ਮੇਖ ਕੱਢਦੀ, ਲੜਨ ਦਾ ਕੋਈ ਮੌਕਾ ਨਾ ਖੁੰਝਾਉਂਦੀ। ਜਿਸ ਦਿਨ ਘਰ ਵਿਚ ਆਈ, ਗੋਹਾ ਵੀ ਦੀਨ ਚੁੱਕੇ, ਪਾਥੀਆਂ ਵੀ ਦੀਨ ਪੱਥੇ। ਸ਼ੁਰੂ ਸ਼ੁਰੂ ਵਿਚ ਤਾਂ ਅੱਧੇ ਦੁੱਧ ਵਿਚ ਅੱਧਾ ਪਾਣੀ ਪਾ ਕੇ ਦੇ ਵੀ ਦਿੰਦੀ। ਥੋੜ੍ਹੇ ਦਿਨਾਂ ਪਿੱਛੋਂ ਤਾਂ ਦੀਨ ਦੇ ਹਿੱਸੇ ਬਸ ਲੱਸੀ ਆਉਂਦੀ। ਅੱਧੀ ਰਾਤ ਗਈ ਸੌਂਦਾ, ਸਰਘੀ ਵੇਲੇ ਸਵਖਤੇ ਉਠਦਾ। ਹਰ ਕੰਮ ਵਿਚ ਮਾਹਿਰ। ਹੁਨਰਮੰਦ। ਕੰਮ ਤੋਂ ਬਾਅਦ ਫੇਰ ਕੰਮ ਉਸ ਵਾਸਤੇ ਸੁੱਖ ਆਨੰਦ ਹੋਇਆ ਕਰਦਾ। ਪਿੰਡ ਦੇ ਲੋਕਾਂ ਨੇ ਬਥੇਰੀ ਵਾਰ ਉਸ ਨੂੰ ਸਮਝਾਇਆ ਸੀ ਪਰ ਉਸ ਦੇ ਪੱਲੇ ਕੋਈ ਗੱਲ ਨਾ ਪੈਂਦੀ। ਲੋਕ ਸੋਚਦੇ ਇਸ ਦੇ ਦੁੱਖਾਂ ਦਾ ਕੋਈ ਪਾਰਾਵਾਰ ਨਹੀਂ ਪਰ ਉਹ ਆਪਣੇ ਆਪ ਵਿਚ ਮਸਤ ਰਹਿੰਦਾ। ਹੋਠਾਂ ਉਪਰ ਬੱਚਿਆਂ ਵਰਗੀ ਮਾਸੂਮ ਮੁਸਕਾਨ ਖੇਡਦੀ ਰਹਿੰਦੀ। ਆਪਣੇ ਆਪ ਨੂੰ ਛੱਡ ਕੇ ਕਿਸੇ ਹੋਰ ਦੀ ਗੱਲ ਮੰਨਣ ਨੂੰ ਉਸ ਦਾ ਦਿਲ ਨਾ ਕਰਦਾ। ਦੂਜਿਆਂ ਦੀਆਂ ਗੱਲਾਂ ਵਿਚ ਆਉਣ ਦੀ ਆਦਤ ਪਈ ਹੀ ਨਹੀਂ।

ਇੱਕ ਦਿਨ ਗਰਮੀ ਦੀ ਰੁੱਤੇ, ਸਾਂ ਸਾਂ ਸ਼ੂਕਦੀਆਂ ਲੂਆਂ, ਅੱਗ ਵਰਗੀ ਧੁੱਪ ਵਿਚ ਉਹ ਝਾੜ-ਝੰਖਾੜ ਪੁੱਟ ਕੇ ਜ਼ਮੀਨ ਵਾਹੀਯੋਗ ਬਣਾਉਣ ਲੱਗਾ ਹੋਇਆ ਸੀ। ਦਿਨ ਢਲਣ ਨੂੰ ਆ ਗਿਆ, ਭਾਬੀ ਰੋਟੀ ਲੈ ਕੇ ਨਹੀਂ ਆਈ। ਸੁਸਤਾਉਣ ਦੀ ਤਾਂ ਗੱਲ ਛੱਡੋ, ਉਸ ਨੇ ਪਿੰਡ ਵਲ ਦੇਖਿਆ ਵੀ ਨਾ, ਪਰ ਜਿਨ੍ਹਾਂ ਨੇ ਦੇਖਣਾ ਸੀ, ਉਨ੍ਹਾਂ ਤੋਂ ਕੀ ਛੁਪਿਆ? ਲੱਛਮੀ ਅਤੇ ਕਿਸਮਤ ਤਕਰਾਰ ਕਰਦੀਆਂ ਹੋਈਆਂ ਉਥੋਂ ਦੀ ਲੰਘੀਆਂ। ਲੱਛਮੀ ਕਹੇ- ਮੈਂ ਵੱਡੀ, ਕਿਸਮਤ ਕਹੇ ਮੈਂ। ਲਉ ਜੀ, ਦੀਨ ਨੂੰ ਦੇਖਣ ਸਾਰ ਉਨ੍ਹਾਂ ਨੂੰ ਫੈਸਲਾ ਕਰਨ ਦਾ ਮੌਕਾ ਮਿਲ ਗਿਆ। ਆਪਣੇ ਆਪ ਵਿਚ ਮਸਤ, ਦ੍ਰਿੜ੍ਹ ਇਰਾਦੇ ਦਾ ਮਨੁੱਖ ਨਿਰਵਿਘਨ ਕਹੀ ਚਲਾ ਰਿਹਾ ਸੀ, ਪਸੀਨੇ ਨਾਲ ਲਥ-ਪਥ, ਮਿੱਟੀ ਘੱਟੇ ਨਾਲ ਅੱਟਿਆ ਹੋਇਆ। ਉਸ ਵਲ ਇਸ਼ਾਰਾ ਕਰ ਕੇ ਲੱਛਮੀ ਕਹਿੰਦੀ- ਦੇਖ ਮੇਰਾ ਚਮਤਕਾਰ। ਮੇਰੇ ਵਲੋਂ ਮੂੰਹ ਮੋੜਨ ਵਾਲੇ ਦੀ ਇਹ ਹਾਲਤ ਹੁੰਦੀ ਹੈ। ਮੇਰੀ ਮਿਹਰਬਾਨੀ ਸਦਕਾ ਇਸ ਦਾ ਭਰਾ ਦੌਲਤ ਮੌਜਾਂ ਕਰ ਰਿਹਾ ਹੈ, ਗੁਲ-ਛੱਰਰੇ ਉਡਾ ਰਿਹਾ ਹੈ ਤੇ ਇਹ ਦੀਨ, ਬਲਦ ਵਾਂਗ ਦਿਨ ਰਾਤ ਨ੍ਹੇਰਾ ਢੋਂਦਾ ਹੈ, ਖੂਨ ਪਸੀਨਾ ਵਹਾਉਂਦਾ ਹੈ। ਇਸ ਦਾ ਭਰਾ ਟੰਗ 'ਤੇ ਟੰਗ ਧਰ ਕੇ ਪਲੰਘ 'ਤੇ ਲੇਟਿਆ ਮੌਜ ਕਰਦਾ ਹੈ, ਬਹੂ ਮਹਿੰਦੀ ਰੰਗੇ ਹੱਥਾਂ ਨਾਲ ਪੱਖੀ ਝਲਦੀ ਹੈ।

-ਪਗਲੀ ਇਸ ਵਿਚ ਤੇਰਾ ਕੀ ਚਮਤਕਾਰ? ਕਿਸਮਤ ਮੁਸਕਾਈ- ਇਹ ਤਾਂ ਮੇਰਾ ਕ੍ਰਿਸ਼ਮਾ ਹੈ। ਪਿਤਾ ਦੀ ਮੌਤ ਬਾਅਦ ਤੂੰ ਤਾਂ ਬਰਾਬਰ ਬਰਾਬਰ ਵੰਡੀ ਗਈ ਸੀ ਪਰ ਮੈਂ ਦੀਨ ਦੀ ਮਦਦ ਨਹੀਂ ਕੀਤੀ, ਇਸ ਕਰ ਕੇ ਕਸ਼ਟ ਭੋਗ ਰਿਹਾ ਹੈ। ਫੁੱਟੀ ਕਿਸਮਤ ਜੋੜ ਦਏਂ ਤੇਰੀ ਕੀ ਹੈਸੀਅਤ? ਹੁਣ ਵੀ ਜ਼ੋਰ ਲਾ ਕੇ ਦੇਖ ਲੈ, ਕੁਝ ਕਰ ਸਕਦੀ ਹੈਂ ਕਰ ਲੈ। ਕਸਰ ਨਾ ਛੱਡੀਂ ਕੋਈ।

ਲੱਛਮੀ ਦੇ ਕਾਲਜੇ ਵਿਚ ਇੱਕੋ ਵਾਰ ਜਿਵੇਂ ਹਜ਼ਾਰ ਸੂਲਾਂ ਖੁਭ ਗਈਆਂ। ਨੱਕ ਬੁੱਲ੍ਹ ਟੇਰ ਕੇ ਕਹਿਣ ਲੱਗੀ- ਜ਼ਿਆਦਾ ਹੰਕਾਰ ਗਾਲ ਦਿੰਦਾ ਹੈ। ਉਬਲਿਆ ਦੁੱਧ ਰਾਖ ਵਿਚ ਡਿੱਗਦਾ ਹੈ। ਤੇਰਾ ਮੇਰਾ ਕੀ ਮੁਕਾਬਲਾ? ਮੇਰੀ ਨਜ਼ਰ ਜਿਸ ਉਤੇ ਸਵੱਲੀ ਹੋਵੇ, ਤੂੰ ਉਸ ਦਾ ਵਾਲ ਵਿੰਗਾ ਨਹੀਂ ਕਰ ਸਕਦੀ। ਜੇ ਮੈਂ ਨਜ਼ਰ ਫੇਰ ਲਵਾਂ, ਤੂੰ ਬੇਸ਼ੱਕ ਸਿਰ ਪਟਕ-ਪਟਕ ਮਰ ਜਾਏਂ ਤਾਂ ਵੀ ਕੁਝ ਨਹੀਂ ਹੋ ਸਕਦਾ। ਤੂੰ ਜੋ ਕਰਨੈ ਕਰ ਲੈ। ਮੈਂ ਇਸ ਇੱਕੋ ਫਸਲ ਨਾਲ ਦੀਨ ਦਾ ਬੇੜਾ ਪਾਰ ਕਰ ਦਿਆਂਗੀ, ਫਿਰ ਦੇਖਾਂਗੀ ਕੌਣ ਇਸ ਨੂੰ ਦੁਖ ਦਿੰਦਾ ਹੈ। ਦੇਖਦੀ ਜਾਈਂ, ਇਸ ਨੂੰ ਦੁੱਧ ਦੇ ਸਰੋਵਰ ਵਿਚ ਨਾ ਨੁਹਾ ਦਿਆਂ, ਮੇਰਾ ਨਾਮ ਬਦਲ ਦੇਈਂ ਫੇਰ ਬੇਸ਼ੱਕ।


ਕਿਸਮਤ ਨੇ ਸੋਚਿਆ, ਪਾਗਲ ਨਾਲ ਬਹਿਸ ਵਿਚ ਉਲਝਣਾ ਠੀਕ ਨਹੀਂ ਹੁੰਦਾ। ਹੱਸ ਕੇ ਚੁੱਪ ਕਰ ਗਈ। ਉਸ ਦਾ ਹਾਸਾ ਲੱਛਮੀ ਨੂੰ ਜ਼ਹਿਰ ਵਾਂਗ ਲੱਗਾ। ਦੋਵਾਂ ਵਿਚ ਪੂਰੀ ਠਣ ਗਈ।

ਹਾੜ੍ਹੀ ਦੀ ਫਸਲ ਵੰਡਣ ਵੇਲੇ ਘਰਵਾਲੀ ਦੇ ਉਕਸਾਉਣ ਬਾਅਦ ਦੌਲਤ ਨੇ ਦੀਨ ਨੂੰ ਮਜ਼ਦੂਰੀ ਦੇ ਇਵਜ਼ ਵਿਚ ਕਿਹਾ- ਤੂੰ ਮਤੀਰੇ ਤੇ ਕੱਕੜੀਆਂ ਲੈ ਲੈ। ਵੇਲਾਂ ਨੂੰ ਫਲ ਲੱਗੇ ਨਾ ਲੱਗੇ ਤੇਰੇ ਭਾਗ। ਕਿਸੇ ਗੱਲ 'ਤੇ ਤਕਰਾਰ ਕਰਨਾ ਦੀਨ ਜਾਣਦਾ ਹੀ ਨਹੀਂ ਸੀ। ਹਾਂ ਕਰ ਦਿੱਤੀ। ਕੁਦਰਤ ਨੇ ਪਤਾ ਨਹੀਂ ਕੀ ਸੋਚ ਕੇ ਕਿਸ ਮੌਜ ਵਿਚ ਆ ਕੇ ਅਜੀਬੋ ਗਰੀਬ ਮਨੁੱਖ ਸਿਰਜ ਦਿੱਤਾ, ਉਸ ਦੇ ਭੇਤ ਕੌਣ ਜਾਣੇ? ਕਦੇ ਕਦੇ ਕਿਸੇ ਸ਼ਤਾਬਦੀ ਵਿਚ ਕੁਦਰਤ ਵੀ ਕੋਈ ਪਾਗਲਪਣ ਕਰ ਕੇ ਖੁਸ਼ ਹੁੰਦੀ ਹੈ, ਫਿਰ ਉਹ ਸੋਚ ਵਿਚਾਰ ਨਹੀਂ ਕਰਦੀ। ਆਦਮੀ ਆਦਮੀ ਹੈ, ਉਸ ਦਾ ਹਿਸਾਬ ਅੱਡ, ਕੁਦਰਤ ਦਾ ਮਿਜ਼ਾਜ ਅੱਡ। ਤੇ ਉਧਰ ਲੱਛਮੀ ਦੀ ਖਿਝ ਖਪ ਵੱਖਰੀ ਕਿਸਮ ਦੀ। ਉਸ ਨੇ ਦੀਨ ਦੀ ਮਦਦ ਕਰਨੀ ਸੀ ਤਾਂ ਪਿੱਛੇ ਕਿਉਂ ਰਹੇ? ਮਤੀਰੇ ਮਤੀਰੇ ਅਤੇ ਕੱਕੜੀ ਕੱਕੜੀ ਵਿਚ ਬੀਜਾਂ ਦੀ ਥਾਂ ਅੱਖ ਬਚਾ ਕੇ ਉਸ ਨੇ ਹੀਰੇ ਮੋਤੀ ਭਰ ਦਿੱਤੇ। ਫਸਲ ਪੱਕੀ ਤਾਂ ਆਪਣੇ ਘਰ ਢੋਣ ਵਾਸਤੇ ਦੀਨ ਨੂੰ ਤਿੰਨ ਦਿਨ ਲੱਗੇ। ਇੱਕ ਵੀ ਬੀਜ ਜ਼ਾਇਆ ਨਹੀਂ ਕਰੇਗਾ। ਆਖਰੀ ਸਹਾਰਾ ਹੁਣ ਬੀਜਾਂ ਦਾ ਹੀ ਹੈ। ਮਗਜ਼ ਕੱਢਾਂਗੇ, ਭੁੰਨ-ਭੁੰਨ ਕੇ ਖਾਇਆ ਕਰਾਂਗੇ ਮੌਜ ਨਾਲ। ਬੀਜਾਂ ਨੂੰ ਘੜਿਆਂ ਵਿਚ ਪਾ ਕੇ ਛਾਂ ਹੇਠ ਮਿੱਟੀ ਵਿਚ ਦੱਬ ਕੇ ਰੱਖਾਂਗਾ, ਖਰਾਬ ਨਹੀਂ ਹੋਣਗੇ। ਪਹਿਲਾਂ ਕੱਕੜੀਆਂ ਦੇ ਮਗਜ਼। ਜਿੰਨਾ ਚਿਰ ਕੱਕੜੀਆਂ ਦੇ ਮਗਜ਼ ਨਹੀਂ ਮੁਕਦੇ, ਮਤੀਰੇ ਦੇ ਬੀਜ ਛੁਹੇਗਾ ਵੀ ਨਹੀਂ। ਸਾਰੀਆਂ ਗੱਲਾਂ ਦਾ ਪਤੈ।

ਸਾਰਾ ਦਿਨ ਮਿਹਨਤ ਕਰ ਕੇ ਕੜਾਕੇ ਦੀ ਭੁੱਖ ਲੱਗੀ। ਦਾਤੀ ਨਾਲ ਕੱਕੜੀ ਚੀਰੀ। ਬੀਜਾਂ ਦੀ ਬਜਾਏ ਲਿਸ਼ਕਦੇ ਕੰਕਰ ਦੇਖੇ, ਹੈਰਾਨ ਰਹਿ ਗਿਆ। ਇਹ ਕੀ ਹੋਇਆ? ਸਾਰੇ ਕੰਕਰ ਇੱਕੋ ਸਾਂਚੇ ਵਿਚ ਢਲੇ ਹੋਏ। ਇਹੋ ਜੀ ਅਣਹੋਣੀ ਨਾ ਕਦੇ ਦੇਖੀ ਨਾ ਸੁਣੀ। ਕੁਦਰਤ ਦੀਆਂ ਕੁਦਰਤ ਜਾਣੇ! ਦਿਲ ਤਾਂ ਨਹੀਂ ਸੀ ਕਰਦਾ ਪਰ ਇੱਕ ਮਤੀਰਾ ਚੀਰ ਲਿਆ। ਉਸ ਵਿਚ ਵੀ ਇਹੋ ਕੰਕਰ। ਦੋ ਤਿੰਨ ਕੱਕੜੀਆਂ ਦੋ ਤਿੰਨ ਮਤੀਰੇ ਹੋਰ ਤੋੜੇ, ਸਭ ਵਿਚ ਉਹੀ ਕੁਝ। ਹੁਣ ਹੋਰ ਮੱਥਾ ਕੀ ਮਾਰਨਾ? ਖਾਣ ਵਾਲਾ ਗੁੱਦਾ ਰੱਖ ਕੇ ਕੰਕਰ ਟੋਕਰੇ ਵਿਚ ਪਾਏ ਤੇ ਵਿਹੜੇ ਦੇ ਖੂੰਜੇ ਵਿਚ ਦੱਬ ਦਿੱਤੇ, ਗੋਲ-ਗੋਲ, ਸਾਫ-ਸਾਫ ਚਿਕਨੇ-ਚਿਕਨੇ ਕੰਕਰ। ਭਾਈ ਭਰਜਾਈ ਹੱਸਣਗੇ, ਖਿੱਲੀ ਉਡਾਉਣਗੇ, ਸੋ ਉਨ੍ਹਾਂ ਨੂੰ ਕੀ ਦੱਸਣਾ! ਨਸੀਬ ਕੋਸੀ ਜਾਏ, ਇਹ ਪਾਠ ਉਸ ਨੇ ਪੜ੍ਹਿਆ ਨਹੀਂ ਸੀ, ਰੱਬ ਅੱਗੇ ਹਾੜ੍ਹੇ ਕੱਢਣੇ ਵੀ ਉਸ ਨੂੰ ਚੰਗੇ ਨਾ ਲੱਗਦੇ। ਸਬਰ ਸ਼ੁਕਰ ਵਾਲਾ ਸਿਧਾ ਸਾਦਾ ਬੰਦਾ।

ਵੱਡਾ ਭਰਾ ਦੌਲਤ ਉਸੇ ਤਰ੍ਹਾਂ ਮੌਜਾਂ ਲੁੱਟਦਾ ਰਿਹਾ। ਲੱਛਮੀ ਦੀ ਮਿਹਰ ਹੋਣ ਦੇ ਬਾਵਜੂਦ ਦੀਨ ਪਹਿਲਾਂ ਵਾਂਗ ਦਿਹਾੜੀ ਕਰਦਾ ਰਿਹਾ। ਲੋਕਾਂ ਭਾਣੇ ਦੁਖ ਝਲਦਾ। ਉਹੀ ਟੁੱਟੀ ਝੌਂਪੜੀ, ਉਹੀ ਖਸਤਾ ਹਾਲ ਵਿਹੜਾ, ਉਹੀ ਗਰੀਬ ਮਜ਼ਦੂਰ। ਦਿਨ ਚੜ੍ਹਦਾ ਛਿਪਦਾ ਰਿਹਾ। ਦੀਨ ਆਪਣੀ ਦੁਨੀਆ ਵਿਚ ਰਹਿੰਦਾ, ਨੌਂ ਲੱਖ ਤਾਰਿਆਂ ਨਾਲ ਜੜੀ ਹੋਈ ਰਾਤ ਆਪਣੇ ਹਿਸਾਬ ਨਾਲ ਢਲਦੀ। ਆਪਣੇ ਆਪ ਤੋਂ ਬਾਹਰ ਨਿਕਲਣ ਦੀ ਇੱਛਾ ਉਸ ਨੂੰ ਕਦੇ ਹੋਈ ਹੀ ਨਹੀਂ। ਆਪਣੀ ਮੌਜ ਵਿਚ ਵਗਦੀ ਨਦੀ ਨੂੰ ਹਜ਼ਾਰ ਕੋਹ ਦੂਰ ਜਾ ਕੇ ਵੀ ਪਤਾ ਨਹੀਂ ਲਗਦਾ ਹੁੰਦਾ, ਪਿਆਸ ਕੀ ਹੁੰਦੀ ਹੈ। ਫੁੱਲ ਨੂੰ ਕੀ ਪਤਾ ਉਹ ਕਿੰਨਾ ਸੁਹਣਾ ਹੈ। ਬੱਦਲਾਂ ਅੰਦਰਲੇ ਪਾਣੀ ਵਿਚਕਾਰ ਘਿਰੀ ਬਿਜਲੀ ਨੂੰ ਕਦ ਇੱਛਾ ਹੋਈ ਕਿ ਆਪਣੀ ਅੱਗ ਬੁਝਾ ਲਵੇ?

ਕਿਸਮਤ ਲੱਛਮੀ ਵਲ ਦੇਖਦੀ, ਖਿੱਲੀ ਉਡਾਣ ਵਾਸਤੇ ਹੱਸਦੀ। ਉਸ ਦਾ ਹੱਸਣਾ ਲੱਛਮੀ ਨੂੰ ਅੱਗ ਲਾ ਦਿੰਦਾ। ਇੰਨੀ ਮਿਹਰਬਾਨੀ ਕਰਦੀ ਹਾਂ ਇਸ ਮੂਰਖ ਤੇ, ਪਰ ਇਹ ਉਹੀ ਗਰੀਬ ਦਾ ਗਰੀਬ। ਹੀਰੇ ਮੋਤੀਆਂ ਦੀ ਪਛਾਣ ਨਹੀਂ, ਝੂਰਦਾ ਹੈ ਬੀਜ ਕਿੱਧਰ ਗਏ, ਮਗਜ਼ ਖਾਣੇ ਸਨ! ਕੰਕਰ ਸਮਝ ਰਿਹੈ, ਇਸ ਦੀ ਅਕਲ ਦਾ ਕੀ ਕਰਾਂ? ਬੇਸ਼ੁਮਾਰ ਮਾਇਆ ਦੇ ਸਕਦੀ ਹੈ ਲੱਛਮੀ, ਇਸ ਦਾ ਕਰਨਾ ਕੀ ਐ, ਇਹ ਤਾਂ ਨਹੀਂ ਸਿਖਾ ਸਕਦੀ। ਜੇ ਅਕਲ ਨਹੀਂ, ਧਨ ਕੀ ਕਰੇ ਫੇਰ?



ਅੱਧਾ ਭੁੱਖਾ ਅੱਧਾ ਰੱਜਿਆ ਦੀਨ ਜੂਨ ਕੱਟਦਾ ਰਿਹਾ, ਦਿਨ ਆਪਣੇ ਹਿਸਾਬ ਨਾਲ ਬੀਤਦੇ ਗਏ। ਗਰੀਬ ਤੋਂ ਰੱਬ ਨੇ ਬੀਜ ਵੀ ਖੋਹ ਲਏ! ਭੁੰਨ ਕੇ ਮਗਜ਼ ਚੱਬਣ ਦਾ ਸੁਆਦ ਵੀ ਨਾ ਲੈ ਸਕਿਆ। ਮਗਜ਼ ਖਾਂਦੇ, ਲੱਸੀ ਦਾ ਛੰਨਾ ਪੀਂਦੇ, ਨਜ਼ਾਰਾ ਆ ਜਾਂਦਾ। ਉਮਰ ਵਧਦੀ ਗਈ ਪਰ ਅਕਲ ਉਥੇ ਦੀ ਉਥੇ। ਕੁਦਰਤ ਨੇ ਵੀ ਤਾਂ ਇਨ੍ਹਾਂ ਥੋੜ੍ਹੇ ਕੁ ਗਿਣੇ ਚੁਣੇ ਬੰਦਿਆਂ ਰਾਹੀਂ ਆਪਣੇ ਸੁਫਨਿਆਂ ਦਾ ਜ਼ਾਇਕਾ ਲੈਣਾ ਹੁੰਦੈ। ਪਸ਼ੂ-ਪੰਛੀ ਵੀ ਆਪਣੇ ਭਲੇ ਬੁਰੇ ਦਾ ਖਿਆਲ ਰੱਖਦੇ ਨੇ ਪਰ ਦੀਨ ਦੀ ਸਮਝ ਉਨ੍ਹਾਂ ਜਿੰਨੀ ਵੀ ਨਹੀਂ।

ਇੱਕ ਦਿਨ ਸੰਜੋਗ ਦੀ ਗੱਲ ਇਹ ਹੋਈ ਕਿ ਵਪਾਰ ਕਰਦਾ ਕਰਦਾ ਲੱਖੀ ਵਣਜਾਰਾ ਉਧਰੋਂ ਦੀ ਲੰਘਣ ਲੱਗਾ, ਦੀਨ ਦੀ ਝੌਂਪੜੀ ਦੇ ਬਾਹਰ ਖੁੱਲ੍ਹੇ ਥਾਂ ਤੰਬੂ ਤਾਣੇ, ਡੇਰਾ ਲਾ ਲਿਆ। ਕੇਸਰ, ਕਸਤੂਰੀ, ਸੁੱਕੇ ਮੇਵਿਆਂ ਦਾ ਵਪਾਰੀ, ਅਣਗਿਣਤ ਮਾਇਆ ਦਾ ਧਨੀ। ਕੇਵਲ ਅਮੀਰ ਉਮਰਾ, ਸੇਠ ਸ਼ਾਹੂਕਾਰ, ਰਾਜਾ ਮਹਾਰਾਜਾ, ਬਾਦਸ਼ਾਹ ਨਾਲ ਵਾਸਤਾ। ਮਨ ਚਾਹਿਆ ਭਾਉ ਦਸਦਾ ਤੇ ਗਾਹਕ ਸੋਚਦੇ ਸਸਤਾ ਦੇ ਰਿਹਾ ਹੈ, ਲਿਹਾਜ ਕਰ ਰਿਹੈ।

ਮੁੱਠੀ ਵਿਚ ਮਾਇਆ ਹੋਵੇ ਜੰਗਲ ਵਿਚ ਮੰਗਲ ਹੋ ਜਾਂਦਾ ਹੈ। ਸਵਾ ਘੜੀ ਰਾਤ ਢਲੀ, ਕੰਮ ਮੁਕਾ ਕੇ ਗਪ-ਸ਼ਪ ਵਾਸਤੇ ਲੱਖੀ, ਦੀਨ ਦੇ ਵਿਹੜੇ ਵਿਚ ਚਲਾ ਗਿਆ। ਕਾਲੀ ਘੁੱਪ ਰਾਤ। ਹੱਥ ਨੂੰ ਹੱਥ ਨਾ ਲੱਭੇ। ਗਰੀਬ ਦੀਨ ਦੀ ਝੌਂਪੜੀ ਵਿਚ ਦੀਵਾ ਤੱਕ ਨਹੀਂ। ਗੱਲਾਂ ਕਰਦਿਆਂ ਲੱਖੀ ਵਣਜਾਰੇ ਨੇ ਇੱਕ ਖੂੰਜੇ ਵਿਚ ਰੌਸ਼ਨੀ ਦੇਖੀ। ਪੁੱਛਿਆ- ਇਹ ਇੱਧਰ ਕੁਝ ਜਲ ਰਿਹਾ ਹੈ ਭਾਈ। ਕਿਸ ਚੀਜ਼ ਦੀ ਲਾਟ ਹੈ ਇਹ?

ਦੀਨ ਨੇ ਕਿਹਾ- ਜਲਦਾ ਸੁਲਗਦਾ ਕੁਝ ਨਹੀਂ ਏਥੇ। ਡਰ ਨਾ। ਕੰਕਰਾਂ ਦਾ ਚਾਨਣ ਹੈ। ਨੇੜ੍ਹੇ ਵਿਚ ਰੋਜ਼ ਈ ਚਮਕਦੇ ਨੇ। ਵਣਜਾਰੇ ਨੂੰ ਬੜੀ ਹੈਰਾਨੀ ਹੋਈ। ਕੰਕਰ? ਇਹ ਕਿਹੋ ਜਿਹੇ ਕੰਕਰ? ਦੇਖਾਂ ਤਾਂ ਸਹੀ।

ਇਹ ਕਹਿ ਕੇ ਉਹ ਖੂੰਜੇ ਵਲ ਗਿਆ। ਨੇੜੇ ਜਾ ਕੇ ਝਲਕ ਦੇਖੀ, ਉਦੀਂ ਤਾੜ ਗਿਆ ਇਹ ਮੂਰਖ ਬੰਦਾ ਹੀਰੇ ਮੋਤੀਆਂ ਨੂੰ ਕੰਕਰ ਕਹਿ ਰਿਹੈ। ਹਥੇਲੀ ਵਿਚ ਰੱਖੇ ਤਾਂ ਜਿਵੇਂ ਬੀਰ ਵਹੁਟੀਆਂ ਹੋਣ! ਏਨੇ ਮੁੱਲਵਾਨ ਹੀਰੇ ਇਸ ਕੋਲ ਆਏ ਕਿੱਥੋਂ? ਅਕਲ ਅਤੇ ਅੱਖਾਂ ਦੋਵਾਂ ਨੂੰ ਚੌਂਧਕ ਲੱਗ ਗਈ। ਇੱਕ ਨਗੀਨਾ ਸੱਤ ਪੀੜ੍ਹੀਆਂ ਦੀ ਗਰੀਬੀ ਚੱਕ ਦਏ! ਇਸ ਦੇ ਖੂੰਜੇ ਵਿਚ ਕੰਕਰਾਂ ਵਾਂਗ ਸੁੱਟੇ ਪਏ ਹਨ! ਸਹੀ ਹੈ, ਜੌਹਰੀ ਬਗੈਰ ਕੌਣ ਪਛਾਣੇ! ਮੂਰਖਾਂ ਵਾਸਤੇ ਕੰਕਰ ਨੇ।

ਦੀਨ ਤੋਂ ਪੁੱਛਿਆ। ਉਸ ਨੇ ਕੋਈ ਗੱਲ ਨਹੀਂ ਛੁਪਾਈ। ਬੱਚਿਆਂ ਵਾਂਗ ਇੱਕ-ਇੱਕ ਦੋ-ਦੋ ਕੱਕੜੀਆਂ, ਮਤੀਰੇ ਦਾਤੀ ਨਾਲ ਚੀਰ ਕੇ ਵੀ ਦਿਖਾਏ। ਦੱਸਿਆ- ਹੱਕ ਤਾਂ ਮੇਰਾ ਬਾਜਰੇ ਦੇ ਖੇਤ ਉਪਰ ਬਣਦਾ ਸੀ, ਭਾਬੀ ਦੀ ਸੀਖਤ ਵਿਚ ਆ ਕੇ ਭਰਾ ਨੇ ਮੈਨੂੰ ਇਹ ਕੱਕੜੀਆਂ ਮਤੀਰਿਆਂ ਦਾ ਖੇਤ ਦੇ ਦਿੱਤਾ। ਕੁਦਰਤ ਵੀ ਸ਼ਾਇਦ ਭਾਬੀ ਦੀ ਸੀਖਤ ਮੰਨਦੀ ਹੈ। ਤੁਸੀਂ ਤਾਂ ਦੇਸ-ਪਰਦੇਸ ਵਿਚ ਘੁੰਮਦੇ ਰਹਿੰਦੇ ਹੋ, ਦੱਸੋ ਕਿਤੇ ਦੇਖਿਆ ਕੁਦਰਤ ਦਾ ਇਹ ਤਮਾਸ਼ਾ? ਬੀਜ ਹੁੰਦੇ, ਮਗਜ਼ ਕੱਢ ਕੇ ਖਾਂਦੇ ਮਜ਼ੇ ਨਾਲ। ਕੰਕਰ ਨਾ ਖਾਏ ਜਾਣ ਨਾ ਨਿਗਲੇ ਜਾਣ!

ਉਸ ਦੀਆਂ ਗੱਲਾਂ ਸੁਣ ਕੇ ਲੱਖੀ ਵਣਜਾਰਾ ਉਲਝਣ ਵਿਚ ਪੈ ਗਿਆ। ਯਕੀਨ ਆਵੇ ਤਾਂ ਕਿਵੇਂ ਆਵੇ? ਕੋਈ ਇਹੋ ਜਿਹਾ ਬੰਦਾ ਵੀ ਹੈ ਦੁਨੀਆ ਵਿਚ ਜਿਸ ਨੂੰ ਹੀਰੇ ਮੋਤੀ ਅਤੇ ਕੰਕਰ ਵਿਚ ਫਰਕ ਨਾ ਦਿਸੇ? ਸੈਂਕੜੇ ਸਾਧੂ ਸੰਤਾਂ, ਰਿਸ਼ੀਆਂ ਮੁਨੀਆਂ ਨਾਲ ਵਾਹ ਪਿਆ, ਇਹੋ ਜਿਹੀ ਅਭੇਦ ਖਰੀ ਨਜ਼ਰ ਤਾਂ ਅੱਜ ਤੱਕ ਨਹੀਂ ਦੇਖੀ। ਲੱਖੀ ਉਨ੍ਹਾਂ ਕੰਕਰਾਂ ਦਾ ਮੁੱਲ ਚੰਗੀ ਤਰ੍ਹਾਂ ਜਾਣਦਾ ਸੀ। ਖਜ਼ਾਨੇ ਦੀ ਮਰਿਆਦਾ ਦਾ ਮਾਣ ਰੱਖਦਿਆਂ ਦੀਨ ਨੂੰ ਕਿਹਾ- ਕੁਦਰਤ ਦੇ ਤਮਾਸ਼ੇ ਬਾਰੇ ਸੋਚਣਾ ਬੰਦ ਕਰ। ਇੱਕ-ਇੱਕ ਕੰਕਰ ਬਦਲੇ ਮੈਂ ਤੈਨੂੰ ਸੌ-ਸੌ ਮੁਹਰਾਂ ਦਿੰਦਾ। ਫੇਰ ਤਾਂ ਕੋਈ ਫਿਕਰ ਨਹੀਂ?

-ਮੈਂ ਫਿਕਰ ਦੀ ਗੱਲ ਕਦ ਕੀਤੀ? ਮੈਂ ਤਾਂ ਕੁਦਰਤ ਦੇ ਤਮਾਸ਼ੇ ਦਾ ਜ਼ਿਕਰ ਕੀਤਾ ਹੈ ਤੁਹਾਡੇ ਕੋਲ ਸਿਰਫ। ਲਗਦੈ ਤੁਸੀਂ ਵੀ ਮੇਰਾ ਮਜ਼ਾਕ ਉਡਾਣ ਲੱਗੇ। ਕੰਕਰ ਜਾਂ ਮੁਹਰਾਂ ਖਾ ਕੇ ਦਿਖਾਉ ਮੈਨੂੰ ਤਾਂ ਮੰਨਾ। ਓ ਪੇਟ ਤਾਂ ਮਗਜ਼ਾਂ, ਬਾਜਰੇ ਜਾਂ ਜਵਾਰ ਦੇ ਦਾਣਿਆਂ ਨਾਲ ਭਰੂ। ਮੇਰਾ ਫਿਕਰ ਨਾ ਕਰੋ। ਭੁੱਖ ਤ੍ਰੇਹ ਦੀ ਮੈਂ ਬਹੁਤੀ ਪਰਵਾਹ ਨਹੀਂ ਕਰਿਆ ਕਰਦਾ। ਮੈਂ ਤਾਂ ਮਤੀਰੇ ਦੇ ਗੁੱਦੇ ਨਾਲ ਕੰਮ ਸਾਰ ਲੂੰ। ਫੇਰ ਜੰਗਲ ਵਿਚ ਫਲ ਬੂਟੇ ਕਿਹੜਾ ਥੋੜ੍ਹੇ ਨੇ।

ਲੱਖੀ ਵਣਜਾਰੇ ਨੇ ਧੀਰਜ ਨਾਲ ਗੱਲ ਸਮਝਾਉਣੀ ਚਾਹੀ- ਬਾਜ਼ਾਰ ਜਾਹ। ਇੱਕ ਮੁਹਰ ਬਦਲੇ ਜੋ ਚਾਹੇਂ ਜਿੰਨਾ ਚਾਹੇਂ ਖਰੀਦ ਸਕਦੈਂ, ਘਿਉ, ਗੁੜ, ਖੰਡ, ਮਿਰਚ, ਮਸਾਲੇ, ਭਾਂਡੇ-ਟੀਂਡੇ, ਕੱਪੜੇ ਲੱਤੇ, ਗਾਂ ਮੱਝ ਕੁਝ ਵੀ। ਮੁਹਰਾਂ ਜੇਬ ਵਿਚ ਹੋਣ ਤਾਂ ਪੱਕੀ ਹਵੇਲੀ ਬਣਨ ਵਿਚ ਦੇਰ ਨਹੀਂ ਲਗਦੀ।

ਪਰ ਦੀਨ ਦੇ ਦਿਮਾਗ ਵਿਚ ਕੋਈ ਗੱਲ ਵੜੀ ਹੀ ਨਾ। ਕਹਿੰਦਾ- ਨਾ ਬਾਬਾ ਨਾ, ਇਹ ਕੂੜਾ-ਕਬਾੜਾ ਮੈਨੂੰ ਨਹੀਂ ਠੀਕ ਲਗਦਾ। ਪਸ਼ੂ-ਪੰਛੀਆਂ ਕੋਲ ਕਿਹੜੀਆਂ ਮੁਹਰਾਂ ਨੇ? ਫੇਰ ਵੀ ਮਜ਼ੇ ਨਾਲ ਰਹਿੰਦੇ ਨੇ, ਉਡੇ ਫਿਰਦੇ ਨੇ। ਮੈਂ ਨਹੀਂ ਦੇਖਿਆ ਉਹ ਕਦੇ ਰੋਣ ਧੋਣ ਕਰਦੇ ਹੋਣ।

ਵਾਰ-ਵਾਰ ਲੱਖੀ ਵਣਜਾਰਾ ਜ਼ਿੱਦ ਕਰਦਾ ਰਿਹਾ ਤਾਂ ਆਖਰ ਜਵਾਰ ਬਾਜਰੇ ਦੀਆਂ ਪੰਜਾਹ ਭਰੀਆਂ ਬਦਲੇ ਦੀਨ ਸਾਰੇ ਹੀਰੇ, ਮਤੀਰੇ ਤੇ ਕੱਕੜੀਆਂ ਦੇਣੀਆਂ ਮੰਨ ਗਿਆ। ਉਲਟਾ ਲੱਖੀ ਵਣਜਾਰੇ ਨੂੰ ਸਮਝਾਉਣ ਲੱਗਾ- ਮੈਂ ਸਾਰਾ ਹਿਸਾਬ ਲਾ ਲਿਆ। ਸਾਲ ਭਰ ਵਾਸਤੇ ਇਹ ਅੰਨ ਮੇਰੇ ਲਈ ਬਹੁਤ ਹੈ। ਇਸ ਵਿਚੋਂ ਨਾ ਪੰਛੀਆਂ ਲਈ ਚੋਗੇ ਦੀ ਕਮੀ ਰਹੇ ਨਾ ਸਾਧੂ ਸੰਤਾਂ ਵਾਸਤੇ ਭੋਜਨ ਘਟੇ। ਤੇ ਮੈਨੂੰ ਬੈਠੇ ਬਠਾਏ ਨੂੰ ਦੋ ਵੇਲੇ ਦੀ ਰੋਟੀ! ਮੰਨੋ, ਮੇਰੀਆਂ ਲੋੜਾਂ ਬਹੁਤ ਘੱਟ ਨੇ। ਮੈਨੂੰ ਸੁਫਨੇ ਵਿਚ ਵੀ ਕਦੇ ਘਾਟਾ ਨਹੀਂ ਪਿਆ। ਕੁਦਰਤ ਦੀ ਮਨਸ਼ਾ ਵਾਂਗ ਜੀ ਰਿਹਾ ਹਾਂ। ਪੂਰਾ ਸੁਖੀ। ਕਮੀ ਹੈ ਹੀ ਨਹੀਂ ਜਦੋਂ। ਕੁਦਰਤ ਤੋਂ ਮੰਗੀ ਜਾਣਾ, ਮੰਗੀ ਜਾਣਾ, ਮੇਰੀ ਆਦਤ ਨਹੀਂ।

ਦੀਨ ਦੀ ਬੇਵਕੂਫੀ ਦਾ ਲੱਖੀ ਕੋਲ ਨਾ ਕੋਈ ਇਲਾਜ ਨਾ ਕੋਈ ਜਵਾਬ। ਦੀਨ ਨਹੀਂ ਮੰਨਿਆ ਤਾਂ ਠੀਕ ਹੈ, ਲੱਖੀ ਮੰਨ ਗਿਆ। ਤਾਂ ਵੀ ਏਨਾ ਮਾਲ ਮੁਫਤ ਵਿਚ ਲੈ ਕੇ ਲੱਖੀ ਨੂੰ ਜਿੰਨੀ ਖੁਸ਼ੀ ਹੋਣੀ ਚਾਹੀਦੀ ਸੀ, ਹੋਈ ਨਹੀਂ। ਬਦਲੇ ਵਿਚ ਦੀਨ ਜਿੰਨੀਆਂ ਮਰਜ਼ੀ ਮੁਹਰਾਂ ਲੈ ਲੈਂਦਾ, ਖੁਸ਼ੀ ਹੁੰਦੀ। ਦੀਨ ਦੇ ਵਰਤਾਰੇ ਬਾਅਦ ਸੋਚਣ ਲੱਗਾ- ਏਨੀ ਹਫੜਾ ਦਫੜੀ, ਭੱਜ ਦੌੜ, ਖਿੱਚ ਧੂਹ ਕਿਸ ਵਾਸਤੇ? ਆਖਰ ਸਭ ਛੱਡ ਛਡਾ ਕੇ ਇੱਕ ਦਿਨ ਖਾਲੀ ਹੱਥ ਜਾਣਾ ਤਾਂ ਪਵੇਗਾ ਹੀ। ਸਾਰੀ ਠਾਠ ਬਾਤ ਧਰੀ ਧਰਾਈ ਰਹਿ ਜਾਏਗੀ। ਕਾਣੀ ਕੌਡੀ ਨਾਲ ਨਹੀਂ ਜਾਣੀ। ਏਸ ਪ੍ਰਪੰਚ ਦੀ ਕਿਤੇ ਤਾਂ ਹੱਦ ਹੋਵੇ! ਨਾ ਦੀਨ ਵਾਲੇ ਪਾਗਲਪਣ ਨਾਲ ਗੱਲ ਬਣੇਗੀ, ਨਾ ਵਣਜ ਵਪਾਰ ਦੇ ਨਿਰੰਤਰ ਚੱਕਰ ਵਿਚੋਂ ਕੁਝ ਨਿਕਲੇਗਾ। ਇਹੋ ਜਿਹੀ ਉਧੇੜ ਬੁਣ ਉਸ ਦੀ ਜ਼ਿੰਦਗੀ ਵਿਚ ਪਹਿਲੀ ਵਾਰ ਆਈ ਜ਼ਰੂਰ ਪਰ ਛੇਤੀ ਹੀ ਉਸ ਨੇ ਮੂੰਹ ਉਪਰੋਂ ਮੱਖੀ ਵਾਂਗ ਉਡਾ ਦਿੱਤੀ। ਹੁਣ ਇਹ ਕਾਰਵਾਂ ਸਮੇਟਣਾ ਆਸਾਨ ਕੰਮ ਨਹੀਂ। ਪਤਾ ਨਹੀਂ ਕਿੱਥੇ-ਕਿੱਥੇ ਵਪਾਰ ਦੀਆਂ ਤੰਦਾਂ ਉਲਝੀਆਂ ਪਈਆਂ ਨੇ। ਹੁਣ ਤੱਕ ਜੋ ਚੱਲਦਾ ਰਿਹਾ, ਉਹੀ ਚੱਲੇਗਾ। ਕਿਤੇ ਲੈਣਦਾਰੀਆਂ ਬਕਾਇਆ, ਕਿਤੇ ਦੇਣਦਾਰੀਆਂ। ਹੋਰ ਕੁਝ ਹੁਣ ਹੋ ਹੀ ਨਹੀਂ ਸਕਦਾ।

ਪਰ ਇਸ ਅਚਾਨਕ ਵਾਪਰੀ ਘਟਨਾ ਨੂੰ ਦੇਖ ਕੇ ਕਿਸਮਤ ਨੇ ਸੁਖ ਦਾ ਸਾਹ ਲਿਆ। ਲੱਛਮੀ ਵਲ ਮੁਸਕਰਾਉਂਦਿਆਂ ਬੋਲੀ- ਹੁਣ ਵੀ ਜ਼ਿੱਦ ਉਪਰ ਅੜੀ ਰਹੇਂਗੀ? ਤੇਰੀ ਅਪੰਰਪਾਰ ਮਿਹਰਬਾਨੀ ਦੇ ਬਾਵਜੂਦ ਦੀਨ ਨੂੰ ਘਾਟੇ ਦਾ ਘਾਟਾ। ਮੈਂ ਲੱਖੀ ਵਣਜਾਰੇ ਉਪਰ ਦਿਆਲੂ ਹੋਈ, ਦੀਨ ਦੀ ਸਾਰੀ ਮਾਇਆ ਇੱਧਰ ਆ ਡਿਗੀ ਮੁਫਤ ਵਿਚ। ਦੁਨੀਆ ਵਿਚਲਾ ਸਾਰਾ ਚਮਤਕਾਰ ਮੇਰਾ ਹੈ। ਤੂੰ ਹੁਣ ਵੀ ਨਾ ਮੰਨੇ ਤੇਰੀ ਮਰਜ਼ੀ।

-ਆਪਣੀ ਗੱਲ ਆਪਣੇ ਅੰਦਰ ਰੱਖ, ਲੱਛਮੀ ਨੇ ਕਿਹਾ- ਮੈਨੂੰ ਸਮਝਾਉਣ ਦੀ ਲੋੜ ਨਹੀਂ। ਮੇਰੀ ਮਰਜ਼ੀ ਜੋ ਮੇਰੀ ਮਰਜ਼ੀ। ਤੂੰ ਤਾਂ ਚੀਜ਼ ਹੀ ਕੀ ਮੈਂ ਰੱਬ ਦੀ ਪਰਵਾਹ ਨੀ ਕੀਤੀ ਕਦੀ, ਉਹ ਵੀ ਮੇਰੀ ਸੰਗਤ ਵਾਸਤੇ ਤਰਸਦੈ। ਮੇਰੇ ਕ੍ਰਿਸ਼ਮੇ ਦਾ ਮੈਨੂੰ ਪਤਾ, ਤੂੰ ਚੁੱਪ-ਚਾਪ ਦੇਖਦੀ ਜਾਹ।

ਕਿਸਮਤ ਮੁਸਕਾਂਦੀ ਰਹੀ, ਲੱਛਮੀ ਖਿਝਦੀ ਰਹੀ।

—

ਅਚਾਨਕ ਲੱਖੀ ਵਣਜਾਰੇ ਦੇ ਦਿਲ ਵਿਚ ਰਾਜੇ ਦਾ ਖਿਆਲ ਆਇਆ, ਤਦ ਬਚਿਆ ਖੁਚਿਆ ਆਨੰਦ ਉਸ ਕੋਲੋਂ ਖਿਸਕਣ ਲੱਗਾ। ਉਥੋਂ ਦਾ ਰਾਜਾ ਖਰਾ ਧਰਮੀ, ਖਰਾ ਇਨਸਾਫ ਕਰਨ ਵਾਲਾ। ਵਣਜਾਰੇ ਨੂੰ ਪੁਰਾਣੀ ਘਟਨਾ ਯਾਦ ਆਈ। ਗਰੀਬ ਹੋਣ ਕਰ ਕੇ ਲੱਖੀ ਦੀ ਔਰਤ ਧਨਾਢ ਨਾਲ ਭੱਜ ਗਈ ਸੀ। ਲੱਖੀ ਇਸ ਰਾਜੇ ਕੋਲ ਆ ਕੇ ਫਰਿਆਦ ਕਰਦਾ ਤਾਂ ਰਾਜੇ ਨੇ ਔਰਤ ਲੱਖੀ ਨਾਲ ਤੋਰ ਦੇਣੀ ਸੀ ਪਰ ਇੱਧਰ ਧਿਆਨ ਦੇਣ ਦੀ ਥਾਂ ਉਸ ਨੇ ਸੋਚਿਆ ਧਨ ਕਮਾਉਂਦੇ ਹਾਂ। ਦਿਨ ਦੁੱਗਣੀ ਰਾਤ ਚੌਗਣੀ ਆਮਦਨ ਹੁੰਦੀ ਰਹੀ। ਰਾਜੇ ਨੂੰ ਪੂਰਾ ਟੈਕਸ ਦਿੰਦਾ। ਇੱਕ ਜ਼ਿਮੀਦਾਰ ਦੀ ਸੁਹਣੀ ਧੀ ਨਾਲ ਵਿਆਹ ਹੋ ਗਿਆ। ਸੁਖੀ ਵਸ ਰਿਹਾ ਸੀ।

ਆਪਣਾ ਤਾਮਝਾਮ ਲੈ ਕੇ ਲੱਖੀ ਵਣਜਾਰਾ ਰਾਜ ਮਹਿਲ ਪੁੱਜਾ। ਮੋਤੀਆਂ ਨਾਲ ਭਰਿਆ ਸੋਨੇ ਦਾ ਥਾਲ ਰਾਜੇ ਨੂੰ ਨਜ਼ਰਾਨਾ ਭੇਟ ਕੀਤਾ। ਆਦਮੀ ਸੋਚਦਾ ਕੁਝ ਹੈ, ਹੋ ਕੁਝ ਹੋਰ ਜਾਂਦਾ ਹੈ। ਜੇ ਹਰ ਸੋਚੀ ਹੋਈ ਗੱਲ ਪੂਰੀ ਹੋ ਜਾਏ, ਫੇਰ ਤਾਂ ਆਦਮੀ ਸੁਰਗ ਨੂੰ ਪੌੜੀਆਂ ਲਾ ਲਏ। ਰਾਜੇ ਕੋਲ ਰਾਜਕੁਮਾਰੀ ਬੈਠੀ ਸੀ। ਉਸ ਨੂੰ ਕੋਈ ਵਰ ਪਸੰਦ ਨਹੀਂ ਸੀ ਆਇਆ ਹੁਣ ਤੱਕ। ਇਹੋ ਜਿਹਾ ਅਮੁੱਲ ਖਜ਼ਾਨਾ ਦੇਖ ਕੇ ਰਾਜਾ ਖੁਸ਼ ਹੋਇਆ ਪਰ ਰਾਜਕੁਮਾਰੀ ਦੇ ਮੱਥੇ ਉਪਰ ਤਿਊੜੀਆਂ ਪੈ ਗਈਆਂ, ਬੋਲੀ- ਪਹਿਲੋਂ ਇਹ ਦੱਸੋ ਅਜਿਹਾ ਅਮੁੱਲ ਖਜ਼ਾਨਾ ਆਇਆ ਕਿੱਥੋਂ? ਹੁਣ ਰਾਜਾ ਵੀ ਕ੍ਰੋਧ ਵਿਚ ਆ ਗਿਆ। ਕਿਹਾ- ਪਹਿਲਾਂ ਤਾਂ ਇਹ

***(ਬਾਕੀ ਅਗਲੇ ਸਫੇ 'ਤੇ)***

ਦੱਸ ਇਹੋ ਜਿਹੇ ਹੀਰੇ ਲਏ ਕਿੱਥੋਂ, ਫਿਰ ਇਹ ਦੱਸ ਇਸ ਨਜ਼ਰਾਨੇ ਬਦਲੇ ਕਿਹੜਾ ਅਪਰਾਧ ਮਾਫ ਕਰਵਾਉਣ ਦੀ ਮਨਸ਼ਾ ਹੈ? ਸੱਚ ਦੱਸ ਦਏਂ ਤਾਂ ਗੁਨਾਹ ਮਾਫ, ਝੂਠ ਬੋਲਿਆ ਤਾਂ ਜਿਉਂਦੇ ਨੂੰ ਅੱਗ ਵਿਚ।

ਵਣਜਾਰਾ ਲੱਗਾ ਥਰ-ਥਰ ਕੰਬਣ। ਅੱਖਾਂ ਅੱਗੇ ਧੁੰਦ ਛਾ ਗਈ। ਹੀਰਿਆਂ ਦਾ ਥਾਲ ਹੱਥੋਂ ਡਿੱਗ ਪਿਆ। ਖੁਦ ਤੁਰ ਕੇ ਸ਼ੇਰ ਦੀ ਗੁਫਾ ਵਿਚ ਜਾ ਪੁੱਜਾ! ਇਹੋ ਨਤੀਜਾ ਨਿਕਲਣਾ ਸੀ! ਸੱਚ ਬੋਲਣਾ ਪਿਆ।

ਰਾਜਕੁਮਾਰੀ ਦੰਗ ਰਹਿ ਗਈ। ਇਹੋ ਜਿਹੇ ਹੀਰੇ ਰਤਨਾਂ ਨੂੰ ਕੰਕਰ ਜਾਣਨ ਵਾਲਾ ਅਜੇ ਵੀ ਧਰਤੀ ਉਪਰ ਕੋਈ ਬੰਦਾ ਹੈ? ਯਕੀਨ ਨਹੀਂ ਆਉਂਦਾ। ਫਿਰ ਵੀ ਭਰੋਸਾ ਕਰ ਕੇ ਉਸ ਨੇ ਪਿਤਾ ਨੂੰ ਕਿਹਾ- ਇਸ ਨੂੰ ਮੁਆਫ ਕਰ ਦਿਉ ਪਿਤਾਸ਼੍ਰੀ। ਇਹ ਨਜ਼ਰਾਨਾ ਲੈ ਕੇ ਨਾ ਆਉਂਦਾ ਤਾਂ ਮੈਨੂੰ ਅਜਿਹੇ ਅਮੁੱਲ ਜਵਾਨ ਦੀ ਦੱਸ ਨਾ ਪੈਂਦੀ। ਮੈਂ ਕਦੀ ਨਹੀਂ ਸੋਚਿਆ, ਮੇਰੇ ਕਾਬਲ ਕੋਈ ਜੁਆਨ ਹੈ ਜਾਂ ਹੋ ਸਕਦਾ ਹੈ। ਹੁਣ ਵਿਆਹ ਕਰਾਂਗੀ ਦੀਨ ਨਾਲ ਨਹੀਂ ਤਾਂ ਕਿਸੇ ਨਾਲ ਵੀ ਨਹੀਂ।

ਰਾਜੇ ਨੂੰ ਵੀ ਖੁਸ਼ੀ ਹੋਈ। ਏਨੀ ਸਮਝਦਾਰ ਧੀ ਕੁਆਰੀ ਕਿਉਂ ਰਹੇ? ਵਣਜਾਰੇ ਹੱਥ ਦੀਨ ਕੋਲ ਸਾਹਾ ਭੇਜ ਦਿੱਤਾ। ਢੋਲ ਨਗਾਰਿਆਂ ਨਾਲ ਲੱਖੀ ਜਦੋਂ ਪਿੰਡ ਪੁੱਜਾ ਤੇ ਦੀਨ ਨਾਲ ਰਾਜਕੁਮਾਰੀ ਦੇ ਸ਼ਗਨ, ਵਿਆਹ ਦੀ ਗੱਲ ਦੱਸੀ, ਸਾਰੇ ਦੰਗ ਰਹਿ ਗਏ। ਵੱਡੇ ਭਰਾ ਦੌਲਤ ਅਤੇ ਉਸ ਦੀ ਬੀਵੀ ਨੇ ਇੱਕ ਪਾਸੇ ਲਿਜਾ ਕੇ ਲੱਖੀ ਨੂੰ ਬੜਾ ਸਮਝਾਇਆ, ਦੀਨ ਦੀ ਨਿੰਦਾ ਚੁਗਲੀ ਕੀਤੀ, ਬੁਰਾ ਭਲਾ ਕਿਹਾ ਪਰ ਵਣਜਾਰਾ ਕਹੇ- ਮੈਂ ਰਾਜੇ ਦਾ ਹੁਕਮ ਕਿਵੇਂ ਟਾਲਾਂ? ਆਪਣੀ ਇੱਛਾ ਵਿਰੁੱਧ ਦੌਲਤ ਨੂੰ ਚੁੱਪ ਕਰਨਾ ਪਿਆ। ਭਾਬੀ ਡਰ ਗਈ, ਰਾਜੇ ਦਾ ਜਵਾਈ ਹੋ ਕੇ ਬਦਲਾ ਤਾਂ ਲਏਗਾ ਹੀ ਲਏਗਾ ਪਰ ਰਾਜੇ ਅੱਗੇ ਕਿਸ ਦਾ ਜ਼ੋਰ? ਬੁੱਲ੍ਹ ਮਿਚ ਗਏ। ਡਰ ਤੋਂ ਵੱਡਾ ਕੋਈ ਗੁਰੂ ਨਹੀਂ। ਪਾਗਲ ਦੀਨ ਨੂੰ ਨਾ ਭੈਅ ਨਾ ਲੋਭ। ਉਹ ਤਾਂ ਆਪਣੀ ਸਾਜੀ ਹੋਈ ਦੁਨੀਆ ਵਿਚ ਜਿਉਣਾ ਚਾਹੁੰਦਾ ਸੀ। ਰਾਜਕੁਮਾਰੀ ਨਾਲ ਵਿਆਹ ਦੀ ਗੱਲ ਉਸ ਦੇ ਗਲ ਵਿਚੋਂ ਨਹੀਂ ਉਤਰੀ। ਬਿਨਾ ਵਲ ਫੇਰ ਪਾਏ ਦੀਨ ਨੇ ਕਿਹਾ- ਮੈਂ ਕੋਈ ਕਸੂਰ ਕੀਤਾ ਹੋਵੇ, ਰਾਜਾ ਮੈਨੂੰ ਦੰਡ ਦੇ ਸਕਦਾ ਹੈ, ਇਹ ਉਸ ਨੂੰ ਹੱਕ ਹੈ, ਪਰ ਜ਼ਬਰਦਸਤੀ ਆਪਣੀ ਧੀ ਮੇਰੇ ਨਾਲ ਵਿਆਹੇ, ਇਹ ਨਹੀਂ ਹੋ ਸਕਦਾ। ਕਿਸੇ ਨਾਲ ਵਿਆਹ ਕਰਾਂ ਨਾ ਕਰਾਂ, ਇਹ ਮੇਰੀ ਮਰਜ਼ੀ ਹੈ। ਰਾਜਕੁਮਾਰੀ ਹੈ ਬੇਸ਼ੱਕ, ਹੈ ਤਾਂ ਔਰਤ ਜਾਤ, ਭਾਬੀ ਵਰਗੀ ਨਿਕਲੀ ਮੇਰਾ ਤਾਂ ਜੀਣਾ ਹਰਾਮ ਕਰ ਦਏਗੀ? ਮੈਂ ਨਹੀਂ ਮੁੱਲ ਲੈਣਾ ਇਹ ਖਤਰਾ।

ਦਿਉਰ ਦੀ ਗੱਲ ਸੁਣ ਕੇ ਭਾਬੀ ਅੱਗ ਬਗੂਲਾ ਹੋ ਗਈ, ਦਿਲ ਵਿਚ ਹਜ਼ਾਰਾਂ ਗਾਲਾਂ ਉਠੀਆਂ ਪਰ ਬੁੱਲ੍ਹ ਸਿਉਂ ਲਏ। ਗੁੱਸਾ ਬੜਾ ਸਿਆਣਾ ਹੁੰਦੈ। ਆਪਣੇ ਭਲੇ ਬੁਰੇ ਦਾ ਖਿਆਲ ਆਉਣ ਸਾਰ ਝੱਗ ਵਾਂਗ ਬੈਠ ਜਾਂਦਾ ਹੈ। ਵੱਡਾ ਭਾਈ ਹੁਣ ਕਿਸ ਹਥਿਆਰ ਦੀ ਵਰਤੋਂ ਕਰੇ, ਸਮਝ ਨਹੀਂ ਆਉਂਦਾ। ਧਰਤੀ ਦਾ ਕੋਨਾ-ਕੋਨਾ ਛਾਣਿਆ ਸੀ ਲੱਖੀ ਵਣਜਾਰੇ ਨੇ, ਕਦੇ ਹਾਥੀ 'ਤੇ, ਕਦੀ ਘੋੜੇ 'ਤੇ, ਕਦੀ ਪੈਦਲ ਪਰ ਦੀਨ ਵਰਗੇ ਮਨੁੱਖ ਦਾ ਜੋੜ ਨਹੀਂ ਦਿਸਿਆ ਕਿਤੇ। ਇਹੋ ਜਿਹੇ ਸਿਰਫਿਰਿਆਂ ਸਦਕਾ ਜਹਾਨ ਜਿਉਂਦਾ ਤਾਂ ਰਹਿੰਦਾ ਹੈ ਪਰ ਇਨ੍ਹਾਂ ਦੇ ਸਹਾਰੇ ਚਲਦਾ ਨਹੀਂ। ਦੀਨ ਦੀਆਂ ਨਵੀਆਂ ਨਿਰਾਲੀਆਂ ਗੱਲਾਂ ਸੁਣ ਕੇ ਵਣਜਾਰੇ ਨੂੰ ਲੱਗਾ ਜਿਵੇਂ ਅੰਦਰਲਾ ਅੰਧੇਰਾ ਥੋੜ੍ਹਾ-ਥੋੜ੍ਹਾ ਛਟਣ ਲੱਗਾ ਹੈ।

ਪਹਿਲਾਂ ਦੀਨ ਨੂੰ ਕਿਸੇ ਨੇ ਗੱਲ ਨਹੀਂ ਕਰਨ ਦਿੱਤੀ ਸੀ ਕਦੀ। ਚੁੱਪਚਾਪ ਵੱਡੇ ਭਰਾ ਦੀਆਂ ਵਗਾਰਾਂ ਕਰਦਾ ਰਹਿੰਦਾ। ਜ਼ਮੀਨ ਜਾਇਦਾਦ ਵਾਸਤੇ ਲੜਨਾ ਤਾਂ ਉਸ ਨੂੰ ਸਿਰੇ ਦੀ ਮੂਰਖਤਾ ਲਗਦੀ। ਗੱਲ ਹੋਵੇ ਤਾਂ ਬੰਦਾ ਝਗੜਾ ਝੇੜਾ ਕਰੇ ਵੀ! ਅੱਜ ਕੁਝ ਗੱਲਾਂ ਕਰਨ ਲੱਗਾ।

ਲੱਖੀ ਵਣਜਾਰੇ ਨੂੰ ਵਿਚੋਲਗਿਰੀ ਦਾ ਮੌਕਾ ਮਿਲਿਆ, ਉਹ ਵੀ ਰਾਜਕੁਮਾਰੀ ਦਾ, ਉਹ ਅਜਿਹੀ ਘੜੀ ਕਿਉਂ ਗਵਾਏ? ਸੋਚ ਸੋਚ ਕੇ ਦੀਨ ਨੂੰ ਕਿਹਾ- ਜੇ ਤੁਸੀਂ ਇਹ ਰਿਸ਼ਤਾ ਕਬੂਲ ਨਾ ਕੀਤਾ, ਰਾਜਾ ਜਿਉਂਦੇ ਨੂੰ ਕੰਧ ਵਿਚ ਚਿਣਵਾ ਦਿਊ। ਹੁਣ ਆਪਣਾ ਬੁਰਾ ਭਲਾ ਆਪ ਸੋਚ।

ਵਣਜਾਰੇ ਦੀ ਗੱਲ ਸੁਣ ਕੇ ਦੀਨ ਨੂੰ ਮੱਲੋ-ਮੱਲੀ ਹਾਸੀ ਆ ਗਈ। ਹੱਸਦਿਆਂ ਹੱਸਦਿਆਂ ਕਹਿਣ ਲੱਗਾ- ਹੁਣ ਤੱਕ ਸਾਰੇ ਮੈਨੂੰ ਤੂੰ ਤੂੰ ਕਰ ਕੇ ਬੁਲਾਇਆ ਕਰਦੇ, ਰਾਜਕੁਮਾਰੀ ਦਾ ਰਿਸ਼ਤਾ ਆਉਂਦਿਆਂ ਹੀ ਤੁਸੀਂ ਤੁਸੀਂ ਦੀ ਝੜੀ ਲਾ ਦਿੱਤੀ। ਰਾਜੇ ਦਾ ਨਾਮ ਤਾਂ ਹੈ ਵੱਡਾ ਪਰ ਇਹ ਦੱਸੋ ਕੋਈ ਜੰਮਿਆ ਜਾਇਆ ਮੌਤ ਤੋਂ ਕਿੰਨਾ ਕੁ ਚਿਰ ਡਰੇਗਾ? ਕੰਧਾਂ ਵਿਚ ਚਿਣਾਉਣ ਦਾ ਹੁਕਮ ਦੇਣ ਵਾਲੇ ਰਾਜੇ ਕਦੇ ਮਰਨਗੇ ਨਹੀਂ? ਫਿਰ ਮੌਤ ਤੋਂ ਸਾਨੂੰ ਕਿਉਂ ਡਰਾਉਂਦੇ ਨੇ? ਉਨ੍ਹਾਂ ਨੂੰ ਪੁੱਛਣਾ ਤਾਂ ਸੀ ਤੁਸੀਂ? ਚੁੱਪਚਾਪ ਸਾਹਾ ਫੜ ਲਿਆ ਤੇ ਤੁਰ ਆਏ ਪਾਗਲਾਂ ਵਾਂਗ ਵਿਆਹ ਦੀ ਪੇਸ਼ਕਸ਼ ਲੈ ਕੇ।

ਲੱਖੀ ਵਣਜਾਰੇ ਨੂੰ ਇਹੋ ਜਿਹੇ ਜਵਾਬ ਦੀ ਹੀ ਉਮੀਦ ਸੀ। ਜਵਾਬ ਸੁਣ ਕੇ ਫਿਕਰਮੰਦ ਨਹੀਂ ਹੋਇਆ ਪਰ ਦਿਲ ਦੀ ਗੱਲ ਜ਼ਾਹਰ ਨਹੀਂ ਕੀਤੀ। ਛੋਟੇ ਭਰਾ ਉਤੇ ਧੌਂਸ ਜਮਾਉਣ ਵਾਲਾ ਦੌਲਤ ਬੜਾ ਘਬਰਾਇਆ। ਇਹ ਬੇਵਕੂਫ ਪੂਰੇ ਪਿੰਡ ਨੂੰ ਮਰਵਾਏਗਾ। ਹੁਣ ਤਾਂ ਇਸ ਦੀ ਖਿੱਚ ਧੂਹ ਲਾਹਣਤ ਵੀ ਨਹੀਂ ਕਰਨ ਜੋਗੇ। ਰਾਜੇ ਦਾ ਜਵਾਈ ਮਨਮਰਜ਼ੀ ਨਹੀਂ ਕਰੇਗਾ ਹੋਰ ਕੀ ਕਰੇਗਾ? ਸੌ ਸੁਨਿਆਰ ਦੀ ਇੱਕ ਲੁਹਾਰ ਦੀ! ਸਭ ਕੁਝ ਚਕਨਾ ਚੂਰ! ਹਾਲਾਤ ਦੇਖ ਕੇ ਉਸ ਨੇ ਮਿੰਨਤ ਤਰਲਾ ਸ਼ੁਰੂ ਕੀਤਾ, ਅਰਜੋਈਆਂ ਦੀ ਝੜੀ ਲਾ ਦਿੱਤੀ, ਹੱਥ ਪੈਰ ਜੋੜੇ, ਆਖਰ ਦਾਅ ਠੀਕ ਬੈਠ ਗਿਆ। ਦੀਨ ਦਾ ਸਖਤ ਹਿਰਦਾ ਓਲੇ ਵਾਂਗ ਪੰਘਰ ਗਿਆ।

ਰਾਜਕੁਮਾਰੀ ਨਾਲ ਵਿਆਹ ਵਾਸਤੇ ਔਖਾ ਸੌਖਾ ਮੰਨ ਗਿਆ ਪਰ ਇੱਕ ਜ਼ਿੱਦ ਹੋਰ ਫੜ ਲਈ।



ਠੀਕ ਹੈ, ਜੰਨ ਚੜ੍ਹੂੰਗਾ ਪਰ ਹਾਥੀ ਉਪਰ ਸੋਨੇ ਦੇ ਹੌਦੇ ਤੇ ਨਹੀਂ ਬੈਠਾਂਗਾ। ਕਹਿੰਦਾ ਹਾਥੀ ਉਪਰ ਬੈਠਾ ਬੰਦਾ ਡੱਡੂ ਲਗਦੈ। ਹਾਥੀ ਦਿਸੀ ਜਾਂਦੈ, ਬੰਦਾ ਦਿਸਦਾ ਨਹੀਂ। ਧਰਤੀ ਉਪਰ ਪੈਦਲ ਜਾਂਦਾ ਮਰਦ ਕਿੰਨਾ ਤਾਕਤਵਰ, ਕਿੰਨਾ ਗਜ਼ਬ ਲਗਦਾ ਹੈ। ਕਦਮ ਕਦਮ ਅੱਗੇ ਵਧਣ ਦਾ ਜ਼ਾਇਕਾ ਹੀ ਕੁਝ ਹੋਰ ਹੈ ...। ਇਹ ਕਹਿ ਕੇ ਕਠਪੁਤਲੀ ਵਾਂਗ ਉਹ ਵੱਡੇ ਭਾਈ ਅੱਗੇ ਖਲੋ ਗਿਆ। ਹੱਥ ਜੋੜ ਕੇ ਕਿਹਾ- ਹਾਥੀ ਦੀ ਸਵਾਰੀ ਕਰਨ ਵਾਸਤੇ ਮੈਨੂੰ ਮਨਾਉਣ ਨਾ ਲੱਗ ਜਾਇਉ। ਤੁਹਾਡੀ ਗੱਲ ਰੱਦ ਕਰਨੀ ਮੈਨੂੰ ਚੰਗੀ ਨਹੀਂ ਲਗਦੀ, ਆਖਰ ਮੇਰੇ ਤੋਂ ਤਿੰਨ ਸਾਲਾ ਪਹਿਲਾਂ ਮਾਂ ਦਾ ਦੁੱਧ ਤੁਸੀਂ ਚੁੰਘਿਆ ਹੈ ਨਾ, ਮਾਂ ਦੀ ਮਰਿਆਦਾ ਵੀ ਤਾਂ ਮੈਨੂੰ ਰੱਖਣੀ ਪਏਗੀ। ਰਾਜਕੁਮਾਰੀ ਨਾਲ ਵਿਆਹ ਦੀ ਬਲਾ ਸਹੇੜਨ ਦੀ ਗੱਲ ਮੈਂ ਮੰਨ ਗਿਆ, ਇਸੇ ਨੂੰ ਬਹੁਤ ਸਮਝੋ। ਹਾਥੀ 'ਤੇ ਨਹੀਂ ਚੜ੍ਹਨਾ ਮੈਂ।

ਦੌਲਤ ਨੂੰ ਵੀ ਛੋਟੇ ਭਾਈ ਉਪਰ ਤਰਸ ਆ ਗਿਆ। ਹੱਸ ਕੇ ਕਹਿੰਦਾ- ਤੇਰੀ ਮਰਜ਼ੀ ਹੁਣ, ਮੇਰੇ ਭਾਣੇ ਗੋਡਣੀਆਂ ਭਾਰ ਰੁੜ੍ਹਦਾ ਜਾਹ। ਮੈਨੂੰ ਕੋਈ ਇਤਰਾਜ਼ ਨਹੀਂ ਪਰ ਰਾਜਾ ਜੀ ਨੂੰ ਕਹਿ ਕੇ ਮੇਰੇ ਨਾਮ ਬਾਰਾਂ ਪਿੰਡਾਂ ਦਾ ਪਟਾ ਤਾਂ ਲਿਖਵਾ ਦੇਈਂ। ਤੇਰਾ ਵੱਡਾ ਭਰਾ ਹਾਂ ਆਖਰ।

ਇਹੋ ਜਿਹੀਆਂ ਗੱਲਾਂ ਉਪਰ ਦੀਨ ਸਿਰ ਖਪਾਈ ਨਹੀਂ ਸੀ ਕਰਿਆ ਕਰਦਾ। ਸਿਰ ਨੂੰ ਕਿਉਂ ਵਖਤ ਪਾਈ ਰੱਖਣਾ ਹੋਇਆ ਹਰ ਵਕਤ ਜਦੋਂ ਉਸ ਦਾ ਸਾਰਾ ਸਰੀਰ ਸੋਚਣ ਦਾ ਕੰਮ ਕਰਦਾ ਹੈ। ਸਹਿਜ, ਭਾਵ ਮੁਆਫੀ ਮੰਗਣ ਦੇ ਲਹਿਜੇ ਵਿਚ ਬੋਲਿਆ- ਹੁਕਮ ਕਰੋ ਤਾਂ ਆਪਣਾ ਸਿਰ ਕੱਟ ਕੇ ਤੁਹਾਡੇ ਕਦਮਾਂ ਵਿਚ ਰੱਖ ਦਿਆਂ ਪਰ ਰਾਜੇ ਤੋਂ ਪਿੰਡ ਦਿਵਾਉਣ ਦਾ ਮੇਰਾ ਕੋਈ ਹੱਕ ਨਹੀਂ। ਦੂਜੇ ਜ਼ਿਮੀਦਾਰਾਂ ਵਾਂਗ ਹੱਥ 'ਤੇ ਹੱਥ ਧਰੀ ਬੈਠੇ ਹਰਾਮ ਦੀ ਕਮਾਈ ਪਚਾ ਲਉਗੇ?

ਦੌਲਤ ਕੁਝ ਕਹਿਣ ਲੱਗਾ ਸੀ ਕਿ ਭਾਬੀ ਨੇ ਟੋਕ ਦਿੱਤਾ- ਪਹਿਲਾਂ ਵਿਆਹ ਤਾਂ ਹੋ ਲੈਣ ਦੋ। ਪਿੱਛੋਂ ਦੇਖੀ ਜਾਊਗੀ। ਦੀਨ ਨੂੰ ਕਿਹਾ- ਤੈਥੋਂ ਵੱਡੇ ਨੇ ਇਹ, ਤੈਨੂੰ ਸਿੱਖਿਆ ਦਿੰਦੇ ਨੂੰ ਸੰਗ ਨਹੀਂ ਲਗਦੀ ਦੀਨ? ਰਾਜੇ ਦਾ ਸੌ ਵਾਰ ਜਵਾਈ ਹੋਜ, ਇਨ੍ਹਾਂ ਤੋਂ ਰਹੇਂਗਾ ਤਾਂ ਛੋਟਾ ਹੀ। ਇੱਕ ਘੜੀ ਵੀ ਵੱਡਾ ਨਹੀਂ ਹੋ ਸਕਦਾ।

ਦੀਨ ਨੇ ਕੀ ਬਹਿਸ ਕਰਨੀ ਸੀ? ਵਣਜਾਰੇ ਨੂੰ ਕਹਿੰਦਾ- ਪਤਾ ਨਹੀਂ ਕਿਹੜੀ ਕੁਲੱਖਣੀ ਘੜੀ ਮੇਰੇ ਵਿਹੜੇ ਕੋਲ ਤੁਸੀਂ ਤੰਬੂ ਤਾਣ ਲਏ। ਬਿਨਾ ਦੱਸੇ ਮੇਰੇ ਉਪਰ ਬਿਪਤਾ ਆ ਡਿੱਗੀ। ਭਾਣਾ ਮੰਨਣ ਬਿਨਾ ਹੁਣ ਤਾਂ ਕੋਈ ਚਾਰਾ ਵੀ ਨਹੀਂ ਨਾ। ਠੀਕ ਐ ਫੇਰ, ਜਾਣੈ ਤਾਂ ਦੇਰ ਕਾਸ ਵਾਸਤੇ? ਚਲਦੇ ਹਾਂ। ਬੁਰੇ ਸੁਫਨੇ ਵਾਂਗ ਇਹ ਵੀ ਬਰਦਾਸ਼ਤ ਕਰ ਲਵਾਂਗੇ।

ਲੱਖੀ ਵਣਜਾਰੇ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ। ਵੱਡੇ ਤੋਂ ਵੱਡੇ ਸੌਦੇ ਦੇ ਮੁਨਾਫੇ ਨਾਲੋਂ ਦੀਨ ਦੇ ਸੰਗ ਸਾਥ ਪੈਦਲ ਜਾ ਕੇ ਰਾਜਕੁਮਾਰੀ ਵਿਆਹ ਲਿਆਉਣ ਵਰਗਾ ਮਾਣ ਕਿੱਥੇ ਹੋਰ? ਤੁਰਦੀ ਤੁਰਦੀ ਤਾਂ ਕੀੜੀ ਵੀ ਮੰਜ਼ਲ 'ਤੇ ਪਹੁੰਚ ਜਾਂਦੀ ਹੈ। ਪੁੱਜ ਗਏ। ਰਾਜਾ, ਰਾਜਕੁਮਾਰੀ, ਦਰਬਾਰੀ ਸਭ ਇੰਤਜ਼ਾਰ ਕਰ ਰਹੇ ਸਨ। ਲੱਖੀ ਵਣਜਾਰੇ ਨਾਲ ਦੀਨ ਆਉਂਦਾ ਦੇਖਿਆ, ਸ਼ਹਿਨਾਈਆਂ ਵੱਜ ਗਈਆਂ।

ਮਹਾਵਤ ਨੇ ਪਹਿਲਾਂ ਹੀ ਆ ਕੇ ਰਾਜਕੁਮਾਰੀ ਨੂੰ ਦੱਸ ਦਿੱਤਾ ਸੀ ਕਿ ਉਹਨੇ ਹਾਥੀ ਉਤੇ ਬੈਠਣ ਤੋਂ ਇਨਕਾਰ ਕਰ ਦਿੱਤਾ ਹੈ, ਪੈਦਲ ਚੱਲਣ ਦੀ ਜ਼ਿੱਦ ਬਾਰੇ ਦੱਸਿਆ। ਰਾਜਕੁਮਾਰੀ ਹੋਰ ਖੁਸ਼ ਹੋਈ। ਰਾਜੇ ਨੂੰ ਦੱਸਿਆ, ਉਹ ਵੀ ਖੁਸ਼ ਹੋਇਆ, ਕਿਉਂਕਿ ਉਸ ਦੀ ਧੀ ਦਾ ਸੁਭਾਅ ਵੀ ਬਿਲਕੁਲ ਇਹੋ ਜਿਹਾ ਸੀ, ਜੋੜੀ ਖੂਬ ਬਣੇਗੀ।

ਮਿੱਟੀ ਘੱਟੇ ਵਿਚ ਲਿੱਬੜੇ ਬੰਨਤੇ ਨੂੰ ਇਸ਼ਨਾਨ ਕਰਵਾਉਣ ਬਾਂਦੀਆਂ ਆਈਆਂ। ਦੀਨ ਨੇ ਮੋੜ ਦਿੱਤੀਆਂ, ਕਹਿੰਦਾ- ਮੇਰੇ ਹੱਥ ਪੈਰ ਕੰਮ ਨਹੀਂ ਕਰਦੇ? ਮੈਂ ਕੋਈ ਬਿਮਾਰ ਹਾਂ? ਖੂਹ ਵਿਚੋਂ ਖੁਦ ਬਾਲਟੀ ਪਾਣੀ ਦੀ ਕੱਢਾਂਗਾ, ਖੁਦ ਨਹਾਵਾਂਗਾ। ਹੱਥ ਪੈਰ ਨਾ ਹਿਲਾਵਾਂ ਮੈਨੂੰ ਚੈਨ ਨਹੀਂ ਮਿਲਦਾ।

ਬਾਂਦੀਆਂ ਬੁੱਲ੍ਹਾਂ ਹੀ ਬੁੱਲ੍ਹਾਂ ਵਿਚ ਚੁੰਨੀ ਦੀ ਕੰਨੀ ਦਬਾ ਕੇ ਹੱਸੀਆਂ। ਪੇਂਡੂ, ਪੇਂਡੂ ਹੀ ਰਹੇਗਾ। ਰਾਜ ਦਰਬਾਰ ਦੇ ਤੌਰ ਤਰੀਕੇ ਕੀ ਜਾਣੇ ਵਿਚਾਰਾ! ਰਾਜਕੁਮਾਰੀ ਕਰ ਕੇ ਰਾਜੇ ਦੇ ਵੀ ਭਾਗ ਫੁੱਟ ਗਏ। ਰੱਬ ਤੋਂ ਬਿਨਾ ਕੌਣ ਇਨ੍ਹਾਂ ਨੂੰ ਸਮਝਾਏ। ਜਵਾਈ ਹੋਵੇ ਅੰਨਦਾਤਾ ਦਾ, ਪਾਣੀ ਦੀ ਬਾਲਟੀ ਖਿੱਚੇ ਆਪ। ਬੇਇੱਜ਼ਤੀ ਕਰਨ ਵਿਚ ਕੋਈ ਕਸਰ ਬਾਕੀ ਤਾਂ ਨਹੀਂ ਹੋਰ?

ਰੇਸ਼ਮੀ ਲਿਬਾਸ ਲੈ ਕੇ ਆਈਆਂ ਬਾਂਦੀਆਂ ਨੂੰ ਕਿਹਾ- ਨਾ, ਆਪਣੇ ਕੋਲ ਰੱਖੋ ਆਪਣੇ ਲਿਬਾਸ, ਮੈਨੂੰ ਆਪਣਾ ਦੇਸੀ ਪਹਿਰਾਵਾ ਠੀਕ ਹੈ। ਜੇ ਰੇਸ਼ਮੀ ਕੱਪੜਿਆਂ ਨਾਲ ਵਿਆਹ ਕਰਵਾਉਣਾ ਸੀ, ਫਿਰ ਮੈਨੂੰ ਕਿਉਂ ਸੱਦਿਆ? ਦੇਹ ਨੂੰ ਸ਼ਿੰਗਾਰਨ ਨਾਲ ਆਦਮੀ ਗੁਣਵਾਨ ਨਹੀਂ ਹੋਇਆ ਕਰਦਾ।

ਦਰਬਾਰ ਦੇ ਸਾਰੇ ਲੋਕ ਦੀਨ ਦੀਆਂ ਗੱਲਾਂ ਸੁਣ ਕੇ ਕੁੜ੍ਹਦੇ ਪਰ ਰਾਜਕੁਮਾਰੀ ਦੇ ਦਿਲ ਦੀ ਕਲੀ ਕਲੀ ਖਿੜੀ ਜਾਂਦੀ। ਮਨੋਕਾਮਨਾ ਅਨੁਸਾਰ ਉਸ ਨੂੰ ਪਤੀ ਮਿਲ ਗਿਆ। ਆਦਮੀ ਦੀ ਦੇਹ ਵਿਚਲੇ ਗਿੱਦੜ ਬਘਿਆੜ ਦਰਬਾਰੀਆਂ ਵਿਚ ਦਿਸਦੇ ਸਨ। ਹਜ਼ਾਰ ਪਦਵੀਆਂ ਦੇ ਦਿਉ। ਆਦਮੀ ਮਹਾਨ ਨਹੀਂ ਹੁੰਦਾ, ਆਚਰਨ ਵੱਡਾ ਬਣਾਉਂਦਾ ਹੈ। ਅੰਦਰ ਹਨੇਰਾ ਹੈ ਤਾਂ ਹਜ਼ਾਰ ਸੂਰਜ ਉਸ ਵਿਚ ਚਾਨਣ ਨਹੀਂ ਕਰ ਸਕਦੇ। ਰਾਜਕੁਮਾਰੀ ਖੁਸ਼ ਹੈ ਤਾਂ ਰਾਜਾ ਬੇਅੰਤ ਖੁਸ਼।

ਫੇਰਿਆਂ ਤੋਂ ਪਹਿਲਾਂ ਬਾਂਦੀਆਂ ਉਸ ਨੂੰ ਹੀਰੇ ਮੋਤੀ ਜੜਤ ਰੰਗ ਮਹਿਲ ਵਿਚ ਲੈ ਗਈਆਂ। ਇਤਰ ਫੁਲੇਲ ਦੇ ਵਰੋਲੇ ਸਿਰ ਨੂੰ ਚੜ੍ਹ ਗਏ, ਚੱਕਰ ਆ ਗਏ। ਨੱਕ ਉਪਰ ਕੱਪੜਾ ਰੱਖ ਕੇ ਕਹਿੰਦਾ- ਇੱਥੇ ਕੋਈ ਬਿੱਲੀ ਮਰੀ ਪਈ ਲਗਦੀ ਹੈ! ਹਾਸਾ ਰੋਕ ਕੇ ਬਾਂਦੀਆਂ ਨੇ ਦੱਸਿਆ- ਦੂਲੇ ਰਾਜੇ ਖਾਤਰ ਉਜੈਨ ਤੋਂ ਇਤਰ ਦੀਆਂ ਸ਼ੀਸ਼ੀਆਂ ਮੰਗਵਾਈਆਂ ਹਨ, ਮੁਸ਼ਕ ਕਾਫੂਰ ਦੇ ਦੀਵੇ ਬਾਲੇ ਹਨ। ਅੱਜ ਦੀ ਰਾਤ ਖੁਸ਼ਬੂ ਨਹੀਂ ਬਰਸੀ ਤਾਂ ਕਦੋਂ ਬਰਸੇਗੀ ਫੇਰ?

-ਸਮਝਣਾ ਨਹੀਂ ਚਾਹੁੰਦੀਆਂ ਤਾਂ ਕਿਵੇਂ ਸਮਝਾਵਾਂ? ਦੀਨ ਨੇ ਕਿਹਾ- ਆਦਮੀ ਦੇ ਗੁਣਾ ਤੋਂ ਵਧੀਕ ਮੁੱਲਵਾਨ ਕੋਈ ਖੁਸ਼ਬੂ ਨਹੀਂ। ਅਤਰ ਫੁਲੇਲ ਛਿੜਕਣ ਨਾਲ ਮਨ ਦੀ ਮੈਲ ਸਾਫ ਨਹੀਂ ਹੁੰਦੀ। ਇੱਥੋਂ ਦੇ ਦਰਬਾਰੀਆਂ ਵਿਚੋਂ ਮੈਨੂੰ ਸੁਗ ਆ ਰਹੀ ਹੈ। ਨਿੰਮ ਦੇ ਦਰੱਖਤ ਹੇਠ ਨਾ ਬੈਠਿਆ ਮੇਰਾ ਦਮ ਘੁਟ ਜਾਏਗਾ।

-ਹਜ਼ੂਰ ਦੇ ਚਰਨ ਤਾਂ ਹੀਰੇ ਮੋਤੀਆਂ ਨਾਲ ਜੜੇ ਵਿਹੜੇ ਵਿਚ ਸ਼ੋਭਾ ਦਿੰਦੇ ਨੇ, ਬਾਂਦੀਆਂ ਨੇ ਚਾਰੇ ਪਾਸਿਓਂ ਘਿਰੇ ਦੀਨ ਨੂੰ ਕਿਹਾ- ਜੇ ਤੁਸੀਂ ਮਿੱਟੀ ਤੇ ਕਦਮ ਰੱਖੇ, ਅੰਨਦਾਤਾ ਬਹੁਤ ਨਾਰਾਜ਼ ਹੋਣਗੇ। ਅਸੀਂ ਨਹੀਂ ਟਾਲ ਸਕਦੀਆਂ ਉਨ੍ਹਾਂ ਦਾ ਹੁਕਮ।

-ਤੁਹਾਨੂੰ ਅੰਨਦਾਤਾ ਦੇ ਹੁਕਮ ਦੀ ਪਈ ਹੈ, ਮੇਰਾ ਸਿਰ ਫਟਣ ਲੱਗਾ ਹੈ। ਨਿੱਕੀ ਮੋਟੀ ਗੱਲ ਤੁਹਾਡੇ ਦਿਮਾਗ ਵਿਚ ਨਹੀਂ ਵੜਦੀ। ਗੋਬਰ ਵਿਚ ਹੀਰੇ ਮੋਤੀ ਜੜਨ ਨਾਲ ਗੋਬਰ ਦੀ ਕੀਮਤ ਨਹੀਂ ਵਧਦੀ। ਮਨੁੱਖ ਦੀ ਮਹਾਨਤਾ ਉਸ ਦੇ ਚਰਿਤਰ ਸਦਕਾ ਹੈ, ਹੀਰੇ ਮੋਤੀ, ਸਿੰਘਾਸਨ ਜਾਂ ਸੋਨੇ-ਚਾਂਦੀ ਨਾਲ ਨਹੀਂ।

ਰਾਜਕੁਮਾਰੀ ਨੇ ਦੀਨ ਦੀਆਂ ਗੂੜ੍ਹ ਗੱਲਾਂ ਦਾ ਅਰਥ ਰਾਜਾ ਰਾਣੀ ਨੂੰ ਦੱਸਿਆ, ਬਹੁਤ ਖੁਸ਼ ਹੋਏ। ਖੁਸ਼ੀ ਦੀ ਏਡੀ ਵੱਡੀ ਲਹਿਰ ਵਿਚ ਰਾਜੇ ਨੇ ਚਾਹਿਆ ਕਿ ਅੱਧਾ ਰਾਜ ਜਵਾਈ ਨੂੰ ਦੇ ਦਿਆਂ। ਦੀਨ ਨੇ ਪੇਸ਼ਕਸ਼ ਸੁਣੀ। ਉਸ ਦਾ ਮਨ ਕਸੈਲਾ ਹੋ ਗਿਆ, ਤਾਂ ਵੀ ਦਿਲ ਉਪਰ ਕਾਬੂ ਰੱਖ ਕੇ ਸਹਿਜੇ ਕਿਹਾ- ਗੁਣ ਦੇਖ ਕੇ ਮੈਂ ਰਾਜਕੁਮਾਰੀ ਨਾਲ ਵਿਆਹ ਦੀ ਹਾਮੀ ਭਰ ਦਿੱਤੀ ਸੀ, ਇਹੋ ਬਹੁਤ ਹੈ। ਉਪਰ ਇਹ ਰਾਜਭਾਗ ਦਾ ਪੰਗਾ ਸੁਣ ਲਿਆ। ਖਰੀ ਗੱਲ ਕਰਦਾ ਹੁੰਨਾ ਮੈਂ, ਮੇਰੇ ਵਸ ਵਿਚ ਨਹੀਂ ਇਹ ਖਲਜਗਣ। ਮੈਨੂੰ ਨੀ ਕੋਈ ਠਾਠ-ਬਾਠ ਚਾਹੀਦਾ। ਮੈਂ ਆਪਣਾ ਮਨ ਆਪਣੇ ਕਾਬੂ ਵਿਚ ਰੱਖ ਸਕਾਂ, ਇਹੀ ਬਹੁਤਾ ਕਰ ਕੇ ਜਾਣੋ। ਮਨ ਕਾਬੂ ਵਿਚ ਰਹਿ ਜਾਏ ਬਹੁਤ ਹੈ, ਇਸ ਤੋਂ ਵੱਧ ਦਾ ਤਾਂ ਮੈਂ ਕਦੀ ਸੁਫਨਾ ਵੀ ਨਹੀਂ ਲਿਆ। ਤੁਸੀਂ ਐਧੇ ਜਾਂ ਪੂਰੇ ਰਾਜ ਦੀ ਗੱਲ ਕਰਨ ਲੱਗੇ! ਮਤਲਬ ਕਿ ਮੈਂ ਫਿਰ ਇਸ ਵਿਆਹ ਬਾਰੇ ਦੁਬਾਰਾ ਕੁਝ ਸੋਚਾਂ?

ਸੁਣ ਕੇ ਰਾਜਕੁਮਾਰੀ ਦੀ ਖੁਸ਼ੀ ਤਾਂ ਚੰਦ ਤਾਰਿਆਂ ਤੋਂ ਪਾਰ ਲੰਘ ਗਈ ਪਰ ਰਾਜਾ ਰਾਣੀ ਉਲਝਣ ਵਿਚ ਪੈ ਗਏ। ਇਕਲੌਤੀ ਬੇਟੀ ਦੇ ਸੁਖ ਤੋਂ ਹਰ ਚੀਜ਼ ਕੁਰਬਾਨ ਪਰ ਦੀਨ ਨੂੰ ਗੱਲ ਸਮਝ ਵਿਚ ਆਏ ਤਾਂ ਹੀ ਹੈ ਨਾ। ਪਹਿਲੀ ਵਾਰ ਰਾਜੇ ਨੂੰ ਲੱਗਿਆ, ਮੈਂ ਕਿੰਨਾ ਕਮਜ਼ੋਰ ਅਤੇ ਕੰਗਾਲ ਹਾਂ। ਉਸ ਨੇ ਦੀਨ ਨੂੰ ਧਿਆਨ ਨਾਲ ਹੇਠੋਂ ਉਪਰ ਤੱਕ ਦੇਖਿਆ, ਉਸ ਨੂੰ ਉਸ ਦਾ ਕੱਦ ਬਹੁਤ ਉਚਾ ਲੱਗਿਆ। ਦੀਨ ਠੀਕ ਤਾਂ ਕਹਿੰਦਾ ਹੈ। ਲਾਡਲੀ ਧੀ ਦੇ ਗੁਣਾਂ ਸਾਹਮਣੇ ਰਾਜ ਦਾ ਕੀ ਮਹੱਤਵ? ਗੁਣਾਂ ਉਪਰੋਂ ਸੌ ਰਾਜ ਕੁਰਬਾਨ। ਦੋਵੇਂ ਸਮਝਦਾਰ ਨੇ, ਆਪੋ ਆਪਣੀ ਇੱਛਾ ਅਨੁਸਾਰ ਜੀਵਨ ਬਿਤਾਉਣ। ਇਨ੍ਹਾਂ ਦੀ ਖੁਸ਼ੀ ਵਿਚ ਸਾਡੀ ਖੁਸ਼ੀ।

ਦੀਨ ਨੇ ਮੁੜ ਮੁੜ ਰਾਜਾ, ਰਾਣੀ, ਦੀਵਾਨ ਅਤੇ ਲੱਖੀ ਵਣਜਾਰੇ ਵਲ ਨਜ਼ਰ ਮਾਰੀ। ਕੋਈ ਨਹੀਂ ਬੋਲਿਆ ਤਾਂ ਦੀਨ ਨੂੰ ਬੋਲਣਾ ਪਿਆ। ਰਾਜੇ ਵਲ ਮੂੰਹ ਕਰ ਕੇ ਕਿਹਾ- ਰਾਜ ਭਾਗ ਦੀ ਲਟਾ-ਪੀਂਘ ਨਾਲੋਂ ਤਾਂ ਮੈਨੂੰ ਸੂਲੀ ਤੇ ਟੰਗ ਦਿਉ ਬੇਸ਼ੱਕ। ਮੇਰਾ ਵੱਡਾ ਭਰਾ ਸਾਰੀ ਉਮਰ ਮੇਰੀ ਇੱਕ ਭਰਜਾਈ ਉਪਰ ਰਾਜ ਨਹੀਂ ਕਰ ਸਕਿਆ। ਅਣਗਿਣਤ ਪਰਜਾ ਉਪਰ ਰਾਜ ਕਰਨਾ ਪੂਰੀ ਗਲਤਫਹਿਮੀ ਹੈ, ਪੂਰੀ ਦੀ ਪੂਰੀ ਮੂਰਖਤਾ। ਫਿਰ ਰਾਜਕੁਮਾਰੀ ਨੂੰ ਮੁਸਕਰਾ ਕੇ ਕਹਿਣ ਲੱਗਾ- ਜੋ ਦਿਲ ਵਿਚ ਸੀ, ਮੈਂ ਕਹਿ ਦਿੱਤਾ। ਸਾਫ-ਸਾਫ ਕਹਿ ਦਿੱਤਾ। ਹੁਣ ਜੋ ਕਹੋਗੇ, ਸੋ ਕਰੂੰਗਾ। ਮੇਰੇ ਵਰਗੇ ਬੇਸਮਝ ਨੂੰ ਤੁਸੀਂ ਕੋਈ ਗੱਲ ਸੋਚ ਕੇ ਪਸੰਦ ਕੀਤਾ ਹੋਣਾ, ਹੁਣ ਤੱਕ ਤਾਂ ਸਾਰੇ ਮਖੌਲ ਉਡਾਉਂਦੇ ਆਏ ਹਨ। ਮੇਰੇ ਅੰਦਰ ਤੁਹਾਨੂੰ ਕੀ ਦਿਸਿਆ ਤੁਸੀਂ ਜਾਣੋ।

ਰਾਜਕੁਮਾਰੀ ਨੇ ਕਿਹਾ- ਇਹ ਚੋਣ ਮੇਰੀ ਆਪਣੀ ਵਿਰਾਸਤ ਹੈ, ਕਿਸੇ ਨੂੰ ਨਹੀਂ ਦੱਸਾਂਗੀ। ਬੱਚੇ ਵਾਂਗ ਮਚਲਦਿਆਂ ਕਿਹਾ- ਦੱਸਣ ਦੀ ਨਹੀਂ, ਸਮਝਣ ਦੀ ਗੱਲ ਹੈ। ਰਹੀ ਗੱਲ ਰਾਜ ਚਲਾਉਣ ਦੀ, ਇਸ ਦਾ ਫਿਕਰ ਨਾ ਕਰੋ, ਇਹ ਝਮੇਲਾ ਮੈਂ ਸੰਭਾਲ ਲਵਾਂਗੀ।

-ਫਿਰ ਇਹ ਜਾਣਨ ਦਾ ਸਮਾਂ ਕਿਵੇਂ ਕੱਢੋਗੇ, ਕੀ ਚੰਗਾ ਹੈ ਕੀ ਬੁਰਾ? ਰਾਜ ਦਾ ਆਡੰਬਰ ਏਨਾ ਵੱਡਾ ਹੈ ਨਾ ਤੁਸੀਂ ਮੈਨੂੰ ਜਾਣ ਪਾਉਗੇ ਨਾ ਆਪਣੇ ਆਪ ਨੂੰ। ਆਪਣੇ ਆਪ ਨੂੰ ਮਿਲਣ ਵਾਸਤੇ ਵਕਤ ਨਹੀਂ ਹੁੰਦਾ ਰਾਜਿਆਂ ਕੋਲ।

-ਇਹ ਮੇਰੇ ਤੇ ਛੱਡੋ, ਰਾਜਕੁਮਾਰੀ ਨੇ ਕਿਹਾ- ਤੁਹਾਨੂੰ ਜਾਣਨ ਵਾਸਤੇ ਸਮੇਂ ਦੀ ਨਹੀਂ, ਸਮਝ ਦੀ ਲੋੜ ਹੈ। ਸਮਝ ਨਾ ਹੋਵੇ ਤਾਂ ਸੌ ਸਾਲ ਵਿਚ ਕੋਈ ਕੰਮ ਦੀ ਇੱਕ ਗੱਲ ਨਹੀਂ ਸਮਝ ਸਕਦਾ। ਤੁਹਾਡੇ ਵੱਡੇ ਭਰਾ ਦੌਲਤ, ਭਰਜਾਈ ਤੇ ਪਿੰਡ ਵਾਸੀਆਂ ਕੋਲ ਤਾਂ ਸਮਾਂ ਹੀ ਸਮਾਂ ਸੀ, ਉਹ ਤੁਹਾਨੂੰ ਸਮਝ ਗਏ? ਤੁਹਾਨੂੰ ਪ੍ਰਾਪਤ ਕਰਨਾ ਦੁਰਲਭ ਸੀ, ਇਸ ਮੁਕਾਬਲੇ ਰਾਜ ਕਰਨਾ ਤਾਂ ਬਹੁਤ ਸੌਖਾ ਹੈ। ਜਿਸ ਅਕਲ ਸਦਕਾ ਤੁਹਾਨੂੰ ਲੱਭਿਆ, ਉਸੇ ਅਕਲ ਸਦਕਾ ਰਾਜ ਕਰਾਂਗੀ। ਕਦੀ ਕਦਾਈਂ ਰਾਜ ਕਰਨ ਦੀ ਜ਼ਿੰਮੇਵਾਰੀ ਚੁੱਕਣੀ, ਰਾਜ ਤਿਆਗਣ ਤੋਂ ਵੱਡੀ ਤਪੱਸਿਆ ਬਣ ਜਾਂਦੀ ਹੈ। ਤੁਹਾਡੀਆਂ ਗੱਲਾਂ ਤੋਂ ਹੀ ਮੈਨੂੰ ਇਸ ਵਰਤਾਰੇ ਦੀ ਪ੍ਰੇਰਨਾ ਮਿਲੀ। ਫਿਰ ਰਾਜਕੁਮਾਰੀ ਹੱਸੀ, ਨਿਰਛਲ ਹਾਸਾ ਸਾਰਿਆਂ ਨੂੰ ਚੰਗਾ ਲੱਗਾ, ਦੀਨ ਨੂੰ ਵੀ।

ਦੂਜ ਦਾ ਚੰਦ ਚੜ੍ਹਨਸਾਰ ਆਪਣੀ ਇੱਛਾ ਅਨੁਸਾਰ ਸਾਦਾ ਲਿਬਾਸ ਪਹਿਨ ਕੇ ਰਾਜਕੁਮਾਰੀ ਵਿਆਹ ਮੰਡਪ ਵਿਚ ਆਈ। ਫੇਰੇ ਹੋਣ ਹੀ ਲੱਗੇ ਸਨ ਕਿ ਲੱਛਮੀ ਤੇ ਕਿਸਮਤ ਤਕਰਾਰ ਕਰਦੀਆਂ ਕਰਾਉਂਦੀਆਂ ਉਥੇ ਵੀ ਆ ਧਮਕੀਆਂ। ਲੱਛਮੀ ਕਹੇ- ਮੈਂ ਵੱਡੀ। ਕਿਸਮਤ ਕਹੇ ਮੈਂ ਵੱਡੀ।

ਲੱਛਮੀ ਦਾ ਰੰਗ ਸੁਨਹਿਰੀ, ਕਿਸਮਤ ਦਾ ਸੰਧੂਰੀ। ਤਕਰਾਰ ਦਾ ਕੋਈ ਨਤੀਜਾ ਨਾ ਨਿਕਲਿਆ ਤਾਂ ਉਨ੍ਹਾਂ ਨੇ ਲੱਖੀ ਵਣਜਾਰੇ ਨੂੰ ਪੰਚ ਮੰਨ ਕੇ ਫੈਸਲਾ ਕਰਨ ਲਈ ਕਿਹਾ। ਸ਼ੁਰੂ ਤੋਂ ਅਖੀਰ ਤੱਕ ਸਾਰੀ ਗੱਲ ਲੱਖੀ ਨੂੰ ਦੱਸ ਕੇ ਕਿਹਾ- ਤੁਹਾਨੂੰ ਵੀ ਦੀਨ ਬਾਰੇ ਪੂਰਾ ਪਤਾ ਹੈ। ਤੁਸੀਂ ਸ਼ੁਰੂ ਤੋਂ ਅਖੀਰ ਤੱਕ ਘਟਨਾਵਾਂ ਦੇ ਸਾਖੀ ਰਹੇ ਹੋ। ਸਾਡਾ ਝਗੜਾ ਸੁਲਝਾਉ, ਝਗੜਾ ਮੁੱਕਣ ਤੋਂ ਬਾਅਦ ਫੇਰੇ ਹੋਣਗੇ। ਤੁਸੀਂ ਸਾਡੇ ਪੰਚ।

ਲੱਖੀ ਨੂੰ ਹੋਰ ਕੀ ਚਾਹੀਦਾ ਸੀ? ਅੰਨ੍ਹੇ ਦੇ ਪੈਰ ਹੇਠ ਬਟੇਰਾ ਆ ਗਿਆ। ਲੱਖੀ ਤਾਂ ਇਸ ਮੌਕੇ ਦੀ ਉਡੀਕ ਵਿਚ ਸੀ। ਦੀਨ ਦੀ ਸੰਗਤ ਕੀ ਹੋਈ, ਉਸ ਦੀ ਤਾਂ ਸ਼ਤਰੰਜ ਹੀ ਉਲਟ ਗਈ! ਇਹੋ ਜਿਹਾ ਮੌਕਾ ਵੀ ਮਿਲੇਗਾ ਕਿ ਲੱਛਮੀ ਅਤੇ ਕਿਸਮਤ ਮੈਨੂੰ ਜੱਜ ਮੰਨਣਗੀਆਂ, ਕਦੀ ਖਾਬੋ-ਖਿਆਲ ਵਿਚ ਨਹੀਂ ਆਇਆ। ਹੁਣ ਮੌਕਾ ਮਿਲਿਆ ਹੈ, ਸੰਭਾਲੀਏ। ਪਲ ਭਰ ਦੀ ਢਿੱਲ ਕਿਉਂ ਕਰਨੀ? ਸਹਿਜ ਨਾਲ ਬੋਲਿਆ- ਜੋ ਫੈਸਲਾ ਕਰਾਂ, ਮਨਜ਼ੂਰ? ਦੋਹਾਂ ਨੇ ਕਿਹਾ, ਮਨਜ਼ੂਰ, ਮਨਜ਼ੂਰ।

ਲੱਖੀ ਨੇ ਕਿਹਾ- ਵਿਆਹ ਹੋਣ ਪਿੱਛੋਂ ਵਿਵਾਦ ਆਪੇ ਹੱਲ ਹੋ ਜਾਏਗਾ। ਮੇਰੀ ਅਕਲ ਅਨੁਸਾਰ ਨਾ ਲੱਛਮੀ ਵੱਡੀ ਹੈ ਨਾ ਕਿਸਮਤ। ਵੱਡੀ ਹੈ ਰਾਜਕੁਮਾਰੀ। ਜਦ ਤੱਕ ਉਹ ਵਿਆਹ ਵਾਸਤੇ ਕਿਸੇ ਨੂੰ ਚੁਣਦੀ ਨਹੀਂ, ਲੱਛਮੀ ਅਤੇ ਕਿਸਮਤ ਦਾ ਤਕਰਾਰ ਕਾਇਮ ਰਹੇਗਾ। ਜਦੋਂ ਵਰ ਮਿਲ ਗਿਆ, ਨਾ ਲੱਛਮੀ ਦਾ ਕੋਈ ਵਸ ਚਲੇ, ਨਾ ਕਿਸਮਤ ਦਾ। ਉਦੋਂ ਨਾ ਲੱਖੀ ਵਣਜਾਰੇ ਦੀ ਚਲਾਕੀ ਕੰਮ ਆਏ ਨਾ ਦੌਲਤ ਦਾ ਛਲ ਕਪਟ ਚੱਲੇ। ਕਿਸਮਤ ਦੀ ਕੋਈ ਦਾਲ ਨਹੀਂ ਗਲਣੀ।

ਉਸ ਦੀਆਂ ਨਿਆਇਕ ਗੱਲਾਂ ਸੁਣ ਕੇ ਲੱਛਮੀ ਤੇ ਕਿਸਮਤ ਚੁੱਪਚਾਪ ਖਿਸਕ ਗਈਆਂ, ਕਿਸੇ ਨੂੰ ਪਤਾ ਵੀ ਨਾ ਲੱਗਾ।


ਲੱਖੀ ਵਣਜਾਰੇ ਨੇ ਫਿਰ ਰਾਜਕੁਮਾਰੀ ਅਤੇ ਦੀਨ ਨੂੰ ਕਿਹਾ- ਰਾਜ ਦੀ ਵਾਗਡੋਰ ਰਾਜਕੁਮਾਰੀ ਸੰਭਾਲੇ ਜਾਂ ਦੀਨ, ਇੱਕੋ ਗੱਲ ਹੈ। ਫੌਜ, ਖਜ਼ਾਨਾ ਤੇ ਸਿੰਘਾਸਨ ਆਪੋ ਆਪਣਾ ਅਸਰ ਦਿਖਾਇਆ ਕਰਦੇ ਨੇ। ਜੇ ਤੁਸੀਂ ਇਨ੍ਹਾਂ ਦੇ ਨਸ਼ੇ ਤੋਂ ਮੁਕਤ ਰਹੇ ਫਿਰ ਤੁਸੀਂ ਧਰਮੀ ਹੋ, ਮਰਿਆਦਾ ਪੁਰਸ਼ ਹੋ। ਬਰਸਾਂ ਤੋਂ ਮੈਂ ਦੁਨੀਆ ਦੇ ਰਾਜਿਆਂ ਦਾ ਰੰਗ ਢੰਗ ਦੇਖ ਰਿਹਾ ਹਾਂ। ਸਾਰੇ ਰਾਜੇ ਇੱਕ ਤੋਂ ਇੱਕ ਚੜ੍ਹਦੇ ਦੁਰਾਚਾਰੀ, ਅਨਿਆਈ, ਹਤਿਆਰੇ, ਨਿਰਦਈ ਅਤੇ ਹਵਸਾਂ ਮਾਰੇ ਲਾਲਚੀ ਹਨ। ਜਿਵੇਂ ਇੱਕੋ ਨਾਗਣ ਦੇ ਬੱਚੇ ਹੋਣ।

ਇੱਕ ਦੇਸ ਦੀ ਪੁਰਾਣੀ ਸਾਖੀ ਹੈ। ਰਾਜੇ ਦੇ ਮਰਨ ਉਪਰੰਤ ਹਥਣੀ ਨੇ ਤਿੰਨ ਵਾਰ ਇੱਕ ਰਿਸ਼ੀ ਦੇ ਗਲ ਵਿਚ ਮਾਲਾ ਪਹਿਨਾਈ ਤਾਂ ਪਰਜਾ ਅਤੇ ਦਰਬਾਰ ਨੇ ਉਸ ਨੂੰ ਆਪਣਾ ਰਾਜਾ ਮੰਨ ਲਿਆ। ਥੋੜ੍ਹੇ ਦਿਨ ਠੀਕ ਰਿਹਾ, ਫਿਰ ਪਾਪੀ ਰਾਜਿਆਂ ਨੂੰ ਮਾਤ ਕਰਨ ਲੱਗਾ। ਰਾਜ ਸੱਤਾ ਏਨੀ ਨਿਰਦਈ ਕਿ ਕਬੂਤਰ ਨੂੰ ਬਾਜ ਬਣਾ ਦਿੰਦੀ ਹੈ। ਹੁਣ ਜੋ ਹੋਏਗਾ ਸਾਹਮਣੇ ਆ ਜਾਏਗਾ। ਪਹਿਲੋਂ ਹੀ ਇਸ ਦੀ ਚਿੰਤਾ ਕਿਉਂ ਕਰਨੀ ਹੋਈ? ਮੇਰੇ ਉਤੇ ਵੀ ਤੁਹਾਡੀ ਸੰਗਤ ਦਾ ਘੱਟ ਅਸਰ ਨਹੀਂ ਹੋਇਆ। ਪੀੜ੍ਹੀਆਂ ਤੋਂ ਸੰਭਾਲ ਕੇ ਰੱਖੀ ਮਾਇਆ ਦਾ ਮਹੱਤਵ ਵੀ ਤਾਂ ਹੈ ਜੇ ਰਾਜੇ ਦੇ ਖਜ਼ਾਨੇ ਨਾਲ ਜੁੜ ਕੇ ਪਰਜਾ ਦੇ ਕੰਮ ਆਏ। ਤੁਹਾਡਾ ਸੇਵਕ ਬਣ ਕੇ ਮੈਂ ਆਪਣੇ ਪੁਰਾਣੇ ਕੰਮਾਂ ਦਾ ਪਛਤਾਵਾ ਕਰਦਾ ਹਾਂ। ਮਾਇਆ ਦਾ ਤਿਆਗ ਕਰ ਕੇ ਜੋ ਆਨੰਦ ਮਿਲਦਾ ਹੈ, ਇਕੱਠੀ ਕਰਨ ਨਾਲ ਨਹੀਂ ਮਿਲਦਾ, ਇਹ ਗਿਆਨ ਵੀ ਤੁਹਾਡੀ ਸੰਗਤ ਸਦਕਾ ਮਿਲਿਆ। ਪਰਮੇਸਰ ਸੁਖੀ ਰੱਖੇ।

# ਯਾਦਾਂ ਦੀਆਂ ਤੰਦਾਂ

1950 ਵਿਚ ਜਲੰਧਰ ਵਕੀਲ ਮਿਹਰ ਸਿੰਘ ਦੇ ਦਫਤਰ ਵਿਚ ਅਰਜ਼ੀ-ਨਵੀਸ ਪਾਸੋਂ ਮੇਰੇ ਬਾਪ ਕਰਨਲ ਗੁਰਦੇਵ ਸਿੰਘ ਨੇ ਲਿਖਵਾਇਆ ਹੋਇਆ ਇਕਪਾਸੜ ਫੈਸਲਾ ਪੜ੍ਹ ਕੇ ਸੁਣਾਇਆ। ਮੇਰੇ ਦਸਤਖਤ ਅਤੇ ਮੇਰੀ ਮਾਂ ਦਾ ਅੰਗੂਠਾ ਲਗਵਾ ਕੇ ਉਸ ਦੀ ਨਕਲ ਕਾਪੀ ਤਕ ਸਾਨੂੰ ਨਾ ਦਿੱਤੀ। ਉਸ ਫੈਸਲੇ ਅਨੁਸਾਰ ਪਿੰਡ ਕਰੀਹਾ (ਨਵਾਂ ਸ਼ਹਿਰ) ਵਿਚ ਆਪਣੀ ਮਾਂ ਨਾਲ ਵਸਣ ਦੀ ਬੜੀ ਦਰਦਨਾਕ ਲੰਮੀ ਘਰੇਲੂ ਦਾਸਤਾਂ ਹੈ।

1951 ਨੂੰ ਮਾਰਚ ਮਹੀਨੇ ਦੀ 23 ਤਾਰੀਕ ਸੀ। ਮੈਂ ਕਰੀਹੇ ਤੋਂ ਖਟਕੜ ਕਲਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਸ ਦੇ ਇਨਕਲਾਬੀ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਕਾਨਫਰੰਸ ਵਿਚ ਸ਼ਾਮਲ ਹੋਣ ਗਿਆ। ਸਾਇਕਲ



'ਤੇ ਰੇਲਵੇ ਪਟੜੀ ਦੇ ਨਾਲ-ਨਾਲ ਬਣੀ ਪਗਡੰਡੀ ਰਾਹੀਂ ਕਾਨਫਰੰਸ ਵਾਲੀ ਜਗ੍ਹਾ ਪਹੁੰਚਿਆ ਜੋ ਨਵਾਂ ਸ਼ਹਿਰ ਤੋਂ ਫਗਵਾੜੇ ਜਾਂਦੀ ਪੱਕੀ

**ਕਿਰਪਾਲ ਸਿੰਘ ਸੰਧੂ, ਫਰਿਜ਼ਨੋ**
ਫੋਨ: 559-259-4844

ਸੜਕ ਕੰਢੇ ਪਿੰਡ ਖਟਕੜ ਕਲਾਂ ਦੀ ਹੱਦ ਅੰਦਰ ਹੋ ਰਹੀ ਸੀ। ਕਾਨਫਰੰਸ ਤੋਂ ਬਾਅਦ ਮੈਂ ਸੋਚਿਆ, ਹੁਣ ਆਏ ਤਾਂ ਹੋਏ ਹਾਂ, ਕਿਉਂ ਨਾ ਬਾਬਾ ਜੀ ਜਸਵੰਤ ਸਿੰਘ ਨੂੰ ਮਿਲ ਜਾਵਾਂ। ਉਹ ਮੇਰੇ ਬਾਬਾ ਜੀ ਮੰਗਲ ਸਿੰਘ ਦੇ ਵੱਡੇ ਭਰਾ ਸਨ।

ਮੈਂ ਰੇਲਵੇ ਸਟੇਸ਼ਨ ਖਟਕੜ ਕਲਾਂ ਝੰਡਾ ਜੀ ਤੋਂ ਰੇਲਵੇ ਪਟੜੀ ਛੱਡ ਸਿੱਧਾ ਅੰਬਾਂ ਦੇ ਬਾਗ ਵਿਚ ਦੀ ਹੋ ਤੁਰਿਆ। ਦਿਲ ਵਿਚ ਖਿਆਲ ਸੀ ਕਿ ਜੇ ਬਾਬਾ ਜੀ ਜਸਵੰਤ ਸਿੰਘ ਮਿਲ ਜਾਣ ਤਾਂ ਆਪਣੀ ਕਰੀਹੇ ਵਾਲੀ ਜ਼ਮੀਨ ਵਿਚ ਆ ਰਹੀ ਮੁਸ਼ਕਿਲ ਦੱਸ ਕੇ ਉਸ ਦਾ ਕੋਈ ਹੱਲ ਲਭਿਆ ਜਾ ਸਕਦਾ ਹੈ। ਬਾਗ ਵਿਚੋਂ ਜਾਂਦਿਆਂ ਕਈ ਰੰਗ ਦੇਖਣ ਨੂੰ ਮਿਲੇ। ਇਸ ਵਿਚ ਪਈਆਂ ਵੱਟਾਂ ਹੁਣ ਲਕੀਰ ਮਾਤਰ ਹੀ ਦਿਸ ਰਹੀਆਂ ਸਨ; ਜਿਵੇਂ ਇਹ ਬਾਗ ਕਈ ਪੀੜ੍ਹੀਆਂ ਦੀ ਵਾਰ-ਵਾਰ ਹੋ ਰਹੀ ਪਰਿਵਾਰਕ ਵੰਡ ਹੰਢਾਅ ਚੁੱਕਿਆ ਹੋਵੇ! ਅੰਬਾਂ ਦੇ ਬੂਟਿਆਂ 'ਤੇ ਕੋਈ ਟਾਵਾਂ-ਟੱਲਾ ਅੰਬ ਬੂਟਿਆਂ ਦੀ ਨਾ ਹੋਈ ਸਾਂਭ-ਸੰਭਾਲ ਦੀ ਗਵਾਹੀ ਭਰ ਰਿਹਾ ਸੀ। ਬਾਗ ਦੇ ਦੂਸਰੇ ਸਿਰੇ ਅੰਦਰ ਬਾਹਰ ਛੋਟੇ ਜਿਹੇ ਬਣੇ ਮਕਾਨ ਦੇ ਚੁਬਾਰੇ ਵਿਚ ਬਾਬਾ ਜੀ ਕੁਰਸੀ 'ਤੇ ਬੈਠੇ ਸਨ। ਕੋਲ ਇਕ ਰਾਖਾ ਵੀ ਬੈਠਾ ਸੀ। ਬਾਗ ਵਿਚ ਇਸ ਪਾਸੇ ਅੰਬਾਂ ਦੇ ਬੂਟਿਆਂ 'ਤੇ ਰੌਣਕ ਦਿਖਾਈ ਦਿੰਦੀ ਸੀ ਅਤੇ ਫਲ ਵੀ ਖੂਬ ਲੱਗੇ ਹੋਏ ਸੀ। ਮੈਂ ਝੁਕ ਕੇ ਬਾਬਾ ਜੀ ਦੇ ਚਰਨਾਂ ਨੂੰ ਹੱਥ ਲਾਇਆ ਅਤੇ ਕੋਲ ਪਈ ਚਾਰਪਾਈ 'ਤੇ ਬੈਠ ਗਿਆ। ਉਹ ਰਾਖੇ ਨਾਲ ਅੱਜ ਵਾਲੀ ਸ਼ਹੀਦੀ ਕਾਨਫਰੰਸ ਅਤੇ ਲੋਕਾਂ ਦੇ ਭਾਰੀ ਇਕੱਠ ਬਾਰੇ ਗੱਲਾਂ ਕਰਦੇ ਮੁਸਲਮਾਨ ਲੀਗ ਅਤੇ ਕਾਂਗਰਸ ਨੂੰ ਪਾਣੀ ਪੀ-ਪੀ ਕੋਸ ਰਹੇ ਸਨ; ਜਿਵੇਂ ਉਨ੍ਹਾਂ ਨੂੰ ਕੋਈ ਜ਼ਾਤੀ ਸਦਮਾ ਪਹੁੰਚਿਆ ਹੋਵੇ, ਤੇ ਰਾਖਾ 'ਹਾਂ ਜੀ, ਹਾਂ ਜੀ' ਕਹਿ ਕੇ ਹੁੰਗਾਰਾ ਭਰ ਰਿਹਾ ਸੀ। ਥੋੜ੍ਹੀ ਦੇਰ ਬਾਅਦ ਮੈਨੂੰ ਸਮਝ ਆਈ ਕਿ ਬਾਬਾ ਜੀ ਦਰਅਸਲ ਦੇਸ਼ ਦੀ ਆਜ਼ਾਦੀ ਤੋਂ ਖੁਸ਼ ਨਹੀਂ। ਇਹ ਮੈਨੂੰ ਚੰਗਾ ਨਹੀਂ ਸੀ ਲਗ ਰਿਹਾ। ਮੈਂ ਫਿਰ ਆਪਣੇ ਮਸਲੇ ਬਾਰੇ ਕੀ ਗੱਲ ਕਰਨੀ ਸੀ? ਬਸ ਇਹ ਕਹਿ ਕੇ ਇਜਾਜ਼ਤ ਲੈ ਲਈ ਕਿ ਬਾਬਾ ਜੀ, ਮੈਂ ਜਲਦੀ ਕਰੀਹੇ ਨੂੰ ਮੁੜ ਜਾਣਾ ਹੈ ਤਾਂ ਜੋ ਜਾ ਕੇ ਮਾਲ ਡੰਗਰ ਦੇਖਿਆ ਜਾ ਸਕੇ।

ਜਿਵੇਂ-ਜਿਵੇਂ ਅਪਰੈਲ ਦੇ ਦਿਨ ਇਕ-ਇਕ ਕਰ ਕੇ ਲੰਘ ਰਹੇ ਸਨ, ਉਸੇ ਤਰ੍ਹਾਂ ਗਰਮੀ ਵੀ ਆਪਣੇ ਜੋਬਨ ਵਲ ਵਧ ਰਹੀ ਸੀ। ਜ਼ਮੀਨ ਦਾ ਰਕਬਾ 7 ਏਕੜ ਜੋ ਮੈਨੂੰ ਦਿੱਤਾ ਗਿਆ ਸੀ, ਉਸ ਵਿਚ ਕੋਈ ਦਰਖਤ ਨਹੀਂ ਸੀ ਅਤੇ ਨਾ ਹੀ ਖੂਹ 'ਤੇ ਟਿੰਡਾਂ ਸਨ। ਬਗੈਰ ਪਾਣੀ ਦੇ ਪਸ਼ੂਆਂ ਲਈ ਪੱਠੇ ਬੀਜਣ ਦੀ ਫਿਕਰ ਦਿਨ ਰਾਤ ਸਤਾ ਰਹੀ ਸੀ। ਹੌਸਲਾ ਕਰ ਕੇ ਇਕ ਵਾਰ ਫਿਰ ਬਾਬਾ ਜੀ ਕੋਲ ਜਾਣ ਦਾ ਮਨ ਬਣਾਇਆ। ਅਗਲੇ ਦਿਨ ਬਾਬਾ ਜੀ ਕੋਲ ਪਹੁੰਚ ਕੇ ਸਾਰੀ ਔਕੜ ਆਖ ਸੁਣਾਈ। ਉਨ੍ਹਾਂ ਮੈਨੂੰ ਅਗਲੇ ਦਿਨ ਸਵੇਰੇ-ਸਵੇਰੇ ਆਉਣ ਲਈ ਕਿਹਾ।


ਮੈਂ ਅਗਲੇ ਦਿਨ ਸਵੇਰੇ ਰੋਟੀ-ਟੁਕ ਛਕ ਕੇ ਖਟਕੜ ਕਲਾਂ ਪਹੁੰਚ ਗਿਆ। ਬਾਬਾ ਜੀ ਤਿਆਰ ਸਨ। ਸਾਇਕਲ ਘਰੇ ਛੱਡ ਬਾਬੇ ਜੀ ਦੇ ਪਿੱਛੇ-ਪਿੱਛੇ ਕਸਬਾ ਬੰਗਾ, ਰੇਲਵੇ ਰੋਡ ਮਿਸਤਰੀ ਜੀ ਦੀ ਦੁਕਾਨ 'ਤੇ ਜਾਣ ਲਈ ਰੇਲਵੇ ਪਟੜੀ ਦੇ ਨਾਲ-ਨਾਲ ਪੈਦਲ ਚਲ ਪਏ। ਰਸਤਾ ਕੋਈ 2 ਮੀਲ ਦਾ ਹੋਵੇਗਾ। ਜਾਂਦੇ-ਜਾਂਦੇ ਉਨ੍ਹਾਂ ਫਿਰ ਦੇਸ਼ ਦੀ ਆਜ਼ਾਦੀ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਮਨਾਈ ਜਾ ਰਹੀ ਬਰਸੀ ਦੀ ਗੱਲ ਤੋਰ ਲਈ। ਮੈਂ ਸੁਣਦਾ ਗਿਆ ਤੇ ਕਦੇ-ਕਦੇ ਹੁੰਗਾਰਾ ਵੀ ਭਰ ਦਿੰਦਾ। ਬਾਬਾ ਜੀ ਜਸਵੰਤ ਸਿੰਘ ਜਿਨ੍ਹਾਂ 1936-37 ਦੀਆਂ ਪੰਜਾਬ ਅਸੈਂਬਲੀ ਚੋਣ ਅੰਗਰੇਜ਼ ਸਰਕਾਰ ਪੱਖੀ ਰੂਲਰਲਿਸਟ ਪਾਰਟੀ ਦੀ ਟਿਕਟ 'ਤੇ ਜਲੰਧਰ ਦਿਹਾਤੀ ਹਲਕਾ ਫਿਲੌਰ ਤੋਂ ਲੜੀ ਸੀ ਅਤੇ ਉਹ ਦੇਸ਼ ਭਗਤ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਤੋਂ ਬੁਰੀ ਤਰ੍ਹਾਂ ਚੋਣ ਹਾਰ ਗਏ ਸਨ।

ਬਾਬਾ ਜੀ ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਬੋਲੇ, "ਕਿਰਪਾਲ, ਇਕ ਦਫਾ ਭਗਤ ਸਿੰਘ ਨੇ ਡਾਕ ਰਾਹੀਂ ਮੇਰੇ ਨਾਂ 'ਤੇ ਭਾਰਤ ਮਾਤਾ ਨਾਂ ਵਾਲਾ ਰਸਾਲਾ ਭੇਜਿਆ ਜਿਸ ਵਿਚ ਅੰਗਰੇਜ਼ੀ ਸਰਕਾਰ ਖਿਲਾਫ ਕਾਫੀ ਊਟ-ਪਟਾਂਗ ਲਿਖਿਆ ਹੋਇਆ ਸੀ। ਭਗਤ ਸਿੰਘ ਉਦੋਂ ਲਾਹੌਰ ਕਾਲਜ ਦੇ ਹੋਸਟਲ ਵਿਚ ਰਹਿ ਕੇ ਪੜ੍ਹਦਾ ਸੀ, ਮੈਂ ਗੁੱਸੇ ਵਿਚ ਆ ਕੇ ਉਹਦੇ ਨਾਂ ਤਿੰਨ ਪੈਸੇ ਵਾਲਾ ਕਾਰਡ ਹੋਸਟਲ ਦੇ ਪਤੇ 'ਤੇ ਲਿਖ ਭੇਜਿਆ- "ਤੂੰ ਵੀ ਚਾਚਾ ਜੀ ਅਰਜਨ ਸਿੰਘ ਅਤੇ ਭਾਜੀ ਕਿਸ਼ਨ ਸਿੰਘ ਵਾਂਗ ਉਸੇ ਰਾਹ 'ਤੇ ਚਲ ਪਿਆ ਹੈਂ। ਖਬਰਦਾਰ ਜੇ ਅੱਗੇ ਵਾਸਤੇ ਮੇਰੇ ਨਾਂ 'ਤੇ ਅੰਗਰੇਜ਼ ਸਰਕਾਰ ਖਿਲਾਫ ਕੁਝ ਬੁਰਾ ਭਲਾ ਲਿਖਿਆ ਹੋਇਆ ਕੋਈ ਰਸਾਲਾ ਜਾਂ ਅਖਬਾਰ ਭੇਜੀ।" ਉਹ ਕਾਰਡ ਭਗਤ ਸਿੰਘ ਨੇ ਆਪਣੇ ਹੋਸਟਲ ਵਾਲੇ ਕਮਰੇ ਦੀ ਪੜ੍ਹਨ ਵਾਲੀ ਮੇਜ਼ ਦੀ ਦਰਾਜ ਵਿਚ ਰੱਖ ਲਿਆ। ਇਕ ਵਾਰ ਪੁਲਿਸ ਨੇ ਭਗਤ ਸਿੰਘ ਦੇ ਕਮਰੇ ਦੀ ਤਲਾਸ਼ੀ ਲਈ ਤਾਂ ਉਸ ਦੀ ਦਰਾਜ 'ਚੋਂ ਮੇਰਾ ਲਿਖਿਆ ਉਹ ਕਾਰਡ ਪੁਲਿਸ ਅਤੇ ਸੀ.ਆਈ.ਡੀ. ਵਾਲਿਆਂ ਦੇ ਹੱਥ ਆ ਗਿਆ, ਤਾਂ ਜਾ ਕੇ ਅੰਗਰੇਜ਼ੀ ਸਰਕਾਰ ਨੂੰ ਮੇਰੇ ਵਾਲਦ ਸਰਦਾਰ ਸੁਰਜਨ ਅਤੇ ਉਸ ਦੇ ਪਰਿਵਾਰ 'ਤੇ ਪੂਰਾ-ਪੂਰਾ ਭਰੋਸਾ ਹੋਣ ਲੱਗਾ ਕਿ ਸਰਦਾਰ ਸੁਰਜਨ ਸਿੰਘ ਅਤੇ ਉਸ ਦਾ ਪਰਿਵਾਰ ਅੰਗਰੇਜ਼ੀ ਸਰਕਾਰ ਦਾ ਪੂਰਾ-ਪੂਰਾ ਹਮਦਰਦ ਹੈ। ਅੰਗਰੇਜ਼ ਸਰਕਾਰ ਸਾਡੇ 'ਤੇ ਭਰੋਸਾ ਕਰਨ ਲੱਗੀ ਅਤੇ ਸਰਕਾਰੇ-ਦਰਬਾਰੇ ਪਰਿਵਾਰ ਦੀ ਇਜ਼ਤ ਹੋਣ ਲੱਗੀ।

'ਅੱਛਾ ਜੀ' ਕਹਿ ਕੇ ਮੈਂ ਬਾਬਾ ਜੀ ਦੀ ਹਾਂ ਵਿਚ ਹਾਂ ਮਿਲਾਈ।

ਕੁਝ ਚਿਰ ਚੁਪ ਰਹਿਣ ਬਾਅਦ ਮੈਂ ਬੜੇ ਅਦਬ ਅਤੇ ਹਲੀਮੀ ਭਰੇ ਲਹਿਜੇ ਵਿਚ ਪੁਛਿਆ, "ਬਾਬਾ ਜੀ, ਇਕ ਕਹਾਣੀ ਬੜੀ ਪੁਰਾਣੀ ਸੁਣਨ ਨੂੰ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਸਰਦਾਰ ਅਜੀਤ ਸਿੰਘ ਬੰਗੇ ਸਕੂਲ ਵਿਚ ਪੜ੍ਹਦਾ ਸੀ। ਛੁੱਟੀ ਦਾ ਦਿਨ ਸੀ। ਸਮਾਂ ਸੀ ਕੋਈ ਛਾਹ ਵੇਲਾ। ਉਹ ਆਪਣੇ ਖੇਤ ਵਿਚੋਂ ਗੰਨਾ ਧੂਹ ਕੇ ਚੂਪਦਾ ਹੋਇਆ ਘਰ ਨੂੰ ਆ ਰਿਹਾ ਸੀ। ਪਿੰਡ ਦੇ ਬਾਹਰ ਵਾਲੀ ਸੜਕ ਕੰਢੇ ਇਕ ਅੰਗਰੇਜ਼ ਪੁਲਿਸ ਅਫਸਰ ਘੋੜੇ 'ਤੇ ਸਵਾਰ ਹੋਇਆ ਆਪਣੇ ਦੂਸਰੇ ਛੋਟੇ ਪੁਲਿਸ ਵਾਲਿਆਂ ਦੇ ਨਾਲ ਤੁਹਾਡੇ ਪਿਤਾ ਜੀ ਸਰਦਾਰ ਸੁਰਜਨ ਸਿੰਘ ਨੂੰ ਟੁੱਟੀ-ਫੁੱਟੀ ਪੰਜਾਬੀ ਉਰਦੂ ਵਿਚ ਕਹਿ ਰਿਹਾ ਸੀ ਕਿ ਸਰਦਾਰ ਸੁਰਜਨ ਸਿੰਘ, ਮੈਂ ਨਵਾਂ ਸ਼ਹਿਰ ਜਾਣਾ ਚਾਹੁੰਦਾ ਸੀ, ਦਿਲ ਵਿਚ ਖਿਆਲ ਆਇਆ ਕਿ ਆਪ ਕੋ ਵੀ ਮਿਲਤਾ ਜਾਊਂ। ਜਦੋਂ ਉਹ ਚਲਾ ਗਿਆ ਤਾਂ ਅਜੀਤ ਸਿੰਘ ਨੇ ਕਿਹਾ- ਤਾਇਆ ਜੀ, ਪੁਲਿਸ ਸਾਹਿਬ ਨੂੰ ਚੰਗੀ ਤਰ੍ਹਾਂ ਪੰਜਾਬੀ ਤਾਂ ਬੋਲਣੀ ਨਹੀ ਆਉਂਦੀ। ਤੁਸੀਂ ਝੁਕ-ਝੁਕ ਕੇ ਉਸ ਨੂੰ ਵਾਰ-ਵਾਰ 'ਸਾਹਿਬ ਜੀ ਸਾਹਿਬ ਜੀ' ਕਹਿ ਕੇ ਉਸ ਦੀ ਇਜ਼ਤ ਕਰ ਰਹੇ ਸੀ। ਫਿਰ ਸਰਦਾਰ ਸੁਰਜਨ ਸਿੰਘ ਨੇ ਅਜੀਤ ਸਿੰਘ ਨੂੰ ਖੂਬ ਡਾਂਟਿਆ ਅਤੇ ਨਾਰਾਜ਼ ਵੀ ਹੋਏ; ਅਖੇ, ਤੈਨੂੰ ਕੀ ਪਤਾ ਹੈ ਇਨ੍ਹਾਂ ਗੋਰਿਆਂ ਦੀ ਬਦੌਲਤ ਤਾਂ ਇਲਾਕੇ ਵਿਚ ਸਾਡੀ ਇਜ਼ਤ ਮਾਣ ਹੈ, ਅੱਗਿਓਂ ਅਜੀਤ ਸਿੰਘ ਕੋਈ ਜਵਾਬ ਨਾ ਦਿੰਦਾ ਹੋਇਆ ਸਗੋਂ ਮੁਸਕਰਾ ਕੇ ਗੰਨਾ ਚੂਪਦਾ ਘਰ ਨੂੰ ਚਲੇ ਗਿਆ। ਇਹ ਕਹਾਣੀ ਕਿੰਨੀ ਕੁ ਸੱਚੀ ਹੈ?"

ਬਾਬਾ ਜੀ ਥੋੜ੍ਹੀ ਦੇਰ ਚੁਪ ਰਹਿਣ ਤੋਂ ਬਾਅਦ ਬੋਲੇ, "ਜ਼ਿਆਦਾ ਤਾਂ ਹੁਣ ਮੈਨੂੰ ਯਾਦ ਨਹੀਂ ਪਰ ਇਹ ਗੱਲ ਹੋਈ ਜ਼ਰੂਰ ਸੀ। ਪੁੱਤ ਕਿਰਪਾਲ, ਇਕ ਗੱਲ ਦੱਸਦਾ ਹਾਂ, ਇਹ ਸਾਡੇ ਪਰਿਵਾਰ ਅਤੇ ਬਾਬਾ ਜੀ ਖੇਮ ਸਿੰਘ ਦੀ ਮਿਹਰ ਹੈ। ਭਾਵੇਂ ਵਿਚਾਰਾਂ ਦੇ ਵਖਰੇਵੇਂ ਰਹੇ ਪਰਿਵਾਰ ਵਿਚ, ਫਿਰ ਵੀ ਪਰਿਵਾਰ ਦਾ ਛੋਟਾ ਜੀਅ ਕਦੇ ਵੀ ਵੱਡੇ ਅੱਗੇ ਬੋਲਿਆ ਨਹੀਂ।"



ਕਿਰਪਾਲ ਸਿੰਘ ਸੰਧੂ ਦੇ ਪਿਤਾ ਕਰਨਲ ਗੁਰਦੇਵ ਸਿੰਘ



ਜਸਵੰਤ ਸਿੰਘ ਸੰਧੂ

ਇਹ ਗੱਲਾਂ ਕਰਦਿਆਂ ਰੇਲਵੇ ਸਟੇਸ਼ਨ ਬੰਗਾ ਆ ਗਿਆ। ਅਸੀਂ ਮੁਸਾਫਰਖਾਨੇ ਵਿਚੀਂ ਹੁੰਦੇ ਹੋਏ ਰੇਲਵੇ ਰੋਡ 'ਤੇ ਚਲ ਪਏ। ਬਾਬਾ ਬੀ ਨੂੰ ਟਾਵਾਂ-ਟਾਵਾਂ ਜਾਣਕਾਰ ਮਿਲਦਾ ਤਾਂ 'ਸਤਿ ਸ੍ਰੀ ਅਕਾਲ' ਬੁਲਾਉਂਦਾ। ਬਹੁਤੇ ਚਾਚਾ ਜੀ ਜਾਂ ਬਾਬਾ ਜੀ ਕਹਿ ਕੇ ਸਿਰ ਝੁਕਾ ਕੇ ਬੁਲਾਉਂਦੇ।

ਅਸੀਂ ਮਿਸਤਰੀ ਦੀ ਦੁਕਾਨ 'ਤੇ ਅੱਪੜ ਗਏ। ਦੁਕਾਨ 'ਤੇ ਬੈਠੇ ਬਜ਼ੁਰਗ ਨੇ 'ਸਰਦਾਰ ਜੀ' ਕਹਿ ਕੇ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਆਉਣ ਦਾ ਕਾਰਨ ਪੁੱਛਿਆ। ਬਾਬਾ ਜੀ ਨੇ ਟਿੰਡਾਂ ਦੀ ਗੱਲ ਕੀਤੀ। ਬਜ਼ੁਰਗ ਮਿਸਤਰੀ ਕਹਿਣ ਲੱਗਾ, "ਸਰਦਾਰ ਜੀ, ਟਿੰਡਾਂ ਤਾਂ ਹੁਣ ਕੋਈ ਬਣਵਾਉਂਦਾ ਨਹੀਂ, ਅਸੀਂ ਵੀ ਇਹ ਕੰਮ ਬੰਦ ਕਰ ਦਿੱਤਾ ਹੋਇਆ ਹੈ। ਹੁਣ ਮੁੰਡੇ ਇੰਜਣਾਂ ਦਾ ਕੰਮ ਹੀ ਕਰਦੇ ਹਨ। ਤੁਸੀਂ ਆਏ ਹੋ, ਮੈਂ ਟਿੰਡਾਂ ਬਣਵਾ ਦੇਵਾਂਗਾ।" ਬਾਬਾ ਜੀ ਕਹਿਣ ਲੱਗੇ, "ਮਿਹਰਬਾਨੀ ਮਿਸਤਰੀ ਜੀ, ਜ਼ਰਾ ਜਲਦੀ ਬਣਵਾ ਦੇਣੀਆਂ ਤੇ ਰੇੜ੍ਹੇ 'ਤੇ ਰਖਵਾ ਕੇ ਕਰੀਹੇ ਅੱਪੜਦੀਆਂ ਕਰ ਦੇਣੀਆਂ। ਟਿੰਡਾਂ ਦੀ ਕੀਮਤ ਅਤੇ ਰੇੜ੍ਹੇ ਦਾ ਕਿਰਾਇਆ ਆਪਣਾ ਕੋਈ ਅਜ਼ੀਜ਼ ਭੇਜ ਕੇ ਮੇਰੇ ਪਾਸੋਂ ਖਟਕੜ ਕਲਾਂ ਤੋਂ ਮੰਗਵਾ ਲੈਣਾ।" ਫਿਰ ਇਹ ਕਹਿ ਕੇ ਦੁਕਾਨਦਾਰ ਤੋਂ ਛੁੱਟੀ ਲਈ, "ਮਿਸਤਰੀ ਜੀ, ਧੁੱਪ ਚੜ੍ਹਦੀ ਜਾ ਰਹੀ ਹੈ।"

ਵਾਪਸੀ 'ਤੇ ਜਦੋਂ ਅਸੀਂ ਰੇਲਵੇ ਜੰਕਸ਼ਨ ਬੰਗੇ ਪਹੁੰਚੇ ਤਾਂ ਜਲੰਧਰ ਤੋਂ ਨਵਾਂ ਸ਼ਹਿਰ ਜਾਣ ਵਾਲੀ ਪਸੈਂਜਰ ਗੱਡੀ ਦੇ ਆਉਣ ਵਿਚ ਡੇਢ ਘੰਟਾ ਰਹਿੰਦਾ ਸੀ। ਬਾਬਾ ਜੀ ਰੁਮਾਲ ਆਪਣੀ ਪਗੜੀ ਉਪਰ ਦੀ ਰੱਖ ਕੇ ਮੂੰਹ ਨੂੰ ਛਾਂ ਕਰ ਕੇ ਰੇਲਵੇ ਪਟੜੀ ਦੇ ਨਾਲ-ਨਾਲ ਪਿੰਡ ਨੂੰ ਹੋ ਤੁਰੇ। ਉਨ੍ਹਾਂ ਸ਼ਾਇਦ ਇਹ ਸੋਚਿਆ ਹੋਵੇ ਕਿ ਰੇਲਵੇ ਸਟੇਸ਼ਨ ਖਟਕੜ ਕਲਾਂ ਝੰਡਾ ਜੀ ਵੀ ਤਾਂ ਪਿੰਡ ਦੇ ਚੜ੍ਹਦੇ ਪਾਸੇ ਵਲ ਅੱਧ ਮੀਲ ਦੀ ਦੂਰੀ 'ਤੇ ਹੈ! ਚੰਗਾ ਇਹੋ ਰਹੇਗਾ ਕਿ ਗੱਡੀ ਦੀ ਇੰਤਜ਼ਾਰ ਕਰਨ ਨਾਲੋਂ ਪਿੰਡ ਨੂੰ ਪੈਦਲ ਹੀ ਚਲਦੇ ਹਾਂ। ਉਮਰ ਮੁਤਾਬਕ ਉਨ੍ਹਾਂ ਦੀ ਸਿਹਤ ਬਹੁਤ ਚੰਗੀ ਸੀ। ਮੈਂ ਵੀ ਪਿਛੇ-ਪਿਛੇ ਚਲ ਪਿਆ। ਥੋੜ੍ਹੀ ਦੇਰ ਬਾਅਦ ਉਨ੍ਹਾਂ ਕਰੀਹੇ ਰਹਿਣ ਅਤੇ ਗੁਜ਼ਾਰੇ ਦੀ ਗੱਲ ਤੋਰ ਲਈ। ਸ਼ਾਇਦ ਬਾਬਾ ਜੀ ਇਹ ਜਾਣਨਾ ਚਾਹੁੰਦੇ ਹੋਣਗੇ ਕਿ ਹੁਣ ਤਾਂ ਨਹੀਂ ਤੇਰੀ ਦਾਦੀ ਤੁਹਾਨੂੰ ਤੰਗ ਪਰੇਸ਼ਾਨ ਨਹੀਂ ਕਰਦੀ! ਮੈਂ ਜਵਾਬ ਦਿੱਤਾ, "ਬਾਬਾ ਜੀ, ਅਸੀਂ ਦੋਵੇਂ ਮਾਂ ਪੁੱਤ ਚਾਚਾ ਜੀ ਦੇ ਘਰ ਤੋਂ ਕੁਝ ਦੂਰੀ 'ਤੇ ਪਿੰਡ ਵਿਚ ਕੱਚਾ, ਛੋਟਾ ਜਿਹਾ ਘਰ ਬਣਾ ਕੇ ਰਹਿੰਦੇ ਹਾਂ। ਹੁਣ ਖੇਤੀ ਵੀ ਜੁਦਾ ਕਰਨ ਲਗਾ ਹਾਂ। ਅਸੀਂ ਦੋਵੇਂ ਤਾਂ ਹਾਂ, ਸਾਡਾ ਖਰਚਾ ਵੀ ਬਹੁਤਾ ਨਹੀਂ, ਇਕ ਦੁੱਧ ਦਿੰਦੀ ਮੱਝ ਵੀ ਹੈ। ਤੁਹਾਡੀ ਮਿਹਰ ਸਦਕਾ ਸਭ ਕੁਝ ਠੀਕ ਚੱਲੀ ਜਾਂਦਾ ਹੈ ਪਰ ਬਾਬਾ ਜੀ, ਮਾਤਾ ਜੀ ਦੇ ਰਵੱਈਏ ਵਿਚ ਅਜੇ ਵੀ ਕੋਈ ਫਰਕ ਨਹੀਂ ਆਇਆ। ਨੌਕਰਾਂ, ਘਰ ਆਏ ਗਰੀਬ-ਗੁਰਬੇ ਦੀ ਬੇਇਜ਼ਤੀ ਕਰਨੀ ਜਿਵੇਂ ਉਨ੍ਹਾਂ ਦਾ ਸ਼ੌਕ ਹੋਵੇ। ਚਾਚਾ ਜੀ ਮਾਤਾ ਜੀ ਅੱਗੇ ਕੁਝ ਨਹੀਂ ਬੋਲਦੇ। ਮਾਤਾ ਜੀ ਦੇ ਨਾਂ ਇਕ ਮਰੱਬਾ, ਭਾਵ 25 ਖੇਤ ਚਾਚਾ ਜੀ ਕੋਲ ਹਨ।"

ਬਾਬਾ ਜੀ ਕਹਿਣ ਲੱਗੇ, "ਭਾਵੇਂ ਸਾਡੇ ਤਿੰਨੇ ਭਰਾਵਾਂ ਦੇ ਬੱਚੇ ਅਤੇ ਹੋਰ ਨੌਕਰ ਸਾਰੇ 'ਮਾਤਾ ਜੀ' ਕਹਿ ਕੇ ਬਲਾਉਂਦੇ ਹਨ ਪਰ ਮੈਂ ਲੰਮੇ ਅਰਸੇ ਤੋਂ ਉਸ ਦੇ ਕੀਤੇ ਕੰਮਾਂ-ਕਾਰਾਂ ਕਰ ਕੇ ਅਤੇ ਛੋਟੇ ਭਰਾ ਮੰਗਲ ਸਿੰਘ ਦੀ ਸ਼ਰਾਬ ਵਿਚ ਮਿਲੀ ਹੋਈ ਜ਼ਹਿਰ ਕਰ ਕੇ ਹੋਈ ਬੇਵਕਤ ਮੌਤ 'ਤੇ ਪਰਦਾ ਪਾਉਣ ਵਿਚ ਉਸ ਦਾ ਪੂਰਾ-ਪੂਰਾ ਹੱਥ ਹੋਣ ਕਰ ਕੇ ਉਸ ਨੂੰ ਮਾਤਾ ਨਹੀਂ ਬਲਕਿ ਬਹਿ-ਮਾਤਾ ਸਮਝਦਾ ਹਾਂ। ਤੇਰੀ ਮਾਂ ਨੂੰ ਵੀ ਉਸ ਨੇ ਸੂਲੀ ਟੰਗੀ ਰੱਖਿਆ ਹੈ। ਆਖਰ ਆਪਣੀ ਮਰਜ਼ੀ ਕਰ ਕੇ ਹੀ ਰਹੀ। ਬੜੀ ਜ਼ਿੱਦੀ ਸੁਭਾਅ ਵਾਲੀ ਔਰਤ ਹੈ।"

ਮੈਂ ਸੁਣਦਾ ਰਿਹਾ ਅਤੇ 'ਹਾਂ ਜੀ' ਕਹਿੰਦਾ ਹੋਇਆ ਬੋਲਿਆ, "ਬਾਬਾ ਜੀ, ਤੁਸੀਂ ਸਾਰੀ ਉਮਰ ਤਾਂ ਇਧਰ ਦੇਸ਼ ਵਿਚ ਰਹੇ ਹੋ, ਇਸੇ ਕਰ ਕੇ ਸਾਰਾ ਪਰਿਵਾਰ ਆਪ ਜੀ ਨੂੰ ਦੇਸ਼ ਵਾਲੇ ਬਾਬਾ ਜੀ ਕਹਿ ਕੇ ਸਤਿਕਾਰ ਕਰਦੇ ਹਨ ਪਰ ਤੁਸੀਂ ਜਾਣਦੇ ਸਭ ਕੁਝ ਹੋ।"

ਗੱਲਾਂ ਕਰਦਿਆਂ ਪਤਾ ਨਾ ਲੱਗਿਆ ਕਿ ਅਸੀਂ ਕਦੋਂ ਰੇਲਵੇ ਪਟੜੀ ਛੱਡੀ ਅਤੇ ਪਿੰਡ ਖਟਕੜ ਕਲਾਂ ਚਹੁੰਚ ਗਏ। ਬਾਬਾ ਜੀ ਨੇ ਪਿੰਡ ਵਾਲੇ ਜ਼ਿਮੀਦਾਰਾ ਬੈਂਕ ਵਿਚੋਂ ਜੋ ਜ਼ੈਲਦਾਰ ਪਰਿਵਾਰ ਕੋਲ ਸੀ, ਬੁਲਾ ਕੇ ਮੇਰੇ ਨਾਂ ਦਾ ਤੁਮੱਸਕ ਭਰਵਾ ਕੇ ਕਰਜ਼ਾ ਦਿਵਾ ਕੇ ਰੁਪਏ ਆਪਣੇ ਕੋਲ ਰੱਖ ਲਏ। ਥੋੜ੍ਹੇ ਦਿਨਾਂ ਅੰਦਰ ਟਿੰਡਾਂ ਕਰੀਹੇ ਪਹੁੰਚ ਗਈਆਂ ਅਤੇ ਖੂਹ ਚਾਲੂ ਹੋ ਗਿਆ। ਮੇਰਾ ਮਸਲਾ ਬਾਬਾ ਜੀ ਨੇ ਹੱਲ ਕਰ ਦਿੱਤਾ ਸੀ। ਮੈਂ ਦਿਨ ਰਾਤ ਇਕ ਕਰ ਕੇ ਮਿਹਨਤ ਕਰਨ ਲੱਗਾ। ਕੁਦਰਤ ਨੇ ਵੀ ਸਾਥ ਦਿੱਤਾ। ਮੀਂਹ ਵੇਲੇ ਸਿਰ ਪੈਂਦੇ ਰਹੇ ਅਤੇ ਫਸਲ ਵੀ ਮਿਹਨਤ ਦਾ ਮੁੱਲ ਮੋੜਨ ਲੱਗੀ। ਬੈਂਕ ਤੋਂ ਲਿਆ ਕਰਜ਼ਾ ਸਮੇਤ ਸੂਦ ਜਿਸ ਕਦਰ ਵੀ ਮੋੜ ਸਕਦਾ ਸੀ, ਦੇ ਮੰਤਵ ਨਾਲ ਮੈਂ ਸਵੇਰੇ-ਸਵੇਰੇ ਸਾਇਕਲ 'ਤੇ ਖਟਕੜ ਕਲਾਂ ਨੂੰ ਚੱਲ ਪਿਆ। ਬੀਬੀ ਜੀ ਨੂੰ ਜਲਦੀ ਮੁੜ ਆਉਣ ਦਾ ਆਖ ਕੇ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਮੇਰੇ ਬਾਬਾ ਜੀ ਮੰਗਲ ਸਿੰਘ ਦੇ ਵੱਡੇ ਭਰਾ ਸਨ ਜਸਵੰਤ ਸਿੰਘ, ਤੇ ਉਨ੍ਹਾਂ ਤੋਂ ਵੀ ਵੱਡੇ ਸਨ ਦਿਲਬਾਗ ਸਿੰਘ।

ਜਸਵੰਤ ਸਿੰਘ ਦੇ ਦੋ ਲੜਕੇ ਸਨ, ਉਜਾਗਰ ਸਿੰਘ ਤੇ ਤੀਰਥ ਸਿੰਘ। ਦੋਵੇਂ ਮੇਰੇ ਤਾਇਆ ਜੀ ਲਗਦੇ ਸਨ। ਜਸਵੰਤ ਸਿੰਘ ਜੀ ਨੇ ਆਪਣੇ ਭਰਾਵਾਂ ਨਾਲ ਜ਼ਿਲ੍ਹਾ ਲਾਇਲਪੁਰ ਦੀ ਤਹਿਸੀਲ ਜੜ੍ਹਾਂਵਾਲਾ ਦੇ ਚੱਕ ਨੰਬਰ 64 ਵਿਚ ਇਕ ਮੁਰੱਬਾ ਜ਼ਮੀਨ ਖਰੀਦੀ ਸੀ। ਇਸ ਜ਼ਮੀਨ 'ਤੇ ਉਜਾਗਰ ਸਿੰਘ ਆਪਣੇ ਬਾਲ-ਬੱਚਿਆਂ ਨਾਲ ਖੇਤੀ ਕਰਵਾਉਂਦਾ ਸੀ। ਤੀਰਥ ਸਿੰਘ ਜੀ ਖਟਕੜ ਕਲਾਂ ਵਾਲੀ ਜੱਦੀ ਜ਼ਮੀਨ 'ਤੇ ਖੇਤੀ ਕਰਦਾ ਸੀ ਅਤੇ ਰਹਿੰਦਾ ਵੀ ਆਪਣੇ ਜੱਦੀ ਮਕਾਨ ਵਿਚ ਸੀ। ਬਾਬਾ ਜੀ ਜਸਵੰਤ ਸਿੰਘ ਆਪਣੇ ਛੋਟੇ ਲੜਕੇ ਤੀਰਥ ਸਿੰਘ ਕੋਲ ਹੀ ਰਹਿੰਦੇ ਸਨ। ਕਦੇ-ਕਦੇ ਜ਼ਿਲ੍ਹਾ ਲਾਇਲਪੁਰ ਵੀ ਜਾ ਆਉਂਦੇ ਸਨ। ਮੈਂ ਰੁਪਏ ਲੈ ਕੇ ਤਾਇਆ ਜੀ ਤੀਰਥ ਸਿੰਘ ਦੇ ਘਰ ਗਿਆ ਤਾਂ ਪਤਾ ਲੱਗਿਆ ਕਿ ਬਾਬਾ ਜੀ ਪਿੰਡ ਵਾਲੇ ਦੂਸਰੇ ਮਕਾਨ ਵਿਚ ਹਨ। ਮੈਂ ਉਥੇ ਚਲਾ ਗਿਆ ਤਾਂ ਬਾਬਾ ਜੀ ਉਦਾਸੀ ਦੇ ਆਲਮ ਵਿਚ ਚਾਰਪਾਈ 'ਤੇ ਬੈਠੇ ਸਨ। ਮੈਂ ਚਰਨਾਂ ਨੂੰ ਹੱਥ ਲਾਇਆ ਅਤੇ ਬਾਬਾ ਜੀ ਦੇ ਕਹਿਣ 'ਤੇ ਦੂਸਰੀ ਚਾਰਪਾਈ 'ਤੇ ਬੈਠ ਗਿਆ। ਉਸ ਘਰ ਦੀ ਵੀ ਦਿਲਚਸਪ ਤੇ ਦੁਖਦਾਈ ਕਹਾਣੀ ਹੈ।

ਬਾਬਾ ਜੀ ਜਸਵੰਤ ਸਿੰਘ ਦੇ ਘਰਵਾਲੀ ਨੇ ਅਜੇ ਜਵਾਨੀ ਤੋਂ ਬੁਢਾਪੇ ਵਿਚ ਕਦਮ ਰੱਖਿਆ ਹੀ ਸੀ ਕਿ ਕੁਝ ਸਮਾਂ ਬਿਮਾਰ ਰਹੇ, ਇਲਾਜ ਚਲਦਾ ਰਿਹਾ ਪਰ ਆਖਰ ਉਹ ਸੁਰਗਵਾਸ ਹੋ ਗਏ। ਪਿੰਡ ਖਟਕੜ ਕਲਾਂ ਵਿਚ ਇਕ ਮੁਸਲਮਾਨ ਪਰਵਾਰ ਰੌਲ ਰਹਿੰਦਾ ਸੀ। ਇਹ ਪਰਿਵਾਰ ਵੀ ਬਚਪਨ ਤੋਂ ਹੀ ਸਾਡੇ ਜ਼ਿਮੀਦਾਰਾ ਕੰਮ ਵਿਚ ਹਥ ਵਟਾਉਂਦਾ ਆਪਣੇ ਘਰ ਦਾ ਚੰਗਾ ਗੁਜ਼ਾਰਾ ਚਲਾ ਰਿਹਾ ਸੀ। ਬਦਕਿਸਮਤੀ ਨਾਲ ਉਸ ਪਰਿਵਾਰ ਦਾ ਮੋਹਰੀ ਬਿਮਾਰ ਹੋ ਕੇ ਅੱਲ੍ਹਾ ਨੂੰ ਪਿਆਰਾ ਹੋ ਗਿਆ। ਕੁਦਰਤੀ ਉਸ ਦੇ ਬੱਚੇ ਵੱਡੀ ਉਮਰ ਵਿਚ ਹੋਏ ਸਨ ਜੋ ਅਜੇ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹਦੇ ਸਨ। ਉਸ ਦੀ ਘਰਵਾਲੀ ਬੜੀ ਨੇਕ ਅਤੇ ਹਮੇਸ਼ਾ ਅੱਲ੍ਹਾ ਨੂੰ ਯਾਂਦ ਕਰਨ ਵਾਲੀ ਔਰਤ ਸੀ। ਉਸ ਨੇ ਹੌਸਲਾ ਨਾ ਹਾਰਿਆ। ਉਹ ਸਾਡੇ ਘਰ ਦਾ ਕੰਮ-ਕਾਰ ਕਰਦੀ ਅਤੇ ਬਦਲੇ ਵਿਚ ਆਪਣੇ ਸਾਲ ਭਰ ਦਾ ਗੁਜ਼ਾਰੇ ਜੋਗਾ ਦਾਣਾ-ਫੱਕਾ ਲੈ ਜਾਂਦੀ। ਲੋੜ ਪੈਣ 'ਤੇ ਬੱਚਿਆਂ ਦੀ ਪੜ੍ਹਾਈ ਦੇ ਖਰਚੇ ਲਈ ਰੁਪਏ ਵੀ ਲੈ ਜਾਂਦੀ। ਬਾਬਾ ਜੀ ਉਸ ਦੀ ਮਦਦ ਕਰਦੇ ਰਹਿੰਦੇ।

ਜਿਸਮਾਨੀ ਮਿਲਾਪ ਜਿਵੇਂ ਜ਼ਿੰਦਗੀ ਦਾ ਕੁਦਰਤੀ ਹਿੱਸਾ ਹੈ, ਉਸ ਦਾ ਜਿਸਮਾਨੀ ਸਬੰਧ ਬਾਬਾ ਜੀ ਨਾਲ ਜੁੜ ਗਿਆ। ਬਾਬਾ ਜੀ ਨੇ ਇਹ ਆਪਣਾ ਛੋਟਾ ਘਰ ਉਸ ਨੂੰ ਰਹਿਣ ਲਈ ਦੇ ਦਿੱਤਾ। ਉਹ ਇਸ ਘਰ ਵਿਚ ਬੱਚਿਆਂ ਨਾਲ ਰਹਿਣ ਲੱਗ ਪਈ। ਜਦੋਂ ਪਾਕਿਸਤਾਨ ਵਜੂਦ ਵਿਚ ਆਇਆ ਤਾਂ ਉਹ ਪਾਕਿਸਤਾਨ ਨਾ ਗਈ ਤੇ ਨਾ ਉਹ ਜਾਣਾ ਚਾਹੁੰਦੀ ਸੀ। ਜਦੋਂ 1948 ਆਇਆ ਤਾਂ ਦੋਵਾਂ ਸਰਕਾਰਾਂ ਨੇ ਫੈਸਲਾ ਕੀਤਾ ਕਿ ਪਾਕਿਸਤਾਨ ਰਹਿ ਗਈਆਂ ਜਾਂ ਜ਼ਬਰਦਸਤੀ ਰੱਖੀਆਂ ਹਿੰਦੂ ਸਿੱਖ ਔਰਤਾਂ ਨੂੰ ਲੱਭ ਕੇ ਇਧਰ ਹਿੰਦੁਸਤਾਨ ਲਿਆਂਦਾ ਜਾਵੇ, ਇਸੇ ਤਰ੍ਹਾਂ ਭਾਰਤ ਵਿਚ ਰਹਿ ਗਈਆਂ ਮੁਸਲਮਾਨ ਔਰਤਾਂ ਜਾਂ ਲੜਕੀਆਂ ਨੂੰ ਪਾਕਿਸਤਾਨ ਲਿਜਾਇਆ ਜਾਵੇ। ਪੁਲਿਸ ਵਾਲਿਆਂ ਨੂੰ ਇਤਲਾਹ ਮਿਲੀ ਕਿ ਇਕ ਮੁਸਲਿਮ ਔਰਤ ਬੱਚਿਆਂ ਸਮੇਤ ਖਟਕੜ ਕਲਾਂ ਵਿਚ ਰਹਿ ਗਈ ਹੈ। ਪੁਲਿਸ ਵਾਲੇ ਆਏ ਅਤੇ ਔਰਤ ਦੇ ਇਨਕਾਰ ਕਰਨ 'ਤੇ ਵੀ ਔਰਤ ਅਤੇ ਬੱਚਿਆਂ ਨੂੰ ਟਰੱਕ ਵਿਚ ਬਿਠਾ ਕੇ ਪਾਕਿਸਤਾਨ ਲੈ ਗਏ। ਉਸ ਔਰਤ ਨੇ ਬਾਬਾ ਜੀ ਨੂੰ ਪਾਕਿਸਤਾਨ ਪਹੁੰਚ ਕੇ ਠੀਕ-ਠਾਕ ਹੋਣ ਦਾ ਖਤ ਲਿਖਿਆ ਅਤੇ ਕਿਹਾ ਕਿ ਤੁਸੀਂ ਵੀ ਆਪਣੀ ਸਿਹਤ ਦਾ ਖਿਆਲ ਰੱਖਣਾ। ਬਾਬਾ ਜੀ ਨੇ ਵੀ ਜਵਾਬ ਵਿਚ ਬੱਚਿਆਂ ਦੀ ਪਰਵਰਿਸ਼ ਅਤੇ ਪੜ੍ਹਾਈ ਵਲ ਪੂਰਾ ਧਿਆਨ ਦੇਣ ਲਈ ਕਿਹਾ। ਇਹ ਵੀ ਕਿਹਾ ਕਿ ਜੇ ਰੁਪਏ ਦੀ ਲੋੜ ਹੋਵੇ ਤਾਂ ਲਿਖ ਭੇਜਣਾ, ਮਨੀਆਰਡਰ ਕਰਵਾ ਦੇਵਾਂਗਾ। ਇਸੇ ਤਰ੍ਹਾਂ ਖਤ ਆਉਂਦੇ ਜਾਂਦੇ ਰਹੇ। ਬਾਬਾ ਜੀ ਮਦਦ ਕਰਦੇ ਵੀ ਰਹੇ। ਔਰਤ ਨੇ ਇਥੋਂ ਤਕ ਵੀ ਖਤ ਵਿਚ ਲਿਖਿਆ ਕਿ ਸਰਦਾਰ ਜੀ, ਮੇਰੇ ਬੱਚੇ ਤੇ ਮੈਂ ਸਾਰੀ ਜ਼ਿੰਦਗੀ ਤੁਹਾਡੇ ਰਿਣੀ ਰਹਾਂਗੇ। ਇਹ ਜੋ ਕੁਝ ਵੀ ਹੋਇਆ, ਅੱਲ੍ਹਾ ਨੂੰ ਇਵੇਂ ਹੀ ਮਨਜ਼ੂਰ ਹੋਵੇਗਾ। ਮੈਂ ਦੋਵੇਂ ਵਕਤ ਤੁਹਾਡੀ ਸਿਹਤ ਅਤੇ ਲੰਮੀ ਉਮਰ ਦੀ ਅੱਲ੍ਹਾ ਪਾਸੋਂ ਦੁਆ ਮੰਗਦੀ ਰਹਿੰਦੀ ਹਾਂ।

(ਬਾਕੀ ਅਗਲੇ ਸਫੇ 'ਤੇ)

# ਪਾਕਿਸਤਾਨ ਦਾ ਧਮਿਆਲ ਤੇ ਜਹਾਨੀਆਂ 1998

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਨ੍ਹੀਂ ਦਿਨੀਂ ਪੰਜਾਬੀ ਸਾਹਿਤਕਾਰ ਕਰਤਾਰ ਸਿੰਘ ਦੁੱਗਲ ਦੀ ਪਤਨੀ ਆਇਸ਼ਾ ਤੇ ਜੌਹਲ ਭੇਲਾਂ (ਖਡੂਰ ਸਾਹਿਬ) ਦੇ ਭਾਈ ਗੁਰਮਿੰਦਰ ਸਿੰਘ ਦੀ ਮੌਤ ਨੇ ਮੈਨੂੰ ਆਪਣੀ 1998 ਵਾਲੀ ਪਾਕਿਸਤਾਨ ਯਾਤਰਾ ਚੇਤੇ ਕਰਵਾ ਦਿੱਤੀ ਹੈ। ਉਦੋਂ ਮੈਂ ਰਾਵਲਪਿੰਡੀ ਨੇੜੇ ਧਮਿਆਲ ਵੀ ਗਿਆ ਸੀ ਤੇ ਖਾਨੇਵਾਲ ਜਿਲੇ ਵਿਚ ਪੈਂਦੇ ਜਹਾਨੀਆਂ ਵੀ। ਵੰਡ ਤੋਂ ਪਹਿਲਾਂ ਖਾਨੇਵਾਲ ਮਿੰਟਗੁਮਰੀ ਜਿਲੇ ਦੀ ਤਹਿਸੀਲ ਸੀ। ਧਮਿਆਲ ਦੁੱਗਲ ਦਾ ਜਨਮ ਸਥਾਨ ਸੀ ਤੇ ਜਹਾਨੀਆਂ ਵਿਚ ਗੁਰਮਿੰਦਰ ਸਿੰਘ ਦੀ ਮਾਂ ਰਹਿੰਦੀ ਸੀ। ਮੇਰੀ ਉਹ ਵਾਲੀ ਪਾਕਿ ਫੇਰੀ ਦਾ ਸਬੱਬ ਮਨੋਹਰ ਸਿੰਘ ਗਿੱਲ ਦੇ ਸਵਰਗੀ ਪਿਤਾ ਕਰਨਲ ਪ੍ਰਤਾਪ ਸਿੰਘ ਗਿੱਲ ਨੇ ਬਣਾਇਆ ਸੀ, ਸੰਨ ਸੰਤਾਲੀ ਦੇ ਵਿਛੜਿਆਂ ਨੂੰ ਮਿਲਾਉਣ ਲਈ ਇੰਡੋ-ਪਾਕਿ ਮਿਲਾਪ ਟਰਸੱਟ ਸਥਾਪਤ ਕਰਕੇ। ਮੇਰੇ ਜ਼ਿੰਮੇ ਗੁਰਮਿੰਦਰ ਸਿੰਘ ਨੂੰ ਜਹਾਨੀਆਂ ਲਿਜਾਣਾ ਸੀ। ਉਹ ਮੁਸਲਮਾਨਾਂ ਦਾ ਪੁੱਤ ਸੀ ਤੇ ਨਾਂ ਅਮਾਨਤ ਉੱਲਾ।



ਭਾਈ ਗੁਰਮਿੰਦਰ ਸਿੰਘ

ਬਾਪ ਵੰਡ ਸਮੇਂ ਕਤਲ ਹੋ ਗਿਆ ਸੀ, ਪਰ ਮਾਂ ਬਚ ਕੇ ਨਿਕਲਣ ਵਿਚ ਸਫਲ ਹੋ ਗਈ ਸੀ। ਉਸ ਵੇਲੇ ਗੁਰਮਿੰਦਰ ਦੀ ਉਮਰ ਛੇ ਸਾਲ ਸੀ ਤੇ ਉਸ ਨੂੰ ਪਿੰਡ ਦੇ ਕਿਸੇ ਜੱਟ ਨੇ ਆਪਣੇ ਘਰ ਰੱਖ ਕੇ ਉਸ ਦਾ ਨਾਂ ਗੁਰਮਿੰਦਰ ਸਿੰਘ ਰੱਖ ਲਿਆ ਸੀ। ਸਮਾਂ ਪਾ ਕੇ ਉਹ ਖਡੂਰ ਸਾਹਿਬ ਦੀ ਕਾਰ ਸੇਵਾ ਸੰਸਥਾ ਵਿਚ ਜਾ ਵੜਿਆ। ਇਹ ਸੰਸਥਾ ਦੇਸ-ਪਰਦੇਸੋਂ ਮਾਇਆ ਤੇ ਰਸਦ ਉਗਰਾਹ ਕੇ ਗੁਰਦੁਆਰਿਆ ਦੀ ਉਸਾਰੀ ਤੇ ਮੁਰੰਮਤ ਕਰਦੀ ਸੀ।

ਗੁਰਮਿੰਦਰ ਸਿੰਘ ਦਾ ਇਸ ਸੰਸਥਾ ਵਿਚ ਏਨਾ ਜੀਅ ਲੱਗਿਆ ਹੋਇਆ ਸੀ ਕਿ ਵੰਡ ਤੋਂ ਤਿੰਨ ਦਹਾਕੇ ਪਿੱਛੋਂ ਜਦੋਂ ਉਸ ਦੀ ਮਾਂ ਨੇ ਮਿਲਣ ਲਈ ਚਿੱਠੀ ਪਾਈ ਸੀ ਤਾਂ ਉਸ ਨੇ ਮਾਂ ਨੂੰ ਮਿਲਣ ਦੀ ਲੋੜ ਹੀ ਨਹੀਂ ਸੀ ਸਮਝੀ। ਉਸ ਦਾ ਇਹ ਵੀ ਖਿਆਲ ਸੀ ਕਿ ਮਾਂ ਉਸ ਨੂੰ ਸਿੱਖੀ ਬਾਣੇ ਵਿਚ ਦਾੜ੍ਹੀ ਕੇਸ ਤੇ ਪਗੜੀ ਵਾਲਾ ਦੇਖ ਕੇ ਸ਼ਾਇਦ ਖੁਸ਼ ਨਾ ਹੋਵੇ।

ਗੁਰਮਿੰਦਰ ਸਿੰਘ ਕਾਰ ਸੇਵਾ ਵਾਲਿਆਂ ਦੀ ਮਰਿਆਦਾ ਅਨੁਸਾਰ ਹਰ ਸਵੇਰ ਮਹਾਰਾਜ ਦੇ ਹਜ਼ੂਰ ਜਾਂਦਾ, ਜਪੁਜੀ ਸਾਹਿਬ ਤੇ ਅਨੰਦ ਸਾਹਿਬ ਦਾ ਪਾਠ ਕਰਕੇ ਰਾਤ ਵੇਲੇ ਕੀਰਤਨ ਸੋਹਿਲਾ ਪੜ੍ਹ ਕੇ ਸੁਖ ਦੀ ਨੀਂਦ ਸੌਂਦਾ। ਗੁਰੂ ਘਰ ਵਿਚੋਂ ਉਸ ਨੂੰ ਪੂਰਾ ਖਾਣ ਪਹਿਨਣ ਤੇ ਇੱਜਤ-ਮਾਣ ਮਿਲਦਾ ਸੀ। ਸਾਰੇ ਬਾਬਾ ਜੀ ਕਹਿ ਕੇ ਬੁਲਾਉਂਦੇ ਸਨ। 1998 ਵਿਚ ਉਸ ਦਾ ਜੀਅ ਕੀਤਾ ਕਿ ਉਹ ਆਪਣੀ ਜਨਮ ਦੇਣ ਵਾਲੀ ਮਾਂ ਨੂੰ ਮਿਲ ਹੀ ਆਵੇ। ਪੁੱਤ ਨੂੰ ਮਿਲੇ ਬਿਨਾ ਹੀ ਨਾ ਟੁਰ ਜਾਵੇ।

ਪਾਕਿਸਤਾਨ ਸਰਕਾਰ ਨੇ ਮੇਰੇ ਤੇ ਗੁਰਮਿੰਦਰ ਲਈ ਕਾਰ ਦਾ ਪ੍ਰਬੰਧ ਕਰਵਾ ਦਿੱਤਾ ਸੀ। ਗੁਰਮਿੰਦਰ ਸਿੰਘ ਦੀ ਮਾਂ ਚੱਕ ਨੰਬਰ 92 ਵਿਚ ਜਾ ਵਸੀ ਸੀ। ਡਰਾਈਵਰ ਨੇ ਨੇੜਲੇ ਥਾਣੇ ਦੀ ਚੌਕੀ ਤੋਂ ਪਿੰਡ ਦਾ ਰਾਹ ਪੁੱਛਣਾ ਚਾਹਿਆ। ਪਿੱਪਲ ਦੇ ਰੁੱਖ ਥੱਲੇ ਤਾਸ਼ ਖੇਡਦਾ ਇਕ ਬਜ਼ੁਰਗ ਤਾਸ਼ ਦੇ ਪੱਤੇ ਉਵੇਂ ਕਿਵੇਂ ਹੀ ਸੁੱਟ ਕੇ ਪੱਕੇ ਚੌਂਤਰੇ ਤੋਂ ਛਾਲ ਮਾਰ ਕੇ ਉਤਰ ਆਇਆ। ਉਹ ਆਗਿਆ ਲਏ ਬਿਨਾ ਹੀ ਡਰਾਈਵਰ ਦੇ ਨਾਲ ਵਾਲੀ ਕਾਰ ਦੀ ਅਗਲੀ ਸੀਟ ਉਤੇ ਬੈਠ ਗਿਆ। 'ਅਸੀਂ ਤਾਂ ਦੁਪਹਿਰ ਦੇ ਉਡੀਕ ਰਹੇ ਹਾਂ ਤੁਹਾਨੂੰ।' ਉਸ ਨੇ ਇਕ ਤਰ੍ਹਾਂ ਦਾ ਗਿਲਾ ਕੀਤਾ।

ਬਜ਼ੁਰਗ ਦਾ ਨਾਂ ਮੁਹੰਮਦ ਅਸ਼ਰਫ ਰੰਧਾਵਾ ਸੀ। ਸਿੰਘ ਦੀ ਮਾਂ ਪੂਰੀ ਹੋ ਚੁਕੀ ਹੈ ਤਾਂ ਗੁਰਮਿੰਦਰ ਨਿਢਾਲ ਹੋ ਗਿਆ। ਉਸ ਦੀ ਭੈਣ ਵੀ ਆਪਣੀ ਛੋਟੀ ਧੀ ਕੋਲ ਕਰਾਚੀ ਗਈ ਹੋਈ ਸੀ। ਗੁਰਮਿੰਦਰ ਸਿੰਘ ਉਰਫ ਅਮਾਨਤ ਅੱਲਾ ਦੀ ਭਾਣਜੀ ਘਰ ਹੀ ਸੀ। ਗੁਰਮਿੰਦਰ ਸਿੰਘ ਆਪਣੀ ਭਾਣਜੀ ਨਾਲ ਪੁਰਾਣੀਆਂ ਗੱਲਾਂ ਕਰ ਰਿਹਾ ਸੀ ਕਿ ਮੈਨੂੰ ਇਕੱਲਾ ਦੇਖ ਪਿੰਡ ਦਾ ਇਕ ਵਿਅਕਤੀ ਆਪਣੀ ਵਿਥਿਆ ਦੱਸਣ ਲੱਗ ਪਿਆ। ਉਸ ਦੇ ਮਾਪੇ ਦਿੱਲੀ ਤੋਂ ਸਨ। ਉਹ ਖੱਤਰੀ ਸਨ। ਜਦੋਂ ਅੰਗਰੇਜ਼ਾਂ ਨੇ ਬਾਰਾਂ ਵਸਾਈਆਂ ਸਨ, ਉਦੋਂ 1928 ਵਿਚ ਏਸ ਪਿੰਡ ਆਏ ਸਨ। ਪਿਤਾ ਦੀ ਫੌਜ ਵਿਚ ਨੌਕਰੀ ਦਾ ਮੁਰੱਬਾ ਮਿਲਿਆ ਸੀ। ਉਹ ਹਿੰਦੂ ਸਨ, ਪਰ ਵੰਡ ਸਮੇਂ ਆਪਣੇ ਬਜ਼ੁਰਗਾਂ ਦੀ ਵਸਾਈ ਨਗਰੀ ਛੱਡ ਕੇ ਮੌਤ ਦੇ ਮੂੰਹ ਵਿਚ ਪੈਣ ਦੀ ਥਾਂ ਉਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ ਸੀ। ਵਿਥਿਆ ਦੱਸਣ ਵਾਲਾ ਵੰਡ ਸਮੇਂ ਦਸ ਕੁ ਸਾਲਾਂ ਦਾ ਸੀ। ਉਦੋਂ ਉਸ ਦਾ ਨਾਂ ਚਮਨ ਲਾਲ ਸੀ। ਉਸ ਚਮਨ ਲਾਲ ਤੋਂ ਇਲਮ ਦੀਨ ਬਣਿਆ ਸੀ।

ਫਿਰ ਅਚਾਨਕ ਕੋਕਾ ਕੋਲਾ ਪੀਂਦੇ ਸਮੇਂ ਇਲਮ ਦੀਨ ਅਲੋਪ ਹੋ ਗਿਆ। ਪਤਾ ਲੱਗਿਆ ਕਿ ਉਹ ਘਰ ਦੇ ਨੇੜੇ ਪੈਂਦੀ ਮਸਜਿਦ ਵਿਚ ਜਾ ਵੜਿਆ ਸੀ। ਉਸ ਦੀ ਨਮਾਜ਼ ਦਾ ਵਕਤ ਹੋ ਗਿਆ ਸੀ।

ਮੈਂ ਇਕ ਸਿਪਾਹੀ ਨੂੰ ਨਾਲ ਲੈ ਕੇ ਪਿੰਡ ਦੀਆਂ ਗਲੀਆਂ 'ਤੇ ਆਲੇ-ਦੁਆਲੇ ਦੀਆਂ ਤਸਵੀਰਾਂ ਖਿੱਚਣ ਲੱਗ ਪਿਆ। ਮੈਂ ਪਰਤਿਆ ਤਾਂ ਗੁਰਮਿੰਦਰ ਸਿੰਘ ਉਨ੍ਹਾਂ ਵਿਚੋਂ ਉਠ ਕੇ ਵਖਰਾ ਹੋਣ ਲਈ ਕਾਹਲਾ ਹੋਇਆ ਪਿਆ ਸੀ, ਪਰ ਸਰਕਾਰੀ ਅਮਲਾ ਜਾਣ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਉਨ੍ਹਾਂ ਨੇ ਇਕ ਗੱਡੀ ਨੇੜਲੇ ਸ਼ਹਿਰ ਤੋਂ ਮਿਠਾਈ ਤੇ ਸਮੋਸੇ ਲੈਣ ਭੇਜੀ ਹੋਈ ਸੀ। ਉਹ ਚਾਹੁੰਦੇ ਸਨ ਕਿ ਗੁਰਮਿੰਦਰ ਸਿੰਘ ਆਪਣੀ ਭਾਣਜੀ ਨਾਲ ਹੋਰ ਗੱਲਾਂ ਕਰੇ ਤਾਂ ਕਿ ਮਠਿਆਈ ਆ ਜਾਵੇ, ਪਰ ਗੁਰਮਿੰਦਰ ਸਿੰਘ ਬਾਰ ਬਾਰ ਘੜੀ ਵੱਲ ਤੱਕ ਰਿਹਾ ਸੀ, ਜਿਵੇਂ ਉਸ ਦਾ ਸਬਰ ਕਾਬੂ ਤੋਂ ਬਾਹਰ ਹੋ ਰਿਹਾ ਹੋਵੇ। ਗਰਮ ਗਰਮ ਸਮੋਸੇ ਤੇ ਜਲੇਬੀਆਂ ਆਈਆਂ ਤਾਂ ਗੁਰਮਿੰਦਰ ਸਿੰਘ ਨੇ ਖਾਣ ਤੋਂ ਨਾਂਹ ਕਰ ਦਿੱਤੀ। ਉਸ ਨੂੰ ਬੜਾ ਸਮਝਾਇਆ ਕਿ ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਐਸੀ ਨਹੀਂ ਸੀ, ਜੋ ਉਸ ਦੀ ਖਾਣ ਵਾਲੀ ਨਾ ਹੋਵੇ ਜਾਂ ਇਸ ਢੰਗ ਨਾਲ ਬਣਾਈ ਹੋਵੇ ਜਿਸ ਨਾਲ ਉਸ ਦੀ ਮਰਿਆਦਾ ਭੰਗ ਹੁੰਦੀ ਹੋਵੇ।

ਉਸ ਨੇ ਆਲਾ-ਦੁਆਲਾ ਦੇਖ ਕੇ ਸਾਰਿਆਂ ਨੂੰ ਬੇਫਿਕਰ ਹੋ ਕੇ ਚਾਹ-ਪਾਣੀ ਪੀਣ ਦੀ ਬੇਨਤੀ ਕੀਤੀ ਤੇ ਆਪਣੇ ਆਪ ਲਈ ਬਹੁਤ ਹੀ ਆਜਜ਼ੀ ਨਾਲ ਪੰਦਰਾਂ ਵੀਹ ਮਿੰਟ ਦੀ ਛੁੱਟੀ ਮੰਗੀ। ਉਸ ਦਾ ਰਹਿਰਾਸ ਦੇ ਪਾਠ ਦਾ ਵਕਤ ਹੋ ਗਿਆ ਸੀ। ਉਸ ਨੇ ਸੋਚ ਲਿਆ ਸੀ ਕਿ ਜਦੋਂ ਸਾਰੇ ਖਾਣ ਕਮਰੇ ਵਿਚ ਚਲੇ ਜਾਣਗੇ ਤਾਂ ਉਹ ਕਾਰ ਦੇ ਦਰਵਾਜੇ ਬੰਦ ਕਰਕੇ ਉਸ ਵਿਚ ਪਾਠ ਕਰ ਸਕਦਾ ਹੈ। ਮੰਗ ਜਾਇਜ਼ ਸੀ। ਮੈਂ ਪਿੰਡ ਵਾਲਿਆਂ ਤੇ ਬਾਕੀ ਅਮਲੇ ਨੂੰ ਉਸ ਦੀ ਗੱਲ ਮੰਨ ਜਾਣ ਲਈ ਬੇਨਤੀ ਕੀਤੀ।

ਇਸ ਵੇਲੇ ਤਕ ਇਲਮ ਦੀਨ ਵੀ ਨਮਾਜ਼ ਪੜ੍ਹ ਕੇ ਵਾਪਸ ਆ ਚੁਕਾ ਸੀ। ਉਸ ਨੇ ਵੀ ਆਪਣਾ ਰਸੂਖ ਵਰਤਿਆ। ਗੁਰਮਿੰਦਰ ਸਿੰਘ ਨੂੰ ਕਾਰ ਦੇ ਅੰਦਰ ਬਿਠਾ ਕੇ ਏਅਰਕੰਡੀਸ਼ਨਰ ਚਾਲੂ ਕਰ ਦਿੱਤਾ। ਇਲਮ ਦੀਨ ਨਹੀਂ ਸੀ ਚਾਹੁੰਦਾ ਕਿ ਗੁਰਮਿੰਦਰ ਸਿੰਘ ਦੇ ਪਾਠ ਵਿਚ ਕਿਸੇ ਤਰ੍ਹਾਂ ਦਾ ਵਿਘਨ ਪਵੇ। ਉਸ ਨੇ ਪਾਠ ਪੂਰਾ ਹੋਣ ਤੋਂ ਪਿੱਛੋਂ ਗੁਰਮਿੰਦਰ ਸਿੰਘ ਨੂੰ ਚਾਹ-ਪਾਣੀ ਵਾਲੀ ਮੇਜ਼ ਉਤੇ ਪਹੁੰਚਾਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ।

ਉਸ ਫੇਰੀ ਵਿਚ ਅਸੀਂ ਧਮਿਆਲ ਵੀ ਜਾਣਾ ਚਾਹੁੰਦੇ ਸਾਂ, ਜਿਸ ਦਾ ਚੇਤਾ ਆਇਸ਼ਾ ਦੁੱਗਲ ਦੇ ਦੇਹਾਂਤ ਨੇ ਕਰਵਾ ਦਿੱਤਾ ਹੈ। ਆਇਸ਼ਾ ਮੁਸਲਿਮ ਪਰਿਵਾਰ ਵਿਚੋਂ ਸੀ। ਉਸ ਨੇ ਦੁੱਗਲ ਨਾਲ ਵਿਆਹ ਕੀਤਾ ਸੀ ਤੇ ਉਸ ਦੀ ਭੈਣ ਸੁਲਤਾਨਾ ਨੇ ਉਰਦੂ ਅਦੀਬ ਅਲੀ ਸਰਦਾਰ ਜਾਫਰੀ ਨਾਲ। ਉਹ ਬੱਚਾ ਰੋਗਾਂ ਦੀ ਡਾਕਟਰ ਸੀ। ਚੰਗੀ ਸੂਰਤ ਤੇ ਸੀਰਤ ਵਾਲੀ। ਮੇਰੀ ਡਾਕਟਰ ਪਤਨੀ ਨੂੰ ਚਾਹੁਣ ਵਾਲੀ। ਬੜੇ ਤਪਾਕ ਨਾਲ ਮਿਲਦੀ ਸੀ, ਪਰ ਉਸ ਦਾ ਸਹੁਰਾ ਪਿੰਡ ਵੇਖਣਾ ਸੌਖਾ ਨਹੀਂ ਸੀ। ਉਹ ਪਿੰਡ ਰਾਵਲਪਿੰਡੀ ਦੀ ਛਾਉਣੀ ਵਿਚ ਪੈਂਦਾ ਸੀ ਤੇ ਸਾਡੇ ਕੋਲ ਛਾਉਣੀ ਦਾਖਲੇ ਦਾ ਪਰਮਿਟ ਨਹੀਂ ਸੀ। ਸਬੱਬ ਨਾਲ ਉਥੇ ਜਾਣ ਸਮੇਂ ਮੇਰੇ ਨਾਲ ਜਗਦੇਵ ਸਿੰਘ ਜੱਸੋਵਾਲ ਵਰਗਾ ਦੀਵਾਨਾ ਵੀ ਆ ਰਲਿਆ ਸੀ। ਪ੍ਰੋਟੋਕਾਲ ਅਫਸਰ ਨੇ ਬੜੇ ਅਦਬ ਨਾਲ ਮਜਬੂਰੀ ਜਤਾਈ, ਪਰ ਜੱਸੋਵਾਲ ਹਥਿਆਰ ਸੁੱਟਣ ਵਾਲੀ ਹਸਤੀ ਨਹੀਂ ਸੀ। ਉਸ ਨੇ ਇੱਕ ਅਸਰ-ਰਸੂਖ ਵਾਲਾ ਬੰਦਾ ਲੱਭ ਲਿਆ। ਗੱਡੀ ਵੀ ਉਸ ਦੀ ਆਪਣੀ ਸੀ। ਉਸ ਨੇ ਹੌਸਲਾ ਦਿੱਤਾ ਕਿ ਉਹ ਸਾਨੂੰ ਧਮਿਆਲ ਘੁਮਾ ਲਿਆਵੇਗਾ, ਪਰ ਜਿੱਧਰ ਵੀ ਜਾਈਏ, ਪਾਕਿਸਤਾਨੀ ਸਿਪਾਹੀ ਰੋਕ ਲੈਣ। ਗੱਡੀ ਵਾਲਾ ਮਿੱਤਰ ਹੌਸਲਾ ਹਾਰਨ ਵਾਲਾ ਨਹੀਂ ਸੀ। ਉਸ ਨੇ ਸੋਚਿਆ ਵੀਹ-ਪੰਝੀ ਮੀਲ ਦਾ ਫੇਰਾ ਪਾ ਕੇ ਪਿਛਲੇ ਪਾਸਿਓਂ ਦੀ ਧਮਿਆਲ ਲੈ ਵੜੇਗਾ।

ਪਰ ਫੌਜੀ ਦੂਰ ਦੂਰ ਤਕ ਬੈਠੇ ਸਨ। ਛਾਉਣੀ ਦਾ ਇਲਾਕਾ ਸੀ ਤੇ ਅਸੀਂ ਦਾੜ੍ਹੀ ਪਗੜੀ ਵਾਲੇ ਪੂਰੇ ਸੂਰੇ ਸਿੱਖ ਸਰਦਾਰ। ਪਾਕਿਸਤਾਨ ਵਾਲੇ ਹੋਰ ਕਿਸੇ ਨੂੰ ਪਛਾਣਨ ਭਾਵੇਂ ਨਾ, ਪਰ ਸਿੱਖ ਸਰਦਾਰਾਂ ਨੂੰ ਜ਼ਰੂਰ ਪਛਾਣਦੇ ਹਨ। ਸਾਡੀ ਪਛਾਣ ਹੀ ਸਾਡੀ ਦੁਸ਼ਮਣ ਬਣ ਗਈ। ਸੌ ਸਬੀਲਾਂ ਦੇ ਬਾਵਜੂਦ ਧਮਿਆਲ ਨਹੀਂ ਦੇਖ ਸਕੇ। ਉਹ ਮਿੱਟੀ ਵੀ ਨਹੀਂ, ਜਿਸ ਵਿਚ ਮੋਹਣ ਸਿੰਘ ਤੇ ਦੁੱਗਲ ਅਪਣੇ ਬਚਪਨ ਵਿਚ ਖੇਡਦੇ ਰਹੇ ਸਨ। ਉਹ ਮਿੱਟੀ ਸਕੇ ਸ਼ਰੀਕਾਂ ਦੇ ਵੱਸ ਪੈ ਚੁਕੀ ਸੀ। ਪਾਕਿਸਤਾਨੀ ਸਾਡੇ ਗਵਾਂਢੀ ਹਨ ਤੇ ਸ਼ਰੀਕ ਵੀ।

ਅੰਤਿਕਾ: ਸੁਰਿੰਦਰ ਸੋਹਲ
ਬਿਖਰਾ ਦਾ ਤਾਂ ਧਰਮ ਹੈ
ਹਰ ਹਾਲ ਵਿਚ ਵੰਡਣਾ ਸਕੂਨ
ਛਾਂ 'ਚ ਬਹਿ, ਜਾ ਸੇਕ ਲੈ
ਜਾਂ ਫਿਰ ਬਣਾ ਇਸ ਦੀ ਰਬਾਬ।

# ਯਾਦਾਂ ਦੀਆਂ ਤੰਦਾਂ

(ਪਿਛਲੇ ਸਫੇ ਦੀ ਬਾਕੀ)

ਥੋੜ੍ਹੀ ਦੇਰ ਮੈਨੂੰ ਚਾਰਪਾਈ 'ਤੇ ਬੈਠੇ ਨੂੰ ਹੋਈ ਸੀ ਕਿ ਬਾਬਾ ਜੀ ਬੋਲੇ, ਅੱਜਕੱਲ੍ਹ ਮੈਨੂੰ ਬਹੁਤ ਫਿਕਰ ਹੋ ਰਹੀ ਹੈ। ਸਮੁੰਦਰੀ ਤੂਫਾਨ ਜ਼ੋਰਾਂ 'ਤੇ ਹੁੰਦੇ ਹਨ। ਤੁਹਾਡੀ ਮਾਤਾ ਜੀ ਹੱਜ ਨੂੰ ਗਏ ਹੋਏ ਹਨ। ਕਾਫੀ ਦੇਰ ਹੋ ਗਈ, ਕੋਈ ਖਤ ਨਹੀਂ ਆਇਆ, ਅੱਲ੍ਹਾ ਖੈਰ ਕਰੇ।" ਫਿਰ ਬੋਲੇ, "ਇਹ ਉਨ੍ਹਾਂ ਦੇ ਹੱਥਾਂ ਦਾ ਪਾਇਆ ਹੋਇਆ ਅੰਬਾਂ ਦੇ ਆਚਾਰ ਵਾਲਾ ਕੁੱਜਾ ਹੈ ਜੋ ਮੈਂ ਨਿਸ਼ਾਨੀ ਵਜੋਂ ਸੰਭਾਲ ਕੇ ਰੱਖਿਆ ਹੋਇਆ ਹੈ।"

ਮੇਰੇ ਵਲੋਂ ਬਾਬਾ ਜੀ ਰਾਮ-ਕਹਾਣੀ ਬੜੀ ਦਿਲਚਸਪੀ ਨਾਲ ਸੁਣਨ 'ਤੇ ਉਹ ਮੇਰੇ ਚਿਹਰੇ ਨੂੰ ਚੰਗੀ ਤਰ੍ਹਾਂ ਭਾਂਪ ਰਹੇ ਸਨ। ਉਹ ਖੁਸ਼ ਹੋ ਕੇ ਕੋਲ ਬੈਠੇ ਬੰਤੇ ਨੌਕਰ ਨੂੰ ਬੋਲੇ, "ਬੀਬੀ ਜੀ ਪਾਸੋਂ ਮੇਰੀ ਤੇ ਕਿਰਪਾਲ ਦੀ ਰੋਟੀ ਪੁਆ ਲਿਆ। ਮੈਂ ਜ਼ੈਲਦਾਰ ਦੇ ਘਰ ਜਾ ਕੇ ਕੁਝ ਕੰਮ ਕਰਵਾ ਆਵਾਂ।" ਫਿਰ ਜ਼ੈਲਦਾਰ ਦੇ ਘਰ ਚਾਹ ਪੀਤੀ ਅਤੇ ਹਿਸਾਬ ਕਰਵਾ ਕੇ ਅੱਧਾ ਅਸਲ ਤੇ ਪੂਰੇ ਸਾਲ ਦਾ ਸੂਦ ਅਦਾ ਕਰ ਕੇ ਰਸੀਦ ਲੈ ਲਈ। ਬੜੀ ਮੁਸ਼ਕਿਲ ਘੰਟਾ ਹੀ ਲੱਗਿਆ ਹੋਵੇਗਾ। ਅਸੀਂ ਘਰ ਆਏ, ਉਦੋਂ ਤੱਕ ਬੰਤਾ ਸਿੰਘ ਰੋਟੀ ਲੈ ਆਇਆ ਸੀ।

ਰੋਟੀ ਖਾਣ ਤੋਂ ਬਾਅਦ ਬਾਬਾ ਜੀ ਚਾਰਪਾਈ 'ਤੇ ਲੇਟ ਗਏ। ਮੈਂ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਇਹ ਜਲੰਧਰ ਵਾਲਾ ਹਾਈ ਸਕੂਲ ਅਤੇ ਹੋਸਟਲ ਅਰਜਨ ਸਿੰਘ ਦੇ ਕਹਿਣ 'ਤੇ ਉਸ ਦੇ ਵੱਡੇ ਭਰਾ ਸੁਰਜਨ ਸਿੰਘ ਨੇ ਬਣਾਇਆ ਸੀ, ਇਹ ਕਹਾਣੀ ਕਿਵੇਂ ਹੋਈ?

ਬਾਬਾ ਜੀ ਕਹਿਣ ਲੱਗੇ, "ਚਾਚਾ ਜੀ ਅਰਜਨ ਸਿੰਘ ਆਰੀਆ ਸਮਾਜੀ ਬਣ ਚੁੱਕੇ ਸਨ। ਉਨ੍ਹਾਂ ਦਿਨਾਂ ਵਿਚ ਆਰੀਆ ਸਮਾਜੀ ਹੋਣਾ ਹੀ ਇਨਕਲਾਬੀ ਹੋਣਾ ਸੀ। ਸੋ ਅਰਜਨ ਸਿੰਘ ਨੇ ਆਪਣੇ ਵੱਡੇ ਭਰਾ ਸੁਰਜਨ ਸਿੰਘ ਜੋ ਸਾਡੇ ਪਿਤਾ ਜੀ ਸਨ, ਨੂੰ ਕਿਹਾ ਕਿ ਭਾਜੀ, ਇਸੇ ਇਲਾਕੇ ਵਿਚ ਹਾਈ ਸਕੂਲ ਨਹੀਂ ਹੈ, ਤੁਹਾਡਾ ਸਰਕਾਰੇ-ਦਰਬਾਰੇ ਕਾਫੀ ਰਸੂਖ ਹੈ; ਦੂਸਰੇ, ਤੁਸੀਂ ਖੁਦ ਵੀ ਖਰਚਾ ਬਰਦਾਸ਼ਤ ਕਰ ਸਕਦੇ ਹੋ। ਇਹ ਕੰਮ ਕਰਨ ਨਾਲ ਇਲਾਕਾ ਡੁਹਾਡਾ ਹਮੇਸ਼ਾ ਰਿਣੀ ਰਹੇਗਾ ਕਿਉਂ ਜੋ ਤਾਲੀਮ ਹਿੰਦੁਸਤਾਨੀਆਂ ਲਈ ਬਹੁਤ ਜ਼ਰੂਰੀ ਹੈ, ਜਿਵੇਂ ਜ਼ਿੰਦਗੀ ਜਿਊਣ ਲਈ ਰੋਟੀ ਜ਼ਰੂਰੀ ਹੈ। ਸਾਡੇ ਪਿਤਾ ਸੁਰਜਨ ਸਿੰਘ ਨੇ ਆਪਣੇ ਛੋਟੇ ਭਰਾ ਵਲੋਂ ਦਿੱਤੇ ਸੁਝਾਅ ਨੂੰ ਚੰਗਾ ਸਮਝਿਆ ਅਤੇ ਜਲੰਧਰ ਵਾਲਾ ਹਾਈ ਸਕੂਲ ਤੇ ਹੋਸਟਲ ਬਣਵਾ ਦਿੱਤਾ। ਕਿਰਪਾਲ, ਬਾਬਾ ਜੀ ਖੇਮ ਸਿੰਘ ਦੱਸਦੇ ਸਨ ਕਿ ਕਈ ਪੀੜ੍ਹੀਆਂ ਤੋਂ ਸਾਡੇ ਪਰਵਾਰ ਵਿਚ ਵਿਚਾਰਾਂ ਦੇ ਵਖਰੇਵੇਂ ਸਨ ਪਰ ਵੱਡੇ ਅੱਗੇ ਛੋਟਾ ਕਦੇ ਵੀ ਉਚਾ ਬੋਲਿਆ ਨਹੀਂ ਸੀ; ਦੂਜਾ, ਜੇ ਛੋਟਾ ਕੋਈ ਚੰਗੀ ਗੱਲ ਕਰੇ ਤਾਂ ਵੱਡਾ ਮੰਨ ਲੈਂਦਾ ਸੀ।

ਇਹ ਗੱਲਾਂ ਕਰਦਿਆਂ ਬਾਬਾ ਜੀ ਨੇ ਇਕ ਹੋਰ ਬੜੀ ਪਤੇ ਦੀ ਗੱਲ ਦੱਸੀ, "ਸਾਡੇ ਚਾਚਾ ਜਦੋਂ ਵੱਡੇ ਭਾਜੀ ਕਿਸ਼ਨ ਸਿੰਘ ਦੀ ਲੜਕੀ ਬੀਬੀ ਅਮਰ ਕੌਰ ਦੀ ਸ਼ਾਦੀ ਸੀ। ਅਸੀਂ ਸਾਰੇ ਭਰਾ ਤੇ ਪਰਿਵਾਰ ਵਿਆਹ 'ਤੇ ਇਕੱਠੇ ਸਾਂ, ਜਦੋਂ ਬਰਾਤ ਆਈ। ਮਿਲਣੀ ਹੋਣ ਲੱਗੀ ਤਾਂ ਅਚਾਨਕ ਕਿਸ਼ਨ ਸਿੰਘ ਆਪਣੇ ਵੱਡੇ ਭਰਾ ਦਿਲਬਾਗ ਸਿੰਘ ਕੋਲ ਆਏ ਅਤੇ ਬੋਲੇ, "ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਵੱਡੇ ਭਰਾ ਦੇ ਹੁੰਦਿਆਂ ਛੋਟਾ ਭਰਾ ਅੱਗੇ ਹੋ ਕੇ ਮਿਲਣੀ ਦੀ ਰਸਮ ਅਦਾ ਕਰੇ। ਤੁਸੀਂ ਅੱਗੇ ਹੋਵੋ।" ਇਹ ਹੈਰਾਨੀ ਤਾਂ ਜ਼ਰੂਰ ਹੋਈ ਪਰ ਬੀਬੀ ਅਮਰ ਕੌਰ ਦੀ ਸ਼ਾਦੀ ਵੇਲੇ ਮਿਲਣੀ ਦਿਲਬਾਗ ਸਿੰਘ ਨੇ ਕੀਤੀ। ਇਹ ਬਾਬੇ ਖੇਮ ਸਿੰਘ ਦੇ ਪਰਿਵਾਰ 'ਤੇ ਉਸ ਦੀ ਮਿਹਰ ਹੈ ਕਿ ਗਮੀ ਖੁਸ਼ੀ ਵੇਲੇ ਸਾਰੇ ਭਰਾ ਅਸੀਂ ਇਕੱਠੇ ਹੁੰਦੇ ਰਹੇ ਜਿਵੇਂ ਅੱਜਕੱਲ੍ਹ ਸੁਰਜਨ ਸਿੰਘ ਦਾ ਪਰਿਵਾਰ ਹਰ ਖੁਸ਼ੀ ਗਮੀ ਵੇਲੇ ਇਕੱਠਾ ਹੋ ਜਾਂਦਾ ਹੈ। ਇਹ ਕਹਾਣੀ ਸੁਣਦਿਆਂ ਮੈਨੂੰ ਸ਼ਾਮ ਪੈ ਗਈ। ਫਿਕਰ ਲੱਗੀ ਕਿ ਮਾਤਾ ਜੀ ਉਡੀਕ ਕਰਦੇ ਹੋਣਗੇ ਕਿਉਂਕਿ ਮੇਰੇ ਪਾਸ ਰੁਪਏ ਸਨ। ਜਦੋਂ ਘਰ ਆਇਆ, ਬੀਬੀ ਜੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ ਤੇ ਗੁੱਸੇ ਵੀ ਹੋਏ।

1955 ਦੀਆਂ ਗਰਮੀਆਂ ਦੇ ਦਿਨ ਸਨ, ਮੈਨੂੰ ਪਤਾ ਲੱਗਿਆ ਕਿ ਬਾਬਾ ਜੀ ਜਸਵੰਤ ਸਿੰਘ ਦੀ ਸਿਹਤ ਕੁਝ ਠੀਕ ਨਹੀਂ ਹੈ। ਮੈਂ ਉਨ੍ਹਾਂ ਨੂੰ ਦੇਖਣ ਲਈ ਘਰ ਗਿਆ ਤਾਂ ਬਾਬਾ ਜੀ ਕੁਰਸੀ 'ਤੇ ਬੈਠੇ ਸਨ। ਕੋਲ ਨੌਕਰ ਬੰਤਾ ਵੀ ਸੀ। ਬਾਬਾ ਜੀ ਬੋਲੇ, "ਹੁਣ ਮੈਂ ਕੁਝ ਸਿਹਤਯਾਬ ਹਾਂ।" ਫਿਰ ਗੱਲਾਂ ਕਰਦਿਆਂ ਕਹਿਣ ਲੱਗੇ, "ਕਿਰਪਾਲ, ਅੰਗਰੇਜ਼ ਦਾ ਵਕਤ ਸੀ, ਸਾਡੇ ਥਾਣਾ ਬੰਗਾ ਦਾ ਇੰਚਾਰਜ ਸ਼ਹਾਬੂਦੀਨ ਸੀ। ਕਿਸੇ ਕੇਸ ਵਿਚ ਉਸ ਦੀ ਇਨਕੁਆਰੀ ਹੋ ਗਈ। ਮੈਂ ਉਸ ਦੀ ਮਦਦ ਕੀਤੀ ਤੇ ਉਹ ਮੈਨੂੰ ਫਿਰ ਤਾਇਆ ਜੀ ਕਹਿ ਕੇ ਬੁਲਾਉਣ ਲਗ ਪਿਆ। ਜਦੋਂ ਪਾਕਿਸਤਾਨ ਬਣਿਆ, ਉਹ ਪਾਕਿਸਤਾਨ ਚਲਿਆ ਗਿਆ, ਉਥੇ ਵੱਡਾ ਪੁਲਿਸ ਅਫਸਰ ਬਣ ਗਿਆ। ਮੈਂ ਉਸ ਨੂੰ ਖਤ ਲਿਖਿਆ ਕਿ ਮੈਨੂੰ ਚੰਦ ਦਿਨ ਰਹਿਣ ਦਾ ਵੀਜ਼ਾ ਮਿਲ ਗਿਆ ਹੈ, ਮੇਰੇ ਰਹਿਣ ਦਾ ਬੰਦੋਬਸਤ ਕਰਨਾ। ਉਸ ਦਾ ਖਤ ਆਇਆ ਕਿ ਤਾਰੀਖ ਲਿਖ ਭੇਜੋ, ਸਾਰਾ ਬੰਦੋਬਸਤ ਆਰਾਮ ਨਾਲ ਹੋ ਜਾਵੇਗਾ। ਮੈਂ ਗਿਆ ਤਾਂ ਤੁਹਾਡੇ ਮਾਤਾ ਜੀ ਬੱਚਿਆਂ ਨਾਲ ਮੈਨੂੰ ਵਾਹਗਾ ਬਾਰਡਰ 'ਤੇ ਲੈਣ ਆਏ। ਅਸੀਂ ਚੰਦ ਦਿਨ ਇਕੱਠੇ ਰਹੇ। ਇਸੇ ਤਰ੍ਹਾਂ ਮੈਨੂੰ ਵਾਹਗਾ ਬਾਰਡਰ 'ਤੇ ਰੁਖਸਤ ਕਰਨ ਮੌਕੇ ਤੁਹਾਡੀ ਮਾਤਾ ਜੀ ਨੇ ਅੱਲ੍ਹਾ ਪਾਸੋਂ ਮੇਰੀ ਲੰਮੀ ਉਮਰ ਦੀ ਦੁਆ ਮੰਗੀ ਅਤੇ ਨਮ ਅੱਖਾਂ ਨਾਲ ਆਪਣੇ ਤੋਂ ਜੁਦਾ ਕੀਤਾ।

ਇਧਰ ਪਹੁੰਚ ਕੇ ਮੈਂ ਤੁਹਾਡੀ ਮਾਤਾ ਜੀ ਅਤੇ ਸ਼ਹਾਬੂਦੀਨ ਨੂੰ ਸ਼ੁਕਰੀਆ ਦਾ ਖਤ ਲਿਖਿਆ। ਮੈਂ ਆਪਣੀ ਜ਼ਿੰਦਗੀ ਵਿਚ ਉਹ ਦਿਨ ਅਤੇ ਵਕਤ ਨਹੀਂ ਭੁਲਾ ਸਕਦਾ।

ਇਹ ਆਖ ਉਨ੍ਹਾਂ ਆਪਣੀ ਸੁੱਚੀ ਮੁਹੱਬਤ ਦਾ ਤੋੜਾ ਝਾੜਿਆ। ਅੱਖਾਂ ਬੰਦ ਕਰ ਕੇ ਲੇਟ ਗਏ, ਅਤੀਤ ਦੀ ਭਾਲ ਵਿਚ ਲੰਮੇ ਸਫਰ 'ਤੇ; ਮੈਂ ਨਮ ਅੱਖਾਂ ਨਾਲ ਉਨ੍ਹਾਂ ਦੇ ਚਰਨ ਛੂਹੇ।

ਅਲਵਿਦਾ! ਅਲਵਿਦਾ! ਐ ਨੇਕੀ ਦੇ ਫਰਿਸ਼ਤੇ! ਮੇਰੇ ਦੁੱਖ ਵਿਚ ਸਹਾਰਾ ਬਣੇ ਬਾਬਾ ਜੀ, ਅਲਵਿਦਾ!!

# ਮਿਨੀ ਕਹਾਣੀਆਂ

## ਛਿੰਦਾ

ਦੋ ਕੁ ਸਾਲ ਪਹਿਲਾਂ ਇੱਕ ਬੱਚਾ ਸਕੂਲ ਵਿਚ ਦਾਖਲ ਹੋਇਆ। ਬੱਚਾ ਸ਼ਕਲ ਤੋਂ ਬੜਾ ਪਿਆਰਾ ਸੀ। ਸਾਰੇ ਅਧਿਆਪਕ ਉਸ ਨੂੰ ਬਹੁਤ ਪਿਆਰ ਕਰਦੇ, ਵੈਸੇ ਉਹ ਪੜ੍ਹਨ ਵਿਚ ਵੀ ਹੁਸ਼ਿਆਰ ਸੀ, ਪਰ ਹੌਲੀ ਹੌਲੀ ਬੱਚੇ ਨੇ ਸਕੂਲ ਆਉਣਾ ਘੱਟ ਕਰ ਦਿੱਤਾ ਅਤੇ ਪੜ੍ਹਨ ਵੱਲੋਂ ਵੀ ਧਿਆਨ ਘਟਾ ਦਿੱਤਾ। ਹੁਣ ਤਾਂ ਉਹ ਦੂਜੇ-ਤੀਜੇ ਦਿਨ ਸਕੂਲ ਆਉਂਦਾ ਅਤੇ ਪੁੱਛਣ 'ਤੇ ਵੀ ਚੁੱਪ ਚਾਪ ਖੜ੍ਹਾ ਰਹਿੰਦਾ। ਮਨ ਵਿਚ ਆਉਂਦਾ, ਉਸ ਦੇ ਮਾਪਿਆਂ ਨੂੰ ਮਿਲ ਕੇ ਪਤਾ ਕਰਾਂ, ਪਰ ਕੰਮ ਧੰਦੇ ਵਿਚ ਉਲਝਿਆ ਰਹਿੰਦਾ। ਇੱਕ ਦਿਨ ਕੁਦਰਤੀ ਸਰਕਾਰੀ ਸਰਵੇ ਦੇ ਸਬੰਧ ਵਿਚ ਪਿੰਡ ਵਿਚ ਜਾਣਾ ਪੈ ਗਿਆ ਅਤੇ ਮੈਂ ਛਿੰਦੇ ਦਾ ਘਰ ਪਤਾ ਕਰ ਉਨ੍ਹਾਂ ਦੇ ਘਰ ਚਲਾ ਗਿਆ।

"ਬੀਬੀ, ਇਹ ਛਿੰਦੇ ਦਾ ਘਰ ਹੈ?" ਬੂਹਾ ਖੋਲ੍ਹਣ ਆਈ ਬੀਬੀ ਨੂੰ ਮੈਂ ਰਸਮੀ ਪੁੱਛ ਲਿਆ।

"ਵੀਰਾ, ਹੁਣ ਛਿੰਦਾ ਕਾਹਦਾ, ਹੁਣ ਤਾਂ ਸਾਲਾ ਹੈ, ਸਾਲਾ।" ਬੀਬੀ ਨੇ ਮੰਜਾ ਡਾਂਵੇਂ ਕਰਦਿਆਂ ਮਨ ਦੀ ਭੜਾਸ ਕੱਢੀ।

"ਬੀਬੀ, ਮੈਂ ਸਮਝਿਆ ਨਹੀਂ!" ਬੀਬੀ ਦੀ ਗੱਲ ਨੇ ਮੈਨੂੰ ਅਚੰਭੇ ਵਿਚ ਪਾ ਦਿੱਤਾ ਸੀ।

"ਵੀਰਾ, ਦੋ ਕੁੜੀਆਂ ਬਾਅਦ ਹੋਇਆ ਸੀ, ਪਿਉ ਨੇ ਕਿੰਨੇ ਪਿਆਰ ਨਾਲ ਛਿੰਦਾ ਨਾਂ ਰੱਖਿਆ ਸੀ। ਸਾਰੀ ਦਿਹਾੜੀ ਮੋਢਿਆਂ ਤੋਂ ਨਾ ਉਤਾਰਦਾ। ਮਿੱਟੀ ਨਾਲ ਲਿਬੜ ਜਾਣਾ ਤਾਂ ਮੇਰੇ ਨਾਲ ਲੜ ਪੈਂਦਾ; ਪਰ ਛਿੰਦੇ ਦੀ ਕਿਸਮਤ, ਇੱਕ ਦਿਨ ਖੇਤ ਪਾਣੀ ਲਾਉਣ ਗਿਆ, ਪਿਆ ਹੀ ਰਹਿ ਗਿਆ। ਜੁਆਕ ਨਿੱਕੇ ਵੇਖ ਕਹੇ ਕਹਾਏ ਮੁੜ ਹੂਲ੍ਹਾ ਫੱਕਿਆ। ਇਹ ਕੰਜਰ ਪਤਾ ਨਹੀਂ ਕੀ ਸੁਆਹ ਖੇਹ ਖਾਂਦਾ, ਸਾਰਾ ਦਿਨ ਮੰਜੇ 'ਤੇ ਪਿਆ ਰਹਿੰਦਾ। ਆਪ ਨਾਲੋਂ ਵੱਡੀ ਕਹੀ ਜੁਆਕ ਦੇ ਹੱਥ ਫੜਾਈ ਹੈ, ਉਤੋਂ ਸਾਰਾ ਦਿਨ ਗਾਲ੍ਹ ਮੰਦਾ, 'ਸਾਲਿਆ ਉਹ ਨਹੀਂ ਕੀਤਾ...ਸਾਲਿਆ ਆਹ ਨਹੀਂ ਕੀਤਾ।' ਨਾਂ ਤਾਂ ਭੁੱਲ ਹੀ ਗਿਆ। ਸਕੂਲ ਦਾ ਨਾਂ ਨਹੀਂ ਲੈਣ ਦਿੰਦਾ। ਵੀਰਾ ਕਿਸੇ ਨੇ ਸੱਚ ਹੀ ਕਿਹਾ ਹੈ, 'ਸੌ ਚਾਚਾ, ਇੱਕ ਪਿਉ ਹੁੰਦਾ।' ਛਿੰਦਾ ਜਿਸ ਦਾ, ਉਸ ਦਾ ਹੀ ਸੀ। ਇਸ ਦਾ ਕੀ ਲੱਗਦਾ। ਹੁਣ ਕੰਜਰ ਪੈਸਿਆਂ ਪਿਛੇ ਕਚੀਰਾ ਕਰਦਿਆਂ ਕਿਸੇ ਪਾਸੇ ਦਫਾ ਹੋਇਆ।" ਬੀਬੀ ਨੇ ਭਰਿਆ ਮਨ ਹੌਲਾ ਕਰ ਲਿਆ, ਪਰ ਮੈਨੂੰ ਨਵੀਂ ਸੋਚ ਲਾ ਦਿੱਤੀ, ਪਿਉ ਬਿਨਾ ਕਾਹਦੇ ਛਿੰਦੇ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

## ਸ਼ਰਮਿੰਦਾ ਹਾਸਾ

ਜੀਤੀ ਮੰਜੇ 'ਤੇ ਬੈਠੀ ਪਾਲਕ ਦੇ ਕੂਲੇ ਕੂਲੇ ਪੱਤਰ ਚੀਰ ਰਹੀ ਸੀ, ਇੰਨੇ ਨੂੰ ਉਸ ਦਾ ਖਾਵੰਦ ਰਹੀਮ ਆ ਗਿਆ ਤੇ ਜੀਤੀ ਨੂੰ ਕਹਿੰਦਾ, "ਅੱਜ ਗੁੜ ਪਾ ਕੇ ਸੇਵੀਆਂ ਬਣਾਈਏ!"

ਜੀਤੀ ਟੋਕਰੀ ਪਰਾਂ ਧਰ ਕੇ ਸੇਵੀਆਂ ਤੇ ਗੁੜ ਅੰਦਰੋਂ ਕੱਢ ਲਿਆਈ ਤੇ ਚੁੱਲ੍ਹੇ ਵਿਚ ਅੱਗ ਬਾਲ ਉਸ ਸੇਵੀਆਂ ਧਰ ਦਿੱਤੀਆਂ। ਕੜਾਹੀ 'ਚ ਸੇਵੀਆਂ ਹਿਲਾਉਂਦੀ ਜੀਤੀ ਨੂੰ ਚੇਤਾ ਆਇਆ, ਕਿੰਨੇ ਚਿਰਾਂ ਦੀ ਗੱਲ ਹੈ, ਇੱਕ ਦਿਹਾੜੀ ਉਸ ਦੀ ਮਾਂ ਹੱਥ ਨਾਲ ਸੂਜੀ ਦੀਆਂ ਸੇਵੀਆਂ ਵੱਟ ਰਹੀ ਸੀ ਤਾਂ ਮੈਂ ਆਖਿਆ ਸੀ, 'ਮਾਂ ਨੀ ਮਾਂ! ਅੱਜ ਮੇਰਾ ਮਸ਼ੀਨ ਨਾਲ ਵੱਟੀਆਂ ਸੇਵੀਆਂ ਖਾਣ ਨੂੰ ਬੜਾ ਈ ਜੀਅ ਕਰਦਾ।' ਮਾਂ ਨੇ ਪੈਂਦੀ ਸੱਟੇ ਕਿਹਾ, 'ਜਾ ਨੀ, ਉਹ ਤਾਂ ਮੁਸਲਮਾਨ ਖਾਂਦੇ ਨੇ।'

ਗੱਲ ਯਾਦ ਕਰਦਿਆਂ ਜੀਤੀ ਦਾ ਗੱਚ ਭਰ ਆਇਆ। ਰਹੀਮ ਦੇ ਪੁੱਛਣ 'ਤੇ ਜੀਤੀ ਨੇ ਗੱਲ ਸੁਣਾ ਦਿੱਤੀ। ਰਹੀਮ ਸ਼ਰਮਿੰਦਾ ਜਿਹਾ ਹੱਸਿਆ।

ਜੀਤੀ ਹਿੰਦੂ ਤੇ ਰਹੀਮ ਮੁਸਲਿਮ, ਪਰ ਦੋਹਾਂ ਦੇ ਪਿਆਰ ਅੱਗੇ ਇਹ ਧਰਮ ਆੜ ਨਾ ਬਣ ਸਕਿਆ ਸੀ। ਇਕ ਦਿਨ ਦੋਹਾਂ ਘਰੋਂ ਨੱਸ ਕੇ ਵਿਆਹ ਰਚਾ ਲਿਆ ਸੀ। ਰਹੀਮ ਅਕਸਰ ਜੀਤੀ ਨੂੰ ਕਹਿੰਦਾ ਰਹਿੰਦਾ, 'ਰੱਬ ਦੀਏ ਬੰਦੀਏ, ਤੂੰ ਕੁਝ ਨਾ ਵੇਖਿਆ ਸਿਵਾਏ ਪਿਆਰ ਦੇ!' ਪਰ ਜਦੋਂ ਰਹੀਮ ਜੀਤੀ ਨੂੰ ਬਾਹਾਂ ਵਿਚ ਲੈਂਦਾ ਤਾਂ ਜੀਤੀ ਨੂੰ ਲੱਗਦਾ, ਉਸ ਨੂੰ ਖੁਦਾ ਮਿਲ ਗਿਆ ਹੈ ਤੇ ਜੀਤੀ ਰਹੀਮ ਵਿਚ ਗਵਾਚ ਜਾਂਦੀ।

-ਮਨਪ੍ਰੀਤ ਕੌਰ ਸੰਧੂ
ਫੋਨ: 91-88724-60836

# ਖੌਫਨਾਕ ਸਾਇਆ

ਦਲਜੀਤ ਅੱਜ ਪਹਿਲਾ ਵਰਗੀ ਨਹੀਂ ਸੀ ਦਿਸਦੀ-ਚੁਲਬਲੀ, ਗੁਟਕਦੀ, ਚਮਕਦੀਆਂ, ਲਿਸ਼ਕਦੀਆਂ ਅੱਖਾਂ; ਪਰ ਅੱਜ ਉਸ ਦਾ ਚਿਹਰਾ ਬਿਲਕੁਲ ਉਤਰਿਆ ਪਿਆ ਸੀ। ਚਿਹਰੇ ਤੇ ਉਦਾਸੀ ਦਾ ਪ੍ਰਭਾਵ ਅਤੇ ਲਾਲ ਸੁੱਜੀਆਂ ਅੱਖਾਂ ਵੇਖ ਕੇ ਮੈਂ ਵੀ ਉਦਾਸ ਹੋਣੋਂ ਨਾ ਰਹਿ ਸਕਿਆ। ਮੇਰੇ ਮਨ 'ਚ ਉਸ ਦੀ ਇਸ ਅਵਸਥਾ ਬਾਰੇ ਜਾਣਨ ਦੀ ਤੀਬਰਤਾ ਤਾਂ ਸੀ, ਪਰ ਸਿੱਧਾ ਸਵਾਲ ਕਰਨਾ ਨਾ ਤਾਂ ਮੈਂ ਉਚਿਤ ਹੀ ਸਮਝਿਆ ਅਤੇ ਨਾ ਹੀ ਇਹ ਪੁੱਛਣ ਲਈ ਮੇਰੇ ਵਿਚ ਹੌਸਲਾ ਪੈਂਦਾ ਸੀ। ਆਖਰ ਨੂੰ ਮੈਂ ਜਕੋ-ਤਕੀ 'ਚ ਦਿਲ ਕਰੜਾ ਜਿਹਾ ਕਰਕੇ ਪੁੱਛ ਹੀ ਲਿਆ, "ਸਤਿ ਸ੍ਰੀ ਅਕਾਲ ਭੈਣ ਜੀ, ਅੱਜ ਤਾਂ ਤੁਸੀਂ ਬਹੁਤ ਹੀ ਥੱਕੇ ਜਿਹੇ ਦਿਸਦੇ ਹੋ। ਲਗਦਾ ਇੰਜ ਹੈ, ਜਿਵੇਂ ਤੁਸੀਂ ਸਾਰੀ ਰਾਤ ਜਾਗਦੇ ਹੀ ਰਹੇ ਹੋ?"

ਕਰਮ ਸਿੰਘ ਮਾਨ
ਫੋਨ: 559-261-5024

ਉਹ ਅੰਤਰਵਾਹੇ ਵਿਚਾਰਾਂ ਦੀ ਘੁੰਮਣਘੇਰੀ 'ਚੋਂ ਬਾਹਰ ਆਈ। ਉਸ ਨੇ ਮੇਰੀ ਸਤਿ ਸ੍ਰੀ ਅਕਾਲ ਦਾ ਜੁਆਬ ਤਾਂ ਦਿੱਤਾ, ਪਰ ਉਸ ਦੇ ਚਿਹਰੇ ਤੇ ਖੁਸ਼ੀ ਦੇ ਹਾਵ-ਭਾਵ ਪ੍ਰਗਟ ਨਾ ਹੋਏ।

"ਕੋਈ ਤਾਂ ਗੱਲ ਹੈ, ਜਿਸ ਕਾਰਨ ਤੁਸੀਂ ਬਹੁਤ ਹੀ ਉਦਾਸ ਦਿਸਦੇ ਹੋ। ਲਗਦਾ ਜਿਵੇਂ ਤੁਸੀਂ ਸਾਰੀ ਰਾਤ ਸੁੱਤੇ ਨਹੀਂ?" ਮੈਂ ਹਮਦਰਦੀ ਨਾਲ ਗੱਲ ਦੁਹਰਾਈ।

ਇਸ ਵਾਰ ਉਸ ਦੀਆਂ ਅੱਖਾਂ ਦੇ ਕੋਇਆਂ ਵਿਚ ਹੰਝੂ ਅਟਕੇ ਪਏ ਸਨ। ਉਸ ਨੇ ਚੁੰਨੀ ਨਾਲ ਅੱਖਾਂ ਪੂੰਝੀਆਂ। ਮੈਂ ਗੱਲ ਬਦਲਣ ਲਈ ਕਿਹਾ ਕਿ ਤਾੜ-ਤਾੜ ਚਲਦੀਆਂ ਗੋਲੀਆਂ, ਸੰਘਣੇ ਧੂੰਏ ਦੇ ਬੱਦਲਾਂ ਵਿਚੋਂ ਦੀ ਝਾਕਦੀਆਂ ਸੱਪ ਦੀ ਜੀਭ ਵਰਗੀਆਂ ਲਾਟਾਂ, ਵਾਰ ਵਾਰ ਟੀ. ਵੀ. 'ਤੇ ਦਿਖਾਇਆ ਜਾ ਰਿਹਾ ਇਹ ਮੰਜ਼ਰ ਵੇਖ ਕੇ ਸਭ ਦਾ ਦਿਲ ਦਹਿਲਿਆ ਪਿਆ ਹੈ। ਇੱਕ ਸਿਰ-ਫਿਰੇ ਵਿਦਿਆਰਥੀ ਨੇ ਆਪਣੇ ਸਕੂਲ ਦੇ ਇੱਕ ਅਧਿਆਪਕ ਅਤੇ ਦਸ ਬੱਚਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ ਅਤੇ ਇਸ ਤੋਂ ਵੀ ਕਿਤੇ ਵੱਧ ਫੱਟੜ ਹੋ ਗਏ ਸਨ। ਧੂੰਏ ਦੇ ਬੱਦਲਾਂ ਦੇ ਅੰਬਾਰ, ਵਿਦਿਆਰਥੀਆਂ ਦੀਆਂ ਝੁਲਸਦੀਆਂ ਪਈਆਂ ਲਾਸ਼ਾਂ-ਕਿੰਨਾ ਹਾਹਾਕਾਰ ਮੱਚਿਆ ਪਿਆ ਸੀ। ਚਾਰ-ਪੰਜ ਮਿੰਟ ਟੀ. ਵੀ. 'ਤੇ ਦਿਸਦਾ ਇਹ ਖੌਫਨਾਕ ਮੰਜ਼ਰ।

"ਕਿਸੇ ਸਿਰ-ਫਿਰੇ ਵਿਦਿਆਰਥੀ ਨੇ ਅੰਨੇ ਵਾਹ ਗੋਲੀਆਂ ਦਾਗ ਕੇ ਅੱਠ ਵਿਦਿਆਰਥੀ ਭੁੰਨ ਦਿੱਤੇ ਅਤੇ ਇਸ ਤੋਂ ਵੱਧ ਜ਼ਖਮੀ ਹੋਏ।...ਮੈਂ ਸਾਰੀ ਰਾਤ ਸੁੱਤੀ ਨਹੀਂ।"

"ਬੱਚੇ ਅਜਿਹੇ ਦਰਦਨਾਕ ਸੀਨ ਵੇਖ ਕੇ ਦਹਿਲ ਜਾਂਦੇ ਹਨ। ਇਨ੍ਹਾਂ ਦਾ ਮਨ ਕੋਮਲ ਹੁੰਦਾ ਹੈ।" ਮੈਂ ਦਿਲਦਾਰੀ ਲਈ ਕਿਹਾ। ਉਸ ਨੇ ਗਲਾ ਸਾਫ ਕੀਤਾ। ਚੁੰਨੀ ਦੇ ਲੜ ਨਾਲ ਅੱਖਾਂ ਦੇ ਕੋਏ ਪੂੰਝੇ। ਕੁਝ ਚਿਰ ਚੁੱਪ ਰਹਿਣ ਪਿੱਛੋਂ ਉਸ ਨੇ ਰੁਕ ਰੁਕ ਕੇ ਆਪਣਾ ਦੁੱਖ ਸਾਂਝਾ ਕੀਤਾ। ਦੁੱਖ, ਜਿਸ ਨੂੰ ਸੁਣ ਕੇ ਮਨ ਕਿਵੇਂ ਸਥਿਰ ਰਹਿ ਸਕਦਾ ਹੈ! ਮੈਂ ਉਸ ਦੀ ਕਹਾਣੀ ਸੁਣ ਕੇ ਕਿਵੇਂ ਅਭਿੱਜ ਰਹਿ ਸਕਦਾ ਸੀ? ਕਿੰਨਾ ਡੂੰਘਾ ਉਹ ਉਤਰ ਗਈ ਸੀ ਆਪਣੀ ਗੱਲ 'ਚ, ਆਪਣੇ ਵਿਚਾਰਾਂ 'ਚ।

ਦਲਜੀਤ ਅਜੇ ਪੰਜ ਸਾਲ ਦੀ ਸੀ, ਜਦੋਂ ਸਕੂਲ ਪੜ੍ਹਨ ਗਈ ਸੀ। ਉਹ ਮਾਪਿਆਂ ਦੀ ਇਕਲੌਤੀ ਧੀ ਸੀ। ਉਸ ਨੂੰ ਬੜੇ ਚਾਅ ਤੇ ਲਾਡ ਪਿਆਰ ਨਾਲ ਪਾਲਿਆ। ਪੜ੍ਹਨ ਵਿਚ ਹੁਸ਼ਿਆਰ ਸੀ ਅਤੇ ਹਾਕੀ ਦੀ ਚੰਗੀ ਖਿਡਾਰੀ ਸੀ, ਹੁੰਦੜਹੇਲ। ਸਭ ਦੀ ਅੱਖ ਦਾ ਤਾਰਾ। ਦਸਵੀਂ ਵਿਚ ਉਹ ਚੰਗੇ ਨੰਬਰ ਲੈ ਕੇ ਸਕੂਲ ਵਿਚ ਫਸਟ ਆਈ। ਹਾਕੀ ਵਿਚ ਉਹ ਪੰਜਾਬ ਦੀ ਟੀਮ ਵਿਚ ਚੁਣੀ ਗਈ। ਚਾਰੇ ਪਾਸੇ ਉਸ ਦੀ ਚੜ੍ਹਤ ਸੀ। ਮੁੰਡਿਆਂ ਲਈ ਤਾਂ ਉਹ 'ਉਡਣ-ਖਟੋਲਾ' ਸੀ। ਉਹ ਉਸ ਦੀ ਪਿੱਠ ਪਿੱਛੇ ਉਸ ਨੂੰ ਬਹੁਤ ਹੀ ਪਿਆਰ ਨਾਲ ਇਹੀ ਕਹਿੰਦੇ।

ਦਲਜੀਤ ਦਾ ਸੁਪਨਾ ਤਾਂ ਇਕ ਮਾਸਟਰ ਬਣਨ ਦਾ ਸੀ। ਇਹ ਸੁਪਨਾ ਆਪਣੇ ਮਨ ਦੀ ਗਹਿਰਾਈ 'ਚ ਪਾਲਦੀ ਰਹੀ ਸੀ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਸ ਨੇ ਬੀ. ਏ. ਪਾਸ ਕਰਕੇ ਬੀ.ਐਡ. ਵਿਚ ਦਾਖਲਾ ਲਿਆ ਸੀ ਕਿ ਉਸੇ ਸਾਲ ਹੀ ਉਸ ਦਾ ਪਿਆਰ ਵਿਆਹ ਹੋ ਗਿਆ।

ਦਲਜੀਤ ਦੇ ਤਾਏ ਦੇ ਜੁਆਈ ਦਾ ਭਰਾ ਸੀ ਰਘਬੀਰ, ਜੋ ਆਨੇ-ਬਹਾਨੇ ਪਿੰਡ ਬੁੱਟਰ ਗੇੜੇ ਮਾਰਦਾ ਰਹਿੰਦਾ। ਉਂਜ ਵੀ ਉਹ ਮੋਗੇ ਕਾਲਜ 'ਚ ਪੜ੍ਹਦਾ ਸੀ ਤੇ ਹਰ ਹਫਤੇ ਐਤਵਾਰ ਨੂੰ ਉਹ ਆਪਣੇ ਭਰਾ ਦੇ ਸਹੁਰੀਂ ਆ ਜਾਂਦਾ। ਦਲਜੀਤ ਨੂੰ ਵੀ ਕਿਹੜਾ ਮੁੰਡਾ ਨਹੀਂ ਸੀ ਜਾਣਦਾ? ਬਹੁਤ ਛੇਤੀ ਹੀ ਉਹ ਨੇੜੇ ਹੁੰਦੇ ਬਹੁਤ ਹੀ ਨੇੜੇ ਆ ਗਏ। ਇਹ ਮੇਲ ਦੇ ਸੰਜੋਗ 'ਚ ਬਦਲਣ ਵਿਚ ਕਿਸੇ ਨੂੰ ਕੀ ਇਤਰਾਜ ਹੋਣਾ ਸੀ? ਦੋਹਾਂ ਦੇ ਵਿਆਹ 'ਚ ਰਿਸ਼ਤਾ ਬਣਦਾ ਸੀ। ਜੋੜੀ ਬਹੁਤ ਫਬਦੀ ਸੀ। ਅਗਲੇ ਸਾਲ ਦਲਜੀਤ ਤੇ ਰਘਬੀਰ ਦਾ ਵਿਆਹ ਹੋ ਗਿਆ। ਵਿਆਹ ਤੋਂ ਇੱਕ ਮਹੀਨੇ ਬਾਅਦ ਹੀ ਦੋਹਾਂ ਨੂੰ ਸਰਕਾਰੀ ਨੌਕਰੀ ਮਿਲ ਗਈ। ਰਘਬੀਰ ਪੰਜਾਬ ਪੁਲਿਸ 'ਚ ਭਰਤੀ ਹੋ ਗਿਆ। ਦਲਜੀਤ ਮੋਗੇ ਪ੍ਰਾਈਵੇਟ ਸਕੂਲ ਵਿਚ ਅਧਿਆਪਕ ਲੱਗ ਗਈ।

ਸਾਲ ਵਿਚ ਹੀ ਉਨ੍ਹਾਂ ਨੇ ਮੋਗੇ ਬਾਘਾ-ਪੁਰਾਣੇ ਚੌਕ ਦੇ ਨੇੜੇ ਪਲਾਟ ਲੈ ਕੇ ਕੋਠੀ ਪਾ ਲਈ। ਦਲਜੀਤ ਮਾਪਿਆਂ ਦੀ ਇਕੋ-ਇੱਕ ਸੰਤਾਨ ਸੀ ਅਤੇ ਰਘਬੀਰ ਰੱਜੇ-ਪੁੱਜੇ ਕਿਸਾਨ ਦਾ ਪੁੱਤਰ ਸੀ। ਉਨ੍ਹਾਂ ਦਾ ਬਾਕੀ ਸਾਰਾ ਖਰਚ ਤਨਖਾਹ ਨਾਲ ਚਲਦਾ ਸੀ।

ਵਿਆਹ ਹੋਣ ਦੇ ਤਿੰਨ ਸਾਲ ਪਿੱਛੋਂ ਉਨ੍ਹਾਂ ਦੇ ਘਰ ਹੁੰਦੜਹੇਲ ਮੁੰਡੇ ਨੇ ਜਨਮ ਲਿਆ। ਇਸ ਦਾ ਨਾਂ ਉਨ੍ਹਾਂ ਟੋਨੀ ਰੱਖਿਆ। ਮੁੰਡਾ ਮਾਂ-ਪਿਉ ਵਾਂਗ ਸੁਹਣਾ ਸੁਨੱਖਾ ਸੀ। ਉਹ ਨਾਨਕੇ-ਦਾਦਕੇ ਪਰਵਾਰ ਦੀ ਅੱਖ ਦਾ ਤਾਰਾ ਸੀ। ਉਹ ਇੱਕ ਸਾਲ ਆਪਣੇ ਨਾਨੇ ਕੋਲ ਰਿਹਾ। ਅਗਲੇ ਸਾਲ ਉਨ੍ਹਾਂ ਕੋਲ ਮੋਗੇ ਆ ਗਿਆ ਅਤੇ ਇਸ ਤੋਂ ਪਿੱਛੋਂ ਜ਼ਿੰਦਗੀ ਨੇ ਅਜਿਹਾ ਮੋੜ ਖਾਧਾ ਕਿ ਦਲਜੀਤ ਦੀ ਵਸਦੀ ਦੁਨੀਆਂ ਉੱਜੜ ਗਈ। ਉਨ੍ਹਾਂ ਦੇ ਜੀਵਨ 'ਚ ਘੁੱਪ ਹਨੇਰਾ ਛਾ ਗਿਆ।

ਇਹ ਉਹ ਸਮਾਂ ਸੀ, ਜਿਸ ਸਮੇਂ ਹਰਿਮੰਦਰ ਸਾਹਿਬ ਉੱਤੇ ਹਮਲੇ ਤੇ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਸ਼ਹੀਦੀ ਕਾਰਨ ਨੌਜਵਾਨ ਮੁੰਡਿਆਂ ਵਿਚ ਰੋਸ ਦੀ ਲਹਿਰ ਫੈਲ ਗਈ। ਸਿੱਟੇ ਵਜੋਂ ਪੁਲਿਸ ਅਤੇ ਖਾੜਕੂ ਮੁੰਡਿਆਂ ਵਿਚਾਲੇ ਸਿਰ-ਧੜ ਦੀ ਬਾਜ਼ੀ ਲੱਗ ਗਈ ਸੀ। 1984 ਦੇ ਦੰਗਿਆਂ ਨੇ ਬਲਦੀ ਉੱਤੇ ਤੇਲ ਪਾ ਦਿੱਤਾ। ਪੁਲਿਸ ਨੌਜਵਾਨ ਮੁੰਡਿਆਂ ਨੂੰ ਘਰੋਂ ਚੁੱਕ ਕੇ ਝੂਠੇ ਮੁਕਾਬਲੇ ਬਣਾ ਕੇ ਮਾਰ ਰਹੀ ਸੀ। ਇਸ ਦੇ ਵਿਰੋਧ ਵਿਚ ਖਾੜਕੂ ਮੁੰਡੇ ਪੁਲਿਸ ਦੇ ਅਮਲੇ ਨੂੰ ਮੌਤ ਦੇ ਘਾਟ ਉਤਾਰ ਰਹੇ ਸਨ। ਅਜਿਹਾ ਵਰਤਾਰਾ ਆਮ ਸੀ। ਮੌਤ ਤਾਂਡਵ ਨਾਚ ਨੱਚ ਰਹੀ ਸੀ।

ਰਘਬੀਰ ਵਿਆਹ ਦੇ ਤੀਜੇ ਸਾਲ ਪੁਲਿਸ ਦਾ ਏ. ਐਸ. ਆਈ. ਬਣ ਗਿਆ ਤੇ ਉਸ ਦੀ ਬਦਲੀ ਬੇਟ ਦੇ ਥਾਣੇ 'ਚ ਹੋ ਗਈ। ਇੱਥੇ ਮੁੰਡੇ ਤੇ ਪੁਲਿਸ ਚੂਹੇ ਤੇ ਬਿੱਲੀ ਦੀ ਖੇਡ ਖੇਡਦੇ ਸਨ। ਦਿਨ ਸਮੇਂ ਪੁਲਿਸ ਦਾ ਰਾਜ ਹੁੰਦਾ ਤੇ ਰਾਤ ਨੂੰ ਮੁੰਡਿਆਂ ਦਾ। ਪੁਲਿਸ ਅਤੇ ਖਾੜਕੂ ਮੁੰਡਿਆਂ ਵਿਚਾਲੇ ਸਿੱਧਾ ਮੁਕਾਬਲਾ ਤਾਂ ਕਿਤੇ ਕਿਤੇ ਹੁੰਦਾ। ਬਹੁਤਾ ਪੁਲਿਸ ਕਿਸੇ ਮੁਖਬਰ ਦੀ ਖਬਰ ਦੇਣ ਨਾਲ ਮੁੰਡਿਆਂ ਨੂੰ ਚੁੱਕ ਕੇ ਲੈ ਜਾਂਦੀ ਅਤੇ ਝੂਠਾ ਮੁਕਾਬਲਾ ਬਣਾ ਕੇ ਗੋਲੀਆਂ ਨਾਲ ਭੁੰਨ ਦਿੰਦੀ ਤੇ ਲਾਸ਼ਾਂ ਕਿਤੇ ਖਪਾ ਦਿੰਦੀ, ਜਿਨ੍ਹਾਂ ਦੀ ਕੋਈ ਉੱਘ-ਸੁੱਘ ਨਾ ਨਿਕਲਦੀ।

ਰਘਬੀਰ ਸਿੰਘ ਇਹ ਨਹੀਂ ਸੀ ਚਾਹੁੰਦਾ ਕਿ ਨੌਜਵਾਨ ਪੀੜ੍ਹੀ ਦਾ ਕਾਨੂੰਨ ਨੂੰ ਛਿੱਕੇ ਟੰਗ ਕੇ ਘਾਣ ਕੀਤਾ ਜਾਵੇ। ਉਹ ਅਜਿਹਾ ਫਸਿਆ ਸੀ ਕਿ ਕੰਬਲ ਉਸ ਨੂੰ ਛੱਡ ਨਹੀਂ ਸੀ ਰਿਹਾ। ਇੱਕ ਰਾਤ ਕਿਸੇ ਮੁਖਬਰ ਦੀ ਦਿੱਤੀ ਸੂਚਨਾ ਦੇ ਆਧਾਰ 'ਤੇ ਜਦ ਸਬ ਇੰਸਪੈਕਟਰ ਰਾਮ ਰਹੀਮ ਦੀ ਅਗਵਾਈ ਵਿਚ ਸਬ ਇੰਸਪੈਕਟਰ ਰਘਬੀਰ ਸਿੰਘ ਦੀ ਟੋਲੀ ਐਕਸ਼ਨ ਕਰਨ ਜਾ ਰਹੀ ਸੀ, ਰਾਹ ਵਿਚ ਅਚਾਨਕ ਹੀ ਉਨ੍ਹਾਂ ਦਾ ਭੇੜ ਖਾੜਕੂਆਂ ਨਾਲ ਹੋ ਗਿਆ। ਖਾੜਕੂ ਭੱਜਣ ਵਿਚ ਸਫਲ ਹੋ ਗਏ, ਪਰ ਰਘਬੀਰ ਸਿੰਘ ਉਨ੍ਹਾਂ ਦਾ ਸ਼ਿਕਾਰ ਹੋ ਗਿਆ। ਇੱਕ ਗੋਲੀ ਉਸ ਦੇ ਦਿਲ ਨੂੰ ਚੀਰਦੀ ਲੰਘ ਗਈ, ਜਿਸ ਨਾਲ ਉਹ ਥਾਂ ਈ ਢਹਿ-ਢੇਰੀ ਹੋ ਗਿਆ। ਇਸ ਦੇ ਵਿਰੋਧ ਵਿਚ ਪੁਲਿਸ ਨੇ ਅੰਨ੍ਹਾ ਤਸ਼ੱਦਦ ਕੀਤਾ। ਬੇਗੁਨਾਹ ਲੋਕ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤੇ।

ਦਲਜੀਤ ਤੇ ਰਘਬੀਰ ਦੇ ਪਰਿਵਾਰ ਦੇ ਘਰ



ਸੱਥਰ ਵਿਛ ਗਿਆ। ਹਜ਼ਾਰਾਂ ਦੀ ਗਿਣਤੀ 'ਚ ਲੋਕ ਉਨ੍ਹਾਂ ਦੇ ਘਰ ਆਉਂਦੇ, ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦੇ ਤੇ ਸਹਿਮੇ ਸਹਿਮੇ ਇਨ੍ਹਾਂ ਕਾਲੇ ਦਿਨਾਂ ਦੀ ਗੱਲ ਕਰਦੇ।

ਅਖੀਰ ਭੋਗ ਪਿਆ। ਦਲਜੀਤ ਦੇ ਪਿਤਾ ਨੇ ਭਰੇ ਇਕੱਠ ਵਿਚ ਕਿਹਾ, "ਦਲਜੀਤ ਮੇਰੀ ਧੀ ਨਹੀਂ, ਪੁੱਤਰਾਂ ਨਾਲੋਂ ਵਧੇਰੇ ਜਿਗਰੇ ਵਾਲੀ ਹੈ। ਇਹ ਰੱਬ ਦੀ ਕਰਨੀ ਨੂੰ ਜਿਗਰੇ ਨਾਲ ਜਰੇਗੀ। ਇਹ ਬੜੇ ਹੌਸਲੇ ਨਾਲ ਆਪਣੇ ਪਤੀ ਦੀ ਯਾਦ ਵਿਚ ਦਿਨ ਕੱਟੇਗੀ। ਪਤਾ ਨਹੀਂ ਲਗਦਾ ਕੌਣ ਠੀਕ ਹੈ ਤੇ ਕੌਣ ਗਲਤ? ਦੋਵੀਂ ਪਾਸੀਂ ਦੇਸ਼ ਦੇ ਪੁੱਤ ਮਰਦੇ ਹਨ।"

ਦਲਜੀਤ ਨੇ ਇੱਕ ਵੀ ਹੰਝੂ ਨਾ ਡੋਲ੍ਹਿਆ। ਬਹੁਤ ਹੀ ਛੇਤੀ ਸਹਿਜ ਵਿਚ ਆ ਗਈ। ਮਹਿਕਮੇ ਨੇ ਉਸ ਨੂੰ ਜੋ ਆਰਥਕ ਮਦਦ ਦਿੱਤੀ, ਉਸ ਨੇ ਅੱਧੀ ਆਪਣੇ ਸਹੁਰੇ (ਰਘਬੀਰ ਦੇ ਪਿਤਾ) ਨੂੰ ਦੇ ਦਿੱਤੀ। ਉਸ ਨੂੰ ਪੁਲਿਸ ਮਹਿਕਮੇ 'ਚ ਦਫਤਰ ਵਿਚ ਨੌਕਰੀ ਦੇ ਦਿੱਤੀ।

ਦਲਜੀਤ ਦਾ ਸੁਪਨਾ ਤਾਂ ਅਧਿਆਪਕ ਬਣਨ ਦਾ ਸੀ। ਉਸ ਨੂੰ ਪੁਲਿਸ ਵਿਚ ਕੰਮ ਕਰਨਾ ਬਹੁਤ ਹੀ ਦੁਖਦਾਈ ਲਗਦਾ ਸੀ। ਉਹ ਪੁਲਿਸ ਦੇ ਇੱਕ ਉੱਚ ਅਧਿਕਾਰੀ ਦੀ ਮਦਦ ਨਾਲ ਕੈਨੇਡਾ ਪਹੁੰਚ ਗਈ। ਆਪਣੇ ਬੱਚੇ ਟੋਨੀ ਨਾਲ ਬੜੇ ਹੌਸਲੇ ਨਾਲ ਦਿਨ ਕੱਟਣ ਲੱਗੀ। ਉਸ ਦੇ ਚਿਹਰੇ 'ਤੇ ਕਿਸੇ ਨੇ ਇੱਕ ਦਿਨ ਵੀ ਉਦਾਸੀ ਤੇ ਗਿਲੇ ਸ਼ਿਕਵੇ ਦੇ ਚਿੰਨ ਨਹੀਂ ਵੇਖੇ। ਉਹ ਸਦਾ ਹਾਸਾ ਬਿਖੇਰਦੀ ਰਹੀ ਸੀ, ਪਰ ਅੱਜ ਉਸ ਦੀ ਹਾਲਤ ਵੇਖ ਕੇ ਕਿਵੇਂ ਕੋਈ ਉਦਾਸ ਹੋਣੋਂ ਰਹਿ ਸਕਦਾ ਸੀ?

ਕੁਝ ਚਿਰ ਚੁੱਪ ਰਹਿਣ ਪਿੱਛੋਂ ਉਸ ਨੇ ਆਪਣਾ ਤੌਖਲਾ ਦੱਸਿਆ, "ਵੀਰ ਜੀ, ਮੈਂ ਕਿਹੜਾ ਔਖਾ ਸਮਾਂ ਨਹੀਂ ਵੇਖਿਆ। ਰਘਬੀਰ ਦੀ ਮੌਤ ਨੂੰ ਵੀ ਬੜੇ ਹੌਸਲੇ ਨਾਲ ਜਰਿਆ। ਕਿਤੇ ਟੋਨੀ 'ਚ ਉਸ ਦੀ ਪਿਤਾ ਦੀ ਅਣਿਆਈ ਮੌਤ ਉਸ ਦੇ ਮਨ 'ਤੇ ਬਦਲਾ, ਨਫਰਤ, ਵਿਦਰੋਹ ਦੀ ਭਾਵਨਾ ਭਾਰੂ ਨਾ ਹੋ ਜਾਵੇ; ਕਿਤੇ ਉਹ ਘੋਰ ਨਿਰਾਸ਼ਾ ਨਾਲ ਜ਼ਿੰਦਗੀ ਵੱਲੋਂ ਮੂੰਹ ਨਾ ਮੋੜ ਲਵੇ! ਕਿਤੇ ਉਹ ਗਲਤ ਹੱਥਾਂ ਵਿਚ ਨਾ ਚੜ੍ਹ ਜਾਵੇ ਅਤੇ ਅੱਗਾਂ ਲਾਵੇ ਤੇ ਮਾਸੂਮਾਂ ਨੂੰ ਗੋਲੀਆਂ ਨਾਲ ਭੁੰਨਣ ਲੱਗੇ...!"

"ਇੰਨਾ ਕਿਉਂ ਢਹਿੰਦੀ ਕਲਾ 'ਚ ਸੋਚਦੇ ਓ? ਤੁਸੀਂ ਬੱਚੇ ਨੂੰ ਪਿਆਰ ਦਿੱਤਾ ਹੈ। ਪਲ ਪਲ ਉਸ ਤੋਂ ਕੁਰਬਾਨ ਕੀਤਾ ਹੈ।"

"ਮੈਂ ਆਪਣੀ ਸਿਆਣਪ ਦਾ ਸਬਕ ਉਸ ਨੂੰ ਬਹੁਤ ਹੀ ਦਿੰਦੀ ਰਹਿਣੀ ਹਾਂ।" ਉਹ ਪੂਰਾ ਗੱਚ ਭਰ ਕੇ ਬੋਲੀ। ਉਸ ਦੀ ਜ਼ਬਾਨ ਥਥਲਾਉਂਦੀ ਰਹੀ। ਉਸ ਨੇ ਗਲਾ ਸਾਫ ਕਰਕੇ ਦੁੱਖ ਮੇਰੇ ਨਾਲ ਸਾਂਝਾ ਕੀਤਾ। ਉਸ ਨੇ ਆਪਣੇ ਤੌਖਲੇ ਦਾ ਕਾਰਨ ਦੱਸਿਆ, "ਵੀਰ ਜੀ, ਉਹ ਆਪਣੇ ਪਿਤਾ ਦੇ ਮਰਨ ਦਿਨ 'ਤੇ ਗੁਰਦਆਰੇ ਜਾਂਦਾ ਹੈ। ਉਸ ਦਿਨ ਮੈਂ ਵੀ ਜਾਂਦੀ ਹਾਂ, ਪਰ ਉਹ ਮੇਰੇ ਨਾਲ ਨਹੀਂ ਜਾਂਦਾ। ਉਹ ਮੇਰੀ ਕੋਈ ਗੱਲ ਨਹੀਂ ਸੁਣਦਾ। ਮੇਰੇ ਕਹੇ ਦਾ ਕੋਈ ਅਸਰ ਉਸ 'ਤੇ ਨਹੀਂ ਹੁੰਦਾ। ਉਹ ਇਕੱਲਾ ਜਾਂਦਾ ਹੈ। ਉਹ ਕੀ ਮੰਗਦਾ ਹੈ, ਕੀ ਪ੍ਰਣ ਲੈਂਦਾ ਹੈ! ਮੈਨੂੰ ਕੁਝ ਨਹੀਂ ਦੱਸਦਾ। ਜਦੋਂ ਉਹ ਵਾਪਸ ਮੁੜ ਕੇ ਆਉਂਦਾ ਹੈ, ਉਸ ਦੀਆਂ ਅੱਖਾਂ ਲਾਲ ਹੁੰਦੀਆਂ ਹਨ। ਇੱਕ ਖੌਫਨਾਕ ਸਾਇਆ ਉਸ ਦੇ ਚਿਹਰੇ 'ਤੇ ਵੇਖਦੀ ਹਾਂ। ਇਹ ਵੇਖ ਕੇ ਮੈਂ ਡਰ ਜਾਂਦੀ ਹਾਂ। ਕਈ ਕਿਸਮ ਦੇ ਵਿਚਾਰ ਮੈਨੂੰ ਘੇਰ ਲੈਂਦੇ ਹਨ। ਕਿਤੇ ਇਹ ਵੀ ਤਾਂ...?" ਉਹ ਆਪਣੀ ਗੱਲ ਪੂਰੀ ਨਾ ਕਰ ਸਕੀ।

# ਸਿੱਖਿਆ ਬੋਰਡ ਦੀ ਪ੍ਰਾਪਤੀ-ਡਾ. ਯੋਗਰਾਜ

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਪਟਿਆਲਾ ਯੂਨੀਵਰਸਿਟੀ ਵਾਲੇ ਪ੍ਰੋ. ਯੋਗਰਾਜ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਵਜੋਂ ਵੱਕਾਰੀ ਅਹੁਦਾ ਸੰਭਾਲਿਆ ਹੈ। ਪੰਜਾਬ ਦੇ ਵਿਦਵਾਨ ਤੇ ਬੁੱਧੀਜੀਵੀ ਦਿਲੋਂ ਪ੍ਰਸੰਨ ਹੋਏ ਹਨ ਤੇ ਜਿਹਨੇ ਕਿਸੇ ਨੇ ਮੱਚਣਾ-ਭੁੱਜਣਾ ਸੀ, ਉਹ ਵੀ ਅੰਦਰੋਂ-ਅੰਦਰੀਂ ਮੱਚੇ-ਭੁੱਜੇ ਹਨ, ਪਰ ਇਹੋ ਜਿਹਿਆਂ ਦੀ ਗਿਣਤੀ ਥੋੜ੍ਹੀ ਹੈ ਤੇ ਡਾ. ਯੋਗਰਾਜ ਨੂੰ ਪਿਆਰਨ-ਸਤਿਕਾਰਨ ਵਾਲਿਆਂ ਦੀ ਗਿਣਤੀ ਵਾਧੂ ਹੈ। ਮੈਂ ਵਧਾਈ ਦੇਣ ਵਿਚ ਪਛੜ ਗਿਆ। ਸੋਚਿਆ ਕਿ ਜਦ ਹੋਰ ਲੋਕ ਵਧਾਈਆਂ ਦੇ ਹਟੇ, ਤਾਂ ਫਿਰ ਚਾਰ ਸ਼ਬਦ ਲਿਖਾਂਗਾ।

ਡਾ. ਯੋਗਰਾਜ ਮੈਨੂੰ ਪਟਿਆਲੇ ਯੂਨੀਵਰਸਿਟੀ ਦੇ ਸਮਾਗਮਾਂ, ਸੈਮੀਨਾਰਾਂ ਤੇ ਆਮ ਤੌਰ 'ਤੇ ਮਿਲ ਪੈਂਦੇ। ਬਾਅਦ ਵਿਚ ਜਦ ਇੱਕ ਦਿਨ ਉਨ੍ਹਾਂ ਦੱਸਿਆ ਕਿ ਆਪਾਂ ਤਾਂ ਗੁਆਂਢੀ ਪਿੰਡਾਂ ਦੇ ਆਂ। ਖੁਸ਼ੀ ਹੋਈ ਸੀ ਸੁਣ ਕੇ ਤੇ ਇਹ ਵੀ ਅਹਿਸਾਸ ਹੋ ਗਿਆ ਸੀ ਕਿ ਉਹ ਇਸੇ ਕਾਰਨ ਵੀ ਮੇਰੇ ਨਾਲ ਹਿਤ ਕਰਦੇ ਨੇ ਤੇ ਮੋਹ ਦਿੰਦੇ ਹਨ। ਉਨ੍ਹੀਂ ਦਿਨੀਂ ਉਹ ਪੰਜਾਬੀ ਵਿਕਾਸ ਵਿਭਾਗ ਵਿਚ ਕਾਰਜਸ਼ੀਲ ਸਨ (ਬਾਅਦ ਵਿਚ ਤਾਂ ਇਸ ਵਿਭਾਗ ਦੇ ਮੁਖੀ ਵੀ ਰਹੇ), ਵਿਭਾਗ ਮੇਰੀ ਇਕ ਪੁਸਤਕ ਪ੍ਰਕਾਸ਼ਿਤ ਕਰ ਰਿਹਾ ਸੀ ਤੇ ਵਿਭਾਗ ਦੀ ਇਕ ਪ੍ਰੋਫੈਸਰਨੀ 'ਖਾਹ-ਮਖਾਹ' ਅੜਿੱਕਾ ਡਾਹ ਰਹੀ ਸੀ। ਜਦ ਡਾ. ਯੋਗਰਾਜ ਨੂੰ ਪਤਾ ਲੱਗਾ ਤਾਂ ਉਨ੍ਹਾਂ 'ਖਰੀਆਂ ਖਰੀਆਂ' ਸੁਣਾ ਦਿੱਤੀਆਂ।

ਖਰੀਆਂ ਖਰੀਆਂ ਸੁਣਾਉਣ ਤੋਂ ਚੇਤਾ ਆਇਆ ਹੈ, ਹਾਲੇ ਸਾਲ, ਡੇਢ ਸਾਲ ਦੀ ਹੀ ਗੱਲ ਹੈ। ਪੰਜਾਬੀ ਭਾਸ਼ਾ ਦੇ ਮੁੱਦੇ ਉਤੇ ਇਕ ਸਰਕਾਰੀ ਮੀਟਿੰਗ ਸੀ ਤੇ ਉਸ ਵਿਚ ਡਾ. ਯੋਗਰਾਜ ਵੀ ਹਾਜ਼ਰ ਸੀ। ਸ. ਬਾਦਲ ਦੇ ਪ੍ਰਿੰਸੀਪਲ ਸੈਕਟਰੀ ਰਹੇ ਐਸ. ਕੇ. ਸੰਧੂ (ਆਈ. ਏ. ਐਸ.) ਵੀ ਭਾਸ਼ਾ ਸਕੱਤਰ ਵਜੋਂ ਬੈਠੇ ਹੋਏ ਸਨ। ਉਨ੍ਹਾਂ ਕਿਹਾ



ਡਾ. ਯੋਗਰਾਜ

ਕਿ ਪੰਜਾਬੀ ਬੋਲੀ ਲਈ 'ਆਹ ਕਰਨਾ ਚਾਹੀਦਾ, ਅਹੁ ਕਰਨਾ ਚਾਹੀਦਾ।' ਯੋਗਰਾਜ ਤੋਂ ਰਿਹਾ ਨਾ ਗਿਆ, ਉਸ ਬੜੀ ਦਲੇਰੀ ਨਾਲ ਆਖਿਆ ਕਿ ਜਦ ਉਹ ਮੁੱਖ ਮੰਤਰੀ (ਸ. ਬਾਦਲ) ਨਾਲ ਵੱਡੇ ਅਹੁਦੇ ਉਤੇ ਤਾਇਨਾਤ ਸੀ, ਉਦੋਂ ਇਹ ਗੱਲਾਂ ਚੇਤੇ ਕਿਉਂ ਨਾ ਆਈਆਂ? ਅੱਜ ਕਿਉਂ ਆਈਆਂ? ਇਸ ਦਾ ਮਤਲਬ ਕਿ ਤੁਸੀਂ ਲੋਕ ਅਹੁਦਿਆਂ ਉਤੇ ਹੁੰਦਿਆਂ ਭੁੱਲ ਜਾਂਦੇ ਓ ਤੇ ਬਾਅਦ ਵਿਚ ਹੀ ਗੱਲਾਂ ਚੇਤੇ ਆਉਂਦੀਆਂ ਨੇ? ਉਸ ਦੀ ਇਸ ਮੂੰਹ 'ਤੇ ਕਹਿਣੀ ਤੇ ਕਰਨੀ ਦੀ ਚਰਚਾ ਵਿਦਵਾਨਾਂ ਤੇ ਅਫਸਰੀ ਖੇਮਿਆਂ ਵਿਚ ਖਾਸੀ ਹੁੰਦੀ ਰਹੀ ਸੀ।

ਸਾਡੇ ਵਿਦਵਾਨ ਆਮ ਤੌਰ 'ਤੇ ਵੱਡੇ ਅਹੁਦਿਆਂ ਉਤੇ ਬਹਿ ਕੇ 'ਮੀਸਣ ਮੀਣੇ' ਬਣ ਜਾਂਦੇ ਨੇ, ਪਰ ਯੋਗਰਾਜ ਗੜ੍ਹਕਦਾ ਹੈ ਤੇ ਖੜਕਦਾ ਹੈ। ਗਲਤ ਗੱਲ ਹੁੰਦੀ ਜਾਂ ਭੈੜਾ ਫੈਸਲਾ ਹੁੰਦਾ ਹੈ-ਕਦੇ ਵੀ, ਕਿਤੇ ਵੀ, ਉਹਦੇ ਤੋਂ ਜਰਿਆ ਨਹੀਂ ਜਾਂਦਾ। (ਸਕੂਲ ਸਿੱਖਿਆ ਵਿਚ ਸੁਧਾਰਾਂ ਵਾਸਤੇ ਉਹ ਜੁਟ ਗਏ ਨੇ ਤੇ ਹੁਣ ਚੰਗੇ ਦਿਨ ਆਵਣਗੇ ਬੋਰਡ ਉਤੇ)।

ਡਾ. ਯੋਗਰਾਜ ਵੱਲੋਂ ਕੀਤੀ ਸਾਹਿਤ ਸਮੀਖਿਆ ਤੇ ਕੁਝ ਪੁਸਤਕਾਂ ਬਾਰੇ ਵੀ ਇੱਥੇ ਚਰਚਾ ਕਰਨੀ ਬਣਦੀ ਹੈ। ਉਨ੍ਹਾਂ ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਸੰਪਾਦਿਤ ਕਰ ਕੇ ਵੱਡਾ ਕੰਮ ਕੀਤਾ। 'ਚੇਤਨਾ ਦਾ ਉਕਾਬ-ਭਰਥਰੀ' ਵੀ ਲਾਮਿਸਾਲ ਕਾਰਜ ਹੈ, ਜੋ ਉਹ ਕਈ ਸਾਲ ਨਿਠ ਕੇ ਕਰਦੇ ਰਹੇ ਤੇ ਫਿਰ ਪ੍ਰਕਾਸ਼ਿਤ ਕਰਵਾਇਆ। ਡਾ. ਰਵੀ ਦੀਆਂ ਲਿਖਤਾਂ ਦਾ ਸੰਪਾਦਨ ਕੀਤਾ। 'ਗੁਲਜ਼ਾਰ ਸੰਧੂ ਦਾ ਕਥਾ ਜਗਤ' ਕਿਤਾਬ ਨੇ ਸੰਧੂ ਦੀ ਕਹਾਣੀ ਕਲਾ ਨਾਲ ਪੂਰਾ ਪੂਰਾ ਨਿਆਂ ਕੀਤਾ ਹੈ। ਅਨੁਵਾਦ ਕਾਰਜ ਵਿਚ ਹਰੀਸ਼ ਦਿੱਲੋਂ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ ਕਰਨਾ ਮਿਹਨਤ ਵਾਲਾ ਕਾਰਜ ਸੀ। 'ਸ਼ਹਾਦਤ ਤੇ ਹੋਰ' ਬਲਰਾਮ ਦੇ ਨਾਟਕ ਸੰਪਾਦਤ ਕੀਤੇ। 'ਰਵਿੰਦਰ ਰਵੀ ਦਾ ਸਮੀਖਿਆ ਸ਼ਾਸਤਰ' ਕਿਤਾਬ ਆਪਣੇ ਆਪ ਵਿਚ ਅਹਿਮ ਹੈ। ਪੰਜਾਬੀ ਵਿਕਾਸ ਵਿਭਾਗ ਦੇ ਮੁਖੀ ਹੁੰਦਿਆਂ ਕਰੀਬ ਤੀਹ ਕਿਤਾਬਾਂ ਦਾ ਸੰਪਾਦਨ ਕੀਤਾ।

ਸਿੱਖਿਆ ਬੋਰਡ ਦੇ ਚੇਅਰਮੈਨ ਬਣਨ ਤੋਂ ਪਹਿਲਾਂ ਡਾ. ਯੋਗਰਾਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ, ਪੰਜਾਬੀ ਵਿਕਾਸ ਵਿਭਾਗ ਦੇ ਮੁਖੀ ਤੇ ਰਜਿਸਟਰਾਰ ਵਜੋਂ ਕੰਮ ਕਰ ਰਹੇ ਸਨ, ਨਾਲ ਹੀ ਉਹ ਡੀਨ ਕਾਲਜ ਵਿਕਾਸ ਪਰਿਸ਼ਦ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਅਹਿਮ ਅਹੁਦਾ ਵੀ ਸੰਭਾਲ ਰਹੇ ਸਨ। ਉਨ੍ਹਾਂ ਨੇ ਐਮ. ਏ. ਹਿੰਦੀ, ਐਮ. ਏ. ਪੰਜਾਬੀ (ਆਨਰਜ਼), ਮਾਸਟਰ ਇਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨਜ਼ ਅਤੇ ਪੀਐਚ .ਡੀ (ਪੰਜਾਬੀ) ਕੀਤੀ ਹੋਈ ਹੈ। ਡਾ. ਯੋਗਰਾਜ ਕੋਲ ਲਗਭਗ 28 ਸਾਲਾਂ ਦਾ ਵਿਸ਼ਾਲ ਸਿੱਖਿਆ ਅਤੇ ਖੋਜ ਅਨੁਭਵ ਹੈ।

ਡਾ. ਯੋਗਰਾਜ ਯੂਨੀਵਰਸਿਟੀ ਦੀਆਂ ਵੱਖ-ਵੱਖ ਖਾਸ ਪ੍ਰਸ਼ਾਸਕੀ ਅਸਾਮੀਆਂ ਜਿਵੇਂ ਡਾਇਰੈਕਟਰ ਮਨੁੱਖੀ ਸਰੋਤ ਵਿਕਾਸ ਪਰਿਸ਼ਦ, ਵਧੀਕ ਡੀਨ ਕਾਲਜ ਵਿਕਾਸ ਪਰਿਸ਼ਦ, ਡਾਇਰੈਕਟਰ ਯੋਜਨਾਬੰਦੀ ਅਤੇ ਨਿਗਰਾਨੀ, ਸਿੰਡੀਕੇਟ ਮੈਂਬਰ, ਸੈਨੇਟ ਮੈਂਬਰ, ਵਿੱਤ ਕਮੇਟੀ ਮੈਂਬਰ, ਨੋਡਲ ਅਫਸਰ ਵਿਦਿਆਰਥੀ ਸ਼ਿਕਾਇਤ ਸੈੱਲ, ਮੈਂਬਰ ਸ਼ਿਕਾਇਤ ਐਡਰੈੱਸਲ ਸੈੱਲ, ਮੈਂਬਰ ਭਾਸ਼ਾਵਾਂ ਦੀ ਫੈਕਲਟੀ, ਮੈਂਬਰ ਅਕਾਦਮਿਕ ਕੌਂਸਲ ਉੱਪਰ ਬਿਰਾਜਮਾਨ ਰਹਿ ਚੁਕੇ ਹਨ। ਇਨ੍ਹਾਂ ਪ੍ਰਸ਼ਾਸਕੀ ਅਸਾਮੀਆਂ ਅੰਤਰਗਤ ਉਨ੍ਹਾਂ ਦੇ ਇਹ ਵਿਸ਼ੇਸ਼ ਕਾਰਜਾਂ ਵਿਚ ਕੋਆਰਡੀਨੇਟਰ ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਗੁਰਸ਼ਬਦ ਮਹਾਂਕੋਸ਼' ਤੇ ਸੰਪਾਦਕ ਪੰਜਾਬੀ ਯੂਨੀਵਰਸਿਟੀ ਸਾਲਾਨਾ ਰਿਪੋਰਟ 2017, ਸੰਪਾਦਕ ਪੰਜਾਬੀ ਯੂਨੀਵਰਸਿਟੀ ਸੰਦੇਸ਼ ਪੱਤਰ, ਆਦਿ ਹਨ।

ਡਾ. ਯੋਗਰਾਜ ਨੇ ਬਹੁਤ ਸਾਰੇ ਅਹਿਮ ਅਨੁਵਾਦ ਪ੍ਰਾਜੈਕਟ ਜਿਵੇਂ ਕਿ 'ਮਹਾਂਭਾਰਤ' (ਪੰਜਾਬੀ ਭਾਸ਼ਾ), 'ਬਾਲ ਵਿਸ਼ਵ ਪ੍ਰੋਗਰਾਮ' (ਸਮਾਜਕ ਅੰਤਿਮ ਨਾਮ ਨਿਗਰਾਨੀ) ਅਤੇ ਹੋਰ ਪ੍ਰਾਜੈਕਟਾਂ ਉੱਤੇ ਕੰਮ ਕੀਤਾ ਹੈ। ਉਹ ਵੱਖ-ਵੱਖ ਕਾਲਜ ਪ੍ਰਿੰਸੀਪਲ ਚੋਣ ਕਮੇਟੀਆਂ, ਵੱਖ-ਵੱਖ ਕਾਲਜ ਨਿਰੀਖਣ ਕਮੇਟੀਆਂ, ਵੱਖ ਵੱਖ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਾਲਜ ਨਿਰੀਖਣ ਕਮੇਟੀਆਂ ਦੇ ਕਨਵੀਨਰ, ਪੰਜਾਬ ਆਰਟਸ ਕੌਂਸਲ ਵਿਚ ਬਤੌਰ ਵਾਈਸ ਚਾਂਸਲਰ ਦੇ ਨੁਮਾਇੰਦਾ ਰਹੇ। ਵਿਦਿਆਰਥੀ ਪਰਿਸ਼ਦ, ਪੰਜਾਬੀ ਯੂਨੀਵਰਸਿਟੀ ਪਟਿਆਲਾ; ਮੈਂਬਰ ਕੇਂਦਰੀ ਲੇਖਕ ਸਭਾ, ਜਲੰਧਰ; ਮੈਂਬਰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਆਦਿ ਲਈ ਵਾਈਸ ਚਾਂਸਲਰ ਦੁਆਰਾ ਨਾਮਜ਼ਦ ਰਹਿ ਚੁਕੇ ਹਨ। ਉਨ੍ਹਾਂ ਦੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਬਹੁਤ ਸਾਰੇ ਅਹਿਮ ਖੋਜ ਕਾਰਜ ਪ੍ਰਕਾਸ਼ਿਤ ਹਨ। ਪਹਿਲਾਂ ਹੀ ਉਨ੍ਹਾਂ ਦੀ ਨਿਗਰਾਨੀ ਹੇਠ ਐਮ. ਫਿਲ, ਪੀਐਚ. ਡੀ. ਦੇ ਵਿਦਿਆਰਥੀ ਅਤੇ 12 ਪੀਐਚ. ਡੀ. ਵਿਦਵਾਨ ਕੰਮ ਕਰ ਰਹੇ ਹਨ। ਇਹੋ ਜਿਹੇ ਵਿਦਵਾਨ ਬੰਦੇ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਚੇਅਰਮੈਨ ਬਣਨਾ ਬੋਰਡ ਵਾਸਤੇ ਵੀ ਅਹਿਮ ਗੱਲ ਹੈ।

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

# ਰੱਬ ਦੀ ਚੁੱਪ ਤੋੜਦੀ ਫਿਲਮ 'ਵਿੰਟਰ ਲਾਈਟ'


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸਵੀਡਨ ਦੇ ਸਰਕਰਦਾ ਫਿਲਮਸਾਜ਼ ਇੰਗਮਾਰ ਬਰਗਮੈਨ ਦੀ ਫਿਲਮ 'ਵਿੰਟਰ ਲਾਈਟ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਸ਼ਖਸੀਅਤਾਂ ਦੇ ਰਹੱਸ ਅਤੇ ਧੜਕਦੀ ਜ਼ਿੰਦਗੀ ਦੀਆਂ ਦਾਰਸ਼ਨਿਕ ਗੱਲਾਂਬਾਤਾਂ ਹਨ।***
***-ਸੰਪਾਦਕ***

ਫਿਲਮ 'ਵਿੰਟਰ ਲਾਈਟ' ਨੂੰ ਇੰਗਮਾਰ ਬਰਗਮੈਨ ਦੀਆਂ ਤਿੰਨ ਫਿਲਮਾਂ 'ਦਿ ਸਾਈਲੈਂਸ', 'ਕਰਾਈਜ਼ ਐਂਡ ਵਿਸਪਰਜ਼' ਅਤੇ 'ਥਰੂ ਏ ਗਲਾਸ ਡਾਰਕੀ' ਦਾ ਅੰਤਿਮ ਕਥਾਰਸਿਸ ਕਿਹਾ ਜਾ ਸਕਦਾ ਹੈ। ਇਨ੍ਹਾਂ ਤਿੰਨਾਂ ਫਿਲਮਾਂ ਦਾ ਕਥਾਨਕ ਅਤੇ ਬਿਰਤਾਂਤ ਇਸ ਫਿਲਮ ਦੇ ਮੁੱਖ ਨੁਕਤੇ 'ਰੱਬ ਦੀ ਚੁੱਪ' ਉਤੇ ਆਣ ਕੇ ਦਾਰਸ਼ਨਿਕ ਸਿਧਾਂਤ ਦੀ ਸ਼ਕਲ ਅਖਤਿਆਰ ਕਰਦਾ ਹੈ। ਇਸ ਸਿਧਾਂਤ ਅਨੁਸਾਰ ਜੇ ਸਾਰਾ ਕੁਝ ਰੱਬ ਦੀ ਰਜ਼ਾ ਨਾਲ ਵਾਪਰਦਾ ਹੈ ਤਾਂ ਦੁਨੀਆ ਵਿਚ ਫੈਲੇ ਦੁੱਖਾਂ/ਮੁਸੀਬਤਾਂ ਅਤੇ ਜਿਉਣ ਦੀ ਜ਼ਲਾਲਤ ਨੂੰ ਉਹ ਖਤਮ ਕਿਉਂ ਨਹੀਂ ਕਰ ਸਕਦਾ? ਜੇ ਉਹ ਬੰਦਿਆਂ ਨੂੰ ਖੁਦ 'ਤੇ ਟੇਕ ਰੱਖਣ ਅਤੇ ਆਪਣੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਮੱਤ ਦਿੰਦਾ ਹੈ ਤਾਂ ਉਹ ਮੌਕਾ ਆਉਣ 'ਤੇ ਉਨ੍ਹਾਂ ਦਾ ਹੱਥ ਕਿਉਂ ਨਹੀਂ ਫੜਦਾ? ਇਸ ਫਿਲਮ ਦਾ ਮੁੱਖ ਕਿਰਦਾਰ ਪਾਦਰੀ ਹੋਣ ਕਾਰਨ ਉਸ ਲਈ ਇਹ ਸਾਰੇ ਸਵਾਲ ਬਹੁਤ ਅਹਿਮ ਹੋ ਜਾਂਦੇ ਹਨ। ਉਹ ਰੱਬ 'ਤੇ 'ਵਿਸ਼ਵਾਸ' ਕਰਨ ਵਾਲਿਆਂ ਦੀ ਜ਼ਿੰਦਗੀ ਵਿਚ ਆਈਆਂ ਦੁਸ਼ਵਾਰੀਆਂ ਅਤੇ ਉਲਝਣਾਂ ਵਿਚ ਫਸੇ ਲੋਕਾਂ ਦੀ ਮਦਦ ਲਈ ਕਿਸ ਨੂੰ ਪੁਕਾਰੇ? ਉਸ ਕੋਲ ਮੌਤ ਅਤੇ ਬਿਮਾਰੀਆਂ ਦੀ ਜ਼ੱਦ ਵਿਚ ਆਏ ਲੋਕਾਂ ਦੇ ਦਰਦਾਂ ਦਾ ਕੀ ਹੱਲ ਹੈ? ਜੇ ਰੱਬ ਨੇ 'ਚੁੱਪ' ਹੀ ਰਹਿਣਾ ਹੈ ਤਾਂ ਉਸ ਅੱਗੇ ਕੀਤੀਆਂ ਦੁਆਵਾਂ ਅਤੇ ਪ੍ਰਾਰਥਨਾਵਾਂ ਦਾ ਕੀ ਅਰਥ ਰਹਿ ਜਾਂਦਾ ਹੈ? ਕੀ ਉਸ ਕੋਲ ਮਨੁੱਖਤਾ ਨੂੰ ਦੇਣ ਲਈ ਕੋਈ ਉਮੀਦ ਨਹੀਂ ਬਚੀ? ਕੀ ਰੱਬ ਬੰਦਿਆਂ ਦੇ ਦੁੱਖਾਂ ਨੂੰ ਹੱਲ ਕਰਨ ਤੋਂ ਮੁਨਕਰ ਹੈ? ਫਿਰ ਕੌਣ ਹੈ ਜੋ ਉਸ ਨੂੰ ਸਰਵ-ਵਿਆਪਕ ਤੇ ਸਰਵ-ਸਮਰੱਥ ਮੰਨਦਾ ਹੈ? ਕੀ ਦੁਨੀਆ ਨੂੰ ਇਸ ਵੱਡੇ ਭੁਲੇਖੇ ਤੋਂ ਬਚਾਇਆ ਨਹੀਂ ਜਾ ਸਕਦਾ?

ਫਿਲਮ ਵਿਚ ਪਾਦਰੀ ਇਸ ਗੱਲ ਪਿੱਛੇ ਪ੍ਰੇਸ਼ਾਨ ਹੈ ਕਿ ਦਿਹਾਤੀ ਖੇਤਰ ਦੇ ਚਰਚ ਵਿਚ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਦਿਨੋ-ਦਿਨ ਘਟ ਰਹੀ ਹੈ ਅਤੇ ਇਸ ਦੇ ਨਾਲ-ਨਾਲ ਆਮ ਲੋਕਾਂ ਦੀ ਜ਼ਿੰਦਗੀ ਵਿਚ ਪ੍ਰੇਸ਼ਾਨੀਆਂ ਦਾ ਗਰਾਫ ਦਿਨੋ-ਦਿਨ ਉਪਰ ਜਾ ਰਿਹਾ ਹੈ। ਜਿਸ ਦਿਨ ਇਸ ਫਿਲਮ ਦੀ ਸ਼ੂਟਿੰਗ ਹੋ ਰਹੀ ਹੈ, ਉਸ ਦਿਨ ਵੀ ਚਰਚ ਵਿਚ ਸਿਰਫ ਪੰਜ ਲੋਕ ਹਨ ਜਿਨ੍ਹਾਂ ਵਿਚੋਂ ਕਿਸੇ ਦੇ ਵੀ ਚਿਹਰੇ 'ਤੇ ਖੁਸ਼ੀ ਅਤੇ ਤਸੱਲੀ ਦਾ ਨਾਮੋ-ਨਿਸ਼ਾਨ ਨਹੀਂ। ਇਹ ਪਾਦਰੀ ਨੂੰ ਜ਼ਿਹਨੀ ਤੌਰ 'ਤੇ ਕਈ ਦਿਨਾਂ ਤੋਂ ਲਗਾਤਾਰ ਹੈਰਾਨ ਕਰ



*ਫਿਲਮਸਾਜ਼ ਇੰਗਮਾਰ ਬਰਗਮੈਨ*




ਰਿਹਾ ਹੈ। ਕੀ ਉਸ ਦੁਆਰਾ ਲੋਕਾਂ ਦੀ ਭਲਾਈ ਅਤੇ ਸੁਖ ਲਈ ਕੀਤੀਆਂ ਦੁਆਵਾਂ ਕਿਸੇ ਅੰਨ੍ਹੇ ਖੂਹ ਵਿਚ ਉਤਰ ਰਹੀਆਂ ਹਨ? ਜੇ ਉਸ ਦੀ ਕੀਤੀ ਸੇਵਾ ਨਾਲ ਲੋਕਾਂ ਦੇ ਦਰਦਾਂ ਦਾ ਇਲਾਜ ਹੀ ਨਹੀਂ ਹੋ ਰਿਹਾ ਤਾਂ ਉਹ ਹੁਣ ਤੱਕ ਕਿਸ ਭਰਮ ਤਹਿਤ ਲੋਕਾਂ ਨੂੰ ਲਗਾਤਾਰ ਰੱਬ 'ਤੇ ਯਕੀਨ ਕਰਨ ਲਈ ਪ੍ਰੇਰਦਾ ਰਿਹਾ ਹੈ? ਇਸ ਨਾਲ ਉਸ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਕਿਤੇ ਇਹ ਤਾਂ ਨਹੀਂ ਕਿ ਰੱਬ ਕਿਤੇ ਹੈ ਹੀ ਨਹੀਂ ਅਤੇ ਉਸ ਨੇ ਸਾਰੀ ਉਮਰ ਝੂਠ ਹੀ ਜੀਵਿਆ ਹੈ। ਇਨ੍ਹਾਂ ਸਾਰੀਆਂ ਦਲੀਲਾਂ ਦਾ ਬੋਝ ਉਸ ਦੀ ਆਤਮਾ 'ਤੇ ਲਗਾਤਾਰ ਹਥੌੜਿਆਂ ਵਾਂਗ ਵੱਜ ਰਿਹਾ ਹੈ ਅਤੇ ਉਸ ਨੂੰ ਅਜਿਹੇ ਰੱਬ ਨਾਲ ਨਜਿੱਠਣ ਲਈ ਉਕਸਾ ਰਿਹਾ ਹੈ।

ਰੱਬ ਤੋਂ ਬਾਅਦ ਉਸ ਦਾ ਦੂਜਾ ਵੱਡਾ ਮੁਕੱਦਮਾ ਪਿਆਰ ਨਾਲ ਹੈ। ਉਸ ਦੀ ਪ੍ਰੇਮਿਕਾ ਦਾ ਪਿਆਰ ਉਸੇ ਕੁਰਬਾਨੀ ਦੀ ਭਾਵਨਾ ਅਤੇ ਆਦਰਸ਼ਵਾਦ ਨੂੰ ਪ੍ਰਨਾਇਆ ਹੋਇਆ ਹੈ ਜਿਸ ਨੂੰ ਪ੍ਰਨਾਉਣ ਦੀ ਮੱਤ ਉਹ ਰੋਜ਼ ਲੋਕਾਂ ਨੂੰ ਦਿੰਦਾ ਹੈ ਪਰ ਧੁਰ ਅੰਦਰੋਂ ਉਸ ਨੂੰ ਇੰਨਾ ਜ਼ਿਆਦਾ ਉਚਾ-ਸੁੱਚਾ ਤੇ ਪਵਿੱਤਰ ਪਿਆਰ ਤਾਂ ਪਸੰਦ ਹੀ ਨਹੀਂ। ਇਥੇ ਉਸ ਦਾ ਸਭਿਅਤਾ ਦੇ ਰੱਬ ਬਾਰੇ ਸੋਚੇ-ਸਮਝੇ ਅਤੇ ਵਿਚਾਰੇ ਅਕੀਦਿਆਂ ਤੇ ਕਾਇਦਿਆਂ ਨਾਲ ਸਿੱਧਾ ਟਕਰਾਉ ਹੁੰਦਾ ਹੈ। ਉਸ ਨੂੰ ਜਾਪਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਆਦਰਸ਼ ਅਤੇ ਪਵਿਤਰ ਸ਼ਬਦ ਤਾਂ ਕਦੋਂ ਦੇ ਆਪਣੀ ਸਾਰਥਕਤਾ ਗੁਆ ਚੁੱਕੇ ਹਨ। ਫਿਰ ਦੁਨੀਆ ਭਰ ਦੇ 'ਰੱਬ ਦੇ ਘਰਾਂ' ਵਿਚ ਸਦੀਆਂ ਤੋਂ ਲੋਕ ਇਨ੍ਹਾਂ ਸ਼ਬਦਾਂ ਰਾਹੀਂ ਕਿਹੜੀਆਂ ਅਰਜੋਈਆਂ ਕਰ ਰਹੇ ਹਨ? ਉਹ ਇਸ ਆਤਮਿਕ ਕੰਗਾਲੀ ਨੂੰ ਸੰਬੋਧਿਤ ਹੋਣਾ ਚਾਹੁੰਦਾ ਹੈ ਅਤੇ ਪ੍ਰਵਚਨਾਂ ਤੇ ਹਕੀਕਤ ਵਿਚਲਾ ਫਾਸਲਾ ਮੇਟਣਾ ਚਾਹੁੰਦਾ ਹੈ।

ਬਹੁਤ ਸਾਰੇ ਆਲੋਚਕਾਂ ਅਨੁਸਾਰ ਇਹ ਬਰਗਮੈਨ ਦੀ ਆਤਮ-ਮੰਥਨ ਵਾਲੀ ਫਿਲਮ ਹੈ ਜਿਸ ਵਿਚ ਉਹ 'ਰੱਬ', 'ਸ਼ਰਧਾ' ਤੇ 'ਵਿਸ਼ਵਾਸ' ਵਰਗੀਆਂ ਧਾਰਨਾਵਾਂ ਦੀ ਚੀਰ-ਫਾੜ ਕਰਦਾ ਹੈ ਅਤੇ ਅੰਤਿਮ ਫੈਸਲਾ ਦਰਸ਼ਕਾਂ ਉਪਰ ਸੁੱਟ ਦਿੰਦਾ ਹੈ। ਫਿਲਮ ਵਿਚ ਬਹੁਤ ਕੁਝ ਅਣਘੜ ਤੇ ਅਣ-ਬਿਆਨਿਆ ਹੈ। ਬਹੁਤ ਸਾਰੇ ਦ੍ਰਿਸ਼ ਅਤੇ ਸ਼ਬਦ ਆਪਣੇ ਅਰਥਾਂ ਤੋਂ ਪਾਰ ਜਾਂਦੇ ਹਨ ਤੇ ਸੋਚਣ ਲਈ ਮਜਬੂਰ ਕਰਦੇ ਹਨ। ਫਿਲਮ ਦੀ ਬਣਤਰ ਵਿਚ ਬੰਦੇ ਦੀ ਹੋਂਦ ਪੂਰੀ ਕਾਇਨਾਤ ਦੇ ਮੁਕਾਬਲੇ ਹਾਸੋਹੀਣੀ ਤੇ ਉਸ ਦੁਆਰਾ ਆਪਣੇ ਲਈ ਸਿਰਜੀਆਂ ਨਿਹੱਥੀਆਂ ਉਮੀਦਾਂ ਤੇ ਸੁਪਨਿਆਂ ਵਿਚ ਘਿਰੀ ਮਿਲਦੀ ਹੈ। ਬੰਦਾ ਸਾਰੀ ਕਾਇਨਾਤ ਵਿਚ ਖੁਦ ਨੂੰ ਧੁਰੀ ਮੰਨਣ ਦਾ ਭਰਮ ਪਾਲਦਾ ਇਹ ਭੁੱਲ ਜਾਂਦਾ ਹੈ ਕਿ ਉਹ ਮੌਤ ਅਤੇ ਪਿਆਰ ਨਾਲ ਭਸਮ ਹੋਣ ਲਈ ਸਰਾਪਿਆ ਹੋਇਆ ਹੈ। ਫਿਲਮ ਵਿਚ ਚਰਚ ਜਾਣ ਵਾਲਾ ਬੰਦਾ ਜੋ ਬਾਅਦ ਵਿਚ ਖੁਦਕੁਸ਼ੀ ਕਰਦਾ ਹੈ, ਇਹ ਸੋਚ ਕੇ ਹੈਰਾਨ-ਪ੍ਰੇਸ਼ਾਨ ਹੈ ਕਿ ਚੀਨ ਨੇ ਪਰਮਾਣੂ ਹਥਿਆਰ ਬਣਾ ਲਏ ਹਨ ਤੇ ਰੱਬ ਉਸ ਨੂੰ ਰੋਕਣ ਵਿਚ ਅਸਮਰੱਥ ਹੈ। ਇਹ ਖਬਰ ਉਸ ਦਾ ਇਨਸਾਫ ਅਤੇ ਰੱਬੀ ਸ਼ਕਤੀ ਵਿਚ ਵਿਸ਼ਵਾਸ ਉਠਾਉਣ ਲਈ ਕਾਫੀ ਹੈ, ਤੇ ਇਸੇ ਨਾ-ਉਮੀਦੀ ਵਿਚ ਉਹ ਆਤਮ-ਹੱਤਿਆ ਕਰ ਲੈਂਦਾ ਹੈ।

ਫਿਲਮ ਵਿਚ ਬਰਗਮੈਨ ਦੀ ਕਲਾਤਮਿਕ ਸਚਾਈ ਦਾ ਮੁਕਾਬਲਾ ਸੈਮੂਅਲ ਬੈਕੇਟ ਦੇ ਡਰਾਮਿਆਂ ਨਾਲ ਕੀਤਾ ਜਾ ਸਕਦਾ ਹੈ ਜਿਨ੍ਹਾਂ ਅੰਦਰ ਬੇਚੈਨੀ ਅਤੇ ਨਾ-ਉਮੀਦੀ ਕਿਰਦਾਰਾਂ ਤੋਂ ਉਨ੍ਹਾਂ ਤੋਂ ਜ਼ਿੰਦਗੀ ਜਿਊਣ ਦਾ ਢੰਗ ਹੀ ਖੋਹ ਲੈਂਦੀ ਹੈ। ਉਹ ਉਦਾਸੀਨ ਉਦਾਸੀ ਵਲ ਧੱਕੇ ਜਾਂਦੇ ਹਨ ਅਤੇ ਇੰਤਜ਼ਾਰ ਦੀ ਲਗਾਤਾਰਤਾ ਉਨ੍ਹਾਂ ਤੋਂ ਜ਼ਿੰਦਗੀ ਦੀ ਖੂਬਸੂਰਤੀ ਖੋਹ ਲੈਂਦੀ ਹੈ। ਬਰਗਮੈਨ ਆਪਣੇ ਕਿਰਦਾਰਾਂ ਰਾਹੀਂ ਧਰਮ ਅਤੇ ਵਿਸ਼ਵਾਸ ਵਰਗੇ ਵੱਡੇ ਵਰਤਾਰਿਆਂ ਨੂੰ ਸੰਬੋਧਿਤ ਹੁੰਦਾ ਹੈ। ਹਰ ਪਾਸੇ ਸਵਾਲ ਹੀ ਸਵਾਲ ਹਨ ਪਰ ਜਵਾਬ ਕਿਤੇ ਖੋਅ ਗਏ ਹਨ ਤੇ ਰੱਬ ਚੁੱਪ ਹੈ!




*'ਵਿੰਟਰ ਲਾਈਟ' ਦਾ ਅਸਲ ਪੋਸਟਰ।*

# ਫਿਲਮ 'ਮਿਰਜ਼ਾ ਸਾਹਿਬਾਂ' ਵਾਲਾ ਤਿਰਲੋਕ ਕਪੂਰ

ਮਨਦੀਪ ਸਿੰਘ ਸਿੱਧੂ

ਭਾਰਤੀ ਫਿਲਮਾਂ ਦੇ ਅਦਾਕਾਰ ਤਿਰਲੋਕ ਕਪੂਰ ਦੀ ਪੈਦਾਇਸ਼ 12 ਫਰਵਰੀ 1912 ਨੂੰ ਮੁਲਤਾਨ (ਪੰਜਾਬ) ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਉਂਜ ਉਹ ਪਿਸ਼ੌਰ (ਪਿਸ਼ਾਵਰ) ਦੇ ਸਤਿਕਾਰਤ ਕਪੂਰ ਘਰਾਣੇ ਨਾਲ ਵਾਬਸਤਾ ਸਨ। ਇਨ੍ਹਾਂ ਦੇ ਪਿਤਾ ਬਸ਼ੇਸ਼ਵਰ ਨਾਥ ਕਪੂਰ ਪਿਸ਼ਾਵਰ ਸ਼ਹਿਰ ਵਿਚ ਭਾਰਤੀ ਇੰਪੀਰੀਅਲ ਪੁਲਿਸ ਵਿਚ ਅਧਿਕਾਰੀ ਅਤੇ ਦਾਦਾ ਜੀ ਤਹਿਸੀਲਦਾਰ ਸਨ। ਤਿਰਲੋਕ ਦੇ ਵੱਡੇ ਭਰਾ ਪ੍ਰਿਥਵੀਰਾਜ ਕਪੂਰ ਫਿਲਮ ਅਦਾਕਾਰ ਸਨ। ਤਿਰਲੋਕ ਨੇ ਇੰਟਰ-ਮੀਡੀਏਟ ਤਕ ਤਾਲੀਮ ਪਿੰਡ ਸਮੁੰਦਰੀ (ਜ਼ਿਲ੍ਹਾ ਲਾਇਲਪੁਰ) ਤੋਂ ਹਾਸਲ ਕੀਤੀ। ਪਿਤਾ ਦੇ ਭੇਜਣ 'ਤੇ ਉਹ 17 ਜਨਵਰੀ 1933 ਨੂੰ ਇੰਡੀਅਨ ਨੈਸ਼ਨਲ ਥੀਏਟਰ ਨਾਲ ਕਲਕੱਤੇ ਪਹੁੰਚੇ। ਉਥੇ ਉਹ ਆਪਣੇ ਵੱਡੇ ਭਰਾ ਪ੍ਰਿਥਵੀਰਾਜ ਕਪੂਰ ਜ਼ਰੀਏ ਰਾਧਾ ਫਿਲਮ ਕੰਪਨੀ ਵਿਚ ਸ਼ੂਟਿੰਗ ਦੇਖਣ ਗਏ ਜਿੱਥੇ ਸਬਬੀ ਉਸ ਦੀ ਮੁਲਾਕਾਤ ਹਿਦਾਇਤਕਾਰ ਪ੍ਰਫੁੱਲ ਘੋਸ਼ ਨਾਲ ਹੋਈ। ਉਨ੍ਹਾਂ ਦੇਖਿਆ ਤੇ ਸੋਚਿਆ ਕਿ ਇਹ ਸੁਨੱਖਾ ਗੱਭਰੂ ਫਿਲਮੀ ਦੁਨੀਆ ਦਾ ਚੰਗਾ ਸਿਤਾਰਾ ਬਣ ਸਕਦਾ ਹੈ। ਲਿਹਾਜ਼ਾ ਉਸੇ ਵੇਲੇ ਉਨ੍ਹਾਂ ਨੇ ਆਪਣੀ ਨਵੀਂ ਬਣ ਰਹੀ ਫਿਲਮ ਲਈ ਹੀਰੋ ਵਜੋਂ ਚੁਣ ਲਿਆ।

ਪ੍ਰਫੁੱਲ ਘੋਸ਼ ਨੇ ਹਿੰਦੀ ਫਿਲਮ 'ਚਾਰ ਦਰਵੇਸ਼' (1933) ਬਣਾਈ ਤਾਂ ਤਿਰਲੋਕ ਕਪੂਰ ਨੂੰ ਨਵੇਂ ਹੀਰੋ ਵਜੋਂ ਪੇਸ਼ ਕੀਤਾ। ਫਿਲਮ 'ਚ ਉਸ ਨਾਲ ਅਦਾਕਾਰਾ ਕਾਨਨ ਦੇਵੀ ਹੀਰੋਇਨ ਦਾ ਕਿਰਦਾਰ ਨਿਭਾਇਆ। ਧਾਰਮਿਕ ਫਿਲਮ 'ਸੀਤਾ' (1934) ਵਿਚ ਤਿਰਲੋਕ ਕਪੂਰ ਨੇ 'ਲਵ' ਦਾ ਪਾਰਟ ਕੀਤਾ ਜਦੋਂ ਕਿ ਵੱਡਾ ਭਰਾ ਪ੍ਰਿਥਵੀਰਾਜ 'ਰਾਮ' ਅਤੇ ਦੁਰਗਾ ਖੋਟੇ 'ਸੀਤਾ' ਦਾ ਟਾਈਟਲ ਰੋਲ ਅਦਾ ਕਰ ਰਹੀ ਸੀ। ਫਿਲਮ 'ਵਾਮਕ ਅਜ਼ਰਾ' ਉਰਫ 'ਸੱਚੀ ਮੁਹੱਬਤ' (1935) 'ਚ ਤਿਰਲੋਕ ਕਪੂਰ ਤੇ ਇੰਦਰਾ ਦੇਵੀ ਦੀ ਜੋੜੀ ਸੀ। ਫਿਲਮ 'ਸੈਕਰੇਟਰੀ' (1938) ਵਿਚ ਤਿਰਲੋਕ ਕਪੂਰ ਨਾਲ ਅਦਾਕਾਰਾ ਮਾਧੁਰੀ ਕੰਮ ਕਰ ਰਹੀ ਸੀ। ਇਹ ਫਿਲਮ 17 ਫਰਵਰੀ 1938 ਨੂੰ ਲਾਹੌਰ ਵਿਖੇ ਰਿਲੀਜ਼ ਹੋਈ। ਫਿਲਮ 'ਮੇਰੀ ਆਂਖੇਂ' (1939) 'ਚ ਤਿਰਲੋਕ ਕਪੂਰ ਮਜ਼ਹਰ ਖਾਨ ਤੇ ਈਸ਼ਵਰ ਲਾਲ ਨਾਲ ਸਹਾਇਕ ਅਦਾਕਾਰ ਵਜੋਂ ਆਇਆ। 'ਅਨੁਰਾਧਾ' (1940) 'ਚ ਮਾਯਾ ਬੈਨਰਜੀ ਉਹਦੇ ਨਾਲ ਸੀ। 'ਪਾਗਲ' (1940) 'ਚ ਉਹਨੇ ਪ੍ਰਿਥਵੀਰਾਜ ਨਾਲ 'ਡਾ. ਦਲੀਪ' ਦਾ ਕਿਰਦਾਰ ਨਿਭਾਇਆ। 'ਸ਼ਾਹਜ਼ਾਦੀ' (1941) ਵਿਚ ਤਿਰਲੋਕ ਅਦਾਕਾਰਾ ਮਿਸ ਪ੍ਰਮਿਲਾ ਨਾਲ ਅਦਾਕਾਰੀ ਕਰ ਰਹੇ ਸਨ। 'ਰਾਏ ਸਾਹਬ' (1942) ਜਿਸ ਦਾ ਟਾਈਟਲ ਰੋਲ ਜਗਦੀਸ਼ ਸੇਠੀ ਨੇ ਨਿਭਾਇਆ, ਵਿਚ ਤਿਰਲੋਕ ਕਪੂਰ ਦੇ ਸਨਮੁਖ ਅਦਾਕਾਰਾ ਕੌਸ਼ੱਲਿਆ ਸੀ। 'ਆਂਖ ਕੀ ਸ਼ਰਮ' (1943) 'ਚ ਇਕ ਵਾਰ ਫਿਰ ਤਿਰਲੋਕ ਅਤੇ ਕੌਸ਼ੱਲਿਆ ਦੀ ਜੋੜੀ ਸੀ ਅਤੇ ਵੱਡਾ ਭਰਾ ਪ੍ਰਿਥਵੀਰਾਜ ਵੀ ਚਰਿੱਤਰ ਅਦਾਕਾਰ ਵਜੋਂ ਮੌਜੂਦ ਸੀ।




*ਤਿਰਲੋਕ ਕਪੂਰ ਦੀ ਫਿਲਮ 'ਮਿਰਜ਼ਾ ਸਾਹਿਬਾਂ' ਦਾ ਪੋਸਟਰ।*

ਇਸ ਤੋਂ ਬਾਅਦ ਤਿਰਲੋਕ ਕਪੂਰ ਨੇ ਜਿਨ੍ਹਾਂ ਫਿਲਮਾਂ ਵਿਚ ਮਰਕਜ਼ੀ ਕਿਰਦਾਰ ਨਿਭਾਏ, ਉਨ੍ਹਾਂ ਵਿਚ 'ਬਦਲਤੀ ਦੁਨੀਆ' (1943), 'ਕੋਸ਼ਿਸ਼' (1943), 'ਰਾਹਗੀਰ' (1943), 'ਵਕੀਲ ਸਾਹੇਬ' (1943), 'ਅਮਰ ਰਾਜ' (1946), 'ਗਵਾਲਨ' (1946) ਸ਼ਾਮਲ ਹਨ। ਉਂਜ, ਜਿਸ ਫਿਲਮ ਨੇ ਤਿਰਲੋਕ ਕਪੂਰ ਨੂੰ ਸ਼ੁਹਰਤ ਦੇ ਸਿਖਰ 'ਤੇ ਬਿਠਾ ਦਿੱਤਾ, ਉਹ ਸੀ 'ਮਿਰਜ਼ਾ ਸਾਹਿਬਾਂ' (1947)। ਫਿਲਮ ਵਿਚ ਤਿਰਲੋਕ ਨੇ ਮਿਰਜ਼ੇ ਦਾ ਅਤੇ ਅਦਾਕਾਰਾ ਨੂਰਜਹਾਂ ਨੇ ਸਾਹਿਬਾਂ ਦੇ ਕਿਰਦਾਰ ਅਦਾ ਕੀਤੇ। 'ਹਰ ਹਰ ਮਹਾਦੇਵ' (1950) 'ਚ ਤਿਰਲੋਕ ਕਪੂਰ ਨੇ ਸ਼ਿਵ ਅਤੇ ਨਿਰੂਪਾ ਰਾਏ ਨੇ ਪਾਰਬਤੀ ਦਾ ਕਿਰਦਾਰ ਨਿਭਾਇਆ। ਉਹ ਸ਼ਿਵ ਦੇ ਕਿਰਦਾਰ ਵਿਚ ਅਜਿਹੇ ਫਿੱਟ ਹੋਏ ਕਿ ਉਨ੍ਹਾਂ ਨੂੰ ਰੁਮਾਨੀ ਅਤੇ ਸਮਾਜੀ ਕਿਰਦਾਰ ਮਿਲਣੇ ਬੰਦ ਹੋ ਗਏ; ਇਥੋਂ ਤਕ ਕਿ ਲੋਕਾਂ ਨੇ ਉਨ੍ਹਾਂ ਦੀ ਆਰਤੀ ਉਤਾਰਨੀ ਸ਼ੁਰੂ ਕਰ ਦਿੱਤੀ।

ਬੇਸ਼ੱਕ ਤਿਰਲੋਕ ਕਪੂਰ ਦੁਆਰਾ ਨਿਭਾਏ ਸ਼ਾਨਦਾਰ ਕਿਰਦਾਰਾਂ ਸਦਕਾ ਉਨ੍ਹਾਂ 'ਤੇ ਭਗਵਾਨ ਸ਼ੰਕਰ ਦਾ ਠੱਪਾ ਲੱਗ ਗਿਆ ਪਰ ਉਹ ਗਾਹੇ-ਬਗਾਹੇ ਰੁਮਾਨੀ ਫਿਲਮਾਂ ਵੀ ਕਰਦੇ ਰਹੇ। ਇਨ੍ਹਾਂ ਵਿਚ 'ਏਕ ਤੇਰੀ ਨਿਸ਼ਾਨੀ', 'ਪਿਆਰ ਕੀ ਬਾਤੇਂ', 'ਲਾਡਲਾ', 'ਵਤਨ' ਆਦਿ ਸ਼ਾਮਲ ਹਨ। ਦਾਰਾ ਸਿੰਘ ਦੀ ਧਾਰਮਿਕ ਪੰਜਾਬੀ ਫਿਲਮ 'ਸਵਾ ਲਾਖ ਸੇ ਏਕ ਲੜਾਊਂ' (1976) ਵਿਚ ਤਿਰਲੋਕ ਕਪੂਰ ਨੇ ਗਫੂਰ ਖਾਨ' ਦਾ ਸੋਹਣਾ ਪਾਰਟ ਅਦਾ ਕੀਤਾ। ਤਿਰਲੋਕ ਕਪੂਰ ਦੀ ਆਖਰੀ ਹਿੰਦੀ ਫਿਲਮ 'ਸਾਯਾ' (1988) ਸੀ। ਆਖਰੀ ਸਾਹਾਂ ਤਕ ਅਦਾਕਾਰੀ ਨੂੰ ਸਮਰਪਿਤ ਰਿਹਾ ਤਿਰਲੋਕ ਕਪੂਰ 23 ਦਸੰਬਰ 1988 ਨੂੰ 76 ਸਾਲਾਂ ਦੀ ਉਮਰ ਵਿਚ ਬੰਬਈ ਵਿਖੇ ਦਿਲ ਦਾ ਦੌਰਾ ਪੈਣ ਨਾਲ ਫੌਤ ਹੋ ਗਿਆ।



*ਤਿਰਲੋਕ ਕਪੂਰ*


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com